ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 104
ਨੰਬਰ 4,5,6

੩ ਚੇਤਰ ਤੋਂ ੧੯ ਵੈਸਾਖ ੨੦੮੧ ਬਿ.
16 ਮਾਰਚ ਤੋਂ 30 ਅਪ੍ਰੈਲ 2024 ਈ

# ਸਤਿਜੁਗ

ਬਸੰਤ ਅੰਕ



1923 2023

## ਮਹਾਰਾਜ ਬੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ

# ਜੈਸੇ ਲਛਮਨ ਰਘੁਪਤਿ ਭਾਇ ਭਗਤ ਮੈ













# ਸਤਿਜੁਗ

ੜ ਚੇਤਰ ਤੋਂ ੧੯ ਵੈਸਾਖ ੨੦੮੧ ਬਿ.
16 ਮਾਰਚ ਤੋਂ 30 ਅਪ੍ਰੈਲ 2024 ਈ.
ਜਿਲਦ 104, ਨੰਬਰ 4,5,6



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


❁ ਸੰਪਾਦਕੀ........................................................5

❁ ਮਹਾਰਾਜ ਬੀਰ ਸਿੰਘ ਜੀ ਬਾਰੇ
ਸ੍ਰੀ ਸਤਿਗੁਰੂ ਉਦੇ ਸਿੰਘ ਜੀ...........................7

❁ ਸਿੱਖੀ ਦੇ ਪਹਿਰੇਦਾਰ ਨਾਮਧਾਰੀ
ਮਹਾਰਾਜ ਬੀਰ ਸਿੰਘ.................................9

❁ ਸਿੱਖ ਪ੍ਰੰਪਰਾ, ਸਰੂਪ ਤੇ ਮਰਯਾਦਾ
ਮਹਾਰਾਜ ਬੀਰ ਸਿੰਘ.................................18

❁ ਸੰਗੀਤ
ਮਹਾਰਾਜ ਬੀਰ ਸਿੰਘ................................27

❁ ਕੀ ਦਸਮ ਗ੍ਰੰਥ ਗੁਰਬਾਣੀ ਨਹੀਂ ?
ਮਹਾਰਾਜ ਬੀਰ ਸਿੰਘ................................37

❁ ਸ੍ਰੀ ਮਹਾਰਾਜ ਬੀਰ ਸਿੰਘ ਜੀ, ਜੀਵਨ ਅਤੇ ਰਚਨਾ
ਸੁਵਰਨ ਸਿੰਘ ਵਿਰਕ.................................61

❁ ਗੁਰਮਤਿ ਵਿੱਚ ਪਰਾਧੀਨ: ਸਮੱਸਿਆ ਅਤੇ ਸਮਾਧਾਨ
ਪ੍ਰੋ. ਅਵਤਾਰ ਸਿੰਘ..................................71


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

❀ ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋ ਕੇ...

ਡਾ. ਲਖਵੀਰ ਸਿੰਘ...........................78

❀ ਸੰਤ ਸੰਤੋਖ ਸਿੰਘ ਬਾਹੋਵਾਲ ਬਾਰੇ ਨਵੀਂ ਇਤਿਹਾਸਿਕ ਖੋਜ

ਦਵਿੰਦਰ ਸਿੰਘ ਗਿੱਲ..........................93

❀ ਨਾਮਧਾਰੀ ਲਹਿਰ ਅਤੇ ਬਾਬਾ ਰਾਮ ਸਿੰਘ ਜੀ ਭੈਣੀ

ਗੁਰਪਾਲ ਸਿੰਘ ਲੰਡਨ.........................98

❀ ਤਬ ਹੀ ਬਾਰਵਾਂ ਬਪਿ ਪਹਿਚਾਨੋ

ਹਰਪਾਲ ਸਿੰਘ ਸੇਵਕ.........................110

❀ ਹੁਕਮਨਾਮਿਆਂ ਵਿੱਚ ਔਰਤ ਦਾ ਸਥਾਨ

ਡਾ. ਖਲੀਲ ਖਾਨ............................118

❀ ਨਾਮਧਾਰੀ ਲਹਿਰ ਨਾਲ ਸੰਬੰਧਿਤ ਲੋਕ ਕਾਵਿ: ਇਕ ਅਧਿਐਨ

ਗੁਰਲਾਲ ਸਿੰਘ..............................122

❀ ਭਜਨ ਬਾਣੀ ਦਾ ਪਰਤਾਪ

ਰਾਗੀ ਮਨਜੀਤ ਸਿੰਘ.........................137

❀ **Social Milieu in Punjab and the Kuka Movement**

**Dr. Baljit Singh..................................141**

❀ **Political Aims and Achievements of Kuka Movement**

**Mohinder Singh Kuka.........................149**

❀ **The description of God**

**Dr. Alla Singh Panesar............................159**


<u>ਕਾਵਿ ਕਿਆਰੀ</u>


❀ ਵਾਰ

ਲਖਵਿੰਦਰ ਸਿੰਘ ਬਾਜਵਾ......................168

❀ ਆਗਮਨ: ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਮਨਜੀਤ ਸਿੰਘ ਰਾਗੀ.........................169

❀ ਉਹਨਾਂ ਦੇ ਗੀਤ ਗਾਉਂਦਾ ਹਾਂ

ਕਨਰੈਲ ਸਿੰਘ ਅਸਪਾਲ.......................169


ਨਾਮਧਾਰੀ ਇਤਿਹਾਸ ਦਾ ਮੁੱਢਲਾ ਸ੍ਰੋਤ 'ਸਤਿਗੁਰੂ ਬਿਲਾਸ' ਕ੍ਰਿਤ 'ਸੰਤ ਸੰਤੋਖ ਸਿੰਘ ਬਾਹੋਵਾਲ' ਦੀ ਨਵੀਂ ਅਡੀਸ਼ਨ ਛਪ ਚੁੱਕੀ ਹੈ। ਪਾਠਕ 'ਸਤਿਜੁਗ' ਦਫ਼ਤਰ ਤੋਂ ਪ੍ਰਾਪਤ ਕਰ ਸਕਦੇ ਹਨ।



# ਸਤਿਜੁਗ

## ਸੰਪਾਦਕੀ

ਮਹਾਰਾਜ ਬੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਇਹ ਹੱਥਲਾ ਬਸੰਤ ਅੰਕ ਇਕ ਇਤਿਹਾਸਕ ਦਸਤਾਵੇਜ਼ ਹੈ। ਮਹਾਰਾਜ ਜੀ ਦਾ ਜੀਵਨ ਪੂਰਨ ਸਾਧਕਾਂ ਵਾਲਾ ਸੀ। ਆਪ ਕੁਸ਼ਲ ਪ੍ਰਬੰਧਕ, ਸੰਗੀਤ ਅਚਾਰੀਆਂ, ਰਾਜਨੀਤਿਕ ਸਮੀਖਿਅਕ ਅਤੇ ਪ੍ਰਬੁੱਧ ਲੇਖਕ ਸਨ। ਆਪ ਨੇ ਵੱਖ-ਵੱਖ ਵਿਸ਼ਿਆ 'ਤੇ ਕਲਮ ਚਲਾ ਕੇ ਆਪਣੀ ਲੇਖਣੀ ਦਾ ਲੋਹਾ ਮੰਨਵਾਇਆ। ਦੋ ਬਹੁਤ ਮਹੱਤਵਪੂਰਨ ਕਿਤਾਬਾਂ 'ਗੁਰੂ ਗ੍ਰੰਥ ਵਿਚਾਰ' ਅਤੇ 'ਨਾਮਧਾਰੀ ਅਤੇ ਕਾਂਗਰਸ' ਆਪ ਨੇ ਪਾਠਕਾਂ ਦੀ ਝੋਲੀ ਪਾਈਆਂ। ਸਤਿਜੁਗ ਅਤੇ ਹੋਰ ਪੰਜਾਬੀ ਦੇ ਨਾਮਵਰ ਰਸਾਲਿਆਂ ਵਿੱਚ ਆਪ ਦੇ ਖ਼ੋਜ ਭਰਪੂਰ ਲੇਖ ਛੱਪਦੇ ਰਹੇ। ਜਦੋਂ ਦੇਸ਼ ਵੰਡ ਤੋਂ ਬਾਅਦ ਸਤਿਜੁਗ ਦਫ਼ਤਰ ਸ੍ਰੀ ਜੀਵਨ ਨਗਰ ਚਲਾ ਗਿਆ ਤਾਂ ਆਪ ਨੇ 'ਸਤਿਜੁਗ ਸੰਪਾਦਕ' ਦੇ ਸਹਿਯੋਗੀ ਬਣ ਬੜੇ ਕੀਮਤੀ ਵਿਸ਼ੇਸ਼ ਅੰਕ ਛਾਪੇ ਜਿਨ੍ਹਾਂ ਵਿੱਚ ਸਿਖ ਇਤਿਹਾਸ, ਸਾਹਿਤ ਅਤੇ ਮਰਿਆਦਾ ਬਾਰੇ ਵਿਸਥਾਰ ਸਹਿਤ ਵਰਣਨ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪੰਥਕ ਕਾਰਜਾਂ ਵਿੱਚ ਸਰਗਰਮ ਰਹਿ ਅਹਿਮ ਭੂਮਿਕਾ ਨਿਭਾਈ। ਸ੍ਰੀ ਸਤਿਗੁਰੂ ਜੀ ਪ੍ਰਤੀ ਆਪ ਦੀ ਸ਼ਰਧਾ ਅਤੇ ਪ੍ਰੇਮ ਅਥਾਹ ਸੀ। ਸੋਧ ਮਰਿਆਦਾ ਵਿੱਚ ਆਪ ਨੂੰ ਥੋੜੀ ਜਹੀ ਕੁਤਾਹੀ ਵੀ ਕਦੇ ਪ੍ਰਵਾਹ ਨਹੀਂ ਹੋਈ। ਇਸ ਨੇਮ ਨੂੰ ਆਪ ਨੇ ਤਾ-ਉਮਰ ਨਿਭਾਇਆ।

ਇਸ ਅੰਕ ਵਿੱਚ ਪਾਠਕ ਮਹਾਰਾਜ ਜੀ ਦੇ ਚਾਰ

ਮਹੱਤਵਪੂਰਨ ਲੇਖ ਪੜ੍ਹਣਗੇ। ਜਿਨ੍ਹਾਂ ਦਾ ਪਾਠ ਕਰਦਿਆਂ ਪਾਠਕ ਨੂੰ ਸਹਿਜੇ ਹੀ ਮਹਾਰਾਜ ਜੀ ਦੀ ਵਿੱਦਵਤਾ ਅਤੇ ਅਧਿਐਨ ਦੀ ਸਮਰੱਥਾ ਦਾ ਪਤਾ ਚੱਲ ਜਾਵੇਗਾ। ਇਹ ਲੇਖ ਸਿਖ ਇਤਿਹਾਸ ਸਿਧਾਂਤ, ਪ੍ਰੰਪਰਾ ਅਤੇ ਮਰਿਆਦਾ ਬਾਰੇ ਵਿਸਥਾਰ ਨਾਲ ਚਰਚਾ ਕਰਦੇ ਹਨ। ਮਹਾਰਾਜ ਜੀ ਦਾ ਇਕ ਲੇਖ ਸੰਗੀਤ ਬਾਰੇ ਹੈ। ਇਸ ਲੇਖ ਵਿੱਚ ਸੰਗੀਤ ਵਿਦਿਆਰਥੀਆਂ ਦੇ ਲਈ ਸਾਂਭਣ ਯੋਗ ਸਮੱਗਰੀ ਹੈ। ਆਪ ਦਾ ਦਸਮ ਗ੍ਰੰਥ ਬਾਰੇ ਲੇਖ ਉਹਨਾਂ ਸਾਰੀਆਂ ਸ਼ੰਕਾਵਾਂ ਨੂੰ ਖ਼ਤਮ ਕਰ ਦਿੰਦਾ ਹੈ ਜੋ ਮਨਮਤੀਆਂ ਨੇ ਇਸ ਮਹਾਨ ਗੁਰਬਾਣੀ ਬਾਰੇ ਫੈਲਾਈਆਂ ਹਨ। ਮਹਾਰਾਜ ਜੀ ਨੇ ਦਸਮ ਗ੍ਰੰਥ ਵਿੱਚ ਆਈਆਂ ਉਹਨਾਂ ਸਾਰੀਆਂ ਬਾਣੀਆਂ 'ਤੇ ਖੁਲ੍ਹ ਕੇ ਚਰਚਾ ਕੀਤੀ ਹੈ, ਜਿਨ੍ਹਾਂ ਬਾਰੇ ਇਤਰਾਜ਼ ਕਰਦੇ ਹੋਏ ਦਸਮ ਬਾਣੀ ਨਿੰਦਕ ਆਪਣੇ ਵਿਚਾਰਾਂ 'ਚ ਸਟੇਜਾਂ ਤੋਂ ਕਹਿੰਦੇ ਹਨ। ਮਹਾਰਾਜ ਜੀ ਨੇ ਆਪਣੀ ਰੋਸ਼ਣ ਬੁੱਧੀ ਨਾਲ ਸਾਰੇ ਸਵਾਲਾਂ ਦਾ ਜਿਥੇ ਜ਼ਵਾਬ ਦਿੱਤਾ ਹਨ, ਉਥੇ ਆਦਿ ਬਾਣੀ ਵਿਚੋਂ ਪ੍ਰਮਾਣ ਦੇ ਕੇ ਉਸ ਬਾਣੀ ਦੇ ਪ੍ਰਸੰਗ ਨੂੰ ਸਾਬਤ ਕੀਤਾ ਹੈ। ਇਹ ਚਾਰੇ ਹੀ ਲੇਖ ਸੰਭਾਲਣ ਅਤੇ ਬਾਰ-ਬਾਰ ਪੜ੍ਹਣ ਯੋਗ ਹਨ। ਜਿਨ੍ਹਾਂ ਤੋਂ ਜੁਗਿਆਸੂ ਪਾਠਕ ਸਿੱਖੀ ਸਿਧਾਂਤ ਅਤੇ ਵਿਹਾਰ ਤੋਂ ਵਾਕਫ਼ ਹੋ ਸਕਦਾ ਹੈ। ਮਹਾਰਾਜ ਜੀ ਨੇ ਹੋਸ਼ ਸੰਭਾਲਣ ਤੋਂ ਲੈ ਕੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਭਰਾਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਰਹਿ ਸਿੱਖੀ ਪ੍ਰੰਪਰਾ ਦਾ ਗੂੜ੍ਹ ਅਧਿਐਨ ਕੀਤਾ। ਸਿੱਖ ਧਰਮ ਨਾਲ ਸੰਬੰਧਿਤ ਵਿਹਾਰਕ ਚੇਤਨਾ ਦਾ ਆਪ ਨੂੰ ਬੜੀ ਬਰੀਕੀ ਨਾਲ ਪਤਾ ਸੀ। ਪੰਥਕ ਮਸਲਿਆਂ ਬਾਰੇ ਹੋਈਆਂ ਅਨੇਕਾਂ ਕਾਨਫ਼ਰੰਸਾ ਅਤੇ ਵਿਚਾਰਕ ਮਿਲਣੀਆਂ ਵਿੱਚ ਆਪ ਨੇ ਸ਼ਮੂਹਲੀਅਤ ਕੀਤੀ ਸੀ। ਇਸ ਲਈ ਆਪ ਨੇ ਚੁਣੌਤੀ ਭਰੇ ਵਿਸ਼ਿਆ ਨੂੰ ਬੜੀ ਨਿਡਰਤਾ ਨਾਲ ਲਿਖਿਆ ਅਤੇ ਵਿਰੋਧੀਆਂ ਦੇ ਝੂਠਾਂ ਤੋਂ ਪੜ੍ਹਦੇ ਚੁੱਕੇ।

ਇਸ ਅੰਕ ਵਿੱਚ 'ਸ੍ਰੀ ਮਹਾਰਾਜ ਬੀਰ ਸਿੰਘ, ਜੀਵਨ ਅਤੇ ਰਚਨਾ' ਲੇਖ 'ਸੁਵਰਨ ਸਿੰਘ ਵਿਰਕ' ਜੀ ਦਾ ਹੈ। ਇਸ ਲੇਖ ਵਿੱਚ ਪਾਠਕ ਮਹਾਰਾਜ ਜੀ ਦੇ ਸਮੁੱਚੇ ਜੀਵਨ ਕਾਰਜਾਂ ਬਾਰੇ ਜਾਣੂ ਹੋਣਗੇ। 'ਪ੍ਰੋ. ਅਵਤਾਰ ਸਿੰਘ' ਦਾ ਆਰਟੀਕਲ 'ਗੁਰਮਤਿ ਵਿੱਚ ਪਰਾਧੀਨ, ਸਮੱਸਿਆ ਅਤੇ ਸਮਾਧਾਨ' ਇਕ ਬਹੁਤ ਜ਼ਰੂਰੀ ਵਿਚਾਰ ਨੂੰ ਹਵਾ ਦੇ ਰਿਹਾ ਹੈ। ਸਾਨੂੰ ਇਸ ਸਮੱਸਿਆ ਦੀ ਜੜ੍ਹ ਅਤੇ ਹੱਲ ਇਸ ਲੇਖ ਨੂੰ ਪੜ੍ਹਿਆ ਪਤਾ ਲੱਗੇਗਾ। ਜਾਤੀ, ਰੰਗ, ਨਸਲ ਤੇ ਲਿੰਗਕ ਭੇਦਭਾਵ ਦੀ ਗੱਲ ਅੱਜ ਸਮਾਜ ਦਾ ਮੁੱਖ ਵਿਸ਼ਾ ਹੈ। ਗੁਰਮਤਿ ਇਸ ਸਮੱਸਿਆ ਨੂੰ ਕਿਵੇਂ ਦੇਖਦੀ ਹੈ ਇਸ ਬਾਰੇ ਇਹ ਲੇਖ ਇਸ ਵਿਚਾਰ ਨੂੰ ਅੱਗੇ ਤੋਰਦਾ ਹੈ। 'ਡਾ. ਲਖਵੀਰ ਸਿੰਘ' ਨੇ ਗਿਆਰਵੇਂ ਸਤਿਗੁਰੂ ਦੀ ਇਬਾਰਤ ਬਹੁਤ ਸੁੰਦਰ ਢੰਗ ਨਾਲ ਉਸਾਰੀ ਹੈ। 'ਦਵਿੰਦਰ ਸਿੰਘ ਗਿੱਲ' ਨੇ ਇਕ ਇਤਿਹਾਸਕ ਨੁਕਤੇ ਨੂੰ ਸੰਗਤ ਸਾਹਮਣੇ ਪੇਸ਼ ਕੀਤਾ ਹੈ। ਇਹ ਲੇਖ ਇਕ ਇਤਿਹਾਸਕ ਭੁੱਲ ਨੂੰ ਸੋਧਦਾ ਹੈ। ਇਹ ਆਰਟੀਕਲ ਇਤਿਹਾਸਕ ਪੱਖ ਤੋਂ ਵਿਸ਼ੇਸ਼ ਥਾਂ ਰੱਖਦਾ ਹੈ। ਇਸ ਤਰ੍ਹਾਂ 'ਗੁਰਪਾਲ ਸਿੰਘ ਲੰਡਨ' ਦਾ ਆਰਟੀਕਲ ਜੋ ਡਿਪਟੀ ਕਮਿਸ਼ਨਰ ਲੁਧਿ. ਮਿ. ਕਾਵਨ ਅਤੇ ਡਗਲਸ ਫਾਰਸਿਥ ਕਮਿਸ਼ਨਰ ਅੰਬਾਲਾ ਦੀ ਮਲੇਰਕੋਟਲੇ ਘਟਨਾ ਸਮੇਂ ਹੋਈ ਆਪਸੀ ਗੱਲਬਾਤ 'ਤੇ ਅਧਾਰਿਤ ਹੈ। 'ਸੇਵਕ ਹਰਪਾਲ ਸਿੰਘ' ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਹੋਈਆਂ ਭਵਿੱਖਬਾਣੀਆਂ ਨੂੰ ਦਰਜ ਕਰ ਉਹਨਾਂ ਦੀ ਇਤਿਹਾਸਕ ਨਿਸ਼ਾਨਦੇਹੀ ਕੀਤੀ ਹੈ। 'ਡਾ. ਖਲੀਲ ਖਾਨ' ਨੇ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆ ਵਿੱਚ ਔਰਤ ਦੇ ਸਥਾਨ ਨੂੰ ਤਹਿ ਕਰਦਿਆਂ ਉਹਨਾਂ ਦੇ ਇਸਤਰੀ ਮੁਕਤੀ ਕਾਰਜ ਦੀ ਸ਼ਲਾਘਾ ਕੀਤੀ ਹੈ। 'ਗੁਰਲਾਲ ਸਿੰਘ' ਦਾ ਲੇਖ ਲੋਕ-ਕਾਵਿ ਨੇ ਨਾਮਧਾਰੀ ਲਹਿਰ ਨੂੰ ਕਿਸ ਤਰ੍ਹਾਂ ਵੇਖਿਆ ਹੈ ਅਤੇ ਕੀ ਸਥਾਨ ਨਿਸ਼ਚਿਤ ਕੀਤਾ ਹੈ? ਇਸ ਬਾਰੇ ਵਿਸਥਾਰ ਨਾਲ ਚਰਚਾ ਕਰਦਾ ਹੈ। 'ਰਾਗੀ ਮਨਜੀਤ ਸਿੰਘ' ਨੇ ਸੰਤਾ ਦੀ ਮਹਿਮਾ ਦਾ ਗਾਇਨ ਕੀਤਾ ਹੈ।

ਇਹ ਅੰਕ ਦੀ ਸਮੱਗਰੀ ਨੂੰ ਟਾਈਪ, ਸੈਟਿੰਗ ਤਰਨ ਬੱਲ ਨੇ ਕੀਤੀ ਅਤੇ ਜਸਵੰਤ ਸਿੰਘ ਨੇ ਸਹਿਯੋਗੀ ਭੂਮਿਕਾ ਨਿਭਾਈ। ਪਰਚੇ ਦੇ ਡਿਜ਼ਾਇਨ ਨੂੰ ਸੁੰਦਰ ਦਿੱਖ ਦੇਣ ਦਾ ਕਾਰਜ ਯੁਵਰਾਜ ਸਿੰਘ ਨੇ ਕੀਤਾ।

ਆਸ ਹੈ ਪਾਠਕਾਂ ਦੀ ਇਤਿਹਾਸਿਕ ਅਤੇ ਸਿਧਾਂਤਕ ਜਾਣਕਾਰੀ ਨੂੰ ਇਹ 'ਬਸੰਤ ਅੰਕ' ਮੋਕਲਾ ਕਰੇਗਾ।

# ਮਹਾਰਾਜ ਬੀਰ ਸਿੰਘ ਜੀ ਬਾਰੇ



**ਸ੍ਰੀ ਸਤਿਗੁਰੂ ਉਦੇ ਸਿੰਘ ਜੀ**

ਮੈਂ ਜਦੋਂ ਦੀ ਸੰਭਾਲ-ਸੰਭਲੀ ਹੈ ਤਕਰੀਬਨ 1964-65 ਤੋਂ ਬਾਅਦ ਇਕ ਵਾਕ ਜੋ ਸਦਾ ਹੀ ਮਹਾਰਾਜ ਜੀ ਅਤੇ ਸਾਡੇ ਬੀਜੀ (ਮਾਤਾ ਦਲੀਪ ਕੌਰ ਜੀ) ਵਲੋਂ ਸਾਨੂੰ ਹਰ ਕੰਮ, ਹਰ ਗੱਲ ਤੋਂ ਪਹਿਲਾਂ ਸੁਣਾਇਆ ਉਹ ਇਹ ਸੀ ਕਿ "ਤੁਸੀਂ ਸਾਡੇ ਨਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬੱਚੇ ਹੋ।" ਇਹ ਗੱਲ ਕਦੇ ਵੀ ਮਹਿਸੂਸ ਨਹੀਂ ਹੋਈ ਕਿ ਇਹ ਦੋ ਪਰਿਵਾਰ ਨੇ। ਮਾਤਾ ਜੀ (ਮਾਤਾ ਚੰਦ ਕੌਰ ਜੀ) ਬੇਬੇ ਜੀ (ਮਾਤਾ ਦਲੀਪ ਕੌਰ ਜੀ) ਦਾ ਰਿਸਤਾ ਦਰਾਣੀ, ਜੇਠਾਣੀ ਵਾਲਾ ਨਹੀਂ ਸੀ ਉਨ੍ਹਾਂ ਦਾ ਆਪਸ ਵਿੱਚ ਅਥਾਹ ਪ੍ਰੇਮ ਸੀ। ਇਸ ਤਰ੍ਹਾਂ ਹੀ ਅਸੀਂ ਦੇਖਿਆ ਸੱਚੇ ਪਾਤਸ਼ਾਹ ਜੀ ਨੇ ਮਹਾਰਾਜ ਜੀ ਨੂੰ ਬਹੁਤ ਪਿਆਰ ਦਿੱਤਾ। ਜਦੋਂ ਕਿਸੇ ਕਾਰਜ ਲਈ ਸਤਿਗੁਰੂ ਜੀ ਨੂੰ ਅਰਜ਼ ਕਰਨੀ ਤਾਂ ਉਨ੍ਹਾਂ ਕਹਿਣਾ ਪਹਿਲਾਂ ਮਹਾਰਾਜ ਜੀ ਕੋਲੋਂ ਇਜਾਜ਼ਤ ਲਵੋ, ਫਿਰ ਮੈਨੂੰ ਦੱਸਿਉ। ਇਸ ਆਪਸੀ ਪ੍ਰੇਮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਥੋਂ ਤੱਕ ਨਿਭਾਉਂਦੇ ਸੀ ਕਿ ਪ੍ਰਸ਼ਾਦੇ ਦੇ ਸਮੇਂ ਭਾਂਵੇ ਅਸੀਂ ਸਾਰੇ ਉਹਨਾਂ ਕੋਲ ਬੈਠੇ ਹਾਂ ਪਰ ਜਿਨ੍ਹਾਂ ਸਮਾਂ ਮਹਾਰਾਜ ਜੀ ਨਹੀਂ ਆਉਂਦੇ ਸੀ ਉਹਨਾਂ ਸਮਾਂ ਪ੍ਰਸ਼ਾਦਾ ਛੱਕਣਾ ਸ਼ੁਰੂ ਨਹੀਂ ਕਰਦੇ ਸੀ। ਆਮ ਤੌਰ 'ਤੇ ਅਸੀਂ ਵੇਖਣਾ ਮਹਾਰਾਜ ਜੀ ਨੇ ਲੇਟ ਹੋ ਜਾਣਾ, ਸਤਿਗੁਰੂ ਜੀ ਉਡੀਕ ਕਰਦੇ ਰਹਿਣਾ ਉਹਨਾਂ ਦੇ ਆਉਣ ਤੇ ਹੀ ਪ੍ਰਸ਼ਾਦਾ ਛਕਣਾ। ਸ਼ਾਮ ਨੂੰ ਜਲ ਪਾਣੀ ਵੀ ਜਦੋਂ ਛੱਕਣਾ ਮਹਾਰਾਜ ਜੀ ਨੂੰ ਕੋਲ ਬਿਠਾ ਕੇ ਛੱਕਣਾ। ਬਚਪਨ ਇਸ ਤਰ੍ਹਾਂ ਦੇ ਇਤਫ਼ਾਕ ਅਤੇ ਪ੍ਰੇਮ

ਭਰੇ ਵਾਤਾਵਰਣ ਵਿੱਚ ਗੁਜ਼ਰਿਆ। ਮਹਾਰਾਜ ਜੀ ਸੁਭਾਅ ਪੱਖੋਂ ਆਪਣੇ ਅਸੂਲਾਂ ਦੇ ਬਹੁਤ ਪੱਕੇ ਸੀ। ਸਖ਼ਤੀ ਨਾਲ ਮਰਿਆਦਾ ਦੀ ਪਾਲਣਾ ਕਰਨੀ ਤੇ ਕਰਾਉਣੀ, ਉਹਨਾਂ ਦੇ ਉੱਦਮ ਸਦਕਾ ਮੈਨੂੰ ਦੱਸ ਸਾਲ ਦੀ ਉਮਰ ਵਿੱਚ ਪੰਜ ਬਾਣੀਆਂ ਯਾਦ ਹੋ ਗਈਆਂ। ਉਹਨਾਂ ਮੈਨੂੰ ਸੰਗੀਤ ਸਿੱਖਿਆ ਸ੍ਰੀ ਚੰਦਰਹਾਂਸ ਜੀ ਕੋਲੋਂ ਸ਼ੁਰੂ ਕਰਵਾਈ। ਮਹਾਰਾਜ ਜੀ ਅਤੇ ਬੇਬੇ ਜੀ ਦੇ ਉਦਮ ਸਦਕਾ ਸੱਚੇ ਪਾਤਸ਼ਾਹ ਦੇ ਚਰਨਾਂ ਨਾਲ ਪ੍ਰੇਮ ਬਣਿਆ।

ਜਦੋਂ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਹੁਕਮ ਕਰ ਬੰਗਲੌਰ ਭੇਜਿਆ ਕਿ ਆਪਾਂ ਓਥੇ ਫਾਰਮ ਲੈਣਾ ਹੈ। ਉਸ ਸਮੇਂ ਮਾਇਆ ਪੱਖੋਂ ਵੀ ਤੰਗੀ ਸੀ। ਮਹਾਰਾਜ ਜੀ ਨੇ ਦੋ-ਚਾਰ ਫਾਰਮ ਵੇਖੇ ਤੇ ਸਤਿਗੁਰੂ ਜੀ ਨਾਲ ਗੱਲ ਕੀਤੀ ਕਿ ਦੋ ਫਾਰਮ ਪਸੰਦ ਆਏ ਨੇ ਇਕ 30 ਏਕੜ ਦਾ ਹੈ ਤੇ ਦੂਜਾ 200 ਏਕੜ ਦਾ। ਮਹਾਰਾਜ ਜੀ ਪੈਸੇ ਦੀ ਕਮੀ ਨੂੰ ਵੇਖ ਸਰਫ਼ਾ ਕਰਨਾ ਸੋਚਦੇ ਸੀ ਕਿ ਆਪਾਂ 30 ਏਕੜ ਵਾਲਾਂ ਫਾਰਮ ਦਾ ਸੌਦਾ ਕਰ ਲਈਏ ਪਰ ਸੱਚੇ ਪਾਤਸ਼ਾਹ ਦੀ ਸੋਚ ਹਮੇਸ਼ਾ ਹੀ ਵਿਸ਼ਾਲ ਹੁੰਦੀ, ਆਪ ਨੇ ਹੁਕਮ ਕੀਤਾ ਆਪਾਂ ਵੱਡਾ ਫਾਰਮ ਹੀ ਲੈਣਾ ਹੈ। ਮਹਾਰਾਜ ਜੀ ਅਰਜ਼ ਕੀਤੀ ਪੈਸੇ ਕਿਵੇਂ ਬਣਨਗੇ ? ਸਤਿਗੁਰੂ ਜੀ ਹੁਕਮ ਕੀਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ "ਸਭ ਕੁਝ ਹੋ ਜਾਏਗਾ।" ਇਸ ਤਰ੍ਹਾਂ ਸਤਿਗੁਰੂ ਜੀ ਦੇ ਹੁਕਮ ਨਾਲ ਮਹਾਰਾਜ ਜੀ ਨੇ ਬੰਗਲੌਰ ਵਾਲਾ ਫਾਰਮ ਖਰੀਦਿਆ।

ਫਾਰਮ ਖਰੀਦਣ ਤੋਂ ਬਾਅਦ ਸ਼ੁਰੂਆਤੀ ਸਮੇਂ ਵਿੱਚ ਮਹਾਰਾਜ ਜੀ ਓਥੇ ਰਹੇ। ਉਸ ਸਮੇਂ ਓਥੇ ਰਹਿਣਾ ਬਹੁਤ ਔਖਾ ਸੀ ਉਹਨਾਂ ਤੰਗੀਆਂ ਤਰੁਟੀਆਂ ਨੂੰ ਉਹਨਾਂ ਨੇ ਜਰਿਆ। ਪੰਜਾਬ ਤੋਂ ਹਜਾਰਾਂ ਮੀਲ ਦੂਰ, ਜੰਗਲ ਏਰੀਆ, ਅਨਜਾਣ ਲੋਕ, ਨਾ ਬੋਲੀ ਦੀ ਸਾਂਝ, ਨਾ ਰਹਿਣ ਸਹਿਣ ਦੀ, ਓਥੇ ਸਰਵਾਈਵ (Survive) ਕਰਨਾ ਆਪਣੇ ਆਪ ਵਿੱਚ ਵੱਡੀ ਚਣੌਤੀ ਸੀ। ਫਿਰ ਜਦੋਂ ਕੋਲ ਇਨ੍ਹੇ ਪੈਸੇ ਵੀ ਨਾ ਹੋਣ, ਕਈ ਵਾਰੀ ਰਸਦ ਮੁੱਕ ਜਾਣੀ, ਕਈ-ਕਈ ਦਿਨ ਫਾਕੇ ਕੱਟਣੇ। ਸਤਿਗੁਰੂ ਜੀ ਨੇ ਇਥੋਂ (ਪੰਜਾਬ 'ਚੋਂ) ਰਸਦ ਭੇਜਣੀ, ਸੇਵਾਦਾਰ ਭੇਜਣੇ। ਬਹੁਤ ਔਖੇ ਦਿਨ ਸੀ ਉਹ, ਲੋਕਲ ਅਨਾਜ ਰਾਗੀ ਤੇ ਗੁਜ਼ਾਰਾ ਕਰਣਾ। ਫਿਰ 1982 ਈ. ਵਿੱਚ ਮੈਨੂੰ ਹੁਕਮ ਹੋਇਆ ਬੰਗਲੌਰ ਜਾਣ ਦਾ। ਸਤਿਗੁਰੂ ਜੀ ਮਹਾਰਾਜ ਜੀ ਨੂੰ ਕਿਹਾ ਤੁਸੀਂ ਵਾਪਸ ਆ ਜਾਉ ਮੈਂ ਕਾਕੇ ਨੂੰ ਭੇਜ ਰਿਹਾ। ਮਹਾਰਾਜ ਜੀ ਨੇ ਖਿੜੇ ਮੱਥੇ ਹੁਕਮ ਮੰਨਦਿਆਂ ਓਥੋਂ ਵਾਪਸ ਆਏ। ਇਹ ਵੱਡਾ ਕਾਰਜ ਸਤਿਗੁਰੂ ਜੀ ਨੇ ਮਹਾਰਾਜ ਜੀ ਰਾਂਹੀ ਕਰਵਾਇਆ। ਮੈਂ ਉਨ੍ਹਾਂ ਦਿਨਾਂ ਵਿੱਚ ਵੇਖਿਆ ਹੈ। ਮਹਾਰਾਜ ਜੀ ਦੇ ਅੰਦਰ ਸਤਿਗੁਰੂ ਜੀ ਪ੍ਰਤੀ ਅਥਾਹ ਪ੍ਰੇਮ ਸੀ।

ਉਨ੍ਹਾਂ ਸਾਨੂੰ ਵੀ ਸਿਖਾਇਆ ਸਭ ਕੁਝ ਕਰਨ-ਕਾਰਣਹਾਰ ਸਤਿਗੁਰੂ ਜਗਜੀਤ ਸਿੰਘ ਹਨ। ਸਾਡੇ ਬੀਬੀ ਜੀ ਵੀ ਇਹ ਹੀ ਕਹਿੰਦੇ ਤੁਹਾਡਾ ਸਾਰਾ ਕੁਝ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੈ। ਤਲਖੀ ਵਾਲੇ ਸਮੇਂ ਵੀ ਮਹਾਰਾਜ ਜੀ ਨੇ ਸਤਿਗੁਰੂ ਜੀ ਪ੍ਰਤੀ ਹਮੇਸ਼ਾ ਸਤਿਕਾਰ ਭਾਵਨਾ ਰੱਖੀ। ਸਤਿਗੁਰੂ ਜੀ ਆਖ ਸੰਬੋਧਨ ਕਰਨਾ, ਮੱਥਾ ਟੇਕਣਾ ਇਸ ਮਰਿਆਦਾ ਵਿੱਚ ਕਦੇ ਫਰਕ ਨਹੀਂ ਪਾਇਆ।

ਮਹਾਰਾਜ ਜੀ ਦੀ ਭਾਵਨਾ ਐਸੀ ਸੀ ਕਿ ਸਤਿਗੁਰੂ ਜੀ ਜਦੋਂ ਕਿਤੇ ਬਾਹਰ ਹੋਣਾ ਤਾਂ ਉਨ੍ਹਾਂ ਜਿਸ ਦਿਸ਼ਾ ਵੱਲ ਸਤਿਗੁਰੂ ਜੀ ਗਏ ਹਨ ਉਸ ਪਾਸੇ ਪੈਰ ਕਰਕੇ ਨਹੀਂ ਸੌਂਦੇ ਸਨ। ਬਰੇਨ ਅਟੈਕ ਤੋਂ ਬਾਅਦ ਭਾਵੇਂ ਦਿਮਾਗ ਪੂਰਾ ਕੰਮ ਨਹੀਂ ਕਰਦਾ ਸੀ ਤਾਂ ਵੀ ਮਹਾਰਾਜ ਜੀ ਨੇ ਮਰਿਆਦਾ ਵਿੱਚ ਕੋਈ ਢਿੱਲ ਨਹੀਂ ਕੀਤੀ। ਉਸ ਸਮੇਂ ਸਾਡੇ ਕੋਲ ਬੈਂਗਲੌਰ ਆ ਕੇ ਜਦੋਂ ਰਹੇ, ਦਿਮਾਗ ਭਾਵੇਂ ਪੂਰਾ ਸੋਚ ਸਮਝ ਨਹੀਂ ਸਕਦਾ ਸੀ ਪਰ ਫਿਰ ਵੀ ਜੰਗਲ ਤੋਂ ਬਾਅਦ ਇਸ਼ਨਾਨ ਜ਼ਰੂਰ ਕਰਨਾ, ਕਿਰਪਾਨ ਵਾਲੇ ਕੰਘੇ ਤੋਂ ਬਿਨਾਂ ਦਸਤਾਰ ਨਹੀਂ ਬੰਨਣੀ, ਅੰਮ੍ਰਿਤ ਵੇਲੇ ਜ਼ਰੂਰ ਉਠ ਇਸ਼ਨਾਨ ਕਰਨਾ, ਹੱਥ ਮਾਂਜਣੇ ਇਹ ਸਾਰੀਆਂ ਮਰਿਆਦਾਵਾਂ ਦੀਆਂ ਲੀਕਾਂ ਉਹਨਾਂ ਅੰਦਰ ਬਚਪਨ ਤੋਂ ਹੀ ਪੱਕੀਆਂ ਸਨ।

.............................................................

# ਸਿੱਖੀ ਦੇ ਪਹਿਰੇਦਾਰ ਨਾਮਧਾਰੀ



**ਮਹਾਰਾਜ ਬੀਰ ਸਿੰਘ ਜੀ**

'ਨਾਮਧਾਰੀ ਜਾਂ ਕੂਕੇ' ਇਨਸਾਈਕਲੋਪੀਡੀਆ ਬਰਟੈਨਿਕਾ, ਅਨੁਸਾਰ, ਸਦਾਚਾਰਕ ਤੌਰ ਤੇ ਗੁਰੂ ਗੋਬਿੰਦ ਸਿੰਘ ਦੇ ਕੱਟੜ ਪੈਰੋਕਾਰ ਹਨ।

ਨਾਮਧਾਰੀ ਪੰਥ ਦੇ ਮੋਢੀ, ਸਤਿਗੁਰੂ ਰਾਮ ਸਿੰਘ ਜੀ 3 ਫਰਵਰੀ, 1816 ਨੂੰ ਬਸੰਤ ਪੰਚਮੀ ਦੇ ਦਿਨ, ਭੈਣੀ ਰਾਈਆਂ ਵਿਚ ਬਾਬਾ ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁਖੋਂ ਪ੍ਰਗਟੇ। ਛੋਟੀ ਉਮਰ ਵਿਚ ਹੀ ਆਪ ਨੇ, ਮਾਤਾ ਜੀ ਦੀ ਅਗਵਾਈ ਹੇਠ, ਬਾਣੀ ਪੜ੍ਹਨੀ ਤੇ ਨਾਮ ਜਪਣਾ ਆਪਣਾ ਨਿਤ ਕਰਮ ਹੀ ਬਣਾ ਲਿਆ ਸੀ। ਭਰ ਜੁਆਨੀ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਨੌਨਿਹਾਲ ਰਜਮੈਂਟ ਵਿਚ ਭਰਤੀ ਹੋ ਗਏ। ਪਰ ਥੋਹੜੇ ਹੀ ਚਿਰ ਬਾਅਦ ਫੌਜ ਦਾ ਗੁਜ਼ਰ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ "ਹਜ਼ਰੋਂ ਤੋਂ ਹੋਇਆ ਤੇ ਉਥੇ ਆਪ ਨੂੰ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ। ਬਾਬਾ ਬਾਲਕ ਸਿੰਘ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਦੇ ਪੱਕੇ ਭਗਤ ਤੇ ਪੂਰੇ ਸੰਤ ਗੁਰਮਤਿ ਦੇ ਧਾਰਨੀ ਪੈਰੋਕਾਰ ਤੇ ਗੁਰ ਮਰਿਯਾਦਾ ਦੇ ਆਮਿਲ ਹੋਏ ਹਨ।" ਆਪ ਉਸ ਇਲਾਕੇ ਵਿਚ ਨਾਮ ਦਾ ਛੱਟਾ ਦੇ ਕੇ ਸੰਗਤਾਂ ਨੂੰ ਜਨਮ ਸਫਲ ਕਰਨ ਦੇ ਰਸਤੇ ਤੋਰ ਰਹੇ ਸਨ। ਹੁਣ ਉਨ੍ਹਾਂ ਨੇ ਆਪਣੇ ਮੋਢਿਆਂ ਤੋਂ ਇਹ ਭਾਰ ਲਾਹ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤਾ।

**ਸਿੱਖ ਰਾਜ ਦੀ ਪੁਨਰਸਥਾਪਨਾ-ਇਕ ਆਦਰਸ਼-** ਪਹਿਲੀ ਅੰਗਰੇਜ਼-ਸਿੱਖ ਲੜਾਈ ਸਮੇਂ ਆਪਣਾ ਹਥਿਆਰ ਹਰੀ ਕੇ ਪੱਤਣ ਸੁੱਟ ਕੇ ਆਪ ਭੈਣੀ ਸਾਹਿਬ ਆ ਗਏ। ਇਥੇ ਆ ਕੇ ਆਪ ਨੇ ਲੋਕਾਂ ਦਾ ਧਾਰਮਿਕ, ਰਾਜਸੀ, ਸਮਾਜਿਕ ਤੇ ਆਰਥਿਕ ਜੀਵਨ ਸੁਧਾਰਨ ਵੱਲ ਧਿਆਨ ਦਿੱਤਾ। 12

ਅਪ੍ਰੈਲ, 1857 ਨੂੰ ਵਿਸਾਖੀ ਦੇ ਦਿਨ ਸਫੈਦ ਝੰਡਾ ਲਹਿਰਾ ਕੇ ਬਰਤਾਨਵੀ ਸਾਮਰਾਜ ਦੇ ਭਾਰਤ ਵਿਚੋਂ ਖਾਤਮੇ ਤੇ ਸਿਖ ਰਾਜ ਦੀ ਪੁਨਰ ਸਥਾਪਨਾ ਦੀ ਕੂਕ ਮਾਰੀ। ਪ੍ਰਸਿਧ ਆਲੋਚਕ ਬਾਵਾ ਬੁਧ ਸਿੰਘ ਜੀ ਅਨੁਸਾਰ, ਸਿੱਖਾਂ ਦੀ ਖਿੰਡੀ ਬਿਰਤੀ ਜਿਹੜੀ ਰਾਜ ਭਾਗ ਦੇ ਖੁੱਸ ਜਾਣ ਪਿਛੋਂ ਕੁਦਰਤੀ ਉਖੜੀ ਹੋਈ ਸੀ, ਨੂੰ ਇਕਾਗਰ ਕਰ ਕੇ ਸਤਿਗੁਰਾਂ ਵੱਲ ਲਾਇਆ। ਝੂਠੇ ਰਾਜ ਦੇ ਗੁਆਚਣ ਦੇ ਅਫਸੋਸ ਦੂਰ ਕਰਨ ਲਈ ਮੁੜ ਖਾਲਸੇ ਦੇ ਰਾਜ ਲੈਣ ਦਾ ਸੁਨੇਹਾ ਦਿੱਤਾ ਪਰ ਇਹ ਖਾਲਸੇ ਦਾ ਸੱਚਾ ਰਾਜ ਸੀ।' ਇਸ ਇਰਾਦੇ ਦਾ ਜ਼ਿਕਰ ਸਰਕਾਰੀ ਰਿਪੋਰਟਾਂ ਵਿਚ ਵਾਰ ਵਾਰ ਕੀਤਾ ਗਿਆ ਹੈ। ਇਸ ਦੀ ਪਰੋੜਤਾ, ਸਤਿਗੁਰੂ ਰਾਮ ਸਿੰਘ ਦੇ ਸਮਕਾਲੀ ਤੇ ਪੰਥ ਪ੍ਰਕਾਸ਼ ਦੇ ਕਰਤਾ ਗਿ: ਗਿਆਨ ਸਿੰਘ ਨੇ ਕਰਦਿਆਂ ਕਿਹਾ ਹੈ-

ਦਸਮੇ ਗੁਰੂ ਕੇ ਸਿੰਘ ਸਾਦਕ ਸਹੀ ਹੈ ਸਬ,
ਲਾਲਸਾ ਬਿਸਾਲ ਰਾਜ ਲੈਬੇ ਕੀ ਅਚੂਕੇ ਹੈਂ।

(ਪੰਥ ਪ੍ਰਕਾਸ਼ ਐਡੀਸ਼ਨ 2)

ਇਹ ਗੱਲ ਇਤਿਹਾਸ ਪ੍ਰੇਮੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰੂ ਰਾਮ ਸਿੰਘ ਦੇ ਜਤਨ ਬਹੁਮੁਖੀ ਸਨ। ਦੇਸ਼ ਨੂੰ ਸੁਤੰਤਰ ਕਰਨ ਹਿਤ ਉਨ੍ਹਾਂ ਨੇ ਜੋ ਅਹਿੰਸਕ ਢੰਗ ਅਪਣਾਇਆ ਉਹ ਸੀ ਅਸਹਿਯੋਗ ਦਾ। ਭਾਰਤ ਦੇ ਸਵਰਗੀ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਨੇ ਉਨਾਂ ਦੇ ਇਸ ਹਥਿਆਰ ਦੀ ਕਾਫੀ ਪ੍ਰਸੰਸਾ ਕੀਤੀ ਹੈ। "ਇਹ ਮਹਾਨ ਨਾ ਮਿਲਵਰਤਨ ਸੀ ਜਿਸ ਦੇ ਤੁਲ ਹੋਰ ਕੋਈ ਅਸਹਿਯੋਗ ਅੰਦੋਲਨ ਦੇਸ਼ ਵਿਚ ਨਹੀਂ ਚਲਿਆ। ਇਸ ਅਧੀਨ ਨਾਮਧਾਰੀਆਂ ਨੇ ਅੰਗਰੇਜ਼ ਦੇ ਬਣਾਏ ਸਕੂਲ, ਅਦਾਲਤਾਂ, ਰੇਲਾਂ, ਨਹਿਰਾਂ, ਵਦੇਸ਼ੀ ਕਪੜੇ, ਉਸ ਦੇ ਉਹ ਕਾਨੂੰਨ ਜੋ ਆਪਣੀ ਆਤਮਾ ਦੇ ਵਿਰੁਧ ਹੋਣ ਤੇ ਇਥੋਂ ਤੱਕ ਕਿ ਉਸ ਦੀ ਡਾਕ ਸੇਵਾ ਦਾ ਵੀ ਬਾਈਕਾਟ ਕਰ ਦਿੱਤਾ। ਕੂਕਿਆਂ ਦਾ ਡਾਕ ਪਰਬੰਧ ਆਪਣਾ ਹੈ ਜੋ ਬੜੀ ਸ਼ਲਾਘਾ ਯੋਗ ਯੁਕਤੀ ਨਾਲ ਸੰਗਠਨ ਕੀਤਾ ਹੋਇਆ ਹੈ।" ਮੇਜਰ ਪਰਕਿਨਜ਼ ਦੀ ਰਿਪੋਰਟ ਸੀ, "ਇਕ ਕੂਕਾ ਦੂਸਰੇ ਕੂਕੇ ਦੀ ਡਾਕ ਲੈ ਕੇ ਉਸ ਪਿੰਡ ਵਿਚ ਆਉਣ ਤੇ ਹਥਲਾ ਕੰਮ ਵਿਚੇ ਹੀ ਛੱਡ ਦਿੰਦਾ ਹੈ, ਇਥੋਂ ਤੱਕ ਕਿ ਰੋਟੀ ਖਾਂਦਾ ਹੋਵੇ ਤਾਂ ਦੂਜੀ ਗਰਾਹੀ ਨਹੀਂ ਭੰਨਦਾ। ਭਾਵੇਂ ਬਦੇਸ਼ੀ ਸਰਕਾਰ ਵਿਰੁੱਧ ਇਹ ਜਦੋ ਜਹਿਦ 1857 ਤੋਂ ਹੀ ਸ਼ੁਰੂ ਹੋ ਚੁਕੀ ਸੀ ਪਰ ਸਰਕਾਰ ਨੂੰ ਇਸ ਦਾ ਪਤਾ 1863 ਵਿਚ ਹੀ ਲੱਗਾ।

## ਬਗਾਵਤੀ ਦੌਰ

ਨਾਮਧਾਰੀਆਂ ਨੇ ਆਪਣੇ ਥਾਂ ਸੰਗਰਾਮ ਦੀਆਂ ਤਿਆਰੀਆਂ ਪੂਰੇ ਜ਼ੋਰ ਨਾਲ ਜਾਰੀ ਰਖੀਆਂ। ਭਾਵੇਂ ਜਥੇਬੰਦੀ ਅਜੇ ਇੰਨੀ ਪਰੌੜ੍ਹ ਨਹੀਂ ਸੀ ਹੋਈ ਤਾਂ ਵੀ ਥਰਾਜ ਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਦੇ ਨਾਮਧਾਰੀਆਂ ਨੇ 1869 ਵਿਚ ਬਗਾਵਤ ਦਾ ਐਲਾਨ ਕਰ ਦਿੱਤਾ। ਸਰਕਾਰੀ ਕੰਮਾਂ ਵਿਚ ਵਿਘਨ ਪਾਉਣ ਦੇ ਨਾਲ-ਨਾਲ ਕੁਝ ਪੁਲਸੀਏ ਜ਼ਖਮੀ ਵੀ ਕੀਤੇ। ਜ਼ਖਮੀ ਹੋਏ ਡਿਪਟੀ ਪੁਲਸ ਇੰਸਪੈਕਟਰ ਦੀਵਾਨ ਬਖਸ਼ ਦੇ ਬਿਆਨ ਅਨੁਸਾਰ "ਕੂਕਿਆਂ ਨੇ ਬਾਗੀਆਨਾ ਬੋਲੀ ਦੀ ਵਰਤੋਂ ਕੀਤੀ ਤੇ ਸਰਕਾਰੀ ਕਾਨੂੰਨ ਦੀ ਉਲੰਘਣਾ ਕਰਦਿਆਂ ਖ਼ਾਲਸਾ ਰਾਜ ਦਾ ਐਲਾਨ ਕਰ ਦਿੱਤਾ।" ਅੰਤ 44 ਕੂਕੇ ਗ੍ਰਿਫਤਾਰ ਕਰਕੇ ਉਨਾਂ ਵਿਚੋਂ ਬਹੁਤਿਆਂ ਤੇ ਸਰਕਾਰੀ ਨੀਤੀ ਅਨੁਸਾਰ, ਬਲਵੇ ਦੇ ਦੋਸ਼ ਹੇਠਾਂ ਮਿਸਟਰ ਨਾਕਸ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੇ ਮੁਕੱਦਮਾ ਚਲਾਇਆ।

## ਬੁੱਚੜਖਾਨੇ-ਨਵੀਂ ਵੰਗਾਰ

ਅੰਗਰੇਜ਼ ਨੇ ਕਿਸ ਤਰ੍ਹਾਂ ਪੰਜਾਬ ਨੂੰ ਹੜੱਪਿਆ, ਉਹ ਕਿਸੇ ਤੋਂ ਗੁੱਝਾ ਛਿਪਿਆ ਨਹੀਂ। ਹੌਲੀ ਹੌਲੀ ਉਹ ਸਾਰੇ ਦੇਸ਼ ਤੇ ਗੜ੍ਹੇਮਾਰ ਕਰਨ ਵਾਲੇ ਬਦਲਾਂ ਵਾਂਗ ਛਾ ਰਹੇ ਸਨ। ਪ੍ਰਸਿਧ ਗ਼ਦਰੀ ਲੇਖਕ ਤੇ ਕਵੀ ਗਿ: ਹੀਰਾ ਸਿੰਘ ਦਰਦ ਅਨੁਸਾਰ, "ਵਿਜਈ ਅੰਗਰੇਜ਼ ਨੇ, ਦੂਜੇ ਸਿਖ ਜੁੱਧ ਤੋਂ ਸਬਕ ਲੈ ਕੇ ਸਿੱਖਾਂ ਦੀ ਆਜ਼ਾਦੀ ਤੇ ਸਵੈਮਾਨ ਦੀ ਸਪਿਰਟ ਤੇ ਧਾਰਮਿਕ ਜੋਸ਼ ਖਤਮ ਕਰਨ ਲਈ ਹਰ ਤਰਾਂ ਦੇ ਜਤਨ ਆਰੰਭ ਦਿਤੇ ਸਨ।" ਪੰਜਾਬੀਆਂ ਦੀ ਅਣਖ ਵੰਗਾਰਨ ਦਾ ਇਕੋ ਇਕ ਢੰਗ ਬਾਕੀ ਰਹਿ ਗਿਆ ਸੀ ਤੇ ਉਹ ਸੀ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਦਾ। ਇਸ ਮੰਤਵ ਲਈ ਅੰਗਰੇਜ਼ਾਂ ਨੇ ਧਾਰਮਿਕ ਪਵਿੱਤਰ ਅਸਥਾਨਾਂ ਦੇ ਨਾਲ ਬੁੱਚੜ- ਖਾਨੇ ਖੋਲ ਕੇ ਉਸ ਗਊ-ਬੱਧ ਦੀ ਖੁਲ੍ਹੀ ਛੁਟੀ ਦੇ ਦਿੱਤੀ, ਜਿਸ ਨੂੰ ਹਿੰਦੂ ਸਿਖਾਂ ਦੀ ਭਾਵਨਾ ਦਾ ਧਿਆਨ ਕਰਦਿਆਂ 24 ਮਾਰਚ, 1847 ਨੂੰ ਹੈਨਰੀ ਲਾਰੰਸ, ਰੈਜ਼ੀਡੈਂਟ ਲਾਹੌਰ ਦੇ ਹੁਕਮ ਨਾਲ ਬੰਦ ਕਰਨ ਦਾ ਐਲਾਨ ਕੀਤਾ ਗਿਆ ਸੀ। ਅੰਮ੍ਰਿਤਸਰ ਵਿਚ ਇਹ ਬੁਚੜਖਾਨਾ ਹਰਿਮੰਦਰ ਸਾਹਿਬ ਤੇ ਘੰਟਾ ਘਰ ਕੋਲ ਬਣਾਇਆ ਗਿਆ ਸੀ, ਜਿਥੋਂ ਹੱਡੀਆਂ ਚੁੱਕ ਕੇ ਜਾਨਵਰ ਸਰੋਵਰ ਤੇ ਮੰਦਰ ਦੀ ਪਵਿਤਰਤਾ ਭੰਗ ਕਰਦੇ ਸਨ ਪਰ ਉਹਨਾਂ ਵੱਡੇ-ਵੱਡੇ ਸਰਦਾਰਾਂ ਦੇ ਕੰਨ ਤੇ ਜੂੰ ਕੀ ਸਰਕਣੀ ਸੀ, ਜੋ ਆਪਣੀ ਅਣਖ ਪਹਿਲਾਂ ਹੀ

ਅੰਗਰੇਜ਼ ਮਾਲਕਾਂ ਦੀ ਭੇਟਾ ਕਰ ਚੁੱਕੇ ਸਨ।

### ਕੂਕਿਆਂ ਦਾ ਖ਼ੂਨ ਖੌਲਿਆ

ਪਵਿਤਰ ਸਰੋਵਰ ਦੀ ਇਹ ਅਪਵਿਤਰਤਾ ਤੇ ਬੇਅਦਬੀ ਨੂੰ ਨਾ ਸਹਾਰਦਿਆਂ ਕੂਕਿਆਂ ਦਾ ਖ਼ੂਨ ਖੌਲਿਆ। 14-15 ਜੂਨ ਦੀ ਵਿਚਲੀ ਰਾਤੇ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਪੌੜੀ ਲਾ ਕੇ ਉਹ ਬੁਚੜਖਾਨੇ ਦਾਖਲ ਹੋਏ। ਗਊਆਂ ਦੇ ਰੱਸੇ ਵੱਢ ਕੇ ਉਹਨਾਂ ਨੂੰ ਸੁਤੰਤਰ ਕੀਤਾ ਫਿਰ ਬੁਚੜਾਂ ਦੀ ਭੁਗਤ ਸੁਆਰੀ ਜਿਸ ਵਿਚ ਚਾਰ ਤਾਂ ਥਾਂ ਹੀ ਮਰ ਗਏ ਤੇ ਤਿੰਨ ਜ਼ਖਮੀ ਹੋਣ ਪਿਛੋਂ ਦਮ ਤੋੜ ਗਏ। ਕੂਕੇ ਸਿੰਘ ਨਸ ਜਾਣ ਵਿਚ ਸਫ਼ਲ ਹੋ ਗਏ।

ਪੁਲਸ ਨੂੰ ਅਸਲ ਦੋਸ਼ੀਆਂ ਦਾ ਕੋਈ ਥਹੁ ਪਤਾ ਨਾ ਲੱਗ ਸਕਣ ਤੇ ਸ਼ੱਕੀ ਤੌਰ ਤੇ ਕੁਛ ਹਿੰਦੂ ਤੇ ਨਿਹੰਗ ਫੜ ਕੇ ਉਨਾਂ ਨੂੰ ਤਸੀਹੇ ਦੇ ਕੇ ਜੁਰਮ ਇਕਬਾਲ ਕਰਵਾ ਲਿਆ ਗਿਆ। ਇਸੇ ਆਧਾਰ ਤੇ ਉਹਨਾਂ ਬਾਰਾਂ ਬੇ-ਦੋਸ਼ਿਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਉਧਰ ਇਕ ਸਮਕਾਲੀ ਲੇਖਕ ਪੰਡਤ ਭਾਨੂੰ ਦੱਤ ਅਨੁਸਾਰ, "ਇਕ ਦਿਨ ਲੁਧਿਆਣੇ ਸਿੰਘਾਂ ਦਾ ਦੀਵਾਨ ਲੱਗਾ ਸੀ ਅਤੇ ਭਜਨ ਹੋ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਖਿਆ, ਸਿੰਘੋ ਅੰਮ੍ਰਿਤਸਰ ਵਿਚ ਵਿਚਾਰਿਆਂ ਖੱਤ੍ਰੀਆਂ ਨੂੰ ਬੜਾ ਦੁਖ ਪਹੁੰਚ ਰਿਹਾ ਹੈ। ਜੇ ਤਹਾਥੀਂ ਗੁਰੂ ਦਾ ਭਾਣਾ ਵਰਤ ਗਿਆ ਹੈ ਤਾਂ ਕਿਉਂ ਡਰਦੇ ਹੋ ਸੋ ਕਈ ਸਿੰਘ ਉਠੇ - ਜਾਂ ਇਨ੍ਹਾਂ ਸਾਰੇ ਪੂਰੇ-ਪੂਰੇ ਪਤੇ ਦਿੱਤੇ, ਅਤੇ ਤੂੜੀ ਦੀਆਂ ਧੜਾਂ ਵਿਚੋਂ ਉਹ ਟੋਕੇ ਅਤੇ ਇਕ ਤਲਵਾਰ ਲਹੂ ਦੀ ਭਿਜੀ ਕੱਢ ਦਿਖਾਈ। ਇਹਨਾਂ ਨੂੰ ਅੰਮ੍ਰਿਤਸਰ ਵਿਚ ਫਾਹੇ ਦਾ ਹੁਕਮ ਹੋਇਆ।" ਗਿਆਨੀ ਗਿਆਨ ਸਿੰਘ ਵੀ ਇਸ ਘਟਨਾ ਤੇ ਚਾਨਣ ਪਾਉਂਦਾ ਹੋਇਆ ਕਹਿੰਦਾ ਹੈ, "ਦੇਨ ਲਗੇ ਫਾਂਸੀ ਜਬ, ਆਇ ਖੁਦ ਕੂਕੇ ਤਬ, ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।" ਸੋ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਕਿਸੇ ਵਾਇਦਾ ਮੁਆਫ ਦੇ ਪਤਾ ਦਿਤੇ ਜਾਣ ਤੇ ਪੁਲਸ ਨੇ ਨਾਮਧਾਰੀ ਸਿੰਘ ਫੜ ਕੇ ਫਾਹੇ ਲਾਏ ਸਨ। ਅੰਮ੍ਰਿਤਸਰ ਦੇ ਹਮਲੇ ਤੋਂ ਪੂਰਾ ਇਕ ਮਹੀਨਾ ਪਿਛੋਂ ਗੁਰੂ ਗੋਬਿੰਦ ਸਿੰਘ ਦੇ ਗੁਰਦੁਆਰੇ ਦੇ ਨਾਲ ਬਣਾਏ ਗਏ ਬੁਚੜਖਾਨੇ ਤੇ ਰਾਇਕੋਟ (ਲੁਧਿਆਣਾ) ਵਿਚ ਕੂਕਿਆਂ ਨੇ ਜਾ ਹਮਲਾ ਕੀਤਾ। ਸਿੰਘ ਆਪਣਾ ਦੋਸ਼ ਮੰਨ ਕੇ ਫਾਂਸੀ ਲਗੇ। ਕਮਿਸ਼ਨਰ ਅੰਬਾਲਾ, ਮੈਕਨਬ ਦੀ 4 ਨਵੰਬਰ, 1871 ਦੀ ਰਿਪੋਰਟ ਅਨੁਸਾਰ "ਬੁਚੜਖਾਨਿਆਂ ਤੇ ਹਮਲੇ ਕੂਕਿਆਂ ਵਲੋਂ ਸਰਕਾਰ ਦੀ ਸਿੱਧੀ ਅਵੱਗਿਆ ਦਾ ਪ੍ਰਤੱਖ ਸਬੂਤ ਸਨ।"

### ਬਦੇਸ਼ਾਂ ਨਾਲ ਸਬੰਧ

ਇਧਰ ਨਾਮਧਾਰੀ ਬਰਤਾਨਵੀ ਵਿਰੁੱਧ ਵਡੀ ਬਗ਼ਾਵਤ ਦੀਆਂ ਤਿਆਰੀਆਂ ਕਰ ਰਹੇ ਸਨ, ਉਧਰ ਨਾਲ ਦੀ ਨਾਲ ਜੰਮੂ, ਕਸ਼ਮੀਰ, ਨੇਪਾਲ ਤੇ ਰੂਸ ਆਦਿ ਨਾਲ ਰਾਜਨੀਤਕ ਸਬੰਧ ਵੀ ਜੋੜ ਰਹੇ ਸਨ ਤਾਂਕਿ ਇਸ ਵੱਡੀ ਜੋਕ ਨੂੰ ਗੁਆਂਢੀਆਂ ਦੀ ਮਦਦ ਨਾਲ ਛੇਤੀ ਹੀ ਗਲੋਂ ਲਾਹਿਆ ਜਾ ਸਕੇ।

ਨੇਪਾਲ ਦੇ ਰਾਣਾ ਜੰਗ ਬਹਾਦਰ 'ਤੇ ਕੂਕਿਆਂ ਦਾ ਖਾਸ ਅਸਰ ਸੀ। ਸਰਕਾਰੀ ਜਾਣਕਾਰੀ ਤੋਂ ਬਿਨਾਂ ਹੀ ਕੂਕਿਆਂ ਨੇ ਜੰਮੂ ਕਸ਼ਮੀਰ ਦੀ ਫ਼ੌਜ ਵਿਚ ਇਕ ਵਖਰੀ ਰਜਮੈਂਟ ਵੀ ਖੜੀ ਕਰ ਲਈ ਸੀ। ਦੂਜੇ ਸਿਪਾਹੀਆਂ ਨਾਲੋਂ ਤਨਖਾਹ ਵੀ ਵਧ ਹੁੰਦੀ ਸੀ। ਜਦੋਂ ਅੰਗਰੇਜ਼ਾਂ ਨੂੰ ਇਸ ਦਾ ਪਤਾ ਲਗਾ ਤਾਂ 1871 ਦੇ ਅੰਤ ਤੇ ਇਹ ਰਜਮੈਂਟ ਤੁੜਵਾ ਦਿੱਤੀ ਗਈ।

ਮਲੇਰ ਕੋਟਲੇ ਦਾ ਸਾਕਾ ਨਾਮਧਾਰੀ ਇਤਿਹਾਸ ਵਿਚ ਪ੍ਰਸਿਧ ਘਟਨਾ ਹੈ। ਮਲੇਰ ਕੋਟਲੇ ਵਿਚ ਵਸਦੇ ਕੁਛ ਮੁਸਲਮਾਨ ਅਧਿਕਾਰੀਆਂ ਨੇ ਨਾਮਧਾਰੀਆਂ ਤੇ ਵਧੀਕੀਆਂ ਕੀਤੀਆਂ। ਉਧਰ ਨਾਮਧਾਰੀ ਪੰਥ ਤੇ ਪਾਬੰਧੀਆਂ ਲਗ ਜਾਣ ਕਾਰਨ ਉਨ੍ਹਾਂ ਨੂੰ ਮਾਘੀ ਦੇ ਮੇਲੇ ਮੁਕਤਸਰ ਜਾਣ ਦੀ ਆਗਿਆ ਨਾ ਮਿਲੀ ਜਿਸ ਕਾਰਨ ਇਹ ਮੇਲਾ ਭੈਣੀ ਸਾਹਿਬ ਹੀ ਕੀਤਾ ਗਿਆ। ਮਾਘੀ ਦੇ ਦਿਨ, ਹਜ਼ਾਰਾਂ ਦੀ ਗਿਣਤੀ ਵਿਚ ਜੁੜੇ ਇਸ ਇਕੱਠ ਨੂੰ ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਨੇ ਖਬਰ ਦਿਤੀ ਕਿ ਕੋਟਲੇ ਵਿਚ ਉਸ ਨੂੰ ਕੁਟਿਆ ਮਾਰਿਆ ਗਿਆ ਹੈ ਤੇ ਨਾਲੇ ਉਸ ਦੇ ਸਾਹਮਣੇ ਇਕ ਬਲਦ ਜ਼ਿਬਾਹ ਕੀਤਾ ਗਿਆ ਹੈ। ਇਹ ਸੁਣ ਕੇ ਜੋਸ਼ੀਲੇ ਸਿੰਘਾਂ ਤੋਂ ਰਿਹਾ ਨਾ ਗਿਆ ਤੇ ਉਹਨਾਂ ਨੇ ਮਲੇਰ ਕੋਟਲੇ ਤੇ ਧਾਵਾ ਕਰਨ ਦਾ ਐਲਾਨ ਕਰ ਦਿੱਤਾ। ਸਤਿਗੁਰੂ ਜੀ ਨੇ ਆਖਿਆ ਕਿ ਅਜੇ ਪਨੀਰੀ ਛੋਟੀ ਹੈ ਤੇ ਜੋ ਕੰਮ ਇਹ ਸਿੰਘ ਤਲਵਾਰ ਨਾਲ ਕਰਨਾ ਚਾਹੁੰਦੇ ਹਨ ਉਹ ਮਾਲਾ ਨਾਲ ਹੀ ਕਰ ਲਿਆ ਜਾਏਗਾ ਪਰ ਸਿੰਘ ਆਪਣੇ ਐਲਾਨ ਤੇ ਕਾਇਮ ਰਹੇ।

ਉਧਰ ਲਗਪਗ 140 ਨਾਮਧਾਰੀ ਸਿੰਘਾਂ ਦਾ ਜਥਾ ਸਕਰੌਦੀ ਵਾਲੇ ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਭੈਣੀ ਸਾਹਿਬ ਤੋਂ, ਮੇਲੇ ਦਾ ਭੋਗ ਪੈਣ ਤੇ ਤੁਰਿਆ ਤੇ ਰਾਤ ਰਬੋਂ ਜਾ ਪੜਾਅ ਕੀਤਾ। ਦੂਜੇ ਦਿਨ ਮਲੌਦ ਦੇ ਸਰਦਾਰ ਬਦਨ ਸਿੰਘ ਤੋਂ, ਪਹਿਲੇ ਕੀਤੇ ਇਕਰਾਰ

ਅਨੁਸਾਰ, ਹਥਿਆਰ ਜਾ ਮੰਗੇ। ਸਰਦਾਰ ਦੇ ਮੁਕਰ ਜਾਣ ਤੇ ਦੰਗਾ ਫ਼ਸਾਦ ਹੋ ਪਿਆ। ਦੋਹਾਂ ਧਿਰਾਂ ਦਾ ਜਾਨੀ ਨੁਕਸਾਨ ਹੋਇਆ ਪਰ ਸਿੰਘਾਂ ਦੇ ਹਥ ਕੁਛ ਹਥਿਆਰ ਤੇ ਘੋੜੇ ਲਗ ਗਏ।

ਸਿੰਘਾਂ ਵਲੋਂ ਹਮਲੇ ਦੀ ਸੰਭਾਵਨਾ ਦੀ ਖਬਰ ਡਿਪਟੀ ਕਮਿਸ਼ਨਰ ਲੁਧਿਆਣਾ ਰਾਹੀਂ ਕੋਟਲੇ ਪੁੱਜ ਜਾਣ 'ਤੇ ਰਿਆਸਤੀ ਸੁਰਖਿਆ ਦਾ ਚੰਗਾ ਪ੍ਰਬੰਧ ਕੀਤਾ ਗਿਆ ਸੀ। ਸਿੰਘਾਂ ਨੇ 15 ਜਨਵਰੀ ਦਿਨ ਚੜਦੇ ਸਾਰ ਹੀ ਜਾ ਹਮਲਾ ਕੀਤਾ। ਸ਼ਾਹੀ ਮਹੱਲ ਕੋਲ ਘਮਸਾਣ ਦੀ ਲੜਾਈ ਵਿਚ ਮੈਦਾਨ ਕੂਕਿਆਂ ਦੇ ਹੱਥ ਰਿਹਾ। ਦੋਹਾਂ ਧਿਰਾਂ ਦੇ ਜਾਨੀ ਨੁਕਸਾਨ ਵਿਚ ਰਿਆਸਤੀ ਆਦਮੀਆਂ ਦੀ ਗਿਣਤੀ ਵਧੇਰੇ ਸੀ। ਇਸ ਪਿਛੋਂ ਸਿੰਘਾਂ ਨੇ ਰੜ ਪਿੰਡ ਵਿਚ ਜਾ ਕੇ ਕੁਛ ਅਰਾਮ ਕੀਤਾ ਤੇ ਫਿਰ ਲੈਫਟੀਨੈਂਟ ਗਵਰਨਰ ਪੰਜਾਬ ਦੇ ਵਾਇਸਰਾਏ ਨੂੰ 16 ਜਨਵਰੀ 1872 ਨੂੰ ਦਿਤੀ ਤਾਰ ਅਨੁਸਾਰ 68 ਸਰੀਰਾਂ ਨੇ ਜਿਨ੍ਹਾਂ ਵਿਚ ਦੋ ਮਾਈਆਂ ਵੀ ਸਨ, ਸ਼ੇਰ- ਪੁਰ ਦੀ ਪੁਲਸ ਨੂੰ ਗ੍ਰਿਫਤਾਰੀ ਦਿੱਤੀ।

ਮਿਸਟਰ ਕਾਵਨ ਲੁਧਿਆਣੇ ਦਾ ਡੀ: ਸੀ. ਤੇ ਕਮਿਸ਼ਨਰ ਫੋਰਸਥ ਮਲੇਰ ਕੋਟਲੇ ਦਾ ਪੋਲੀਟੀਕਲ ਏਜੰਟ ਸੀ। ਕੋਟਲੇ ਤੇ ਹਮਲੇ ਦੀ ਖਬਰ ਸੁਣਦਿਆਂ ਹੀ ਕਾਵਨ ਕੋਟਲੇ ਨੂੰ ਤੁਰ ਪਿਆ। ਉਹਨੇ ਸਿੰਘਾਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਫੈਸਲਾ ਆਪਣੇ ਮਨ ਵਿਚ ਕਰ ਕੇ ਇਕ ਘੰਟੇ ਦੇ ਅੰਦਰ-ਅੰਦਰ ਨਾਭਾ, ਜੀਂਦ ਤੇ ਪਟਿਆਲਾ ਤੋਂ 9 ਰਿਆਸਤੀ ਤੋਪਾਂ ਮਲੇਰ ਕੋਟਲੇ ਮੰਗਵਾ ਕੇ ਕਮਿਸ਼ਨਰ ਨੂੰ ਆਪਣਾ ਇਰਾਦਾ ਪ੍ਰਗਟ ਕੀਤਾ। ਕਿਉਂਕਿ ਕਾਵਨ ਨੂੰ ਮੌਤ ਦੀ ਸਜ਼ਾ ਦਾ ਕੋਈ ਅਧਿਕਾਰ ਨਹੀਂ ਸੀ ਇਸ ਲਈ ਫੋਰਸਿਥ ਨੇ ਉਹਨੂੰ ਇਉਂ ਕਰਨ ਤੋਂ ਮਨਾ ਕੀਤਾ ਪਰ ਇਸ ਦੇ ਬਾਵਜੂਦ ਕਾਵਨ ਨੇ ਆਪਣੀ ਮਨ-ਮਾਨੀ ਕਰਨ ਲਈ ਦੋਸ਼ੀਆਂ ਨੂੰ ਸ਼ੇਰਪੂਰੇ ਤੋਂ ਮਲੇਰ ਕੋਟਲੇ ਮੰਗਵਾ ਲਿਆ। ਮੇਜਰ ਪਰਕਿਨਜ਼ ਦੇ ਸ਼ਬਦਾਂ ਵਿਚ, "ਰਸਤੇ ਵਿਚ ਉਹ ਗਾਲਾਂ ਕਢਦੇ ਸਨ ਤੇ ਕਹਿੰਦੇ ਸਨ ਕਿ ਉਹ ਆਪਣਾ ਹੀ ਰਾਜ ਕਾਇਮ ਕਰਨਗੇ।"

13 ਜਨਵਰੀ 1872 ਈ: ਦਾ ਭਿਆਨਕ ਦਿਨ ਸੀ। ਕਾਵਨ ਨੇ ਨੌਂ ਤੋਪਾਂ ਮਲੇਰ ਕੋਟਲੇ ਦੇ ਪਰੇਡ ਮੈਦਾਨ ਵਿਚ ਗਡਵਾ ਦਿਤੀਆਂ, ਜਿਨ੍ਹਾਂ ਵਿਚੋਂ ਦੋ ਤਾਂ ਸੁਰਖਿਆ ਵਾਸਤੇ ਰਖੀਆਂ ਗਈਆਂ ਤੇ ਸੱਤ ਸਿੰਘਾਂ ਨੂੰ ਉਡਾਉਣ ਵਾਸਤੇ। ਸਿੰਘਾਂ ਨੇ ਇਸ਼ਨਾਨ ਕਰ ਕੇ ਨਿਤਨੇਮ ਕੀਤਾ। ਕਾਵਨ ਨੇ ਉਨਾਂ ਨੂੰ ਤੋਪਾਂ ਨਾਲ ਬੰਨ੍ਹੇ ਜਾਣ ਦਾ ਹੁਕਮ ਦਿੱਤਾ। ਇਕ ਸਮਕਾਲੀ ਲੇਖਕ ਭਾਈ ਸੰਤੋਖ ਸਿੰਘ ਦ੍ਰਿਸ਼ ਦਾ ਖ਼ਾਕਾ ਖਿਚਦਾ ਲਿਖਦਾ ਹੈ, "ਬਿਲੇ ਨੇ ਨੀਚ ਕੋ ਕਿਹਾ ਕਿ ਇਨ ਕੋ ਰਸੇ ਪਾਇਕੇ ਅੱਗੇ ਖੜ੍ਹੇ ਕਰੋ। ਸਿੰਘਾਂ ਨੇ ਕਿਹਾ ਕਿ ਪਰੇ ਹੋਇ ਜਾ ਅਸੀਂ ਆਪੇ ਈ ਜਾਇ ਖੜੋਵਾਂਗੇ। ਅੱਗੇ ਜਾਇ ਖੜੇ ਹੋਏ ਹੱਲਾ ਕਰਕੇ।" ਤਦ ਕਾਵਨ ਨੇ ਉਨ੍ਹਾਂ ਨੂੰ ਤੋਪਾਂ ਵਲ ਪਿੱਠਾਂ ਕਰਕੇ ਖੜ੍ਹੇ ਹੋਣ ਨੂੰ ਕਿਹਾ ਤਾਂ ਸਿੰਘਾਂ ਗਰਜ ਕੇ ਕਿਹਾ ਕਿ ਉਹ ਪਿਠ ਵਿਚ ਗੋਲੀ ਖਾ ਕੇ ਕਾਇਰਾਂ ਦੀ ਮੌਤੇ ਨਹੀਂ ਮਰਨਗੇ ਸਗੋਂ ਬਹਾਦਰੀ ਨਾਲ ਛਾਤੀ ਵਿਚ ਗੋਲੇ ਖਾ ਕੇ ਸ਼ਹੀਦੀਆਂ ਪ੍ਰਾਪਤ ਕਰਨਗੇ। ਇਸ ਘਟਨਾ ਨੂੰ ਅਖੀਂ ਦੇਖ ਕੇ ਬਿਆਨਣ ਵਾਲਾ ਲੇਖਕ ਸਾਡੇ ਕੋਲ ਗਿਆਨ ਸਿੰਘ (ਕਰਤਾ ਪੰਥ ਪ੍ਰਕਾਸ਼) ਹੈ। ਉਹਦਾ ਬਿਆਨ ਹੈ-

ਸੰਮਤ ਉਨੀ ਸੌ ਅਠਾਈ।
ਕੂਕੇ ਸਿੰਘ ਮਿਲੇ ਤਬ ਆਈ।
ਜਬ ਸਿੰਘ, ਸਾਬਕ ਪਕੜੇ ਗਏ।
ਫੜੇ ਮਲੇਰ ਕੋਟਲੇ ਆਏ।
ਉਨਹਿਤ ਹੁਕਮ ਅੰਗਰੇਜ਼ੀ ਆਯੋ।
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹੁ ਹੁਕਮ ਉਨੈ ਸੁਨ ਪਾਯੋ।
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਬਧੇਰੇ।
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਿਉਂ ਆਇ ਪਤੰਗ।
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹੈ ਹੈ ਕਰ ਸਾਰੇ।
ਜ਼ਰਾ ਨਾ ਕੀਨੇ ਪ੍ਰਾਨ ਪਿਯਾਰੇ।
ਇਹ ਹਮਨੇ ਖੁਦ ਨੈਨ ਨਿਹਾਰੇ।
ਦੇਖਤ ਤੇ ਜੋ ਲੋਕ ਅਪਾਰੇ।
ਰਹੇ ਹੈਰਾਨ ਤਿਨੈ ਪਿਖ ਸਾਰੇ...

(ਪੰਥ ਪ੍ਰਕਾਸ਼-ਐਡੀਸ਼ਨ 2)

ਇਸ ਘਟਨਾ ਦੀ ਮੌਕੇ ਦੀ ਉਗਾਹੀ ਇਕ ਅੰਗਰੇਜ਼ ਦੀ ਹੈ ਜਿਸ ਦਾ ਹਵਾਲਾ ਦਿੰਦਿਆਂ ਭਾਈ ਪਰਮਾਨੰਦ ਜੀ ਲਿਖਦੇ ਹਨ, "ਕੂਕੇ ਅਗੇ ਬੜ੍ਹ ਕਰ ਤੋਪ ਕੇ ਸਾਹਮਣੇ ਉੜਤੇ ਥੇ। ਏਕ ਅੰਗਰੇਜ਼ ਨੇ, ਜਿਸ ਨੇ ਯਹ ਦ੍ਰਿਸ਼ ਆਪਣੀ ਆਂਖੋਂ ਸੇ ਦੇਖਾ ਥਾ ਕਹਾ ਕਿ 'ਸਾਰਾ ਯੌਰਪ ਏਕ ਈਸਾ ਪਰ ਗਰਵ ਕਰਤਾ ਹੈ, ਮੈਂ ਨੇ ਆਜ ਕਈ ਈਸਾ ਬਲੀਦਾਨ ਹੋਤੇ ਦੇਖੇ ਹੈਂ।"

ਸੱਤ ਸੱਤ ਕਰ ਕੇ 49 ਕੂਕੇ ਇਸੇ ਤਰ੍ਹਾਂ ਉਡਾਏ ਗਏ। ਇਹਨਾਂ ਵਿਚ ਭਾਈ ਵਰਿਆਮ ਸਿੰਘ ਮਧਰੇ ਕੱਦ ਦਾ ਸੀ ਜੋ ਮਹਾਰਾਜਾ ਪਟਿਆਲਾ ਦਾ ਸਬੰਧੀ ਸੀ। ਉਸ ਦੀ ਸਿਫਾਰਸ਼ ਆਉਣ ਤੇ ਤੋਪਚੀ ਨੇ ਮਧਰੇ ਕੱਦ ਦੇ ਬਹਾਨੇ ਉਸ ਨੂੰ ਛੱਡਣਾ ਚਾਹਿਆ ਪਰ ਵਰਿਆਮ ਸਿੰਘ ਨੇ ਲਾਗਲੇ ਵਾਹਣ ਵਿਚੋਂ ਇੱਟਾਂ ਢੀਮਾਂ ਚੁੱਕ ਕੇ ਪੈਰਾਂ ਹੇਠ ਰੱਖ ਕੇ ਕੱਦ ਬਰਾਬਰ ਕਰ ਲਿਆ। ਤੋਪਚੀ ਨੂੰ ਵੰਗਾਰਿਆ- ਤੋਪ ਚਲੀ ਤੇ ਉਹ ਆਪਣੇ ਬਾਕੀ ਸਾਥੀਆਂ ਨਾਲ ਜਾ ਰਲਿਆ।




ਬਿਸ਼ਨ ਸਿੰਘ ਬਾਰਾਂ ਵਰ੍ਹੇ ਦਾ ਮਾਸੂਮ ਬੱਚਾ ਸੀ। ਕਾਵਨ ਦੀ ਮੇਮ ਨੇ ਇਸ ਤੇ ਤਰਸ ਖਾ ਕੇ ਇਹਨੂੰ ਛੱਡਣ ਦੀ ਸਿਫਾਰਸ਼ ਕੀਤੀ। ਕਾਵਨ ਦੀ ਸ਼ਰਤ ਇਕੋ ਸੀ ਕਿ ਬਿਸ਼ਨ ਸਿੰਘ ਗੁਰੂ ਰਾਮ ਸਿੰਘ ਦੀ ਸਿੱਖੀ ਛੱਡ ਦੇਵੇ। ਇਸ ਤੇ ਬਿਸ਼ਨ ਸਿੰਘ ਨੇ ਕਾਵਨ ਨੂੰ ਕੰਨ ਵਿਚ ਕੁਛ ਦੱਸਣ ਦੇ ਬਹਾਨੇ ਉਸ ਦੀ ਦਾੜ੍ਹੀ ਅਜਿਹੀ ਘੁਟ ਕੇ ਫੜੀ ਕਿ ਸਿਰਫ ਪਟਿਆਲੀਆਂ ਦੀਆਂ ਤਲਵਾਰਾਂ ਨਾਲ ਉਸ ਨੂੰ ਸ਼ਹੀਦ ਕਰਨ ਪਿਛੋਂ ਹੀ ਛੁਡਾਈ ਜਾ ਸਕੀ। ਕਾਵਨ ਆਪ ਮੰਨਦਾ ਹੈ ਕਿ ਇਸ ਘਟਨਾ ਵਿਚ ਉਸ ਦੀ ਜਾਨ ਨੂੰ ਹੀ ਖਤਰਾ ਬਣ ਗਿਆ ਸੀ।

ਇਸ ਤਰਾਂ ਬਿਨਾਂ ਕਿਸੇ ਮੁਕਦਮੇ ਦੇ 49 ਕੂਕੇ ਪਹਿਲੇ ਦਿਨ ਉਡਾਏ ਗਏ ਤੇ ਪੰਜਾਹਵਾਂ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਦੂਜੇ ਦਿਨ ਫੋਰਸਿਥ ਨੇ ਵੀ ਕਾਵਨ ਦੀ ਪੁਸ਼ਟੀ ਕਰਦਿਆਂ 16 ਸਿੰਘ ਉਸੇ ਤਰਾਂ ਸ਼ਹੀਦ ਕੀਤੇ। ਦੋਵੇਂ ਮਾਈਆਂ ਪਟਿਆਲਾ ਰਾਜ ਦੇ ਸਪੁਰਦ ਕਰ ਦਿਤੀਆਂ ਜਿਥੋਂ ਰਿਹਾ ਹੋ ਕੇ ਉਹ (ਮਾਈ ਇੰਦ ਕੌਰ ਤੇ ਖੇਮ ਕੌਰ) ਕਈ ਸਾਲ ਭੈਣੀ ਸਾਹਿਬ ਰਹਿੰਦੀਆਂ ਰਹੀਆਂ।

ਗ੍ਰਿਫਤਾਰੀ ਵਾਰੰਟਾਂ ਤੋਂ ਬਿਨਾਂ ਹੀ ਕਮਿਸ਼ਨਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ 11 ਸੂਬਿਆਂ ਸਮੇਤ 18 ਜਨਵਰੀ ਤੜਕੇ ਗ੍ਰਿਫਤਾਰ ਕਰ ਕੇ ਜਲਾਵਤਨ ਕਰ ਦਿੱਤਾ। ਭੈਣੀ ਸਾਹਿਬ ਗੁਰਦੁਆਰੇ ਦੀ ਚੰਗੀ ਤਸੱਲੀ ਨਾਲ ਤਲਾਸ਼ੀ ਕੀਤੀ ਤੇ ਕਾਫੀ ਕੀਮਤੀ ਗਹਿਣੇ ਕਪੜੇ ਤੇ 1828 ਰੁਪਏ ਅੱਠ ਆਨੇ ਨਕਦੀ ਜ਼ਬਤ ਕੀਤੀ। ਡਿਪਟੀ ਇੰਸਪੈਕਟਰ ਅਮਰੋਆ ਅਲੀ ਸ਼ਾਹ ਦੀ ਚੌਧਰ ਅਧੀਨ ਗੁਰਦੁਆਰੇ ਦੇ ਬੂਹੇ ਅੱਗੇ ਪੁਲਸ ਚੌਂਕੀ ਬਿਠਾ ਦਿੱਤੀ ਗਈ ਜਿਸ ਵਿਚ ਕਰਮਚਾਰੀ ਚੁਣ ਕੇ ਨਿਰਦਈ ਰਖੇ ਜਾਂਦੇ ਸਨ। ਇਹ ਚੌਂਕੀ 1923 ਤੱਕ ਕਾਇਮ ਰਹੀ।

ਹਿੰਦ ਸਰਕਾਰ ਤੇ ਬਰਤਾਨੀਆ ਵਿਚ ਬੈਠੇ ਅਧਿਕਾਰੀਆਂ ਨੇ ਕਾਵਨ ਤੇ ਫੋਰਸਿਥ ਵਲੋਂ ਕੀਤੇ ਇਸ ਜ਼ੁਲਮ ਦੀ ਸਖਤ ਨਿੰਦਾ ਕਰਦਿਆਂ ਕਾਵਨ ਨੂੰ ਨੌਕਰੀਓਂ ਛੁੱਟੀ ਦੇ ਦਿੱਤੀ ਤੇ ਫੋਰਸਿਥ ਕੋਲੋਂ ਮ੍ਰਿਤੂ ਦੰਡ ਦੇ ਵਿਸ਼ੇਸ਼ ਅਧਿਕਾਰ ਖੋਹ ਕੇ ਉਸ ਨੂੰ ਅਵਧ ਭੇਜ ਦਿੱਤਾ ਗਿਆ।

ਇੰਨਾ ਕੁਛ ਹੋ ਜਾਣ ਦੇ ਬਾਵਜੂਦ ਵੀ ਕੂਕੇ ਮੱਠੇ ਨਹੀਂ ਪਏ ਸਗੋਂ ਉਹਨਾਂ ਨੇ ਆਪਣੇ ਯਤਨ ਜਾਰੀ ਰੱਖੇ, ਉਹਨਾਂ ਤੋਂ ਖਤਰੇ ਦਾ ਜ਼ਿਕਰ ਪੰਜਾਬ ਸਰਕਾਰ ਦੇ ਸਕੱਤਰ ਲੇਪਲ ਗ੍ਰਿਫਨ ਦੀ 2 ਅਪ੍ਰੈਲ 1872 ਦੀ ਚਿੱਠੀ ਤੋਂ ਸਪਸ਼ਟ ਹੁੰਦਾ ਹੈ ਜਿਸ ਵਿਚ ਅੰਮ੍ਰਿਤਸਰ, ਅਨੰਦਪੁਰ, ਸਿਆਲਕੋਟ ਤੇ ਗੁਜਰਾਂਵਾਲੇ ਵਿਚ ਕੂਕਿਆਂ ਵਲੋਂ ਬਗ਼ਾਵਤ ਦੀ ਬੂ ਪਹੁੰਚਣ ਦਾ ਜ਼ਿਕਰ ਹੈ।

ਸਤਿਗੁਰੂ ਰਾਮ ਸਿੰਘ ਪਿੱਛੋਂ ਉਨ੍ਹਾਂ ਦੇ ਛੋਟੇ ਭਾਈ ਸਤਿਗੁਰੂ ਹਰੀ ਸਿੰਘ ਜੀ ਨੂੰ ਅਨੇਕ ਕਠਿਨਾਈਆਂ ਦਾ ਸਾਹਮਣਾ ਤਾਂ ਕਰਨਾ ਪਿਆ ਪਰ ਉਨ੍ਹਾਂ ਨੇ ਕਦੇ ਵੀ ਭਾਰਤ ਤੇ ਅੰਗਰੇਜ਼ੀ ਰਾਜ ਨੂੰ ਮਾਨਤਾ ਨਹੀਂ ਦਿੱਤੀ। ਜਦੋਂ ਇਕ ਵਾਰ ਅੰਗਰੇਜ਼ ਅਫਸਰ ਨੇ ਬਾਰ ਵਿਚ ਸੌ ਮੁਰੱਬੇ ਦੇਣ ਦੀ ਪੇਸ਼ਕਸ਼ ਕੀਤੀ ਤਾਂ ਆਪ ਨੇ ਪ੍ਰਸ਼ਨ ਵਾਚਕ ਉਤਰ ਦਿੰਦਿਆਂ ਪੁਛਿਆ ਸੀ ਕਿ ਉਹ ਬਾਕੀ ਦੀ ਧਰਤੀ ਆਪਣੀ (ਭਾਵ ਅੰਗਰੇਜ਼ ਦੀ)

ਸਮਝਦਾ ਹੈ? ਅੰਗਰੇਜ਼ ਨਿਰੁੱਤਰ ਹੋ ਕੇ ਮੁੜ ਆਇਆ।

ਇਸ ਸਮੇਂ ਵਿਚ ਨਾਮਧਾਰੀਆਂ ਨੂੰ ਗੁਰਦੁਆਰੇ ਅੰਦਰ ਜਾਣ ਤੋਂ ਪਹਿਲਾਂ ਆਪਣੀ ਪੂਰੀ ਜਾਣਕਾਰੀ ਪੁਲਿਸ ਚੌਂਕੀ ਵਿਚ ਦਰਜ ਕਰਾਉਣੀ ਪੈਂਦੀ ਸੀ। ਹਰ ਰੋਜ਼ ਕੇਵਲ ਪੰਜ ਸਿੰਘ ਹੀ ਇਸ ਤਰ੍ਹਾਂ ਅੰਦਰ ਜਾ ਸਕਦੇ ਸਨ ਤੇ ਉਹ ਛੇ ਮਹੀਨੇ ਤੋਂ ਪਹਿਲਾਂ ਮੁੜ ਕੇ ਭੈਣੀ ਸਾਹਿਬ ਨਹੀਂ ਸਨ ਵੜ ਸਕਦੇ। ਦਰਸ਼ਨ ਕਰਨ ਦੀ ਆਸ ਵਿਚ, ਭੈਣੀ ਸਾਹਿਬ ਦੀ ਜੂਹੋਂ ਬਾਹਰ, ਝਾੜੀਆਂ ਵਿਚ ਲੁਕੇ ਸਿੰਘਾਂ ਲਈ ਪਰਸ਼ਾਦੇ ਬਹੁਤ ਵੇਰਾਂ ਕੂੜਾ ਸੁਟਣ ਦੇ ਬਹਾਨੇ ਸੁਆਹ ਆਦਿ ਹੇਠ ਲੁਕੋ ਕੇ ਹੀ ਲਿਜਾਣੇ ਪੈਂਦੇ ਸਨ। ਇੰਨੀਆਂ ਸਖ਼ਤੀਆਂ ਦੇ ਬਾਵਜੂਦ ਵੀ ਦੇਸ਼-ਆਜ਼ਾਦੀ ਦੀ ਜੋਤ ਨਿਰੰਤਰ ਜਗਦੀ ਰੱਖੀ ਗਈ। ਉਨ੍ਹਾਂ ਪਿਛੋਂ ਉਨ੍ਹਾਂ ਦੇ ਵਾਰਸ ਸਤਿਗੁਰੂ ਪ੍ਰਤਾਪ ਸਿੰਘ ਜੀ, ਜਿਨ੍ਹਾਂ ਦਾ ਪ੍ਰਕਾਸ਼ ਹੀ ਜੇਲ੍ਹ ਰੂਪੀ ਕਮਰੇ ਵਿਚ ਹੋਇਆ ਸੀ, ਨੇ ਇਸ ਨੂੰ ਹੋਰ ਵੀ ਤੇਜ ਪ੍ਰਤਾਪ ਬਖਸ਼ਿਆ। ਕਾਂਗਰਸੀ ਆਗੂਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਨੇ ਆਜ਼ਾਦੀ ਲਹਿਰ ਵਿਚ ਵਰਨਣ ਯੋਗ ਹਿੱਸਾ ਪਾਇਆ। ਸਖਤ ਸਰਕਾਰੀ ਪਬੰਦੀਆਂ ਤੇ ਨਿਗਰਾਨੀਆਂ ਉਨ੍ਹਾਂ ਦੇ ਰਸਤੇ ਦਾ ਰੋੜਾ ਨਾ ਬਣ ਸਕੀਆਂ। ਇਹ ਸਿਰਫ਼ ਉਨ੍ਹਾਂ ਦਾ ਹੀ ਸਦਕਾ ਸੀ ਕਿ ਪੰਡਤ ਨਹਿਰੂ ਦਾ ਪੰਜਾਬ ਨਾਲ ਸਬੰਧ ਜੁੜਿਆ ਹੋਇਆ ਸੀ।

ਲੁਧਿਆਣੇ ਵਿਚ 1939 ਵਿਚ ਸਟੇਟ ਪੀਪਲਜ਼ ਕਾਨਫਰੰਸ ਹੋਈ। ਇਸ ਮੌਕੇ ਤੇ ਪੰਡਤ ਨਹਿਰੂ ਦਾ ਜਲੂਸ ਕਢੇ ਜਾਣ ਤੇ ਆਪ ਨੇ ਨਾਂ ਕੇਵਲ ਸਵਾਰੀ ਵਾਸਤੇ ਘੋੜੇ ਹੀ ਦਿਤੇ ਸਗੋਂ ਜਲੂਸ ਵਿਚ ਸ਼ਾਮਲ ਹੋ ਕੇ ਇਸ ਦੀ ਸ਼ਾਨ ਵੀ ਵਧਾਈ। ਇਸ ਕਾਨਫਰੰਸ ਪਿਛੋਂ ਦੂਜੇ ਦਿਨ ਪੰਡਤ ਜੀ ਭੈਣੀ ਸਾਹਿਬ ਪਧਾਰੇ। ਇਹ ਉਨ੍ਹਾਂ ਦੀ ਪਹਿਲੀ ਭੈਣੀ ਸਾਹਿਬ ਯਾਤਰਾ ਸੀ। ਦੂਜੀ ਵਾਰ 1953 ਵਿਚ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਵੀ ਇਥੇ ਆਏ।

17-19 ਜਨਵਰੀ 1927 ਨੂੰ ਮੁਠੱਡਾ ਕਲਾਂ (ਜਲੰਧਰ) ਵਿਚ ਇਕ ਮਹਾਨ ਸ਼ਹੀਦੀ ਕਾਨਫਰੰਸ ਕੀਤੀ ਗਈ ਜਿਸ ਵਿਚ ਚੋਟੀ ਦੇ ਹਿੰਦੂ, ਸਿਖ ਤੇ ਮੁਸਲਮਾਨ ਨੇਤਾ ਸ਼ਾਮਲ ਹੋਏ ਤੇ ਜਿਸ ਦਾ ਪ੍ਰਧਾਨਗੀ ਭਾਸ਼ਣ ਸਤਿਗੁਰੂ ਜੀ ਨੇ ਪੜ੍ਹਿਆ। ਇਹ ਭਾਸ਼ਣ ਇਸ ਗੱਲ ਦਾ ਪ੍ਰਤਖ ਪ੍ਰਮਾਣ ਹੈ ਕਿ ਆਪ ਕਿਸ ਸੋਚਣੀ ਦੇ ਮਾਲਕ ਸਨ। ਇਸ ਸਮੇਂ ਵਿਚ ਹੀ ਪਿੰਡ ਸਿਆੜ੍ਹ (ਜ਼ਿਲ੍ਹਾ ਲੁਧਿਆਣਾ) ਵਿਚ ਵੀ ਇਕ ਅਜੇਹੀ ਕਾਨਫਰੰਸ ਕਰਨ ਤੇ ਪਿੰਡ ਨੂੰ 4000 ਰੁਪਏ ਤਾਵਾਨ ਪਾਇਆ ਗਇਆ ਸੀ। ਨਾਮਧਾਰੀ ਪੰਥ ਦੇ ਅਖ਼ਬਾਰ ਸਤਿਜੁਗ ਦੀਆਂ ਕਈ ਕਈ ਹਜ਼ਾਰ ਰੁਪਏ ਦੀਆਂ ਜ਼ਮਾਨਤਾਂ ਹੁੰਦੀਆਂ ਰਹੀਆਂ। ਗਦਰੀ ਬਾਬਿਆਂ ਤੇ ਸਰਦਾਰ ਤੇਜਾ ਸਿੰਘ ਸੁਤੰਤਰ ਜਹੇ ਬਾਗੀਆਂ ਦੀ ਸ਼ਰਨਗਾਹ ਭੈਣੀ ਸਾਹਿਬ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਹੁੰਦੇ ਸਨ। ਮੁਕਦੀ ਗੱਲ ਤਾਂ ਇਹ ਹੈ ਕਿ ਸਮੁਚੇ ਨਾਮਧਾਰੀ ਹੀ ਜਰਾਇਮ ਪੇਸ਼ਾ ਕਰਾਰ ਦਿੱਤੇ ਗਏ ਸਨ।

ਅਸਲੀਅਤ ਤਾਂ ਇਹ ਹੈ ਕਿ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਨੇ ਕਾਂਗਰਸ ਦਾ ਮਾਰਗ ਦਰਸ਼ਨ ਕੀਤਾ ਹੈ। ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਅੰਦੋਲਨ ਚਲਾਇਆ ਉਹ ਸਤਿਗੁਰੂ ਰਾਮ ਸਿੰਘ ਦੇ ਨਾਮਿਲਵਰਤਣ ਅੰਦੋਲਨ ਦੀ ਹੀ ਨਕਲ ਤਾਂ ਸੀ। ਇਸ ਪਖ ਵਿਚ ਦਲੀਲ ਦਿੰਦਿਆਂ ਚਰਨ ਸਿੰਘ ਸ਼ਹੀਦ ਹੋਰੀਂ ਲਿਖਦੇ ਹਨ "ਯਰੂਸ਼ਲਮ ਨਾਲੋਂ ਭੈਣੀ ਸਾਹਿਬ ਜ਼ਰੂਰ ਹੀ ਮਹਾਤਮਾ ਗਾਂਧੀ ਦੇ ਨੇੜੇ ਤੇ ਆਪਣੇ ਦੇਸ਼ ਵਿਚ ਹੈ ਤੇ ਬਾਬਾ ਰਾਮ ਸਿੰਘ ਜੀ ਦਾ ਜ਼ਮਾਨਾ ਗਾਂਧੀ ਜੀ ਦੀ ਆਪਣੀ ਜ਼ਿੰਦਗੀ ਵਿਚ ਬੀਤਿਆ ਹੈ। ਇਸ ਲਈ ਹਜ਼ਰਤ ਈਸਾ ਮਸੀਹ ਨਾਲੋਂ ਬਾਬਾ ਰਾਮ ਸਿੰਘ ਦੀ ਤਾਲੀਮ ਦਾ ਅਸਰ ਗਾਂਧੀ ਜੀ ਉਤੇ ਵਧੇਰੇ ਹੋ ਸਕਦਾ ਸੀ ਤੇ ਹੋਇਆ ਹੈ।" ਇਸੇ ਦੀ ਪੁਸ਼ਟੀ ਕਰਦਿਆਂ ਡਾ: ਰਾਜਿੰਦਰ ਪ੍ਰਸ਼ਾਦ ਨੇ ਕਿਹਾ ਸੀ, "ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਉਸ ਕੋ ਗੁਰੂ ਰਾਮ ਸਿੰਘ ਜੀ ਨੇ ਪ੍ਰਾਯਾ : ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰਤ ਕੀਆ ਥਾ।"

ਨਾਮਧਾਰੀਆਂ ਦੇ ਕਾਂਗਰਸ ਨਾਲ ਸਬੰਧਾਂ ਤੋਂ ਵੀ ਸਰਕਾਰ ਅਵੇਸਲੀ ਨਹੀਂ ਸੀ ਰਹਿੰਦੀ। ਜਦੋਂ ਇਕ ਵਾਰੀ ਪੰਡਤ ਨਹਿਰੂ ਜੀ ਭੈਣੀ ਸਾਹਿਬ ਗਏ ਤਾਂ ਉਸ ਪਿਛੋਂ ਗਵਰਨਰ ਹੈਨਰੀ ਕਰੇਕ ਨੇ ਲਾਹੌਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਪੰਡਤ ਜੀ ਨਾਲ ਉਨ੍ਹਾਂ ਦੀ ਕੀ ਗੱਲ ਬਾਤ ਹੋਈ ਸੀ। ਅਗੋਂ ਸਤਿਗੁਰੂ ਜੀ ਨੇ ਸਿੱਧਾ ਸਾਦਾ ਜਿਹਾ ਉਤਰ ਦਿੱਤਾ ਕਿ ਜੋ ਪੰਡਤ ਜੀ ਨੂੰ ਦੁਖ ਸਨ ਉਹ ਸੁਣੇ ਤੇ ਆਪਣੀਆਂ ਤਕਲੀਫਾਂ ਸੁਣਾਈਆਂ। ਕਰਕੇ ਹੋਰੀਂ ਅਗੋਂ ਕੁਛ ਪੁਛਣ ਦਾ ਹੌਂਸਲਾ ਨਹੀਂ ਕਰ ਸਕੇ।

## ਪੁਨਰ ਸੁਰਜੀਤੀ

ਇਹ ਠੀਕ ਹੈ ਕਿ ਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਸਿਖਾਂ ਨੇ ਭਾਰਤ ਦੀ ਰਾਜਨੀਤਕ ਕ੍ਰਾਂਤੀ ਵਿਚ ਮਹਾਨ ਹਿੱਸਾ ਪਾਇਆ। ਜੇ ਵੱਡੇ-ਵੱਡੇ ਸਰਦਾਰ, ਮਹੰਤ ਤੇ ਪੁਜਾਰੀ ਉਨ੍ਹਾਂ

ਦੀ ਵਿਰੋਧਤਾ ਨਾ ਕਰਦੇ, ਤਦ ਅਸੀਂ ਕਦੋਂ ਦੇ ਸੁਤੰਤਰ ਹੋਏ ਹੁੰਦੇ। ਫਿਰ ਵੀ ਇਸ ਦਾ ਭਾਵ ਇਹ ਕਦਾਚਿਤ ਨਹੀਂ ਕਿ ਉਨ੍ਹਾਂ ਨੇ ਹੋਰ ਕਿਸੇ ਖੇਤਰ ਵਿਚ ਕੋਈ ਕੰਮ ਕੀਤਾ ਹੀ ਨਹੀਂ। ਜਿਸ ਸਮੇਂ ਦੀ ਸਿਖੀ ਦੀ ਦਸ਼ਾ ਤੇ ਗਿਆਨੀ ਗਿਆਨ ਸਿੰਘ ਦੇ ਸ਼ਬਦ 'ਸਿਖੀ ਦਸਮੇਸ਼ ਕੀ ਸੋ ਕੀ ਅਪਰ ਦੇਸ਼ ਕੀ ਅਸਿਖੀ ਪਰੀ ਪੇਸ਼ਗੀ ਛਿਨਾਰ ਬਣ ਠਣ ਕੇ' ਠੀਕ ਢੁੱਕਦੇ ਸਨ। ਉਸ ਅੰਧਕਾਰ ਦੇ ਸਮੇਂ ਵਿਚ ਦਸਮੇਸ਼ ਦੀ ਅਲੋਪ ਹੋਈ ਸਿਖੀ ਦੀ ਪੁਨਰ ਸੁਰਜੀਤੀ ਦਾ ਸ੍ਰੀ ਗਣੇਸ਼ ਸਤਿਗੁਰੂ ਰਾਮ ਸਿੰਘ ਨੇ 12 ਅਪਰੈਲ, 1857 ਨੂੰ ਭੈਣੀ ਸਾਹਿਬ ਵਿਚ ਪੰਜ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਕੀਤਾ। ਫਿਰ ਭਾਈ ਰਾਇ ਸਿੰਘ ਹਜ਼ੂਰ ਸਾਹਿਬ ਭੇਜ ਕੇ ਉਥੋਂ ਦਸਮ ਪਾਤਸ਼ਾਹ ਦੀ ਸਾਰੀ ਰਹਿਤ ਮਰਯਾਦਾ ਮੰਗਵਾ ਕੇ ਸਿਖਾਂ ਵਿਚ ਪ੍ਰਚਲਤ ਕੀਤੀ। ਅੱਜ ਅਸੀਂ ਜੋ ਰਹਿਤ-ਮਰਯਾਦਾ ਨਾਮਧਾਰੀਆਂ ਵਿਚ ਦੇਖਦੇ ਹਾਂ, ਇਹ ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਦੇਣ ਹੈ ਜਿਸ ਨੂੰ ਸਤਿਗੁਰੂ ਰਾਮ ਸਿੰਘ ਨੇ ਸਿਖਾਂ ਵਿਚ ਨਵੇਂ ਸਿਰਿਉਂ ਪ੍ਰਚਲਤ ਕੀਤਾ। ਮੌਕੇ ਦਾ ਗਵਾਹ ਗੁਲਾਮ ਭੀਖ ਜਲੰਧਰੀ, ਆਪਣੀ ਹੱਥ ਲਿਖਤ "ਤਾਰੀਖੇ ਵਾਕਰੀ" ਵਿਚ ਅਖੀਂ ਡਿਠੇ ਹਾਲ ਲਿਖਦਾ ਕਹਿੰਦਾ ਹੈ, "ਮੈਂ ਖੁਦ ਭੈਣੀ ਗਿਆ ਔਰ ਦੇਖਾ। ਕੂਕਿਓਂ ਨੇ ਜੋ ਤਰੀਕਾ ਅਖਤਿਆਰ ਕੀਆ ਹੈ ਵੁਹ ਔਰ ਕੁਛ ਨਹੀਂ ਹੈ, ਵੁਹ ਅਸਲ ਮਜ਼੍ਹਬ ਸਿਖੋਂ ਕਾ ਹੀ ਹੈ, ਔਰ ਉਸੇ ਉਨ੍ਹਾਂ ਨੇ ਦੋਬਾਰਾ ਰੌਨਕ ਦੀ ਹੈ।"

ਸਤਿਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਨਸ਼ਿਆਂ, ਵਿਸ਼ਿਆਂ ਤੇ ਕੁਰਹਿਤਾਂ ਵਲੋਂ ਹਟਾ ਕੇ ਨਾਮ ਦਾ ਰਸਤਾ ਦਿਖਾਇਆ ਤੇ ਇਸੇ ਨਾਲ ਉਹਨਾਂ ਦੀ ਕਾਇਆ ਕਲਪ ਕਰ ਦਿਤੀ। ਸਾਡੇ ਕੋਲ ਮੌਕੇ ਦੀ ਇਕ ਹੋਰ ਜਾਣੀ ਪਛਾਣੀ ਗਵਾਹੀ ਹੈ, ਪ੍ਰਸਿਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ। ਉਹ ਲਿਖਦੇ ਹਨ:-

ਵਿਸ਼ਯ ਅਗਨਿ ਕਰ ਤਪਤ ਰਿਦੈ
ਜਿਨ ਨਾਮ ਮ੍ਰਿਤ ਦੇ ਠਾਰੇ।
ਗੁਰੂ ਮਤ ਦੇ ਅਨੁਰਾਗੀ ਕੀਤੇ
ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾ ਕੇ
ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ
ਦਸ ਧਰਮ ਦਾ ਕਿੱਤਾ।......
ਬਾਲ ਅਵਸਥਾ ਵਿਚ 'ਮ੍ਰਿਗੇਸ਼ ਨੇ
ਅਦਭੁਤ ਮੂਰਤ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ
ਚੜ੍ਹਿਆ ਬਾਂਕਾ ਚੀਨੀ।

ਤੇ ਗਿ: ਗਿਆਨ ਸਿੰਘ ਇਸ ਸਮੇਂ ਦੀ ਤੁਲਨਾ ਸਤਿਗੁਰਾਂ ਨਾਲ ਕਰਦਾ ਹੋਇਆ ਕਹਿੰਦਾ ਹੈ :

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ
ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ।
(ਪੰਥ ਪ੍ਰਕਾਸ਼)

ਭਾਵੇਂ ਅੰਗਰੇਜ਼ਾਂ ਨੇ ਕੂਕਿਆਂ ਦੀ ਡਟਵੀਂ ਵਿਰੋਧਤਾ ਕੀਤੀ ਤੇ ਗੁਰਦੁਆਰਿਆਂ ਦੇ ਮਹੰਤਾਂ, ਪੁਜਾਰੀਆਂ, ਸਿੰਘ ਸਭਾਵਾਂ ਤੇ ਵਡੇ ਜਾਗੀਰਦਾਰਾਂ-ਸਰਦਾਰਾਂ ਨੂੰ ਵੀ ਆਪਣੇ ਹੱਥ ਠੋਕੇ ਬਣਾ ਕੇ ਵਰਤਿਆ ਪਰ ਪੰਜਾਬ ਦੀ ਆਮ ਜਨਤਾ ਨੇ ਉਹਨਾਂ ਦੇ ਪ੍ਰਚਾਰ ਨੂੰ ਬੜਾ ਕਬੂਲਿਆ। ਸਵਰਗੀ ਉਸਤਾਦ ਪੱਤਰਕਾਰ ਗਦਰੀ ਤੇ ਕਵੀ ਮੁਨਸ਼ਾ ਸਿੰਘ 'ਦੁਖੀ' ਹੋਰੀਂ ਕਹਿੰਦੇ ਹਨ, "ਆਪ ਜੀ ਨੇ ਜਿਸ ਦੇ ਕੰਨ ਵਿਚ ਫੂਕ ਮਾਰੀ, ਕੂਕ ਫਿਰੀ, ਉਹ ਕੂਕਾ ਹੋ ਗਿਆ, ਨਾਮਧਾਰੀ ਬਣ ਗਿਆ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲਾ ਨਾਮ ਰਸ ਖੀਵਾ ਪ੍ਰੇਮ ਮਰ ਜੀਵਾ ਹੋ ਗਿਆ।"

ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡਾਂ ਦੇ ਦੌਰੇ ਕੀਤੇ। ਸਿਉਂਕ ਖਾਧੀਆਂ ਤੇ ਚੂਹਿਆਂ ਦੀਆਂ ਸ਼ਿਕਾਰ ਹੋਈਆਂ ਬੀੜਾਂ ਨੂੰ ਸਾਫ ਕਰ ਕੇ, ਉਹਨਾਂ ਦੀ ਪਵਿਤਰਤਾ ਕਾਇਮ ਰੱਖਣ ਤੇ ਸਤਿਕਾਰ ਕਰਨ ਦੀ ਜਾਚ ਦਸਦਿਆਂ ਪਾਠ ਕਰਨ ਦੀ ਰੀਤੀ ਤੋਂ ਜਾਣੂ ਕਰਵਾਇਆ। ਦੀਵਾਨ ਬੂਟਾ ਸਿੰਘ ਦੇ ਆਫਤਾਬ-ਏ ਪੰਜਾਬ ਪ੍ਰੈਸ ਤੋਂ ਪੱਥਰ ਦੇ ਛਾਪੇ ਦੇ ਗਰੰਥ ਸਾਹਿਬ ਛਪਵਾ ਕੇ ਗੁਰਬਾਣੀ ਦਾ ਪ੍ਰਚਾਰ ਕਰਨ ਦਾ ਉਪਕਾਰ ਵੀ ਸਭ ਤੋਂ ਪਹਿਲਾਂ ਆਪ ਨੇ ਹੀ ਕੀਤਾ। ਇਹ ਆਪ ਦੇ ਅਜਿਹੇ ਉਪਕਾਰਾਂ ਸਦਕਾ ਹੀ ਸੀ ਕਿ ਕੂਕਿਆਂ ਤੇ ਇੰਨੀਆਂ ਸਖ਼ਤੀਆਂ ਹੋਣ ਦੇ ਬਾਵਜੂਦ ਵੀ ਮੜ੍ਹੀਆਂ ਮਸੀਤਾਂ ਦੀ ਪੂਜਾ ਛੱਡ ਕੇ ਆਪ ਨੂੰ ਮੰਨਣ ਵਾਲਿਆਂ ਦੀ ਗਿਣਤੀ ਦਸਾਂ ਵਰ੍ਹਿਆਂ ਵਿਚ ਸੱਤ ਲੱਖ ਨੂੰ ਪੁੱਜ ਗਈ ਸੀ।

ਅੰਗਰੇਜ਼ ਸਮਝਦਾ ਸੀ ਕਿ ਸਤਿਗੁਰੂ ਰਾਮ ਸਿੰਘ ਨੂੰ ਉਨ੍ਹਾਂ ਦੇ ਸੂਬਿਆ ਸਮੇਤ ਗ੍ਰਿਫ਼ਤਾਰ ਤੇ ਜਲਾਵਤਨ ਕਰਨ ਨਾਲ ਉਹ ਇਸ ਸੁਧਾਰਵਾਦ ਦਾ ਵੀ ਕੀਰਤਨ ਸੋਹਿਲਾ ਪੜ੍ਹ ਦੇਵੇਗਾ ਪਰ ਉਸ ਦੀ ਇਹ ਆਸ ਵੀ ਮ੍ਰਿਗ ਤ੍ਰਿਸ਼ਨਾ ਹੋ ਕੇ ਹੀ ਰਹਿ ਗਈ। ਸਤਿਗੁਰੂ ਰਾਮ ਸਿੰਘ ਜੀ ਤੋਂ ਪਿਛੋਂ ਉਨ੍ਹਾਂ ਦੇ ਛੋਟੇ ਭਾਈ ਸਤਿਗੁਰੂ ਹਰੀ ਸਿੰਘ ਜੀ ਤੇ ਅਗੋਂ ਉਨ੍ਹਾਂ ਦੇ

ਉਤਰਾਧਿਕਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸੇ ਤਰ੍ਹਾਂ ਨਿਰੰਤਰ ਇਸ ਕਾਰਜਕ੍ਰਮ ਜਾਰੀ ਰੱਖਿਆ। ਸਿਖਾਂ ਵਿਚ ਇਸ ਦੀ ਉਦਾਹਰਣ ਮਿਲਣੀ ਅਸੰਭਵ ਹੋਇਗੀ ਕਿ ਆਪ ਨੇ ਚਾਰ ਵਾਰੀ ਸਵਾ-ਸਵਾ ਲੱਖ ਪਾਠ ਨਾਮਧਾਰੀ ਸਾਧ ਸੰਗਤ ਤੋਂ ਕਰਵਾਏ। ਆਮ ਮੇਲਿਆਂ 'ਤੇ ਨਿਜੀ ਤੌਰ 'ਤੇ ਨਾਮਧਾਰੀਆਂ ਵਲੋਂ ਕੀਤੇ ਜਾਂਦੇ ਪਾਠਾਂ ਦੀ ਗਿਣਤੀ ਦਾ ਇਸ ਨਾਲ ਕੋਈ ਸਬੰਧ ਨਹੀਂ।

ਸਿਖ ਪੰਥ ਵਿਚ, ਨਿੱਕੇ-ਨਿੱਕੇ ਮਸਲਿਆਂ ਤੋਂ ਪਈ ਫੁੱਟ ਨੂੰ ਦੇਖ ਕੇ ਆਪ ਦਾ ਮਨ ਬਹੁਤ ਦੁਖੀ ਹੁੰਦਾ । ਪ੍ਰਸਪਰ ਮੇਲ ਮਿਲਾਪ ਦੇ ਉਹ ਕਿੰਨੇ ਹਾਮੀ ਸਨ, ਇਸ ਦਾ ਸਬੂਤ ਤਾਂ ਇਸ ਗਲੋਂ ਹੀ ਮਿਲ ਜਾਂਦਾ ਹੈ ਕਿ ਆਪ ਨੇ ਸਭ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨੂੰ ਇਕਠਿਆਂ ਕਰਨ ਤੇ ਪ੍ਰਸਪਰ ਸਦਭਾਵਨਾ ਵਧਾਉਣ ਲਈ 1934 ਵਿਚ ਭੈਣੀ ਸਾਹਿਬ ਵਿਚ ਗੁਰੂ ਨਾਨਕ ਸੰਪਰਦਾ ਕਾਨਫਰੰਸ ਆਪਣੇ ਖਰਚੇ ਤੇ ਕੀਤੀ। ਸਿਰਫ ਇਹ ਹੀ ਨਹੀਂ ਸਗੋਂ ਹੋਰ ਕਿੰਨੀਆਂ ਕਾਨਫਰੰਸਾਂ ਇਸੇ ਮੰਤਵ ਲਈ ਕੀਤੀਆਂ ਕਰਵਾਈਆਂ ਜਿਨ੍ਹਾਂ ਵਿਚ ਪ੍ਰਮੁੱਖਤਾ ਗੈਰ ਨਾਮਧਾਰੀਆਂ ਨੂੰ ਦਿਤੀ ਜਾਂਦੀ ਰਹੀ। ਉਦਾਹਰਣ ਵਜੋਂ ਭੈਣੀ ਸਾਹਿਬ ਵਿਚ 1938 ਵਿਚ ਹਿੰਦੂ ਸਿਖ ਮਿਲਾਪ ਕਾਨਫਰੰਸ, ਜਿਸ ਵਿਚ ਬਿਰਲੇ ਜਿਹੇ ਹਿੰਦੂ ਸੇਠਾਂ ਨੇ ਵੀ ਭਾਗ ਲਿਆ, ਦੀ ਪ੍ਰਧਾਨਗੀ ਗੋਸਵਾਮੀ ਗਣੇਸ਼ ਦੱਤ ਜੀ ਨੇ ਕੀਤੀ। ਅੰਮ੍ਰਿਤਸਰ ਵਿਚ ਕੀਤੀ ਗਈ ਮਿਲਾਪ ਕਾਨਫਰੰਸ ਵਿਚ ਨਾਮਧਾਰੀਆਂ ਨੇ ਸਰਦਾਰ ਸੋਹਣ ਸਿੰਘ (ਰਾਵਲ ਪਿੰਡੀ) ਦਾ ਸ਼ਾਨਦਾਰ ਜਲੂਸ ਕਢਿਆ। ਇਹ ਤਾਂ ਦਾਲ ਵਿਚੋਂ ਦਾਣਾ ਟੋਹਣ ਵਾਲੀ ਗਲ ਹੀ ਹੈ।

ਸਿਖ-ਜਗਤ ਨੂੰ ਆਪ ਦੀ ਸਭ ਤੋਂ ਵਡੀ ਦੇਣ ਹੈ ਗੁਰੂ ਰਾਮਦਾਸ ਵਾਲੀ ਸੰਗੀਤ ਪ੍ਰੰਪਰਾ ਦੀ ਸੰਭਾਲ। ਅੰਮ੍ਰਿਤਸਰ ਦੇ ਰਬਾਬੀਆਂ ਦਾ ਇਸੇ ਕਰ ਕੇ ਭੈਣੀ ਸਾਹਿਬ ਆਮ ਆਉਣ ਜਾਣ ਸੀ। ਜਿਸ ਤਰ੍ਹਾਂ ਗੁਰਬਾਣੀ ਵਿਚ ਸੰਕੇਤ ਦਿਤਾ ਗਿਆ ਹੈ ਉਸੇ ਤਰ੍ਹਾਂ ਸਲੋਕ, ਪਉੜੀਆਂ ਤੇ ਪੜਤਾਲਾਂ ਆਦਿ ਗਾਉਣ ਵਾਲੇ ਰਾਗੀ ਅੱਜ ਕੇਵਲ ਭੈਣੀ ਸਾਹਿਬ ਵਿਚ ਹੀ ਮਿਲ ਸਕਦੇ ਹਨ ਕਿਉਂਕਿ ਫਿਲਮੀ ਤਰਜਾਂ ਤੇ ਗੁਰਬਾਣੀ ਪੜ੍ਹਨ ਜਾਂ ਗਾਉਣ ਦੀ ਇਸ ਪੰਥ ਵਿਚ ਸਖਤ ਮਨਾਹੀ ਹੈ। ਸੰਗੀਤ ਵਿਦਿਆਲਾ ਵੀ ਪਹਿਲਾਂ ਆਪ ਦੀ ਸਰਪ੍ਰਸਤੀ ਹੇਠ ਹੀ ਸ਼ੁਰੂ ਹੋਇਆ ਸੀ। ਅੱਜ ਵਰਤਮਾਨ ਸਤਿਗੁਰੂ ਜੀ ਨੇ ਤਾਂ ਇਸ ਨੂੰ ਹੋਰ ਵੀ ਉਨਤੀ ਦਿੱਤੀ ਹੈ। ਨਾਮਧਾਰੀ ਨੌਜੁਆਨ ਕਾਫੀ ਵਡੀ ਗਿਣਤੀ ਵਿਚ ਇਸ ਪ੍ਰੰਪਰਾਵਾਦੀ ਸੰਗੀਤ ਦੀ ਸਿਖਿਆ ਪ੍ਰਾਪਤ ਕਰ ਰਹੇ ਹਨ ਜੋ ਗੁਰੂ ਰਾਮਦਾਸ ਦੀ ਪਰੰਪਰਾ ਨੂੰ ਭਵਿਖ ਵਿਚ ਸਾਂਭੀ ਰੱਖਣ ਦੇ ਜ਼ਾਮਨ ਹੋਣ ਦਾ ਸਬੂਤ ਹਨ। ਸ਼ੁਧ ਗੁਰਬਾਣੀ ਪਾਠ ਦੇ ਮੁਕਾਬਲੇ ਕਰਵਾਉਣੇ, ਗੁਰਬਾਣੀ ਦਾ ਅਰਥ ਕਰਨਾ ਸਿਖਾਉਣਾ ਆਪ ਦੀਆਂ ਮੁਖ ਦੇਣਾਂ ਵਿਚੋਂ ਕੁਝ ਕੁ ਹਨ।

### ਸਮਾਜ ਕਲਿਆਣ

ਭਾਰਤੀ ਤੇ ਖਾਸ ਕਰ ਕੇ ਪੰਜਾਬੀ ਸਮਾਜ ਨੂੰ ਗੁਰੂ ਰਾਮ ਸਿੰਘ ਨੇ ਮਹਾਨ ਦੇਣ ਦਿੱਤੀ। ਪੰਜਾਬ ਵਿਚ ਕੁੜੀਆਂ ਮਾਰਨ ਦਾ ਰਿਵਾਜ ਆਮ ਸੀ। ਸੰਧੂ ਤੇ ਗਰੇਵਾਲ ਪਰਿਵਾਰਾਂ ਵਿਚ ਤਾਂ ਕੋਈ ਕੁੜੀ ਜਿਉਂਦੀ ਰਹਿਣ ਹੀ ਨਹੀਂ ਸੀ ਦਿਤੀ ਜਾਂਦੀ। ਸਤਿਗੁਰੂ ਜੀ ਨੇ ਕੁੜੀਆਂ ਮਾਰਨ ਤੇ ਬਾਲ ਵਿਆਹ ਦਾ ਰਿਵਾਜ ਬੰਦ ਕੀਤਾ। ਭਾਵੇਂ ਅੰਗਰੇਜ਼ੀ ਸਕੂਲਾਂ ਦਾ ਬਾਈਕਾਟ ਸੀ ਪਰ ਹਰ ਬੱਚੇ ਬੁਢੇ ਨੂੰ ਗੁਰਮੁਖੀ ਪੜ੍ਹਨ ਦੀ ਤਾਗੀਦ ਤਾਂ ਆਪ ਦੇ ਹੁਕਮਨਾਮਿਆਂ ਵਿਚੋਂ ਅਜ ਵੀ ਮਿਲਦੀ ਹੈ। ਮਾਈਆਂ ਨੂੰ ਭਾਈਆਂ ਦੀ ਬਰਾਬਰੀ ਦੇਣ ਲਈ 1863 ਵਿਚ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਤੋਂ ਮਾਈਆਂ ਨੂੰ ਕਛਹਿਰੇ ਪਾਉਣ ਤੇ ਖੰਡ ਦਾ ਅੰਮ੍ਰਿਤ ਛਕਾਉਣ ਦੀ ਰੀਤੀ ਦਾ ਸ੍ਰੀ ਗਣੇਸ਼ ਆਪ ਨੇ ਹੀ ਕੀਤਾ।

ਵਿਆਹ ਦੀ ਰਸਮ ਇੰਨੀ ਮਹਿੰਗੀ ' ਤੇ ਗੁੰਝਲਦਾਰ ਹੋ ਗਈ ਸੀ ਜੋ ਆਮ ਲੋਕਾਂ ਦਾ ਕਚੂਮਰ ਕਢੀ ਜਾ ਰਹੀ ਸੀ। ਆਪ ਨੇ 3 ਜੂਨ 1863 ਨੂੰ ਖੋਟੇ (ਫਿਰੋਜ਼ਪੁਰ) ਤੋਂ ਸਾਦਾ ਤੇ ਸਮੂਹਕ ਆਨੰਦ ਕਾਰਜਾਂ ਦੀ ਰੀਤੀ ਦਾ ਮੁਢ ਬੰਨ੍ਹਿਆ ਜਿਸ ਕਾਰਨ ਆਪ ਨੂੰ 28 ਦਿਨ ਲਗਾਤਾਰ ਲੁਧਿਆਣੇ ਕਚਹਿਰੀ ਵਿਚ ਪੇਸ਼ ਹੋਣਾ ਪੈਂਦਾ ਰਿਹਾ। ਪਿਛੋਂ ਜਾ ਕੇ ਇਹ ਰੀਤੀ ਇੰਨੀ ਹਰਮਨ ਪਿਆਰੀ ਹੋਈ ਕਿ ਮੇਜਰ ਬੇਮਫੀਲਡ (ਡਿਪਟੀ ਇਨਸਪੈਕਟਰ ਜਨਰਲ ਪੁਲਸ, ਅੰਬਾਲਾ) ਅਨੁਸਾਰ ਅਨੰਦ ਕਾਰਜ ਦੀ ਸਸਤੀ ਰਸਮ ਤੇ ਬਾਹਮਣੀ ਰੀਤਾਂ ਤੋਂ ਛੁਟਕਾਰਾ ਆਮ ਲੋਕਾਂ ਦੇ ਕੂਕੇ ਬਣਨ ਦਾ ਇਕ ਪ੍ਰਮੁਖ ਕਾਰਨ ਸੀ। ਇਸੇ ਸਬੰਧ ਵਿਚ 'ਸਪਤ ਸ੍ਰਿੰਗ' ਦੇ ਕਰਤਾ ਸਰਦਾਰ ਕਪੂਰ ਸਿੰਘ ਦਾ ਕਥਨ ਹੈ-''ਸਚੀ ਗਲ ਤਾਂ ਇਹ ਹੈ ਕਿ ਭਾਰਤ- ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਭੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉਚਾ ਰਖਿਆ ਹੋਵੇ, ਜਿਸ ਦਾ ਮੰਤਵ ਜਾਤੀ ਤੇ ਜਨਤਾ ਦੇ ਆਤਮਕ ਤੌਰ 'ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੇ ਸਿਖਰ

ਉੱਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।" ਉਹਨਾਂ ਦੀ ਇਸਤਰੀ ਜਗਤ ਨੂੰ ਦੇਣ ਦਾ ਜ਼ਿਕਰ ਕਰਦਿਆਂ ਇਹੋ ਲੇਖਕ ਕਹਿੰਦਾ ਹੈ, "ਜੇ ਉਨ੍ਹਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛਡ ਭੀ ਦੇਈਏ, ਤਾਂ ਉਨ੍ਹਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦਿੰਦਾ ਹੈ।" ਬਰਾਬਰੀ ਦੇ ਅਧਿਕਾਰ ਦਿੰਦਿਆਂ ਉਹਨਾਂ ਨੇ ਵਰਿਆਹ ਜ਼ਿਲ੍ਹਾ ਅੰਮ੍ਰਿਤਸਰ ਦੀ ਮਾਈ ਹੁਕਮ ਕੌਰ ਨੂੰ ਸੂਬੇ ਦੀ ਪਦਵੀ ਦਿਤੀ ਹੋਈ ਸੀ। ਸਰਕਾਰੀ ਰਿਪੋਰਟਾਂ ਵਿਚ ਇਸ ਦੇ ਗੁਣਾਂ ਦੀ ਕਾਫੀ ਚਰਚਾ ਕੀਤੀ ਮਿਲਦੀ ਹੈ।

1872 ਵਿਚ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ਼ ਚਲੇ ਜਾਣ ਪਿਛੋਂ ਸਤਿਗੁਰੂ ਹਰੀ ਸਿੰਘ ਜੀ ਨੇ ਸਮਾਜ ਕਲਿਆਣ ਲਈ ਯਤਨ ਜਾਰੀ ਰੱਖੇ। ਉਦਾਹਰਣ ਵਜੋਂ 1956 ਬਿਕਰਮੀ ਦੇ ਕਾਲ ਸਮੇਂ ਕਾਲ ਪੀੜਤ ਬਾਗੜੀਆਂ ਦੀ ਖਿੜੇ ਮੱਥੇ ਪੁੱਜ ਕੇ ਮਦਦ ਕਰਨੀ ਇੰਨੀ ਮਹੱਤਵਪੂਰਨ ਗੱਲ ਸੀ ਜਿਸ ਨੇ ਅੰਗਰੇਜ਼ ਅਫਸਰਾਂ ਨੂੰ ਵੀ ਦੰਗ ਕਰ ਦਿਤਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨੂੰ ਤਾਂ ਇਸ ਪਖੋਂ 'ਸੁਨਹਿਰੀ ਸਮਾਂ' ਆਖਿਆ ਜਾ ਸਕਦਾ ਹੈ। ਉਨ੍ਹਾਂ ਨੇ ਦੇਸ਼ ਦੇ ਬਟਵਾਰੇ ਨੂੰ ਪਹਿਲਾਂ ਹੀ ਭਾਂਪਦਿਆਂ 18889 ਵਿਘੇ ਜ਼ਮੀਨ ਇਲਾਕਾ ਸ੍ਰੀ ਜੀਵਨ ਨਗਰ ਜ਼ਿਲ੍ਹਾ ਹਿਸਾਰ ਵਿਚ ਖਰੀਦੀ ਜਿਸ ਵਿਚ ਪਾਕਿਸਤਾਨੋਂ ਆਏ ਸ਼ਰਨਾਰਥੀ ਪਰਿਵਾਰਾਂ ਵਿਚ ਲਗਭਗ 500 ਏਕੜ ਜ਼ਮੀਨ ਮੁਫਤ ਪਰ ਬੜੇ ਯੁਕਤੀ ਪੂਰਨ ਢੰਗ ਨਾਲ ਵੰਡੀ ਗਈ। ਇਹ ਸਿਰਫ ਸ਼ਰਨਾਰਥੀਆਂ ਦੀ ਮਦਦ ਨਹੀਂ ਸੀ ਸਗੋਂ ਮੁੜ ਵਸਾਊ ਵਿਭਾਗ ਦੀ ਵੀ ਭਰਪੂਰ ਸਹਾਇਤਾ ਸੀ। ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਘਰ ਆਪ ਦੀ ਕਿਰਪਾ ਸਦਕਾ ਸਪੁੱਤਰ ਹੋਣ ਦੀ ਖੁਸ਼ੀ ਵਿਚ ਮਹਾਰਾਜੇ ਵਲੋਂ ਬੀੜ ਭਮਾਰਸੀ ਤੇ ਕਈ ਹੋਰ ਚੀਜ਼ਾਂ ਆਪ ਦੀ ਭੇਟਾ ਕੀਤੀਆਂ ਗਈਆਂ। ਬੀੜ ਦੀ ਇਹ ਸਾਰੀ ਜ਼ਮੀਨ ਆਪ ਨੇ 110 ਬੇ-ਜ਼ਮੀਨੇ ਕਿਸਾਨਾਂ ਵਿਚ ਬਿਲਕੁਲ ਮੁਫਤ ਵੰਡੀ। ਇਲਾਕਾ ਸ੍ਰੀ ਜੀਵਨ ਨਗਰ ਅਨਪੜਤਾ ਦੇ ਖਾਤਮੇ ਲਈ ਇਕ ਵਿਦਿਆਲਾ ਖੋਲ੍ਹਿਆ ਗਿਆ ਜਿਸ ਦੇ ਨਾਂ ਕਰੀਬ 600 ਏਕੜ ਜ਼ਮੀਨ ਇਸ ਦੇ ਖਰਚਾਂ ਨੂੰ ਪੂਰਿਆਂ ਕਰਨ ਹਿਤ ਲਾਈ ਗਈ। ਅੱਜ ਵੀ ਨਾਮਧਾਰੀ ਤੇ ਗੈਰ ਨਾਮਧਾਰੀ ਬੱਚੇ ਇਥੇ ਦਸਵੀਂ ਤੱਕ ਮੁਫਤ ਵਿਦਿਆ ਪ੍ਰਾਪਤ ਕਰਦੇ ਹਨ।

ਭਾਵੇਂ ਅਨੰਦ ਕਾਰਜਾਂ ਦੀ ਰਸਮ ਤਾਂ ਪਹਿਲਾਂ ਹੀ ਕਾਫੀ ਸਸਤੀ ਤੇ ਸਾਦੀ ਸੀ ਪਰ ਇਹ ਸ਼ਰੇਅ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹੀ ਜਾਂਦਾ ਹੈ ਕਿ ਉਨ੍ਹਾਂ ਨੇ ਮੰਗਣੀ ਤੇ ਮੁਕਲਾਵੇ ਜੇਹੀਆਂ ਫਜ਼ੂਲ ਰਸਮਾਂ ਨੂੰ ਜਿਨ੍ਹਾਂ ਵੱਲ ਆਮ ਲੋਕਾਂ ਤੇ ਸਰਕਾਰ ਦਾ ਧਿਆਨ ਹੁਣ ਜਾਣ ਲਗਾ ਹੈ, 1923 ਈ: ਵਿਚ ਹੀ ਖਤਮ ਕਰ ਦਿੱਤਾ। ਅਨੰਦ ਕਾਰਜਾਂ ਨੂੰ ਹੋਰ ਸਸਤੇ ਕਰਨ ਲਈ ਸਮੂਹਿਕ ਮੇਲਿਆਂ ਵਿਚ ਹੀ ਅਨੰਦਕਾਰਜ ਕਰਨ ਤੇ ਜ਼ੋਰ ਦਿਤਾ। ਵਰਤਮਾਨ ਸਤਿਗੁਰੂ ਜੀ ਨੇ ਨੌਜੁਆਨਾਂ ਨੂੰ ਦਾਜ ਲੈਣ-ਦੇਣ ਤੋਂ ਪ੍ਰਹੇਜ਼ ਕਰਨ ਲਈ ਵਿਸ਼ੇਸ਼ ਤੌਰ ਤੇ ਤਿਆਰ ਕਰਨਾ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਨੂੰ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਤੋਂ ਬਚਾਈ ਰੱਖਣ ਤੇ ਹੋਰ ਸਬੰਧਤ ਸਮੱਸਿਆਵਾਂ ਤੇ ਵਿਚਾਰਾਂ ਕਰਨ ਹਿਤ ਵਾਰਸ਼ਿਕ ਯੁਵਕ ਸੰਮੇਲਨ ਕੀਤੇ ਜਾਂਦੇ ਹਨ। ਲੋਕ ਭਲਾਈ ਦੇ ਹੋਰਨਾਂ ਕਾਰਜਾਂ ਵਿਚੋਂ ਜੇ ਇਲਾਕਾ ਸ੍ਰੀ ਜੀਵਨ ਨਗਰ ਵਿਚ ਨਿੱਜੀ ਤੌਰ ਤੇ ਬਣਾਈਆਂ ਗਈਆਂ ਸੜਕਾਂ ਨਾਲ ਲਗਪਗ ਅਧੀ ਦਰਜਨ ਪਿੰਡਾਂ ਨੂੰ ਜੋੜਨ ਦਾ ਜ਼ਿਕਰ ਨਾ ਕੀਤਾ ਜਾਏ, ਤਾਂ ਵੀ ਗੱਲ ਅਧੂਰੀ ਰਹਿ ਜਾਏਗੀ।

## ਗੁਰਸਿੱਖ ਦੇ ਫਰਜ਼

੧. ਅੰਮ੍ਰਿਤ ਵੇਲੇ ਉਠ ਕੇ ਜੰਗਲ ਜਾਕੇ, ਮਾਂਜ ਕੇ ਦਾਤਣ ਕੁਰਲਾ ਕਰਕੇ ਸਣੇਕੇਸ਼ੀ ਇਸ਼ਨਾਨ ਕਰੇ।
੨. ਇਕ ਮਨ ਇਕ ਚਿੱਤ ਹੋ ਕੇ ਨਾਮ ਦਾ ਸਿਮਰਨ ਕਰੇ।
੩. ਗੁਰਬਾਣੀ ਦਾ ਪਾਠ ਕਰੇ ਤੇ ਉਸ ਉਪਰ ਅਮਲ ਕਰੇ।
੪. ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪ ਚਲੇ ਤੇ ਹੋਰਨਾਂ ਨੂੰ ਚਲਣ ਦੀ ਪ੍ਰੇਰਨਾ ਦੇਵੇ।
੫. ਆਪਣੀ ਨੇਕ ਕਮਾਈ ਚੋਂ ਦਸਵੰਧ ਕਢਕੇ ਗੁਰੂ ਕੇ ਲੰਗਰ ਵਿਚ ਪਾਵੇ।
੬. ਸੁੱਚ ਸੋਧ, ਰਹਿਤ ਮਰਯਾਦਾ ਦਾ ਧਾਰਨੀ ਬਣੇ।
੭. ਸੇਵ, ਪਰਉਪਕਾਰ ਹਿਤ ਆਪਣਾ ਯੋਗਦਾਨ ਪਾਵੇ।

.................................................

# ਸਿਖ ਪ੍ਰੰਪਰਾ, ਸਰੂਪ ਤੇ ਮਰਯਾਦਾ



**ਮਹਾਰਾਜ ਬੀਰ ਸਿੰਘ ਜੀ**

**ਸਤਿਗੁਰੂ**

ਸਤਿਗੁਰੂ ਨਾਨਕ ਦੇਵ ਜੀ ਨੇ ਸਤਿਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦੇ ਕੇ ਆਪਣੇ ਵਰਗਾ ਬਣਾਇਆ ਤੇ ਸਿੱਖ ਪੰਥ ਵਿਚ ਦੇਹ ਧਾਰੀ ਗੁਰੂ ਦੀ ਰੀਤ ਚਲਾ ਦਿਤੀ। ਏਸੇ ਬਾਰੇ ਜਨਮ ਸਾਖੀ ਵਿਚ ਲਿਖਿਆ ਹੈ:

"ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ।"

ਸਤਿਗੁਰੂ ਨਾਨਕ ਦੇਵ ਜੀ ਨੇ ਦੇਹਧਾਰੀ ਸਤਿਗੁਰੂ ਦੀ ਜਿਹੜੀ ਰੀਤ ਚਲਾਈ ਤੇ ਗੁਰੂ ਪਰੰਪਰਾ ਦੀ ਜਿਹੜੀ ਨੀਂਹ ਰੱਖੀ, ਉਸ ਬਾਰੇ ਰਾਮਕਲੀ ਦੀ ਵਾਰ (ਸੱਤਾ ਬਲਵੰਡ ਦੀ ਵਾਰ) ਵਿਚ ਲਿਖਿਆ ਹੈ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ।
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ।
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।
ਸਹਿ ਟਿਕਾ ਦਿਤੋਸੁ ਜੀਵਦੈ।

ਅਤੇ ਗੂਜਰੀ ਰਾਗ ਵਿਚ ਲਿਖਿਆ ਹੈ

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥

ਇਹ ਪੰਕਤੀ ਗੁਰੂ ਅਰਜਨ ਦੇਵ ਜੀ ਨੇ ਓਦੋਂ ਉਚਾਰੀ ਜਦੋਂ ਗੁਰੂ ਹਰਿਗੋਬਿੰਦ ਜੀ ਨੂੰ ਤਾਪ ਤੋਂ ਆਰਾਮ ਆਇਆ। ਇਹ ਇਸ ਭਾਵਨਾ ਦੀ ਹੀ ਪ੍ਰਤੀਕ ਹੈ ਕਿ ਦੇਹਧਾਰੀ ਗੁਰੂ ਪਰੰਪਰਾ ਦੀ ਜੋ ਰੀਤ ਗੁਰੂ ਨਾਨਕ ਦੇਵ ਜੀ ਨੇ ਚਲਾਈ ਹੈ ਹਰਿਗੋਬਿੰਦ ਵੀ ਇਸ ਦਾ ਸੰਭਾਲਣ ਵਾਲਾ ਹੈ ਅਤੇ ਇਸ ਨੂੰ ਸੰਭਾਲਣ ਵਾਲੇ ਅਗੇ ਹੁੰਦੇ ਰਹਿਣਗੇ ਕਿਉਂਕਿ ਇਸ ਦੀ ਨੀਂਵ ਪੱਕੀ (ਅਬਿਚਲ) ਹੈ, ਓਹ ਸਦਾ ਵਾਸਤੇ ਸਥਿਰ ਹੈ। ਇਹ ਵੱਖਰੀ ਗੱਲ ਹੈ ਕਿ ਬਹੁਤ ਸਾਰੇ ਲੋਕ ਉਸ ਨੂੰ ਮੰਨਣੋਂ ਹਟ ਗਏ

ਨੇ, ਪਰ ਇਸ ਤਰ੍ਹਾਂ ਮੰਨਣੋਂ ਹਟ ਜਾਣ ਨਾਲ ਨਾ ਤੇ ਉਹ ਰੀਤ ਮਿਟ ਸਕਦੀ ਹੈ – ਨਾ ਹੀ ਉਹ ਨੀਂਹ ਖੁਰ ਸਕਦੀ ਹੈ। ਸੱਚ ਹਮੇਸ਼ਾਂ ਸੱਚ ਹੀ ਰਹੇਗਾ। ਸੱਚ ਝੂਠ ਦੀ ਲੜਾਈ ਵਿਚ ਬੇਸ਼ੱਕ ਕਦੀ ਝੂਠ ਹਾਰਦਾ ਤੇ ਕਈ ਵਾਰੀ ਸੱਚ ਵੀ ਪਰ ਇੰਵ ਕਦੇ ਨਹੀਂ ਹੋ ਸਕਦਾ ਕਿ ਝੂਠ ਨੂੰ ਸੱਚ ਦਾ ਮੁਖੌਟਾ ਪਹਿਨਾ ਕੇ ਸਦਾ ਲਈ ਚਲਾਇਆ ਜਾ ਸਕੇ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਲਿਖਿਆ ਹੈ ਕਿ "ਝੂਠ ਵਿਚ ਫੁਰਤੀ ਚਲਾਕੀ ਬਹੁਤ ਹੈ, ਪਰ ਦਮ ਨਹੀਂ ਸੱਚ ਬਰਾਬਰ।"

ਕੁਝ ਸੱਜਣ ਦੇਹਧਾਰੀ ਗੁਰੂ ਦੀ ਰੀਤ ਨੂੰ ਨਕਾਰਨ ਲਈ ਕਈ ਦਲੀਲਾਂ ਦੇਂਦੇ ਨੇ। ਆਖਦੇ ਨੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਗੱਦੀ ਪੰਜਾਂ ਪਿਆਰਿਆਂ ਨੂੰ ਦੇ ਦਿਤੀ। (ਪੰਚ ਪਰਵਾਣ ਪੰਚ ਪਰਧਾਨ) ਗੁਰੂ ਗੋਬਿੰਦ ਸਿੰਘ ਜੀ ਨੇ ਗੁਰ-ਗੱਦੀ ਪੰਥ ਨੂੰ ਦੇ ਦਿਤੀ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਗੱਦੀ ਗ੍ਰੰਥ ਸਾਹਿਬ ਨੂੰ ਦੇ ਕੇ ਦਸਾਂ ਪਾਤਸ਼ਾਹੀਆਂ ਦਾ ਸਰੂਪ ਬਖ਼ਸ਼ ਦਿਤਾ।

ਹੌਲੀ-ਹੌਲੀ ਉਹ 'ਪੰਚ ਪਰਵਾਨ ਪੰਚ ਪਰਧਾਨ' ਤੇ ਪੰਥ ਗੁਰੂ ਦੀ ਗੱਲ ਤੋਂ ਹਟਦੇ ਹਟਦੇ 'ਗ੍ਰੰਥ ਗੁਰੂ' ਦੀ ਗੱਲ ਉਪਰ ਪੱਕੇ ਹੋਣ ਦੀ ਕੋਸ਼ਿਸ਼ ਕਰ ਰਹੇ ਨੇ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਜਿਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਹ ਦਸਾਂ ਪਾਤਸ਼ਾਹੀਆਂ ਦਾ ਸਰੂਪ ਅਤੇ ਦੇਹ ਤੱਕ ਆਖਦੇ ਨੇ ਉਸ ਗ੍ਰੰਥ ਦੇ ਵੀ ਇਕ ਸਰੂਪ ਬਾਰੇ ਉਹ ਆਪਸ ਵਿਚ ਸਹਿਮਤ ਨਹੀਂ ਤੇ ਆਪਣੀ ਆਪਣੀ ਮਰਜ਼ੀ ਅਤੇ ਆਪਣੇ ਆਪਣੇ ਮੱਤ ਅਨੁਸਾਰ ਉਸ ਸਰੂਪ ਦੀ ਕਾਂਟ ਛਾਂਟ ਕਰਕੇ ਮਨ ਪਸੰਦ ਦਾ ਰੂਪ ਦੇਣ ਲਈ ਪਰਸਪਰ ਝਗੜਦੇ ਹਨ। ਇਕ ਧਿਰ ਆਖਦੀ ਹੈ "ਸ੍ਰੀ ਗ੍ਰੰਥ ਸਾਹਿਬ ਵਿਚੋਂ ਰਾਗ ਮਾਲਾ ਕੱਢ ਦਿਓ' ਕੋਈ ਦੂਸਰੀ ਧਿਰ "ਮੰਗਲਾਂ ਬਾਰੇ ਆਪਣੀ ਵੱਖਰੀ ਧਾਰਨਾ ਰੱਖਦੀ ਹੈ। ਭਸੌੜ ਦੇ ਪੰਚ ਖ਼ਾਲਸਾ ਆਪਣੇ ਦਸਾਂ ਗੁਰੂ ਸਾਹਿਬਾਨ ਦੀ ਪ੍ਰਤੱਖ ਦੇਹ ਵਿਚੋਂ ਸਾਰੇ ਭਗਤਾਂ ਦੀ ਬਾਣੀ ਤੇ ਸਾਰੇ ਭਟਾਂ ਦੀ ਸਾਰੀ ਬਾਣੀ (ਸੁੰਦਰ ਦੀ ਸਦ ਤੇ ਸੱਤਾ ਬਲਵੰਡ ਦੀ ਵਾਰ ਤੱਕ) ਕੱਢ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਸ੍ਰੀ ਦਸਮ ਗ੍ਰੰਥ ਦੀ ਬਾਣੀ ਨੂੰ ਇਸ ਦੇਹ ਵਿਚ ਸ਼ਾਮਲ ਕਰਨਾ ਚਾਹੁੰਦੇ ਨੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੂੰ ਇਕ ਵਾਰੀ ਕਿਸੇ ਨੇ ਪੁੱਛਿਆ ਸੀ ਕਿ "ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਹੀ ਬੀੜ ਕਿਹੜੀ ਹੈ ?" ਤਾਂ ਆਪ ਨੇ ਫ਼ਰਮਾਇਆ ਸੀ ਕਿ "ਜਿਸ ਬੀੜ ਤੋਂ ਸਤਿਗੁਰੂ ਰਾਮ ਸਿੰਘ ਜੀ ਪਾਠ ਕਰਦੇ ਸਨ। ਉਹ ਸਾਡੇ ਪਾਸ ਹੈ ਤੇ ਅਸੀਂ ਓਸੇ ਨੂੰ ਸਹੀ ਮੰਨਦੇ ਹਾਂ।"

ਅਸੀਂ ਜਿਹੜੇ ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਹਾਂ



ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਸਤਿਗੁਰਾਂ ਦੀ ਤੇ ਭਗਤਾਂ ਦੀ ਬਾਣੀ ਦਾ ਗ੍ਰੰਥ ਮੰਨ ਕੇ ਮੱਥਾ ਟੇਕਦੇ ਹਾਂ-ਸਾਡੇ ਅਤੇ ਸ੍ਰੀ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦਾ ਸਰੂਪ ਮੰਨਣ ਵਾਲਿਆਂ ਦੀ ਮਾਨਤਾ ਵਿਚ ਇਕ ਹੋਰ ਵੱਡਾ ਫ਼ਰਕ ਹੈ। ਅਸਾਂ ਇਸ ਗੱਲ ਨੂੰ ਸਿੱਖੀ ਮਰਯਾਦਾ ਦਾ ਪੱਕੀ ਤਰ੍ਹਾਂ ਹਿੱਸਾ ਬਣਾਇਆ ਹੈ ਕਿ ਜੰਗਲ ਪਾਣੀ ਜਾਣ ਤੋਂ ਬਾਅਦ ਬਿਨਾਂ ਇਸ਼ਨਾਨ ਕੀਤਿਆਂ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਨਹੀਂ ਬੈਠਣਾ। ਪਰ ਜਿਹੜੇ ਸੱਜਣ ਸ੍ਰੀ ਗ੍ਰੰਥ ਸਾਹਿਬ ਨੂੰ "ਸਤਿਗੁਰੂ" ਮੰਨਦੇ ਹਨ ਓਹਨਾਂ ਵਿਚ ਇਹੋ ਜਿਹੀ ਕੋਈ ਮਰਯਾਦਾ ਨਹੀਂ। ਉਹ ਇਕ ਵਾਰ ਦੇ ਇਸ਼ਨਾਨ ਨੂੰ ਹੀ ਕਾਫ਼ੀ ਸਮਝ ਲੈਂਦੇ ਨੇ, ਭਾਵੇਂ ਦਿਨ ਵਿਚ ਕਿੰਨੀ ਵਾਰੀ ਜੰਗਲ ਪਾਣੀ ਹੋ ਆਉਣ। ਅਸੀਂ ਜਿਹੜੇ ਦੇਹਧਾਰੀ ਸਤਿਗੁਰੂ ਨੂੰ ਮੰਨਦੇ ਹਾਂ-ਸ਼ਰਾਬ ਨਹੀਂ ਪੀਂਦੇ, ਮਾਸ ਨਹੀਂ ਖਾਂਦੇ, ਪਰ 'ਗ੍ਰੰਥ ਗੁਰੂ' ਮੰਨਣ ਵਾਲੇ ਆਪਣੇ ਲਈ ਇਹੋ ਜਿਹੀ ਕਿਸੇ ਮਰਯਾਦਾ ਨੂੰ ਜ਼ਰੂਰੀ ਨਹੀਂ ਸਮਝਦੇ ਕਿ ਸ਼ਰਾਬ ਪੀਣ ਵਾਲੇ ਤੇ ਮਾਸ ਖਾਣ ਵਾਲੇ ਨੂੰ ਆਪਣੇ ਗੁਰੂ ਦੀ ਤਾਬਿਆ ਨਹੀਂ ਬਹਿਣਾ ਚਾਹੀਦਾ। 'ਗ੍ਰੰਥ ਗੁਰੂ' ਦੇ ਪੈਰੋਕਾਰਾਂ ਬਾਰੇ ਤਾਂ ਪੰਜਾਬੀ ਦੇ ਪ੍ਰਸਿੱਧ ਅਖ਼ਬਾਰ 'ਅਜੀਤ' ਨੇ ਇਕ ਦਿਲਚਸਪ ਖ਼ਬਰ ਇਹ ਵੀ ਛਾਪੀ ਹੈ ਕਿ 'ਧਰਮ ਪ੍ਰਚਾਰ ਕਮੇਟੀ ਦੇ

ਮੈਂਬਰਾਂ ਵਿਚ ਵੀ ਸ਼ਰਾਬ ਪੀਣ ਵਾਲੇ ਹੈਨ' ਜਿਨ੍ਹਾਂ ਨੇ ਧਰਮ ਪ੍ਰਚਾਰ ਕਰਨਾ ਤੇ ਫ਼ੈਸਲਾ ਦੇਣਾ ਹੈ ਉਹ ਆਪ ਹੀ ਜੇ ਸ਼ਰਾਬ ਪੀਂਦੇ ਹੋਣ ਤਾਂ- ਸੋਚਿਆ ਹੈ ਉਹਨਾਂ ਦੇ ਆਪਣੇ ਸ਼ਬਦਾਂ ਅਨੁਸਾਰ ਦਸਾਂ ਗੁਰੂ ਸਾਹਿਬਾਂ ਬਾਰੇ ਕਿੰਨਾ ਕੁ ਆਦਰ ਸਤਿਕਾਰ ਹੈ।

ਅਸਲ ਗੱਲ ਤਾਂ ਇਹੋ ਹੈ ਕਿ ਮਰਯਾਦਾ ਬਣਾਉਣੀ ਤੇ ਉਸ ਦੀ ਰੱਖਿਆ ਕਰਦਿਆਂ ਹੋਇਆਂ ਉਹਦੀ ਪਾਲਨਾ ਕਰਵਾਉਣਾ ਦੇਹਧਾਰੀ ਸਤਿਗੁਰੂ ਦਾ ਹੀ ਕੰਮ ਹੈ ਤੇ ਇਹ ਮਰਯਾਦਾ ਸਤਿਗੁਰੂ ਨਾਨਕ ਦੇਵ ਜੀ ਦੀ ਹੀ ਚਲਾਈ ਹੋਈ ਹੈ।

ਸਾਡੇ ਮੱਤ ਅਨੁਸਾਰ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਜਾਂ ਉਸ ਦੇ ਕ੍ਰਮ ਵਿਚ ਅਗੇਤ ਪਛੇਤ ਕਰਨ ਦਾ ਅਧਿਕਾਰ ਸਿਰਫ਼ ਗੁਰੂ ਨੂੰ ਹੀ ਹੈ। ਸਾਡੇ ਸਾਹਮਣੇ ਕੁਝ ਐਸੀਆਂ ਮਿਸਾਲਾਂ ਹਨ ਜਿਨ੍ਹਾਂ ਤੋਂ ਇਹ ਯਕੀਨ ਹੁੰਦਾ ਹੈ ਕਿ ਦੇਹਧਾਰੀ ਉੱਤਰਾਧਿਕਾਰੀ ਸਤਿਗੁਰੂ ਹੀ ਕਿਸੇ ਤੁਕ ਵਿਚ ਅਦਲ ਬਦਲ ਕਰਨ ਵਿਚ ਸਮਰੱਥ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੀ ਉਚਾਰੀ ਹੋਈ ਗਉੜੀ ਦੀ ਵਾਰ ਵਿਚ ਪਉੜੀ ਹੈ। "ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।" ਇਸੇ ਵਾਰ ਵਿਚ ਇਹੋ ਪਉੜੀ-ਪਉੜੀ ਮਹਲਾ ੫ ਲਿਖ ਕੇ ਇਸ ਦੀ ਪਹਿਲੀ ਤੁਕ ਵਿਚ ਦੋ ਅੱਖਰਾਂ ਦਾ ਵਾਧਾ ਕੀਤਾ ਹੈ ਅਤੇ ਲਿਖਿਆ ਹੈ :

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ

ਦੋ ਮਿਸਾਲਾਂ ਹੋਰ ਹਨ, ਇਕ ਰਾਮ ਰਾਇ ਦੀ ਅਤੇ ਦੂਜੀ ਗੁਰੂ ਗੋਬਿੰਦ ਸਿੰਘ ਜੀ ਦੀ। ਰਾਮ ਰਾਇ ਗੁਰੂ ਨਹੀਂ ਸੀ ਗੁਰਗੱਦੀ ਉਸ ਨੂੰ ਮਿਲਣੀ ਵੀ ਨਹੀਂ ਸੀ - ਏਸੇ ਕਰ ਕੇ ਸ੍ਰੀ ਗੁਰੂ ਹਰ ਰਾਇ ਸਾਹਿਬ ਨੇ ਹੁਕਮ ਦਿਤਾ ਕਿ ਤੁਕ ਪਲਟਾਉਣ ਵਾਲਾ ਉਹਨਾਂ ਨੂੰ ਆਪਣਾ ਮੂੰਹ ਨਾ ਵਿਖਾਏ। ਦੂਜੇ ਬੰਨੇ ਸ੍ਰੀ ਗੁਰੂ ਜਿਨ੍ਹਾਂ ਨੀਲੇ ਬਸਤਰ ਲਾਹ ਕੇ ਲੀਰ ਲੀਰ ਕਰ ਕੇ ਫੂਕ ਦਿਤੇ ਅਤੇ ਗ੍ਰੰਥ ਸਾਹਿਬ ਦੀ ਤੁਕ ਪਲਟਾ ਦਿਤੀ। ਆਪ ਨੇ ਇਕ ਸੌ ਇਕ ਵਾਰੀ ਇਹ ਤੁਕ ਪੜ੍ਹੀ :

ਨੀਲ ਬਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲੁ ਗਵਾਇਆ॥

ਆਪ ਸਤਿਗੁਰੂ ਪਦਵੀ ਤੇ ਸੁਸ਼ੋਭਿਤ ਸਨ ਅਤੇ ਤੁਕ ਪਲਟਾਉਣ ਦੇ ਅਧਿਕਾਰੀ ਸਨ। ਇਸੇ ਕਰ ਕੇ ਇਸ ਤੁਕ ਪਲਟਾਉਣ ਤੇ ਕੋਈ ਇਤਰਾਜ਼ ਨਹੀਂ ਕਰ ਸਕਿਆ।

ਪਰ ਏਧਰ 'ਗ੍ਰੰਥ ਗੁਰੂ' ਮੰਨਣ ਵਾਲਿਆਂ ਬਾਰੇ ਅੰਗਰੇਜ਼ ਇਤਿਹਾਸਕਾਰ ਕਨਿੰਘਮ ਲਿਖਦੇ ਹਨ- "ਵਰਤਮਾਨ ਲਿਖਾਰੀਆਂ ਨੇ ਆਪਣੇ ਆਪ ਨੂੰ ਇਸ ਗੱਲ ਦਾ ਅਧਿਕਾਰੀ ਬਣਾ ਲਿਆ ਹੈ ਕਿ ਉਹ ਜੋ ਚਾਹੁੰਣ ਗ੍ਰੰਥ ਸਾਹਿਬ ਵਿਚੋਂ ਕੱਢ ਦੇਣ ਤੇ ਜੋ ਜੀ ਆਵੇ ਗ੍ਰੰਥ ਸਾਹਿਬ ਵਿਚ ਲਿਖ ਦੇਣ।"

ਸਪੱਸ਼ਟ ਹੀ ਹੈ ਕਿ ਜਿਸ ਗ੍ਰੰਥ ਦੀਆਂ ਅਨੇਕਾਂ ਹੱਥ ਲਿਖਤ ਬੀੜਾਂ ਹਨ ਤੇ ਉਹਨਾਂ ਵਿਚੋਂ ਬਹੁਤੀਆਂ ਦੀ ਬਾਣੀ ਆਪਸ ਵਿਚ ਰਲਦੀ ਮਿਲਦੀ ਨਹੀਂ, ਉਹਨਾਂ ਵਿਚੋਂ ਕਿਸੇ ਦੀ ਵੀ ਪ੍ਰਮਾਣਿਕਤਾ ਨੂੰ ਜਦੋਂ ਜੇਹੜਾ ਕੋਈ ਚਾਹੇ ਚੁਨੌਤੀ ਦੇ ਦੇਂਦਾ ਹੈ ਉਹਨਾਂ ਵਿਚੋਂ ਕਿਸੇ ਗ੍ਰੰਥ ਦੀ ਬੀੜ ਨੂੰ ਵੀ ਦਸਾਂ ਗੁਰੂਆਂ ਦੀ ਪ੍ਰਤੱਖ ਦੇਹ ਆਖ ਕੇ ਸਤਿਗੁਰੂ ਮੰਨ ਲੈਣਾ ਕਿਸੇ ਵੀ ਗੁਰ ਮਰਯਾਦਾ ਦੇ ਘੇਰੇ ਵਿਚ ਨਹੀਂ ਆ ਸਕਦਾ।

### ਪੰਚ ਪਰਵਾਨ ਪੰਚ ਪਰਧਾਨ

ਜਿੰਨੇ ਸਿਆਣੇ ਓਨੀ ਮੱਤ - ਵਾਲੀ ਗੱਲ ਅੱਜ ਕਲ੍ਹ ਬਹੁਤੇ ਸਿੱਖਾਂ ਵਿੱਚ ਚੱਲ ਰਹੀ ਹੈ। ਸਿੱਖਾਂ ਵਿਚ ਕੁਝ ਸੱਜਣ ਹਨ ਜਿਹੜੇ ਗੱਲ-ਗੱਲ ਤੇ ਪਰਧਾਨ' ਦੀ ਰਟ ਲਾ ਕੇ ਸਿੱਖ ਪੰਥ ਨੂੰ ਇਕ ਜਮਹੂਰੀ ਸੰਸਥਾ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਇਸ ਲਈ ਕਿ ਜਮਹੂਰੀਅਤ ਦਾ ਅਜੋਕਾ ਵਿਚਾਰ ਪੱਛਮ ਤੋਂ ਆਇਆ ਤੇ ਇਹ ਸੱਜਣ ਕਿਸੇ ਗੱਲ ਵਿਚ ਵੀ ਪੱਛਮ ਤੋਂ ਪਿਛਾਂਹ ਨਹੀਂ ਰਹਿਣਾ ਚਾਹੁੰਦੇ। ਇਸ ਲਈ ਇਹਨਾਂ ਨੇ ਇਹ ਗੱਲ ਪਰਚਾਰਨੀ ਸ਼ੁਰੂ ਕਰ ਦਿਤੀ ਹੈ ਕਿ ਜਮਹੂਰੀਅਤ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸ਼ੁਰੂ ਕਰ ਦਿਤੀ ਸੀ- ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਫਿਰ ਚਮਕੌਰ ਦੀ ਗੜ੍ਹੀ ਵਿਚ ਖ਼ਾਲਸਾ ਪੰਥ ਨੂੰ ਗੁਰ ਗੱਦੀ ਦੇ ਕੇ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ 1756 ਬਿ. ਵਿੱਚ ਕੀਤੀ ਸੀ ਪਰ ਹੈ ਕੋਈ ਇਹੋ ਜਿਹਾ ਇਤਿਹਾਸਕਾਰ ਜਿਹੜਾ ਦਾਅਵੇ ਨਾਲ ਇਹ ਆਖ ਸਕੇ ਕਿ ਪੰਜਾਂ ਪਿਆਰਿਆਂ ਦੀ ਸਾਜਨਾ ਤੋਂ ਬਾਅਦ ਪੰਥ ਦੀ ਹਰੇਕ ਕਾਰਵਾਈ ਦਾ ਸੰਚਾਲਨ ਪੰਜ ਪਿਆਰਿਆਂ ਦੀ ਕੈਬਨਿਟ ਹੀ ਕਰਦੀ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸ ਦਿਨ ਤੋਂ ਇੰਗਲੈਂਡ ਦੇ ਬਾਦਸ਼ਾਹ ਵਾਂਗ ਸਿੱਖ ਪੰਥ ਦੇ ਕੇਵਲ ਆਈਨੀ ਸਰਬਰਾਹ ਹੀ ਸਨ ਜਿਨ੍ਹਾਂ ਨੂੰ ਪੰਜਾਂ ਪਿਆਰਿਆਂ ਦੀ ਹਰੇਕ ਕਾਰਵਾਈ ਉਪਰ ਪ੍ਰਵਾਨਗੀ ਦੀ ਮੋਹਰ ਲਾਉਣੀ ਪੈਂਦੀ ਸੀ?

ਰਹੀ ਗੱਲ ਚਮਕੌਰ ਦੀ ਗੜ੍ਹੀ ਦੀ। ਇਤਿਹਾਸ

ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਬਚ ਨਿਕਲੇ। ਗੜ੍ਹੀ ਵਾਲੇ ਸਿੰਘ ਸ਼ਹੀਦੀਆਂ ਪਾ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਕਈ ਸਾਲ ਗੁਰ ਗੱਦੀ ਨੂੰ ਸਸ਼ੋਭਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਕੋਈ ਵੀ ਇਤਿਹਾਸ ਇਸ ਗੱਲ ਦੀ ਗਵਾਹੀ ਨਹੀਂ ਦਿੰਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਚ ਪਰਵਾਨ ਪੰਚ ਪਰਧਾਨ ਦੀ ਰੀਤ ਚਲਾ ਕੇ ਸਤਿਗੁਰੂ ਦੇ ਕਰਤੱਵਾਂ ਨੂੰ ਇਕ ਤੋਂ ਵਧ ਹੱਥਾਂ ਵਿਚ ਸੌਂਪ ਦਿਤਾ ਹੋਵੇ। ਸਗੋਂ ਇਸ ਗੱਲ ਦੇ ਇਤਿਹਾਸਕ ਪ੍ਰਮਾਣਾਂ ਤੋਂ ਹਰ ਕੋਈ ਜਾਣੂੰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਪਹਿਲਾਂ ਚਲੀ 'ਮਸੰਦਾਂ' ਦੀ ਰੀਤ ਨੂੰ ਵੀ ਖ਼ਤਮ ਕਰ ਦਿਤਾ ਤੇ ਸਾਰੇ ਅਧਿਕਾਰ ਕੇਵਲ ਆਪਣੇ ਹੱਥਾਂ ਵਿਚ ਲੈ ਲਏ। ਉਹਨਾਂ ਨੇ ਵੇਖ ਲਿਆ ਸੀ ਕਿ ਥੋੜੇ ਜਿਹੇ ਅਧਿਕਾਰ ਮਿਲਣ ਤੇ ਵੀ ਜਿਹੜਾ ਗੁਰੂ ਨਹੀਂ ਉਹ ਉਹਨਾਂ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ। ਇਸ ਲਈ ਆਪ ਨੇ ਗੁਰ ਗੱਦੀ ਦੇ ਸਾਰੇ ਅਧਿਕਾਰ ਆਪਣੇ ਹੱਥਾਂ ਵਿਚ ਲੈ ਕੇ ਮੰਜੀਆਂ ਜਾਂ ਮਸੰਦਾਂ ਦਾ ਖ਼ਾਤਮਾ ਕਰ ਦਿੱਤਾ।

ਉਸ ਤੋਂ ਜੇ ਕੋਈ ਇਹ ਆਖੇ ਕਿ ਆਪ ਨੇ ਗੁਰ ਗੱਦੀ ਪੰਥ ਨੂੰ ਦੇ ਦਿਤੀ ਤਾਂ ਇਹ ਆਪਣੇ ਆਪ ਨੂੰ ਭੁਲੇਖੇ ਵਿਚ ਪਾਣ ਵਾਲੀ ਗੱਲ ਹੈ।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਣ ਦਾ ਅਰਥ ਏਨਾ ਹੀ ਸੀ ਕਿ ਗੁਰੂ ਕੇ ਸਿੱਖ ਉਸ ਦਿਨ ਤੋਂ ਇਕ ਸੂਰਬੀਰ ਸੰਗਠਨ ਦੇ ਸਿੰਘਾਂ, ਅਰਥਾਤ ਸ਼ੇਰਾਂ ਵਰਗੇ ਮੈਂਬਰ ਬਣ ਗਏ। ਜੋ 'ਮੁਖ ਤੇ ਹਰਿ ਚਿਤ ਮਹਿ ਜੁਧ' ਬਿਚਾਰਨ ਵਾਲੇ ਸੰਗਠਨ ਦੇ ਪ੍ਰਤੀਕ ਸਨ। ਨਾ ਕਿ ਸਤਿਗੁਰੂ ਦੀ ਥਾਵੇਂ ਪੰਥ ਦਾ ਸੰਚਾਲਨ ਕਰਨ ਵਾਲੇ।

ਉਸ ਤੋਂ ਪੂਰੇ ੧੫੮ ਸਾਲ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਇਕ ਵਾਰੀ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸੰਤ ਖ਼ਾਲਸਾ ਦੀ ਪਦਵੀ ਦਿੱਤੀ। ਇਹ ਪੰਜ ਪਿਆਰੇ ਵੀ ਓਵੇਂ ਹੀ ਅੰਗਰੇਜ਼ਾਂ ਦੀ ਵਿਦੇਸੀ ਹਕੂਮਤ ਦੇ ਖ਼ਿਲਾਫ਼ ਸਿੰਘਾਂ ਦੇ ਜੁਝਾਰੂ ਅਮਲ ਦਾ ਪ੍ਰਤੀਕ ਬਣੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਹੋਏ ਪੰਜ ਪਿਆਰੇ ਉਸ ਸਮੇਂ ਦੇ ਮੁਗ਼ਲ ਸ਼ਾਸਨ ਦੇ ਖ਼ਿਲਾਫ਼ ਸੰਗਠਤ ਸੰਗਰਾਮ ਦਾ ਪ੍ਰਤੀਕ ਸਨ।

## ਗ੍ਰੰਥ ਗੁਰੂ

ਗੁਰਗੱਦੀ ਗ੍ਰੰਥ ਸਾਹਿਬ ਨੂੰ ਦੇਣ ਦੇ ਦਾਅਵੇਦਾਰਾਂ ਨੇ ਅੱਜ ਤਕ ਇਹ ਦਸਣ ਦੀ ਖੇਚਲ ਨਹੀਂ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਦੇਹਧਾਰੀ ਗੁਰੂ ਦੀ ਰੀਤ ਨੂੰ ਬਦਲਣ ਦੀ ਲੋੜ ਕਿਉਂ ਪਈ? ਕੀ ਕਮੀ ਜਾਪੀ ਸੀ ਆਪ ਨੂੰ ਆਪਣੇ ਹੀ ਸਤਿਗੁਰੂ ਵਾਲੇ ਵਿਅਕਤਿਤੱਵ ਵਿਚ, ਜੋ ਆਪ ਨੇ ਏਹ ਫ਼ੈਸਲਾ ਕਰ ਲਿਆ ਕਿ ਅਗੋਂ ਤੋਂ ਉਹਨਾਂ ਦੇ ਆਪਣੇ ਵਰਗਾ ਇਕ ਗੁਰੂ ਵਿਅਕਤੀ ਹੋਣਾ ਹੀ ਨਹੀਂ ਚਾਹੀਦਾ। ਸਗੋਂ ਇਸ ਦੀ ਥਾਂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ-ਆਖ ਕੇ ਮਨ ਮਰਜ਼ੀ ਨਾਲ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਤੇ ਉਸ ਦੇ ਮਨਪਸੰਦ ਅਰਥ ਕਰ ਕੇ ਮਨ ਭਾਉਂਦੀ ਸਿੱਖੀ ਮਰਯਾਦਾ ਧਾਰਨ ਕਰ ਕੇ ਹੰਨੇ-ਹੰਨੇ ਚੌਧਰ ਦਾ ਇਕ ਕਦੇ ਨਾ ਮੁਕਣ ਵਾਲਾ ਸਿਲਸਿਲਾ ਖੜਾ ਕਰ ਦਿੱਤਾ ਜਾਵੇ। ਜਿਹੜੇ ਸਤਿਗੁਰੂ ਨੇ ਥੋੜੇ ਜਿਹੇ ਮਸੰਦਾਂ ਦੇ ਹੱਥੋਂ ਸੀਮਿਤ ਜਿਹੇ ਅਧਿਕਾਰਾਂ ਦੀ ਦੁਰਵਰਤੋਂ ਵੇਖ ਕੇ ਮਸੰਦਾਂ ਦਾ ਹੀ ਸਿਲਸਿਲਾ ਖ਼ਤਮ ਕਰ ਦਿਤਾ ਸੀ ਕੀ ਉਹੋ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਗੁਰਿਆਈ ਦੇ ਕੇ ਉਸ ਦੀ ਆੜ ਵਿੱਚ ਮਨ ਮਰਜ਼ੀ ਨਾਲ ਪੰਥ ਦਾ ਸੰਚਾਲਨ ਕਰਨ ਵਾਲੇ ਪਹਿਲਾਂ ਤੋਂ ਵੀ ਕਈ ਗੁਣਾਂ ਵੱਧ ਮਸੰਦਾਂ ਦੀ ਸਾਜਨਾ ਕਰ ਸਕਦੇ ਸਨ? ਆਖ਼ਰ ਪਹਿਲਾਂ ਵਾਲੇ ਮਸੰਦ ਵੀ ਤਾਂ ਹੱਥ ਲਿਖਤ ਸ੍ਰੀ ਆਦਿ ਗ੍ਰੰਥ ਦੀਆਂ ਬੀੜਾਂ ਦੇ ਸਹਾਰੇ ਹੀ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਸਨ! ਧੀਰ ਮੱਲ ਤੇ ਰਾਮ ਰਾਇ ਨੇ ਵੀ ਤਾਂ ਸ੍ਰੀ ਆਦਿ ਗ੍ਰੰਥ ਦੀਆਂ ਹੱਥ ਲਿਖਤ ਬੀੜਾਂ ਦੇ ਸਹਾਰੇ ਹੀ ਮੁਕਾਬਲੇ ਦੀਆਂ ਗੱਦੀਆਂ ਕਾਇਮ ਕਰ ਰਖੀਆਂ ਸਨ, ਪਰ ਹਰ ਕੋਈ ਜਾਣਦਾ ਹੈ ਕਿ ਨਾ ਧੀਰ ਮੱਲੀਆਂ ਨੂੰ ਅਤੇ ਨਾ ਹੀ ਰਾਮ ਰਾਈਆਂ ਨੂੰ ਗੁਰੂ ਘਰ ਵਿਚ ਮਾਨਤਾ ਪ੍ਰਾਪਤ ਸੀ। ਗ੍ਰੰਥ ਦੇ ਸਹਾਰੇ ਪੰਥ ਚਲਾਉਣ ਵਾਲਿਆਂ ਦਾ ਜੋ ਧਰਮ ਧੀਰ ਮੱਲੀਆਂ ਤੇ ਰਾਮ ਰਾਈਆਂ ਨਿਭਾਇਆ ਸੀ ਅੱਜ ਦੇ ਗ੍ਰੰਥ ਗੁਰੂ ਦੇ ਦਾਅਵੇਦਾਰਾਂ ਦਾ ਆਚਰਣ ਉਸ ਤੋਂ ਕਿੰਨਾ ਕੁ ਵਖਰਾ ਹੈ?

## ਦਸਮ ਗ੍ਰੰਥ ਬਾਰੇ

ਅਸੀਂ ਗੁਰੂ ਗੋਬਿੰਦ ਸਿੰਘ ਜੀ ਰਚਿਤ ਸ੍ਰੀ ਦਸਮ ਗ੍ਰੰਥ ਨੂੰ ਵੀ ਓਹੋ ਆਦਰ ਮਾਣ ਦੇਂਦੇ ਹਾਂ ਜਿਹੜਾ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ। ਉਸ ਦਾ ਕਾਰਨ ਵੀ ਸਪੱਸ਼ਟ ਹੈ ਤੇ ਉਹ ਇਹ ਕਿ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੇ ਰਚਨਾਕਾਰ ਸਤਿਗੁਰਾਂ ਨਾਲੋਂ ਸਾਡੇ ਲਈ ਕਿਸੇ ਵੀ ਤਰ੍ਹਾਂ ਘਟ ਪੂਜਨੀਕ ਨਹੀਂ ਹਨ। ਜੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਰਚਨਾ ਗੁਰਬਾਣੀ ਹੈ ਤਾਂ ਦਸਮ ਗੁਰੂ ਦੀ



ਅਸਲ ਵਿਚ ਪਹਿਲਾਂ ਦਸਮ ਗ੍ਰੰਥ ਨੂੰ ਵੀ ਸ੍ਰੀ ਆਦਿ ਗ੍ਰੰਥ ਸਾਹਿਬ ਵਾਂਗ ਆਦਰ ਸਤਿਕਾਰ ਮਿਲਦਾ ਸੀ। ਦਸਮ ਗ੍ਰੰਥ ਦੀਆਂ ਕਈ ਪੁਰਾਣੀਆਂ ਉਹ ਬੀੜਾਂ ਅਜੇ ਮੌਜੂਦ ਹਨ ਜਿਨ੍ਹਾਂ ਤੇ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ' ਲਿਖਿਆ ਹੋਇਆ ਹੈ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਅਰੰਭ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਸੰਪੂਰਨ ਬੀੜ ਭਾਵੇਂ ਦੋ ਜਿਲਦਾਂ ਜਾਂ ਬਹੁਤੇ ਹਿੱਸਿਆਂ ਵਿਚ ਹੋਵੇ। ਇਸ ਤੋਂ ਇਹ ਸਪੱਸ਼ਟ ਹੈ ਕਿ ਜੇ ਇਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ-ਭਾਵ ਪਹਿਲੇ ਸਤਿਗੁਰੂਆਂ ਦੀ ਰਚਨਾ ਹੈ ਤਾਂ ਇਸ ਤੋਂ ਬਾਅਦ ਦੀ ਵੀ ਕੋਈ ਰਚਨਾ ਹੈ। ਉਹ ਕੇਹੜੀ ਹੈ ? ਉਹ ਹੈ ਦਸਮ ਗ੍ਰੰਥ; ਜਿਸ ਨੂੰ ਹੁਣ ਤੋਂ ਕੁਝ ਸਾਲ ਪਹਿਲਾਂ ਤੱਕ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਜਾਂਦਾ ਸੀ ਪਰ ਸਿੰਘ ਸਭਾ ਲਹਿਰ ਸਮੇਂ ਦੋਹਾਂ ਗ੍ਰੰਥਾਂ ਬਾਰੇ ਵਖਰੀ ਵਖਰੀ ਧਾਰਨਾ ਬਣਾਈ ਗਈ ਜੋ ਕਿ ਇਸੇ ਗੱਲ ਦਾ ਸਬੂਤ ਹੈ ਕਿ ਮਨ ਮਰਜ਼ੀ ਮੁਤਾਬਕ ਅਰਥ ਕਰਨ ਨਾਲ ਜੋ ਚੰਗਾ ਲਗੇ ਮੰਨਣ ਦੀ ਸਹੂਲਤ ਰਹਿੰਦੀ ਹੈ। ਸਤਿਗੁਰੂ ਦਾ ਕੁੰਡਾ ਗਰਦਨ ਉਪਰ ਹੋਵੇ ਤਾਂ ਮਨ ਮਰਜ਼ੀ ਹੈ ਚਲ ਨਹੀਂ ਸਕਦੀ।

ਹਜ਼ੂਰ ਸਾਹਿਬ ਵਿਚ ਅਜੇ ਵੀ ਇਹ ਮਰਯਾਦਾ ਹੈ ਕਿ ਓਥੇ ਤਿੰਨ ਬੀੜਾਂ ਸ੍ਰੀ ਆਦਿ ਗ੍ਰੰਥ ਦੀਆਂ ਅਤੇ ਦੋ ਬੀੜਾਂ ਸ੍ਰੀ ਦਸਮ ਗ੍ਰੰਥ ਦੀਆਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਪਰ ਕੁਝ ਸਮਾਂ ਪਹਿਲਾਂ ਦੋਹਾਂ ਗ੍ਰੰਥਾਂ ਦਾ ਸਤਿਕਾਰ ਬਰਾਬਰ ਦਾ ਸੀ। ਅੰਗਰੇਜ਼ ਇਤਿਹਾਸਕਾਰ ਮੈਕਾਲਮ ਨੇ 'ਸਕੈੱਚ ਆਫ਼ ਦਾ ਸਿੱਖਸ' ਨਾਮੀ ਆਪਣੀ ਪੁਸਤਕ ਵਿਚ ਸਿੱਖਾਂ ਦੇ ਇਕ ਖ਼ਾਸ ਸਮੇਂ ਬਾਰੇ ਲਿਖਦਿਆਂ ਇਸ ਗੱਲ ਦਾ ਜ਼ਿਕਰ ਕੀਤਾ ਹੈ। ਜਦੋਂ ਕੁਝ ਸਿੱਖ ਬਹਿ ਕੇ ਗੁਰਮਤਾ ਕਰਦੇ ਸਨ, ਸਾਰੇ ਮੁਖੀ ਸਿੱਖ ਇਕੱਠੇ ਹੁੰਦੇ ਤੇ ਉਸ ਵੇਲੇ ਆਪਣੇ ਪਰਸਪਰ ਵਿਰੋਧ ਭੁਲਾ ਕੇ ਧਰਮ ਦੀ ਉਨਤੀ ਬਾਰੇ ਸੋਚਦੇ ਸਨ। ਉਸ ਵੇਲੇ ਓਥੇ ਸ੍ਰੀ ਆਦਿ ਅਤੇ ਸ੍ਰੀ ਦਸਮ ਗ੍ਰੰਥ ਦੀਆਂ ਬੀੜਾਂ ਲਿਆਂਦੀਆਂ ਜਾਂਦੀਆਂ ਸਨ। ਉਹ ਸਾਰੇ ਸਤਿਕਾਰ ਵਜੋਂ ਉਠ ਕੇ ਖੜੇ ਹੋ ਜਾਂਦੇ ਤੇ ਇਨ੍ਹਾਂ ਦੋਹਾਂ ਗ੍ਰੰਥ ਸਾਹਿਬਾਂ ਦੇ ਸਾਹਮਣੇ ਸੀਸ ਨਿਵਾਉਂਦੇ ਸਨ।

ਰਚਨਾ ਵੀ ਗੁਰੂ ਬਾਣੀ ਹੈ। ਪਰ ਗ੍ਰੰਥ ਗੁਰੂ ਦੇ ਧਾਰਨੀ ਬਹੁਤ ਸਾਰੇ ਵਿਦਵਾਨਾਂ ਦਾ ਮੱਤ ਨਾ ਸਾਡੇ ਨਾਲ ਮਿਲਦਾ ਹੈ ਨਾ ਪਰਸਪਰ ਤੌਰ ਤੇ ਉਹ ਆਪਸ ਵਿਚ ਹੀ ਇਕ ਮੱਤ ਹਨ। ਕੁਝ ਕੁ ਵਿਦਵਾਨਾਂ ਦਾ ਮੱਤ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੀ ਨਹੀਂ, ਕੁਝ ਕੁ ਉਸ ਨੂੰ ਦਸਮ ਗੁਰੂ ਦੀ ਰਚਨਾ ਤਾਂ ਮੰਨਦੇ ਹਨ, ਪਰ ਗੁਰਬਾਣੀ ਨਹੀਂ ਮੰਨਦੇ। ਕੁਝ ਹੋਰ ਹਨ ਜਿਹੜੇ ਦਸਮ ਗ੍ਰੰਥ ਦੀਆਂ ਕੁਝ ਕੁ ਬਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਮੰਨਦੇ ਹਨ ਤੇ ਬਾਕੀ ਦੀਆਂ ਨੂੰ ਆਖੇਪਕ। ਕੁਝ ਦਸਮ ਗ੍ਰੰਥ ਦੀ ਚੰਡੀ ਦੀ ਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨਦੇ ਹਨ, ਪਰ ਚੰਡੀ ਨੂੰ ਤਲਵਾਰ ਦਾ ਪ੍ਰਤੀਕ ਮੰਨਦੇ ਹਨ। ਕੁਝ ਕੁ ਚੰਡੀ ਨੂੰ ਆਖਦੇ ਤਾਂ ਦੁਰਗਾ ਹੀ ਹਨ ਤੇ ਇਹ ਵੀ ਆਖਦੇ ਨੇ ਕਿ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੈ, ਪਰ ਰਚਨਾ ਦੇ ਹੱਕ ਵਿਚ ਦਲੀਲ ਇਹ ਦੇਂਦੇ ਨੇ ਕਿ ਸਿੱਖਾਂ ਵਿਚ ਮੁਗ਼ਲ ਹਕੂਮਤ ਦੇ ਖ਼ਿਲਾਫ਼ ਰੋਹ ਭਰਨ ਲਈ ਆਪ ਨੇ ਸੂਰਬੀਰਤਾ ਵਾਲੀਆਂ ਪੌਰਾਣਿਕ ਕਹਾਣੀਆਂ ਨੂੰ ਮਾਧਿਅਮ ਬਣਾਇਆ ਹੈ। ਬਹੁਤ ਸਾਰੇ: 'ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨ ਟਰੋਂ।' ਵਾਲੇ ਸਵੱਈਏ ਨੂੰ ਬੜੇ ਜੋਸ਼ ਨਾਲ ਗਾ-ਗਾ ਕੇ ਪੜ੍ਹਦੇ ਤਾਂ ਹਨ, ਪਰ ਉਹ 'ਸ਼ਿਵਾ' ਦਾ ਅਰਥ ਅਕਾਲ ਪੁਰਖ ਕਰਦੇ ਹਨ ਜਦੋਂ ਕਿ ਇਹ ਸਵੱਈਆ ਚੰਡੀ ਚਰਿਤ੍ਰ ਵਿਚ ਹੀ ਹੈ ਅਤੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਗੁਰ ਸ਼ਬਦ ਰਤਨਾਕਰ ਨਾਮੀ ਮਹਾਨ ਕੋਸ਼ ਵਿਚ 'ਸ਼ਿਵਾ' ਦਾ ਅਰਥ 'ਦੁਰਗਾ' ਹੀ ਦਸਿਆ ਹੈ।

ਮੈਕਾਲਮ ਨੇ ਇਹ ਗੱਲ ਓਦੋਂ ਹੀ ਲਿਖੀ ਹੈ ਜਦੋਂ ਅਜੇ ਸ੍ਰੀ ਆਦਿ ਗ੍ਰੰਥ ਨੂੰ ਗੁਰਿਆਈ ਦੇਣ ਦੀ ਗੱਲ ਨਹੀਂ ਸੀ ਚਲੀ। ਮੈਕਾਲਮ ਨੇ ਓਦੋਂ ਦਸਮ ਗ੍ਰੰਥ ਨੂੰ 'ਦਸਮ ਪਾਤਸ਼ਾਹ ਕਾ ਗ੍ਰੰਥ ਲਿਖਿਆ ਹੈ।'

### ਕੜਾਹ ਪ੍ਰਸ਼ਾਦ

ਮੈਕਾਲਮ ਨੇ ਕੜਾਹ ਪ੍ਰਸ਼ਾਦ ਬਾਰੇ ਵੀ ਕੁਝ ਤੱਥ ਦਿਤੇ ਹਨ, ਤੇ ਉਹ ਓਸੇ ਮਰਯਾਦਾ ਵਲ ਸੰਕੇਤ ਕਰਦੇ ਹਨ, ਜਿਸ ਦੀ ਪਾਲਨਾ ਅਸੀਂ ਨਾਮਧਾਰੀ ਅੱਜ ਵੀ ਕਰ ਰਹੇ ਹਾਂ। ਉਸ ਨੇ ਲਿਖਿਆ ਹੈ: 'ਫਿਰ ਕੜਾਹ ਪ੍ਰਸ਼ਾਦ ਆਉਂਦਾ ਹੈ। ਸਿੱਖ ਸਤਿਕਾਰ ਵਜੋਂ ਉਠ ਕੇ ਖਲੋ ਜਾਂਦੇ, ਜੈਕਾਰਾ ਛਡਦੇ ਤੇ ਸੀਸ ਨਿਵਾਉਂਦੇ ਹਨ।' ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਵੀ ਮਹਾਨ ਕੋਸ਼ ਵਿਚ ਏਹੋ ਹਵਾਲਾ ਦਿੱਤਾ ਹੈ ਕਿ ਇਹ ਸਿੱਖ ਮੱਤ ਦਾ ਮੁੱਖ ਪ੍ਰਸਾਦ ਹੈ ਜੋ ਪੂਰਨ ਪਵਿੱਤਰਤਾ ਨਾਲ ਤਿਆਰ ਹੁੰਦਾ ਹੈ। ਅਸੀਂ ਅੱਜ ਵੀ ਕੜਾਹ ਪ੍ਰਸ਼ਾਦ ਬਾਰੇ ਉਸੇ ਮਰਯਾਦਾ ਦੇ ਧਾਰਨੀ ਹਾਂ ਜਿਹੜੀ ਪਰੰਪਰਾ ਤੋਂ ਚਲੀ ਆ ਰਹੀ ਹੈ

### ਗੁਰਮੰਤ੍ਰ ਜਾਂ ਨਾਮ

ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ।
ਮਨਹਿ ਪ੍ਰਗਾਸੁ ਭਇਓ ਭ੍ਰਮ ਨਾਸਿਓ ਮੰਤ੍ਰ ਦੀਓ ਗੁਰ ਕਾਨ॥

ਗੁਰ ਮੰਤ੍ਰ ਜਾ ਨਾਮ ਬਾਰੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਉਪਰੋਕਤ ਬਾਣੀ ਕੋਈ ਭੁਲੇਖਾ ਨਹੀਂ ਰਹਿਣ ਦਿੰਦੀ ਅਤੇ ਏਹੋ ਹੀ ਗੁਰ ਮਰਯਾਦਾ ਹੈ। ਅਸੀਂ ਨਾਮਧਾਰੀ ਏਸੇ ਮਰਯਾਦਾ ਦੇ ਧਾਰਨੀ ਹਾਂ ਕਿਉਂਕਿ ਅਸੀਂ ਗੁਰੂ ਵਾਲੇ ਹਾਂ। ਸਾਡੇ ਵਿਚ ਗੁਰ ਮੰਤ੍ਰ ਜਾਂ ਨਾਮ ਕੰਨ ਵਿਚ ਹੀ ਦਿੱਤਾ ਜਾਂਦਾ ਹੈ ਅਤੇ ਮੂੰਹ ਵਿਚ ਜਪਿਆ ਜਾਂਦਾ ਹੈ। ਅਸੀਂ ਨਾਮਧਾਰੀ ਇਸ ਮਰਯਾਦਾ ਦੇ ਪੱਕੇ ਧਾਰਨੀ ਹਾਂ ਕਿ ਗੁਰਮੰਤ੍ਰ ਲੈਣਾ ਸਿੱਖ ਵਾਸਤੇ ਪਹਿਲਾ ਕਰਤੱਵਯ ਹੈ। ਜੋ ਪੁਰਸ਼ ਇਹ ਨਹੀਂ ਲੈਂਦਾ ਗੁਰਬਾਣੀ ਵਿਚ ਉਸ ਨੂੰ ਪਸ਼ੂ ਜੂਨਾਂ ਨਾਲੋਂ ਵੀ ਨਖਿਧ ਮੰਨਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਵਿਚ ਲਿਖਿਆ ਹੈ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

ਪਰ ਜਿਨ੍ਹਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਦੇਹ ਆਖ ਕੇ ਤੇ ਸੱਚਾ ਸਤਿਗੁਰੂ ਮੰਨ ਕੇ ਵੀ ਉਸ ਵਿਚ ਲਿਖੇ ਸੱਚ ਨੂੰ ਸੱਚ ਨਹੀਂ ਮੰਨਣਾ, ਉਨ੍ਹਾਂ ਨੂੰ ਕੋਈ ਕੀ ਆਖੇ? ਜਦੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਪਰਚਾਰ ਦੌਰੇ ਸਮੇਂ ਸ੍ਰੀ ਅੰਮ੍ਰਿਤਸਰ ਗਏ ਤਾਂ ਅਕਾਲ ਤਖ਼ਤ ਦੇ ਪੁਜਾਰੀਆਂ ਨੇ- (ਜੋ ਕਿ ਉਸ ਸਮੇਂ ਦੀ ਅੰਗਰੇਜ਼ ਹਕੂਮਤ ਦੀ ਕਠਪੁਤਲੀ ਬਣੇ ਹੋਏ ਸਨ) ਅਕਾਲ ਤਖ਼ਤ ਤੋਂ ਇਕ ਫ਼ਰਮਾਨ ਜਾਰੀ ਕਰ ਦਿੱਤਾ ਤੇ ਗਸ਼ਤੀ ਚਿੱਠੀ ਰਾਹੀਂ ਸਾਰੇ ਤਖ਼ਤਾਂ ਨੂੰ ਭੇਜਿਆ ਕਿ ਨਾਮਧਾਰੀ ਕੰਨ ਵਿਚ ਮੁਸਲਮਾਨੀ ਕਲਾਮ ਸੁਣਾਉਂਦੇ ਤੇ ਪੜ੍ਹਦੇ ਹਨ, ਇਸ ਲਈ ਇਨ੍ਹਾਂ ਨੂੰ ਤਖ਼ਤਾਂ ਤੇ ਨਾ ਚੜ੍ਹਨ ਦਿੱਤਾ ਜਾਵੇ। ਉਨ੍ਹਾਂ ਨੇ ਕੂਕਿਆਂ ਜਾਂ ਨਾਮਧਾਰੀਆਂ ਵੱਲੋਂ ਨਾਮ ਅਥਵਾ ਗੁਰਮੰਤ੍ਰ ਲੈਣ ਦੇਣ ਬਾਰੇ ਏਹ ਮਖ਼ੌਲ ਵੀ ਚਲਾ ਦਿੱਤਾ:

ਕੰਨਾ ਮੁੰਨਾ ਕੁਰਰਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰਰਰ।

ਕੰਨ ਵਿਚ ਨਾਮ ਦੀ ਮਰਯਾਦਾ ਗੁਰੂ ਨਾਨਕ ਨੇ ਹੀ ਚਲਾਈ ਹੈ ਕੋਈ ਮੰਨੇ ਜਾਂ ਨਾ ਮੰਨੇ - ਅਸੀਂ ਮੰਨਦੇ ਹਾਂ :

ਹਮਰੇ ਜਗਜੀਵਨ ਹਰਿ ਪ੍ਰਾਨ।
ਹਰਿ ਊਤਮੁ ਰਿਦ ਅੰਤਰਿ ਭਾਇਓ
ਗੁਰਿ ਮੰਤੁ ਦੀਓ ਹਰਿ ਕਾਨ॥
(ਪ੍ਰਭਾਤੀ ਮਹਲਾ ੪ ਪੰਨਾ ੧੩੩੫)

### ਨਾਮਧਾਰੀ ਮਸਤਾਨੇ

ਕੂਕੇ ਬਾਣੀ ਦੇ ਸ਼ਬਦ ਦੀ ਧੁਨ ਸੁਣ ਕੇ ਜਾਂ ਨਾਮ ਦੇ ਰੰਗ ਵਿਚ ਰੰਗੇ ਜਾ ਕੇ ਮਸਤਾਨੇ ਹੋ ਜਾਂਦੇ ਹਨ। ਬੇਸ਼ਕ ਸਮੇਂ ਦੇ ਪ੍ਰਭਾਵ ਕਾਰਨ ਅੱਜ ਕਲ੍ਹ ਓਨੇ ਨਹੀਂ ਹੁੰਦੇ, ਪਰ ਫਿਰ ਵੀ ਹੁੰਦੇ ਹਨ ਇਸ ਬਾਰੇ ਵੀ 'ਗ੍ਰੰਥ ਗੁਰੂ' ਦੇ ਦਾਅਵੇਦਾਰਾਂ ਨੇ ਅਨੇਕਾਂ ਗੱਲਾਂ ਉਡਾਈਆਂ। ਮਜ਼ਾਕ ਕੀਤੇ ਤੇ ਇਹ ਵੀ ਕਿਹਾ ਕਿ ਨਾਮਧਾਰੀਆਂ ਨੂੰ ਮੁਸਲਮਾਨਾਂ ਵਾਂਗ 'ਹਾਲ' ਪੈ ਜਾਂਦਾ ਹੈ। ਪਰ ਗੱਲ ਏਥੇ ਵੀ ਓਹੋ ਹੀ ਹੈ- ਸੱਚ ਨੂੰ ਸੱਚ ਨ ਮੰਨਣ ਦੀ।

ਅਸਲ ਵਿਚ ਮਸਤੀ ਦੇ ਇਸ ਰੰਗ ਦੀ ਦੇਣ ਵੀ ਸਤਿਗੁਰੂ ਨਾਨਕ ਵਲੋਂ ਹੀ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੂੰ ਮਸਤੀ ਦੀ ਦਸ਼ਾ ਵਿੱਚ ਵੇਖ ਕੇ ਹੀ ਕਿਸੇ ਨੇ ਬੇਤਾਲਾ ਆਖਿਆ ਸੀ :

ਕੋਈ ਆਖੇ ਭੂਤਨਾ ਕੋ ਕਹੈ ਬੇਤਾਲਾ।
ਕੋਈ ਆਖੈ ਆਦਮੀ ਨਾਨਕੁ ਵੇਚਾਰਾ।
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।

ਜੇਹੜੇ ਸੱਚੇ ਦਿਲੋਂ ਨਾਮ ਜਪਦੇ ਨੇ ਤੇ ਲਿਵਲੀਨ ਹੋ ਜਾਂਦੇ ਨੇ ਉਹ ਮਸਤਾਨੇ ਵੀ ਹੁੰਦੇ ਨੇ, ਪਰ ਜਿਨ੍ਹਾਂ ਨੇ 'ਨਾਮ' ਨੂੰ ਹੀ ਮਖ਼ੌਲ ਨਾਲ 'ਕੰਨਾ ਮੰਨਾ ਕੁਰਰ', ਆਖਣਾ ਹੈ ਉਨ੍ਹਾਂ ਨੇ ਮਸਤੀ ਨੂੰ ਕੀ ਸਮਝਣਾ ਏ ਤੇ ਮਸਤਾਨੇ ਕੀ ਹੋਣਾ ਹੈ?

### ਪਹਿਰਾਵਾ

ਸਾਡੇ ਪਹਿਰਾਵੇ ਨੂੰ ਵੇਖ ਕੇ ਕਈ ਲੋਕ ਕਈ ਤਰ੍ਹਾਂ

ਦੀਆਂ ਗੱਲਾਂ ਕਰਦੇ ਨੇ। ਪਰ ਸਾਨੂੰ ਇਸ ਪਹਿਰਾਵੇ ਉਤੇ ਮਾਣ ਹੈ ਕਿਉਂਕਿ ਇਹ ਗੁਰ ਸਿੱਖੀ ਦੀ ਪਰੰਪਰਾ ਤੇ ਮਰਯਾਦਾ ਨੂੰ ਦਰਸਾਉਂਦਾ ਹੈ। ਪ੍ਰਸਿੱਧ ਇਤਿਹਾਸਕਾਰ ਨਾਹਰ ਸਿੰਘ ਐਮ. ਏ. ਨੇ ਇਕ ਜਗ੍ਹਾ ਇਸ ਭਾਵ ਦਾ ਕੁਝ ਲਿਖਿਆ ਹੈ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਛੋਟੀਆਂ ਮੋਟੀਆਂ ਤਬਦੀਲੀਆਂ ਤਾਂ ਕਈ ਹੁੰਦੀਆਂ ਰਹੀਆਂ, ਪਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਹੁਤ ਵੱਡੀਆਂ ਤਬਦੀਲੀਆਂ ਹੋਈਆਂ। ਫਿਰ ਵੀ ਜੋ ਸਿੱਖੀ ਤੇ ਮਰਯਾਦਾ ਗੁਰੂ ਗੋਬਿੰਦ ਸਿੰਘ ਜੀ ਤੱਕ ਬਿਨਾਂ ਕਿਸੇ ਤਬਦੀਲੀ ਤੋਂ ਚਲੀ ਆ ਰਹੀ ਸੀ, ਉਹ ਜਿਉਂ ਦੀ ਤਿਉਂ ਜੇ ਕਿਤੇ ਕਾਇਮ ਰਹੀ ਹੈ ਤਾਂ ਨਾਮਧਾਰੀ ਸੰਸਥਾ ਵਿਚ ਹੀ। ਉਸ ਸਮੇਂ ਦੀ ਮਰਯਾਦਾ, ਵਿਚਾਰ ਤੇ ਪਹਿਰਾਵਾ ਸਭ ਉਸੇ ਤਰ੍ਹਾਂ ਦਾ ਹੈ।

ਅੱਜ ਵੀ ਪੁਰਾਣੇ ਸਿੱਖਾਂ ਸੂਰਮਿਆਂ ਤੇ ਸੰਤਾਂ ਦੀਆਂ ਤਸਵੀਰਾਂ ਕਈ ਉਹਨਾਂ ਗੁਰਦਵਾਰਿਆਂ ਵਿਚ ਲਗੀਆਂ ਮਿਲ ਜਾਂਦੀਆਂ ਨੇ ਜਿਨ੍ਹਾਂ ਵਿਚ ਨਾਮਧਾਰੀ ਕਦੇ ਗਏ ਨਹੀਂ। ਉਹਨਾਂ ਤਸਵੀਰਾਂ ਵਿਚ ਦਿਖਾਏ ਗਏ ਵਿਅਕਤੀਆਂ ਦੇ ਪਹਿਰਾਵੇ ਅਤੇ ਨਾਮਧਾਰੀਆਂ ਦੇ ਪਹਿਰਾਵੇ ਨੂੰ ਵੇਖੋ, ਤਾਂ ਤੁਹਾਨੂੰ ਕੋਈ ਫ਼ਰਕ ਨਹੀਂ ਦਿਸੇਗਾ। ਬਿਲਕੁਲ ਇਕੋ ਪਹਿਰਾਵਾ ਹੈ।

ਗੁਰੂ ਸ਼ਬਦ ਰਤਨਾਕਰ (ਮਹਾਨ ਕੋਸ਼ ਦੇ ਕਰਤਾ ਭਾਈ ਸਾਹਿਬ ਭਾਈ ਕਾਨ ਸਿੰਘ ਜੀ ਤਾਂ ਨਾਮਧਾਰੀ ਨਹੀਂ ਸਨ। ਪਰ ਉਹਨਾਂ ਦੇ ਜੀਵਨੀ ਕਾਰ ਨੇ ਮਹਾਨ ਕੋਸ਼ ਵਿਚ ਉਹਨਾਂ ਦੀਆਂ ਦੋ ਤਰ੍ਹਾਂ ਦੀਆਂ ਤਸਵੀਰਾਂ ਛਾਪੀਆਂ ਨੇ। ਇਕ ਤਸਵੀਰ ਹੇਠ (ਜਿਸ ਉਪਰ ਭਾਈ ਸਾਹਿਬ ਹੂ-ਬ-ਹੂ ਨਾਮਧਾਰੀਆਂ ਵਰਗੇ ਪਹਿਰਾਵੇ ਵਿਚ ਹਨ)। ਲਿਖਿਆ ਹੈ ਭਾਈ ਸਾਹਿਬ ਗੁਰਮੁਖੀ ਦਸਤਾਰੇ ਵਿਚ।

ਜਿਹੜੀ ਤਸਵੀਰ ਦਾ ਦਸਤਾਰਾ ਸਾਡੇ ਜਿਹਾ ਨਹੀਂ ਉਸ ਨੂੰ ਕੀ ਕਹਿਣਾ ਹੈ। ਇਹ ਤਾਂ ਓਹੀ ਜਾਨਣ ਜਿਨ੍ਹਾਂ ਨੇ ਉਹ ਦਸਤਾਰਾ ਚਲਾਇਆ ਹੈ। ਸਾਨੂੰ ਆਪਣੇ ਦਸਤਾਰੇ ਤੇ ਪਹਿਰਾਵੇ ਉਪਰ ਮਾਣ ਹੈ ਕਿਉਂਕਿ ਇਹ ਗੁਰਮੁਖੀ ਹੈ, ਮਨਮੁਖੀ ਜਾਂ ਬੇ-ਮੁਖੀ ਨਹੀਂ।

### ਸਣਕੇਸੀਂ ਇਸ਼ਨਾਨ

ਨਾਮਧਾਰੀਆਂ ਵਿਚ ਅੰਮ੍ਰਿਤ ਵੇਲੇ ਸਣ-ਕੇਸੀਂ ਇਸ਼ਨਾਨ ਕਰਨ ਦੀ ਮਰਯਾਦਾ ਹੈ। ਇਸ ਮਰਯਾਦਾ ਦਾ ਧਾਰਨੀ ਹੋਣਾ ਸਿੱਖ ਲਈ ਜ਼ਰੂਰੀ ਹੈ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਝ ਰਾਗ ਦੀ ਵਾਰ ਵਿਚ ਲਿਖਿਆ ਹੈ। '"ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।" ਜਿਨ੍ਹਾਂ ਨੂੰ ਏਹ ਮਰਯਾਦਾ ਪਸੰਦ ਨਹੀਂ, ਸ੍ਰੀ ਗੁਰੂ ਜੀ ਨੇ ਓਨਾਂ ਬਾਰੇ ਵੀ ਅਗਲੀ ਤੁਕ ਵਿਚ ਲਿਖ ਦਿਤਾ ਹੈ। 'ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ' ਪਹਿਲਾਂ ਏਹ ਮਰਯਾਦਾ ਸਾਰੇ ਸਿੱਖਾਂ ਵਿਚ ਹੀ ਸੀ। ਇਕ ਸਮਾਂ ਸੀ ਜਦੋਂ ਅੰਮ੍ਰਿਤਸਰ ਦੇ ਸਰੋਵਰ ਦੇ ਕੰਢੇ ਨਿਹੰਗ ਸਿੰਘ ਸਲੋਤਰ ਫੜ ਕੇ ਖਲੋਂਦੇ ਸਨ, ਜੇ ਕੋਈ ਸਰੋਵਰ ਵਿਚ ਇਸ਼ਨਾਨ ਕਰਨ ਗਿਆ ਕੇਸਾਂ ਸਮੇਤ ਚੁਭੀ ਨਾ ਲਾਉਂਦਾ ਤਾਂ ਆਖਦੇ ਸਨ: ''ਓਏ ਕੱਚਿਆ ਪਿੱਲਿਆ ਤੂੰ ਕੇਸਾਂ ਵਿਚ ਜਲ ਕਿਉਂ ਨਹੀਂ ਪਾਇਆ।"

### ਕੀਰਤਨ ਤੇ ਚੌਰ

ਕੁਝ ਲੋਕ ਪੁੱਛਦੇ ਨੇ ਨਾਮਧਾਰੀ ਸਤਿਗੁਰੂ ਦੀਵਾਨ ਵਿਚ ਚੌਰ ਕਿਉਂ ਕਰਵਾਉਂਦੇ ਨੇ। ਕੁਝ ਲੋਕ ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਤੋਂ ਪਰੇਸ਼ਾਨ ਹੋ ਜਾਂਦੇ ਨੇ। ਅਸੀਂ ਜਿਵੇਂ ਕਿ ਹਰ ਕਿਸੇ ਨੂੰ ਪਤਾ ਹੈ। ਦੇਹਧਾਰੀ ਸਤਿਗੁਰੂ ਨੂੰ ਮੰਨਣ ਵਾਲੇ ਹਾਂ ਤੇ ਦੇਹ-ਧਾਰੀ ਸਤਿਗੁਰੂ ਲਈ ਚੌਰ ਦੀ ਪਰੰਪਰਾ ਵੀ ਸਤਿਗੁਰੂ ਨਾਨਕ ਨੇ ਹੀ ਚਲਾਈ ਹੈ। ਇਹੋ ਹੀ ਮਰਯਾਦਾ ਹੈ।

ਹੁਣ ਤੇ ਸਤਿਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ ਵੀ ਬਦਲ ਗਈਆਂ ਨੇ। ਹੁਣ ਨਵੀਆਂ ਤਸਵੀਰਾਂ ਵਿਚ ਆਮ ਤੌਰ ਤੇ ਸਤਿਗੁਰੂ ਨਾਨਕ ਦੇਵ ਇਕੱਲੇ ਹੀ ਵਿਖਾਏ ਜਾਂਦੇ ਨੇ ਅਤੇ ਸਿਰ ਉਪਰ ਦਸਤਾਰ ਵੀ ਸਿੰਘ ਸਭਾਈ ਢੰਗ ਦੀ ਸਜਾ ਦਿਤੀ ਜਾਂਦੀ ਹੈ ਪਰ ਬਹੁਤ ਲੋਕ ਜਾਣਦੇ ਨੇ ਕਿ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਦੀ ਇਕੱਲਿਆਂ ਦੀ ਕੋਈ ਤਸਵੀਰ ਨਹੀਂ ਸੀ ਮਿਲਦੀ। ਹਮੇਸ਼ਾ ਬਾਲਾ ਤੇ ਮਰਦਾਨਾ ਨਾਲ ਹੁੰਦੇ ਸਨ। ਬਾਲਾ ਚੌਰ ਕਰਦਾ ਵਿਖਾਇਆ ਜਾਂਦਾ ਸੀ ਅਤੇ ਮਰਦਾਨਾ ਰਬਾਬ ਵਜਾਉਂਦਾ।

ਦੇਹਧਾਰੀ ਗੁਰੂ ਦੀ ਪਰੰਪਰਾ ਦੇ ਵਿਰੋਧੀਆਂ ਨੇ ਸ਼ਾਇਦ ਗਿਣੀ ਮਿਥੀ ਗੋਂਦ ਨਾਲ ਹੀ ਤਸਵੀਰਾਂ ਵਿਚ ਸਤਿਗੁਰੂ ਨਾਨਕ ਦੇਵ ਜੀ ਨੂੰ ਇਕੱਲਿਆਂ ਕਰ ਦਿਤਾ ਹੈ ਤੇ ਉਹ ਦਸਤਾਰ ਵਲੋਂ ਵੀ ਮਾਡਰਨ ਲਗਣ ਲੱਗ ਪਏ ਨੇ। ਬਾਲੇ ਮਰਦਾਨੇ ਨੂੰ ਉਹਨਾਂ ਦੇ ਸੰਗ ਤੋਂ ਅਲੱਗ ਕਰ ਕੇ ਚੌਰ ਤੇ ਸੰਗੀਤ ਨੂੰ ਵੀ ਹੌਲੀ ਹੌਲੀ ਅਲੋਪ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਰ ਅਸੀਂ ਨਾਮਧਾਰੀ ਉਸ ਮਰਯਾਦਾ ਨੂੰ ਉਸੇ

ਤਰ੍ਹਾਂ ਹੀ ਮੰਨਦੇ ਹਾਂ। ਸਤਿਗੁਰਾਂ ਨੂੰ ਚੌਰ ਕੀਤਾ ਜਾਂਦਾ ਹੈ ਅਤੇ ਗੁਰਬਾਣੀ ਨੂੰ ਪੱਕੇ ਸ਼ਾਸਤਰੀ ਰਾਗਾਂ ਵਿਚ ਹੀ ਗਾਇਆ ਜਾਂਦਾ ਹੈ। ਗ਼ੈਰ ਨਾਮਧਾਰੀਆਂ ਵਿਚ ਅੱਜ ਕਲ੍ਹ ਗੁਰਬਾਣੀ ਦਾ ਕੀਰਤਨ ਸਿੱਧੀਆਂ ਜਾਂ ਫ਼ਿਲਮੀ ਰੀਤਾਂ ਵਿਚ ਪ੍ਰਚੱਲਤ ਹੋ ਗਿਆ ਏ ਤੇ ਇਸ ਬਾਰੇ ਕਿਸੇ ਨੂੰ ਕੋਈ ਚਿੰਤਾ ਨਹੀਂ ਕਿ ਰਾਗ ਦੀ ਜਿਹੜੀ ਪਰੰਪਰਾ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਵਰਨਿਤ ਹੈ ਉਸ ਦੀ ਉਲੰਘਣਾ ਹੋ ਰਹੀ ਹੈ।

ਸਾਨੂੰ ਇਸ ਗੱਲ ਉਪਰ ਵੀ ਮਾਣ ਹੈ ਕਿ ਗੁਰਬਾਣੀ ਨੂੰ ਸ਼ਾਸਤਰੀ ਸੰਗੀਤ ਵਿਚ ਗਾਉਣ ਦੀ ਜਿਹੜੀ ਮਰਯਾਦਾ ਸਤਿਗੁਰੂ ਨਾਨਕ ਦੇਵ ਜੀ ਨੇ ਤੋਰੀ ਅਤੇ ਸਤਿਗੁਰੂ ਅਰਜਨ ਦੇਵ ਜੀ ਨੇ ਜਿਸ ਨੂੰ ਪਰਪੱਕ ਕੀਤਾ ਅਸੀਂ ਉਸ ਉਪਰ ਪੂਰੀ ਤਰ੍ਹਾਂ ਕਾਇਮ ਹਾਂ ਤੇ ਗੁਰਮਤਿ ਸੰਗੀਤ ਨੂੰ ਗਾਉਣ ਅਤੇ ਸੰਭਾਲਣ ਲਈ ਜੋ ਕੁਝ ਵੱਧ ਤੋਂ ਵੱਧ ਹੋ ਸਕਦਾ ਹੈ, ਉਹ ਕਰਦੇ ਹਾਂ।

**ਹਵਨ ਯੱਗ ਤੇ ਗਊ ਰੱਖਿਆ**

ਅਸੀਂ ਹਵਨ ਯੱਗ ਕਰਦੇ ਹਾਂ। ਨਵੀਂ ਮਰਯਾਦਾ ਵਾਲੇ ਸਿੰਘ ਕਹਿੰਦੇ ਨੇ ਕਿ ਇਹ ਹਿੰਦੂਆਂ ਦੀ ਰੀਤ ਹੈ। ਗਊ ਰੱਖਿਆ ਦਾ ਸਵਾਲ ਵੀ ਹਿੰਦੂਆਂ ਨਾਲ ਸੰਬੰਧਤ ਹੈ।



ਸਾਡੇ ਲਈ ਇਹ ਸਵਾਲ ਕੋਈ ਮਹਾਨਤਾ ਨਹੀਂ ਰਖਦਾ ਕਿ ਅਹਿ ਹਿੰਦੂ ਰੀਤ ਹੈ ਤੇ ਔਹ ਸਿੱਖ ਰੀਤ । ਸਤਿਗੁਰੂ ਨਾਨਕ ਪਰੰਪਰਾ ਦੇ ਸਾਰੇ ਸਤਿਗੁਰਾਂ ਦੀ ਬਾਣੀ ਤੇ ਆਚਰਨ ਵਿਚ ਬਹੁਤਾ ਕੁਝ ਉਹੋ ਹੈ ਜੋ ਪਰੰਪਰਾ ਤੋਂ ਸਾਡੇ ਦੇਸ਼ ਵਿਚ ਪ੍ਰਚੱਲਤ ਸੀ। ਕੋਈ ਉਸ ਨੂੰ ਹਿੰਦੂ ਵੀ ਆਖ ਸਕਦਾ ਹੈ, ਪਰ ਸਾਡੇ ਲਈ ਤਾਂ ਉਹ ਗੁਰਮਤ ਹੀ ਹੈ, ਕਿਉਂਕਿ ਸਾਡੇ ਸਤਿਗੁਰਾਂ ਨੇ ਆਪਣੀ ਬਾਣੀ ਦਾ ਅਰੰਭ ਹੀ ਉਸ ੧ਓ ਅੰਕਾਰ ਤੋਂ ਕੀਤਾ ਹੈ - ਜਿਹੜਾ ਸਾਡੇ ਦੇਸ਼ ਦੀ ਧਰਮ ਪਰੰਪਰਾ, ਵਿਚਾਰ ਤੇ ਮਰਯਾਦਾ ਦਾ ਪ੍ਰਤੀਕ ਹੈ। ਹਵਨ ਯੱਗ ਬਾਰੇ ਗਿਆਨੀ ਗਿਆਨ ਸਿੰਘ ਜੀ ਨਿਰਮਲੇ ਦਾ ਪੰਥ-ਪ੍ਰਕਾਸ਼ ਗਵਾਹੀ ਦਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਵਨ ਕੀਤਾ ਅਤੇ ਆਪ ਤੋਂ ਬਾਅਦ ਸਿੱਖ ਵੀ ਹਵਨ ਯਗ ਕਰਦੇ ਰਹੇ। ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮੁਖੋਂ ਹੀ ਇਹ ਅਖਵਾਇਆ ਹੈ :

ਇਹ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨ ਅਵਤਾਰ।
ਇਹ ਤੋਂ ਹਮ ਭੀ ਕਰਨਾ ਚਹੈਂ।
ਯਾ ਤੇ ਸਭ ਸ੍ਰਿਸ਼ਟੀ ਸੁਖ ਪੈ ਹੈ।
ਇਕ ਤੋ ਹੈ ਦੁਭਿਖ ਅਤਿ ਭਾਰੀ।
ਹੈ ਪੜਿ ਰਿਹੋ ਨ ਬਰਸਾਤ ਬਾਰੀ।
ਦੂਸਰ : ਭਾਰਤ ਵਰਸ਼ ਮੰਝਾਰੇ।
ਮਹਾਂ ਮਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਜ।
ਹੋਇ ਰਹੇ ਨਿਜ ਧਰਮੋਂ ਖ਼ਾਰਜ।
ਪਾਪ ਕੁਕਰਮਨ ਮੈਂ ਅਤਿ ਲਾਗੇ।
ਇਸੀ ਹੇਤ ਬਨ ਰਹੇ ਅਭਾਗੇ।
ਜਗ ਹੋਮ ਲੌ ਸੁਕ੍ਰਿਤ ਜੇ ਹੈ।
ਹਾਕਮ ਤੁਰਕ ਕਰਨ ਨਹੀਂ ਦੈ ਹੈ।
ਹਮ ਜਬ ਹਵਨ ਯਗ ਕਰਵੈਹੈਂ।
ਖ਼ੁਸ਼ ਹੋ ਘਨ ਜਲ ਬਹੁ ਬਰਸੋਹੈਂ।
ਦੁਭਿਖ ਨਸੇ ਅੰਨ ਬਹੁ ਬੈਹੈਂ।
ਸੁਕ੍ਰਿਤ ਸਭ ਕਰਨੇ ਲਗ ਜੈ ਹੈਂ।
ਨਸੈ ਅਵਿਦਿਆ ਵਿਦਿਆ ਐਹੈਂ।
ਸੂਰਬੀਰਤਾ ਦ੍ਰਿੜ੍ਹ ਪ੍ਰਗਟੈਹੈਂ।
ਵਰਨ ਆਸਰਮੀ ਜਨ ਹੈ ਜੇਤੇ।
ਕਾਇਰਤਾ ਕਰ ਪੂਰਨ ਤੋਤੇ।
ਉਨੈ ਹਵਨ ਕੀ ਪਵਨ ਲਗੈ ਜਬ।
ਸ਼ੇਰ ਬਘਿਆੜਨ ਹੈ ਹੈ ਸਭ।
ਸੂਰਬੀਰਤਾ ਉਰਮੈ ਜਗ ਹੈ।
ਧਰਮ ਪੁਰਾਤਨ ਕਰਨੇ ਲਗ ਹੈ।

ਪ੍ਰਭੁਤਾ ਦੇਹ ਅਰੋਗ ਕ੍ਰਾਂਤੀ।
ਵਿਯ ਗਿਆਨ ਸੰਤੁਤ ਸੁਖਦਾਤੀ।

ਹਵਨ ਕਰਨ ਦੀ ਮਰਯਾਦਾ ਬਾਅਦ ਵਿਚ ਵੀ ਸਿੱਖਾਂ ਵਿਚ ਹੈ ਸੀ। ਹੁਣ ਨਾਮਧਾਰੀਆਂ ਵਿਚ ਹੀ ਹੈ। ਪਰ ਦੂਜੇ ਸਿੱਖ ਇਸ ਨੂੰ ਹਿੰਦੂ ਮਰਯਾਦਾ ਆਖ ਕੇ ਆਪਣੇ ਆਪ ਹੈ ਨੂੰ ਇਸ ਤੋਂ ਵਖਰਾ ਦਸਦੇ ਹਨ। ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਬਹਾਦਰ ਸ਼ਾਹ ਦੇ ਸਮੇਂ ਤੋਂ ਬਾਅਦ ਵੀ ਸਿੱਖਾਂ ਵਿਚ ਹਵਨ ਰੀਤੀ ਪ੍ਰਚਲਤ ਰਹੀ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ ਠਾਠ,
ਜੋੜ ਮੇਲ ਠਾਟ ਰਾਖ ਕਾਠ ਮੇਲ ਠਾਨੀ ਤੇ।
ਹੋਮ ਯਗ ਕਰਵਾਤੇ, ਪਰਸਾਦ ਬਟਵਾਤੇ,
ਰੌਣਕ ਰਖਾਤੇ ਗਾਤੇ ਸ਼ਬਦ ਜਬਾਨੀ ਥੇ।

ਇਸੇ ਰੀਤੀ ਨੂੰ ਨਾਮਧਾਰੀਆਂ ਵਿਚ ਪ੍ਰਚੱਲਤ ਦੇਖ ਕੇ ਗਿਆਨੀ ਜੀ ਨੇ ਲਿਖਿਆ ਹੈ :

ਹਵਨ ਕਰੈਹੈਂ ਭੋਗ ਗ੍ਰੰਥ ਜੀ ਕੇ ਪੈਹੈਂ...

**ਗਊ ਰਕਸ਼ਾ**

ਗਉ ਮਾਰਨੀ ਪਾਪ ਹੈ। ਇਹ ਸੰਕੇਤ ਆਦਿ ਗ੍ਰੰਥ ਸਾਹਿਬ ਵਿਚ ਵਾਰਾਂ ਤੋਂ ਵਧੀਕ ਸਲੋਕਾਂ ਵਿਚੋਂ ਮਿਲਦਾ ਹੈ।

ਬ੍ਰਾਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।
(ਪੰਨਾ ੧੪੧੩)

ਸਿੱਖ ਇਤਿਹਾਸ ਦੇ ਵੱਖ-ਵੱਖ ਲੇਖਕਾਂ ਦੇ ਲੇਖਾਂ ਵਿਚੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਵਿਚ ਗਊ ਹੱਤਿਆ ਵਿਰੋਧੀ ਭਾਵਨਾ ਚਿਰਾਂ ਤੋਂ ਚਲੀ ਆ ਰਹੀ ਹੈ।

ਬੰਦੇ ਬਹਾਦਰ ਦੇ ਸਮੇਂ ਸਮਾਣੇ ਪਾਸ ਇਕ ਪਿੰਡ ਵਿਚ ਕੁਛ ਸਿੰਘ ਗਏ ਉਥੇ ਗਊ ਮਾਰੀ ਜਾ ਰਹੀ ਸੀ। ਸਿੰਘ ਬਰਦਾਸ਼ਤ ਨਾ ਕਰ ਸਕੇ, ਗਊ ਛੁਡਾਉਣ 'ਤੇ ਲੜਾਈ ਹੋਈ ਅਤੇ ਸਿੰਘ ਸ਼ਹੀਦ ਹੋਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਟੋਹੇ ਗ੍ਰਾਮ ਲਗਾਏ ਡੇਰੇ।
ਗਏ ਸਿੰਘ ਕੁਛ ਗ੍ਰਾਮ ਮਝਾਰੀ।
ਪਿਖੀ ਗਊ ਤੁਰਕੋਂਨੇ ਮਾਰੀ।
ਜੋਸ਼ ਅਯੋ ਸਿੰਘਨ ਕੋ ਭਾਰੇ।
ਬੈਂਚ ਕ੍ਰਿਪਾਨੋਂ ਉਨ ਪਰ ਪਰੇ।
ਤੁਰਕ ਘਨੇ ਸਿੰਘ ਥੇ ਤੇ ਚਾਰ।
ਮਰੇ ਸਿੰਘ ਤਹਿ ਅਨਕੈ ਮਾਰ।

ਇਹ ਵੀ ਇਸ ਪਰੰਪਰਾ ਦਾ ਪ੍ਰਤੀਕ ਹੈ ਕਿ ਗਊ ਹੱਤਿਆ ਬਰਦਾਸ਼ਤ ਨਾ ਕਰਦੇ ਵੀ ਹੋਏ ਨਾਮਧਾਰੀ ਸਿੰਘ ਅੰਮ੍ਰਿਤਸਰ, ਰਾਏਕੋਟ, ਅਤੇ ਮਲੇਰ ਕੋਟਲੇ ਸ਼ਹੀਦ ਹੋਏ।

**ਨਿਤ ਕਰਮ**

ਨਾਮਧਾਰੀਆਂ ਦਾ ਨਿਤ-ਕਰਮ ਸਿੱਖੀ ਦੀ ਉਸ ਪਰੰਪਰਾ ਅਨੁਸਾਰ ਹੈ ਜੋ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਲਿਖੀ ਹੈ। ਗੁਰੂ ਰਾਮਦਾਸ ਸਾਹਿਬ ਨੇ ਇਸ ਦਾ ਗਉੜੀ ਦੀ ਵਾਰ ਵਿਚ ਇਉਂ ਕੀਤਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਇਸ ਸਲੋਕ ਦੀ ਵਿਆਖਿਆ ਦੀ ਲੋੜ ਨਹੀਂ ਇਕ ਦੋ ਪੰਕਤੀਆਂ ਬਾਰੇ ਲਿਖਣਾ ਜ਼ਰੂਰੀ ਹੈ। ਜੋ ਦੇਹਧਾਰੀ ਸਤਿਗੁਰੂ ਨੂੰ ਮੰਨਦਾ ਹੈ, ਸਤਿਗੁਰੂ ਤੋਂ ਉਪਦੇਸ਼ ਲੈ ਕੇ ਉਸ ਦਾ ਜਾਪ ਕਰਦਾ ਹੈ ਉਸੇ ਸਿੱਖ ਤੇ ਇਹ ਤੁਕ ਲਾਗੂ ਹੋ ਸਕਦੀ ਹੈ। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੇ ਪਰਭਾਤ ਵੇਲੇ ਇਸ਼ਨਾਨ ਕਰਨ ਦੀ ਮਰਯਾਦਾ ਨਾਮਧਾਰੀ ਸਿੰਘਾਂ ਵਿਚ ਹੀ ਹੈ। ਜਿਥੇ ਆਸਾ ਦੀ ਵਾਰ ਦਾ ਕੀਰਤਨ ਦਿਨ ਚੜ੍ਹੇ ਅਰੰਭ ਹੁੰਦਾ ਹੋਵੇ ਕੀਰਤਨ ਕਰਨ ਅਤੇ ਸੁਣਨ ਵਾਲਿਆਂ ਤੇ ਇਹ ਪਾਬੰਦੀ ਨਾ ਹੋਵੇਗੀ ਕਿ ਉਹ ਕੇਸੀ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਆਉਣ। ਇਹ ਉਹਨਾਂ ਨੂੰ ਹੀ ਪਤਾ ਹੈ ਕਿ ਉਹ ਇਨ੍ਹਾਂ ਪੰਕਤੀਆਂ ਨੂੰ ਕਿਸ ਕਰ ਕੇ ਨਹੀਂ ਮੰਨਦੇ।

........................................................

# ਸੰਗੀਤ



**ਮਹਾਰਾਜ ਬੀਰ ਸਿੰਘ ਜੀ**

ਅਠਾਰਾਂ ਵਿਦਿਆ ਵਿਚੋਂ ਇਕ, ਜਿਸ ਦਾ ਵਿਸਥਾਰ ਲਿਖਿਆ ਜਾਣਾ ਸੰਭਵ ਨਹੀਂ। ਪਰ ਇਨ੍ਹਾਂ ਸਤਰਾਂ ਵਿਚ ਇਸ ਵਿਦਿਆ ਦੀ ਸੰਖੇਪ ਚਰਚਾ ਅੰਸ ਮਾਤ੍ਰ ਜਾਣਕਾਰੀ ਦੇਣ ਲਈ ਕੀਤੀ ਜਾ ਰਹੀ ਹੈ।

ਗੰਧਰਬ ਵੇਦ ਨਾਮਕ ਇਕ ਉਪਵੇਦ ਹੈ ਜਿਸ ਦਾ ਕਰਤਾ ਭਰਤ ਮੁਨਿ ਹੈ। ਇਸ ਵਿਚ ਸੰਗੀਤ ਵਿਦਿਆ ਦਾ ਵਰਣਨ ਹੈ। ਇਸ ਦਾ ਸਬੰਧ ਸਾਮ ਵੇਦ ਨਾਲ ਹੈ।

ਗਾਯਨ, ਵਾਦਨ, ਅਤੇ ਨ੍ਰਿਤ ਦਾ ਸਮੁਦਾਯ ਜੋ ਹੈ ਉਸ ਦਾ ਨਾਮ ਸੰਗੀਤ ਹੈ। ਗ੍ਰੰਥਾਂ ਵਿਚ ਸੰਗੀਤ ਦੀ ਉਤਪਤੀ ਬ੍ਰਹਮਾਂ ਤੋਂ ਲਿਖੀ ਹੈ। ਆਰੰਭ ਕਾਲ ਵਿਚ ਸੰਗੀਤ ਦੀ ਵਰਤੋਂ ਪ੍ਰਭੂ ਭਗਤੀ ਵਾਸਤੇ ਕੀਤੀ ਗਈ ਪ੍ਰਤੀਤ ਹੁੰਦੀ ਹੈ। ਬਾਦ ਵਿਚ ਸਮੇਂ ਦੇ ਪਰਿਵਰਤਨ ਨਾਲ ਆਪਣੀ-ਆਪਣੀ ਇਛਾ ਅਨੁਸਾਰ ਕਈ ਪ੍ਰਕਾਰ ਦੇ ਕਾਰਜਾਂ-ਨਮਿਤ ਇਸ ਦੀ ਵਰਤੋਂ ਕੀਤੀ ਜਾਂਦੀ ਰਹੀ ਅਤੇ ਕੀਤੀ ਜਾ ਰਹੀ ਹੈ।

ਇਸ ਵਿਦਿਆ ਸਬੰਧੀ ਅਨੇਕਾਂ ਗ੍ਰੰਥ ਲਿਖੇ ਜਾ ਚੁਕੇ ਹਨ। ਪ੍ਰਾਚੀਨ ਕਾਲ ਵਿਚ ਕੋਈ-ਕੋਈ ਸੰਗੀਤ ਆਚਰਯ ਇੰਦ੍ਰੀਆਂ ਨੂੰ ਸੰਜਮ ਵਿਚ ਰੱਖਣ ਕਰ ਕੇ, ਇਸ ਵਿਦਿਆ ਤੋਂ ਕਈ ਚਮਤਕਾਰਿਕ ਕੰਮ ਕਰ ਕੇ ਭੀ ਦਿਖਾਉਂਦੇ ਰਹੇ ਹਨ। ਜੈਸਾ ਕਿ ਦੀਪਕ ਰਾਗ ਤੋਂ ਦੀਵੇ ਜਲਾਉਣੇ। ਮੇਘ ਜਾਂ ਮਲਾਰ ਤੋਂ ਵਰਖਾ ਕਰਾ ਦੇਣੀ ਆਦਿ। ਇਸ ਵਿਦਿਆ ਦੀ ਵਰਤੋਂ ਸੂਰਮਿਆਂ ਨੂੰ ਉਤਸ਼ਾਹ ਦੇਣ ਵਾਸਤੇ ਜੰਗ ਸਮੇਂ ਭੀ ਬਹੁਤ ਕੀਤੀ ਜਾਂਦੀ ਸੀ।

ਸੰਸਾਰ ਦੇ ਸਭ ਦੇਸਾਂ ਵਿਚ ਆਪਣੇ-ਆਪਣੇ ਮਤ ਅਨੁਸਾਰ ਜਾਂ ਅਪਣੇ ਮਨ ਨੂੰ ਪ੍ਰਸੰਨ ਕਰਨ ਵਾਸਤੇ ਬਹੁਤ ਆਦਮੀ ਅਤੇ ਇਸਤ੍ਰੀਆਂ ਗਾਇਕ, ਵਾਦਨ ਤਥਾ ਨਿਰਤ

ਕਰਦੇ ਹਨ। ਪਰ ਜੈਸਾ ਰਸ ਜਾਂ ਆਕਰਸ਼ਣ ਭਾਰਤੀਯ ਸੰਗੀਤ ਵਿਚ ਹੈ ਉਹ ਹੋਰ ਕਿਤੇ ਦੇਖਣ ਸੁਨਣ ਵਿਚ ਨਹੀਂ ਆਇਆ। ਮਨੁਖਾਂ ਦੀ ਗੱਲ ਨਹੀਂ ਭਾਰਤੀਯ ਸੰਗੀਤ ਤੋਂ ਸਰਪ ਜੈਸੇ ਵਿਸ਼ਧਾਰੀ ਜੀਵ ਭੀ ਪ੍ਰਭਾਵਿਤ ਹੋਣ ਤੋਂ ਨਹੀਂ ਬਚ ਸਕੇ। ਇਸ ਸਾਖ ਦੇ ਭੀ ਠੋਸ ਪ੍ਰਮਾਣ ਹਨ ਕਿ ਜਿਨ੍ਹਾਂ ਗਊਆਂ ਨੂੰ ਸੰਗੀਤ ਸੁਣਾਇਆ ਜਾਵੇ ਉਹਨਾਂ ਦਾ ਦੁੱਧ ਵੱਧ ਜਾਂਦਾ ਹੈ।

ਸੰਗੀਤ ਸਬੰਧੀ ਪ੍ਰਚਲਿਤ ਸ਼ਬਦ ਰਾਗ, ਦੀ ਵਰਤੋਂ ਆਮ ਲੋਕਾਂ ਵਿਚ ਕੀਤੀ ਜਾਂਦੀ ਹੈ। 'ਰਾਗ' ਦੇ ਕਈ ਅਰਥ ਹਨ ਪਰ ਪ੍ਰਧਾਨ ਰੂਪ ਵਿਚ ਸੰਗੀਤ ਨਾਲ ਸਬੰਧਿਤ ਸ਼ਬਦ ਹੀ ਵਰਤੋਂ ਵਿਚ ਚਲ ਰਿਹਾ ਹੈ।

ਵਿਦਵਾਨਾਂ ਨੇ ਆਪਣੇ-ਆਪਣੇ ਮਤ ਅਨੁਸਾਰ ਰਾਗਾਂ ਦੇ ਕਈ ਪ੍ਰਕਾਰ ਸਥਾਪਿਤ ਕੀਤੇ ਹਨ। ਰਾਗਾਂ ਦੇ ਨਾਮ ਰਖੇ ਹਨ ਅਤੇ ਸਤ ਸੁਰਾਂ ਵਿਚ ਬੰਧਨ ਕਰ ਕੇ ਇਨਾਂ ਦੇ ਨਿਯਮ ਥਾਪੇ ਹਨ।

ਰਾਗਾਂ ਅਤੇ ਸੂਰਾਂ ਦੀ ਉਤਪਤੀ ਕਿਸ ਤਰਾਂ ਹੋਈ ? ਗ੍ਰੰਥਾਂ ਦੇ ਮਤ ਆਪਣੇ-ਆਪਣੇ ਹਨ, ਤਾਂ ਭੀ ਪ੍ਰਸਿਧ ਮਤ ਅਨੁਸਾਰ ਸਤ ਸੂਰਾਂ ਦੀ ਉਤਪਤੀ ਜਿਵੇਂ ਰਿਸ਼ੀਆਂ ਅਤੇ ਆਚਰਜਾਂ ਨੇ (ਗ੍ਰੰਥ) ਸੰਗੀਤ ਰਹਸਯ ਅਨੁਸਾਰ ਮੰਨੀ ਹੈ ਉਹ ਨਿਮਨਲਿਖਤ ਹੈ।

ਖਰਜ (ਸ਼ਰ੍ਜ) ਮੋਰ ਦੀ ਅਵਾਜ ਤੋਂ ਰਿਖਭ (ਰਿਸ਼ਭ) ਪਪੀਹੇ ਦੀ ਅਵਾਜ਼ ਤੋਂ (ਕਈਆਂ ਨੇ ਗਊਆਂ ਰੰਭਣ ਤੋਂ ਮੰਨਿਆ ਹੈ) ਗੰਧਾਰ-ਬਕਰੀ ਭੇਡ ਦੀ ਅਵਾਜ਼ ਤੋਂ ਮਧਮ-ਕੂੰਜ ਦੀ ਅਵਾਜ਼ ਤੋਂ ਪੰਚਮ-ਕੋਇਲ ਦੀ ਅਵਾਜ਼ ਤੋਂ ਧੈਵਤ-ਡਡੂ ਦੀ ਅਵਾਜ਼ ਤੋਂ (ਕਿਸੇ ਨੇ ਘੋੜੇ ਦੀ ਅਵਾਜ਼ ਤੋਂ ਮੰਨਿਆ ਹੈ) ਨਿਖਾਧ - (ਨਿਸ਼ਾਧ) ਹਾਥੀ ਦੀ ਅਵਾਜ਼ ਤੋਂ

ਉਪ੍ਰੋਕਤ ਸਤ ਸ਼ੁੱਧ ਸੂਰ ਹਨ ਬਿਲਾਵਲ ਥਾਟ ਦੇ ਭੀ ਇਹੋ ਸੂਰ ਹਨ। ਏਸੇ ਕਰ ਕੇ ਬਿਲਾਵਲ ਨੂੰ ਸ਼ੁਧ ਥਾਟ ਭੀ ਕਿਹਾ ਜਾਂਦਾ ਹੈ। ਜੋ ਚਾਰ ਸੂਰ ਕੋਮਲ ਭੀ ਹਨ ਉਹ ਹਨ ਰਿਸ਼ਭ, ਗੰਧਾਰ, ਧੈਵਤ ਅਤੇ ਨਿਸ਼ਾਧ ਜੋ ਭੈਰਵੀ ਥਾਟ ਦੇ ਹਨ। ਤੀਵਰ ਮਧਮ ਜੋ ਹਿੰਡੋਲ ਆਦਿ ਰਾਗਾਂ ਵਿਚ ਵਰਤਿਆ ਜਾਂਦਾ ਹੈ। ਏਹ ਸਾਰੇ ਮਿਲ ਕੇ ਬਾਰਾਂ ਸੂਰ ਸਭ ਰਾਗਾਂ ਦੇ ਗਉਣ ਵਜਾਉਣ ਲਈ ਸੰਗੀਤ ਆਚਾਰੀਯਾਂ ਨੇ ਸਥਾਪਿਤ ਕੀਤੇ ਹਨ।

ਰਾਗਾਂ ਦੀ ਉਤਪਤੀ ਬਾਰੇ ਭੀ ਕਈ ਵਿਚਾਰ ਹਨ। ਕਿਹੜਾ ਰਾਗ ਕਿਥੋਂ ਉਤਪੰਨ ਹੋਇਆ ? ਇਸ ਬਾਰੇ ਇਕ ਸ੍ਵਾਮੀ ਨੰਦ ਲਾਲ ਜੀ ਨੇ ਆਪਣੇ ਵਿਚਾਰ ਇਸ ਤਰਾਂ ਦਰਸਾਏ ਹਨ :-

ਪ੍ਰਿਥਮੇਂ ਰਾਗ ਭੈਰਉਂ ਸ਼ਿਵਾਂ ਤੇ ਪ੍ਰਗਟ ਭਇਓ,
ਦੂਏ ਰਾਗ ਮੇਘ, ਮੇਘ ਘਟਾਂ ਸੇ ਨਿਕਰਿਓ ਹੈ।
ਤ੍ਰਿਤੀਆ ਹਿੰਡੋਲ ਰਾਗ ਭਇਓ ਬ੍ਰਹਮਾਂ ਗਤਿ ਤੇ
ਚੌਥਾ ਰਾਗ ਸ੍ਰੀ ਸ਼ੇਸ ਕੰਠ ਸੇ ਨਿਕਾਰਿਓ ਹੈ।
ਸ੍ਰੀ ਮਾਧੋ ਜੀ ਕੇ ਕੰਠ ਤੋਂ ਮਾਲ ਕੋਂਸ ਪੈਦਾ ਹੂਏ,
ਛਟਾ ਰਾਗ ਦੀਪਕ ਭਾਨ ਨੇਤ੍ਰ ਸੇ ਨਿਕਾਰਿਓ ਹੈ।
ਕਹਿਤ ਸ੍ਵਾਮੀ ਨੰਦ ਲਾਲ ਸੁਣੀਓ ਸ੍ਰੀ ਗੁਪਾਲ,
ਪਾਂਚ ਪਾਂਚ ਤ੍ਰੀਯ ਏਕ ਏਕ ਸੰਗ ਧਾਰਿਓ ਹੈ।

ਵਿਦਵਾਨਾਂ ਨੇ ਰਾਗ ਅਤੇ ਰਾਗਣੀਆਂ (ਪੁਲਿੰਗ ਅਤੇ ਇਸਤ੍ਰੀ ਲਿੰਗ) ਦੀ ਰਚਨਾਂ ਭੀ ਕੀਤੀ ਹੈ। ਇਸ ਵਿਦਿਆ ਲਈ ਪੰਜ ਪ੍ਰਕਾਰ ਦੇ ਵਾਦਨ ਹਨ ਜਿਨਾਂ ਦੀ ਵਰਤੋਂ ਕਲਾਕਾਰਾਂ ਵਲੋਂ ਯੋਗ ਸਮੇਂ ਅਨੁਸਾਰ ਕੀਤੀ ਜਾਂਦੀ ਹੈ। ਇਹ ਵਾਦਨ (ਵਾਜੇ) ਇਹ ਹਨ। ੧, ਤਤਤੰਯ ਵਾਲੇ ਸਾਜ ਜੈਸੇ ਤਾਨਪੁਰਾ: ਰਬਾਬ, ਦਿਲਰੁਬਾ ਆਦਿ। ੨. ਵ੍ਰਿਤ ਚੰਮ ਨਾਲ ਖੜੇ ਹੋਏ, ਮ੍ਰਿਦੰਗ ਢੋਲਕੀ ਜੋੜੀ ਆਦਿ। ੩. ਘਨ, ਧਾਤੂ ਦੇ ਸਾਜ-ਛੈਣੇ, ਟਲ ਆਦਿ। ੪. ਨਾਦ- ਜਿਨਾਂ ਦੇ ਪੁਲਾੜ ਵਿਚੋਂ ਮੁਨੀ ਸੁਨਾਈ ਦੇਵੇ ਘੜਾ ਆਦਿ। ੫. ਸੁਸ਼ਿਰ= ਫੂਕ ਨਾਲ ਵਜਾਉਣ ਵਾਲੇ ਬੰਸਰੀ, ਨਫੀਰੀ, ਵਾਜਾ (ਹਰਮੋਨੀਅਮ) ਆਦਿ।

ਬ੍ਰਹਮਾ ਅਵਤਾਰ ਦੀ ਕਥਾ ਲਿਖਦੇ ਹੋਏ ਸ੍ਰੀ ਦਸਮੇਸ਼ ਜੀ ਨੇ ਅਜਰਾਜ ਦੇ ਪ੍ਰਸੰਗ ਵਿਚ ਇਹਨਾਂ ਵਾਦਨਾਂ ਦਾ ਥੋੜਾ ਜਿਹਾ ਵਰਨਣ ਕੀਤਾ ਹੈ।

ਤਤ ਥਿਤ ਘਨ ਸੁਖ ਰਸ ਸਭ ਬਾਜੈ
ਸੁਨ ਮਨ ਰਾਗੀ ਗੁਨ ਮਨ ਲਾਜੈ

ਸੰਗੀਤ ਸ਼ਾਸਤ੍ਰ ਅਨੁਸਾਰ ਰਾਗਾਂ ਦੇ ਭਿੰਨ ਭੇਦ ਮੰਨੇ ਗਏ ਹਨ। ਇਕ ਉਹ ਜੋ ਅਰੰਭ ਕਾਲ ਤੋਂ ਰਿਖੀਆਂ ਵਲੋਂ ਸਥਾਪਿਤ ਕੀਤੇ ਗਏ ਸੁਰਾਂ (ਸੂਰਾਂ) ਅਨੁਸਾਰ ਗਾਏ ਜਾਂਦੇ ਹਨ।

ਦੂਜੇ ਉਹ ਜਿਨਾਂ ਜਿਨਾਂ ਵਿਚ ਕੁਛ ਝਲਕ ਦੂਜੇ ਰਾਗਾਂ ਦੀ ਪੈਂਦੀ ਹੋਵੇ। ਏਨਾਂ ਦੀ 'ਸੰਗਿਆ ਛਾਯਾ' ਲਿੰਗਮ ਹੈ। ਤੀਜੇ ਸੰਕੀਰਣ ਹਨ ਜਿਨਾਂ ਵਿਚ ਮਿਲਾਵਟ ਹੈ। ਰਾਗ ਗਾਇਨ ਜਾਂ ਵਾਦਨ ਲਈ ਵਿਦਵਾਨਾਂ ਨੇ ਏਹਨਾਂ ਸਤ ਸੁਰਾਂ ਦੀ ਸਥਾਪਨਾ ਕੀਤੀ ਹੈ :-

ਸੜਜ (ਖਰਜ) 'ਸਾ' ਏਹ ਤੀਵਰ ਜਾਂ ਕੋਮਲ ਨਹੀਂ ਹੁੰਦਾ।

ਰਿਸ਼ਭ (ਰਿਖਬ) 'ਰੇ' ਏਹ ਸਰ ਤੀਵਰ ਅਤੇ ਕੋਮਲ ਹੁੰਦਾ ਹੈ।

ਏਸੇ ਤਰਾਂ ਗੰਧਾਰ 'ਗਾ' 'ਮਧਮ ਮਾ' ਵੀ ਤੀਵਰ ਕੋਮਲ ਹੁੰਦੇ ਹਨ।

ਪੰਚਮ (ਪਾ) ਏਹ ਤੀਵਰ ਕੋਮਲ ਨਹੀਂ ਹੁੰਦਾ।

ਧੈਵਤ (ਧਾ) ਅਤੇ ਨਿਸ਼ਾਧ (ਨਿਖਾਧ) ਤੀਵਰ ਅਤੇ ਕੋਮਲ ਹੁੰਦੇ ਹਨ।

ਭਿੰਨ-ਭਿੰਨ ਰਾਗਾਂ ਅਨੁਸਾਰ ਸ੍ਵਰ ਤੀਵਰ ਜਾਂ ਕੋਮਲ ਹੁੰਦੇ ਹਨ। ਇਸ ਵਿਦਿਆ ਵਿਚ ਇਤਨੀਆਂ ਬਰੀਕੀਆਂ ਹਨ ਕਿ ਉਨਾਂ ਨੂੰ ਲਿਖਣਾ ਤਾਂ ਕੀ ਸਮਝਣਾਂ ਹੀ ਸੰਭਵ ਨਹੀਂ ਹੋ ਸਕਦਾ।

ਰਾਗਾਂ ਦੀਆਂ ਤਿੰਨ ਜਾਤੀਆਂ ਪ੍ਰਮੁਖ ਰੂਪ ਵਿਚ ਵਿਦਵਾਨਾਂ ਨੇ ਥਾਪੀਆਂ ਹਨ।

੧. ਸੰਪੂਰਨ- ਸਤ ਸੁਰਾਂ ਦਾ ਰਾਗ ੨. ਖਾੜਵ (ਸਾੜਵ) ਛੇ ਸੁਰਾਂ ਦਾ ਰਾਗ ੩. ਓੜਵ- ਪੰਜ ਸੁਰਾਂ ਦਾ ਰਾਗ

ਸਤ ਸੁਰ, ਬਾਂਈ ਸ਼ਰੁਤੀਆਂ ਵਿਚ ਵੰਡੇ ਹੋਏ ਹਨ।

ਏਨਾਂ ਸ਼ਰੁਤੀਆਂ ਦੇ ਨਾਮ ਹਨ : -

ਸ਼ੜਜ ਦੀਆਂ ਸ਼ਰੁਤੀਆਂ ਚਾਰ ਹਨ

੧. ਤੀਵਰਾ, ੨. ਕਮੁਦਵਤੀ, ੩. ਮੰਦਾ, ੪. ਸ਼ਿੰਦੋਵਤੀ

ਰਿਸਬ ਦੀਆਂ ਤਿੰਨ ਹਨ : -

੧. ਦਇਆਵਜੀ, ੨. ਰੰਜਨੀ, ੩, ਰਕਤਿਕਾ।

ਗੰਧਾਰ ਦੀਆਂ ਦੋ ਹਨ :-

੧. ਰੋਦ੍ਰੀ ਅਤੇ ਕਰੂਧਾ

ਮਧਮ ਦੀਆਂ ਚਾਰ ਹਨ

੧. ਵਿਚਕ, ੨. ਪ੍ਰਸਾਰਨੀ, ੩. ਪ੍ਰੀਤੀ, ੪, ਮਾਸਾਨੀ

ਪੰਚਮ ਦੀਆਂ ਚਾਰ ਹਨ

੧. ਸ੍ਰਿਤਿ, ੨. ਰਕਤਾ, ੩. ਸੰਦੀਪਨੀ, ੪. ਅਲਾਪਣੀ

ਧੈਵਤ ਦੀਆਂ ਤਿੰਨ ਹਨ

੧. ਮਦੰਤੀ, ੨. ਰੋਹਨੀ, ੩. ਰਮਯਾ

ਨਿਸ਼ਾਧ 'ਨਿਖਾਧ' ਦੀਆਂ ਦੋ ਹਨ

੧. ਉਗ੍ਰਾ, ੨. ਸ਼ੋਭਣੀ

ਉਪ੍ਰੋਕਤ ਸ਼ਰੁਤੀਆਂ ਆਮ ਗਾਇਕ ਦੀ ਸਮਝ ਦਾ ਵਿਸ਼ਯ ਨਹੀਂ। ਕਿਉਂਕਿ ਸ਼ਾਸਤ੍ਰਯ ਸੰਗੀਤ ਦੀ ਜਾਣਕਾਰੀ ਕਰਨ ਜਾਂ ਕਰੌਣ ਦਾ ਜਤਨ ਵਰਤਮਾਨ ਜੁਗ ਵਿਚ ਅਪ੍ਰਚਲਿਤ ਜੇਹਾ ਹੋ ਗਿਆ ਹੈ। ਪਰ ਕੋਈ-ਕੋਈ ਵਿਦਵਾਨ ਇਸ ਸਬੰਧੀ ਗਿਆਨ ਰਖਦੇ ਹਨ।

ਏਸੇ ਤਰ੍ਹਾਂ ਸੰਗੀਤ ਸ਼ਾਸਤ੍ਰ ਵਿਚ ਸ਼ੜਜ ਗ੍ਰਾਮ, ਗੰਧਾਰ ਗ੍ਰਾਮ ਅਤੇ ਮਧਮ ਗ੍ਰਾਮ ਥਾਪੇ ਹਨ। ਸ੍ਵਰਾਂ ਦੀਆਂ ਇਕੀ ਮੂਰਛਨਾਂ ਸਥਾਪਤ ਕੀਤੀਆਂ ਹਨ। ਵਿਸਥਾਰ ਦੇ ਭੈ ਤੋਂ ਉਹਨਾਂ ਦੀ ਵਿਆਖਿਆ ਏਥੇ ਨਹੀਂ ਕੀਤੀ ਜਾਂਦੀ।

ਮਾਰਗੀ ਰਾਗ ਅਤੇ ਦੇਸੀ ਰਾਗ ਭੀ ਵਿਦਵਾਨਾਂ ਨੇ ਮੰਨੇ ਹਨ ! ਮਾਰਗੀ ਉਹ ਹਨ ਜੋ ਸੰਗੀਤ ਸ਼ਾਸਤਰ ਦੇ ਨਿਯਮਾਂ ਵਿਚ ਪੂਰੀ ਤਰਾਂ ਜਕੜੇ ਹੋਏ ਹਨ। ਦੇਸੀ ਰਾਗ ਉਹ ਹਨ ਜਿਨ੍ਹਾਂ ਨੂੰ ਭਿੰਨ-ਭਿੰਨ ਦੇਸਾਂ ਵਿੱਚ ਸੰਗੀਤ ਸ਼ਾਸਤਰ ਦੇ ਨਿਯਮਾਂ ਵੱਲ ਬਹੁਤਾ ਧਿਆਨ ਨਾ ਦੇਂਦੇ ਹੋਏ ਓਥੋਂ ਦੇ ਵਸਨੀਕ ਗਾਇਨ ਕਰਦੇ ਹਨ।

ਜਿਸ ਤਰਾਂ ਸੌਰਾਸ਼ਟਰ ਵਿਚ ਸੋਰਠ ਗਾਇਨ ਕਰਨ ਦੀ ਪਧਤੀ ਹੈ। ਏਸੇ ਤਰਾਂ ਕਈ ਐਸੇ ਰਾਗ ਹਨ ਜੋ ਭਿੰਨ-ਭਿੰਨ ਦੇਸ਼ਾਂ ਵਿਚ ਉਥੋਂ ਦੇ ਰਾਗ ਪੰਡਤਾਂ ਰਾਹੀਂ ਉਹਨਾਂ ਦੇ ਨਿਯਮ ਸਥਾਪਤ ਕੀਤੇ ਜਾਣ ਤੇ ਗਾਏ ਜਾਂਦੇ ਹਨ।

ਬਹੁਤ ਪ੍ਰਾਚੀਨ ਕਾਲ ਦੇ ਸੰਗੀਤਕਾਰਾਂ ਦਾ ਵਰਣਨ ਨਾ ਕਰਦੇ ਹੋਏ ਪਿਛਲੇ ਕਰੀਬ ਸਤ-ਅਠ ਸੌ ਸਾਲ ਦੇ ਸਮੇਂ ਤੋਂ ਕੁਛ ਪ੍ਰਸਿਧ ਗਾਇਕਾਂ ਦੇ ਨਾਮ ਏਥੇ ਦੇਣੇ ਅਕਾਰਨ ਨਹੀਂ ਹੋਣਗੇ।

ਭਗਤ ਜੈ ਦੇਵ ਜੀ ਜਿਨਾਂ ਦਾ ਜਨਮ ਅਤੇ ਨਿਵਾਸ ਬੰਗਾਲ ਪ੍ਰਾਂਤ ਸੀ ਈਸਵੀ ੧੨ ਵੀਂ ਸਦੀ ਵਿਚ ਹੋਏ ਹਨ। ਇਹ ਭਗਤੀ ਭਾਵਨਾਂ ਭਰਪੂਰ ਸਨ ਪਰ ਇਹਨਾਂ ਦੀ ਰੁਚੀ ਸੰਗੀਤ ਵਲ ਵੀ ਸੀ। ਇਹਨਾਂ ਦੀ ਪ੍ਰਸਿਧ ਪੁਸਤਕ 'ਗੀਤ ਗੋਵਿੰਦ' ਜਿਸ ਦੀ ਮੂਲ ਰਚਨਾਂ ਸੰਸਕ੍ਰਿਤ ਵਿਚ ਹੈ। ਅਸਟਪਦੀਆਂ ਵਿਚ ਰਾਗ ਅਤੇ ਤਾਲ ਦੇ ਸੰਕੇਤ ਮਿਲਦੇ ਹਨ। ਏਹਨਾਂ ਦੇ ਦੋ ਸ਼ਬਦ ਰਾਗ ਗੂਜਰੀ ਅਤੇ ਬਸੰਤ ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਭੀ ਦਰਜ ਹਨ।

ਇਹਨਾਂ ਤੋਂ ਬਾਦ ਸਾਰੰਗ ਦੇਵ ਜੀ ਹੋਏ ਹਨ। ਏਹ ਦੇਵਗਿਰੀ (ਅੱਜ ਕੱਲ੍ਹ ਪ੍ਰਸਿੱਧ ਨਾਮ ਦੌਲਤਾਬਾਦ ਪ੍ਰਾਂਤ ਮਹਾਂਰਾਸ਼ਟਰ ਹੈ) ਦੇ ਬਾਦਸ਼ਾਹ ਪਾਸ ਰਹੇ ਹਨ। ਏਹਨਾਂ ਨੇ ਸੰਗੀਤ ਰਤਨਾਕਰ ਗ੍ਰੰਥ ਦੀ ਸੰਗੀਤ ਦੀਆਂ ਬਰੀਕ ਜਾਣਕਾਰੀਆਂ ਦੇਂਦੇ ਹੋਏ ਮਨੋਹਰ ਢੰਗ ਨਾਲ ਰਚਨਾ ਕੀਤੀ ਹੈ।

ਏਹਨਾਂ ਤੋਂ ਪਿਛੋਂ ਅਮੀਰ ਖੁਸਰੋ ਅਤੇ ਗੋਪਾਲ ਨਾਇਕ ਦਿੱਲੀ ਦੇ ਬਾਦਸ਼ਾਹ ਦੇ ਦਰਬਾਰੀ ਰਹਿ ਚੁੱਕੇ ਹਨ। ਏਹ ਖੁਸਰੋ ਅਮੀਰ ਮੁਹੰਮਦ ਸੈਫੂਦੀਨ ਦਾ ਪੁਤਰ ਸੀ। ਇਕ ਹੋਰ ਖੁਸਰੋ ਜਹਾਂਗੀਰ ਬਾਦਸ਼ਾਹ ਦਾ ਪੁੱਤਰ ਪਹਿਲੇ ਖੁਸਰੋ ਤੋਂ

ਕਰੀਬ ਸਾਢੇ ਤਿੰਨ ਸੌ ਸਾਲ ਪਿਛੋਂ ਹੋਇਆ ਹੈ ਜੋ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਪਹਿਲਾ ਖੁਸਰੋ ਉਤਰ ਪ੍ਰਦੇਸ਼ ਜ਼ਿਲਾ ਏਟਾ ਵਿਚ ਪੈਦਾ ਹੋਇਆ ਸੀ। ਵਰਤਮਾਨ ਸਮੇਂ ਵਿਚ ਜੋ 'ਖਿਆਲ' ਦੀ ਗਾਇਕੀ ਬਹੁਤ ਪ੍ਰਸਿਧ ਹੈ- ਇਸ ਦਾ ਜਨਮ ਦਾਤਾ ਅਮੀਰ ਖੁਸਰੋ ਹੈ।

ਏਹਨਾਂ ਤੋਂ ਬਾਅਦ ਸ੍ਵਾਮੀ ਹਰੀ ਦਾਸ ਪਿੰਡ ਖੈਰ ਵਾਲੀ ਜ਼ਿਲ੍ਹਾ ਅਲੀਗੜ੍ਹ ਉਤਰ ਪ੍ਰਦੇਸ਼ ਵਿਚ ਜਨਮੇ। ਏਹਨਾਂ ਨੂੰ ਯੁਵਾ ਅਵਸਥਾ ਵਿਚ ਹੀ ਸੰਗੀਤ ਦੀ ਲਗਨ ਹੋ ਗਈ। ੨੪ ਵਰਸ਼ ਦੀ ਤਰੁਣ ਅਵਸਥਾ ਵਿਚ ਏਹ ਬ੍ਰਿੰਦਾਬਨ ਆ ਕੇ ਰਹਿਣ ਲਗ ਪਏ। ਭਗਵਾਨ ਕ੍ਰਿਸ਼ਨ ਜੀ ਦੀ ਭਗਤੀ ਏਹਨਾਂ ਅੰਦਰ ਪ੍ਰਵੇਸ਼ ਕਰ ਗਈ ਸੀ।

ਬ੍ਰਿਦਾਬਨ ਰਹਿੰਦੇ ਹੋਏ ਸਵਾਮੀ ਜੀ ਨੇ ਧਰੁਵ ਪਦ ਗੀਤਾਂ ਦੀ ਅਤੇ ਹੋਰ ਰਚਨਾਂ ਕਰ ਕੇ ਉਹਨਾਂ ਨੂੰ ਸ਼ਾਸਤਰੀਯ ਸੰਗੀਤ ਅਨੁਸਾਰ ਨਿਯਮਬਧ ਕੀਤਾ। ਮਦਰਾਸ ਪ੍ਰਾਂਤ ਤੋਂ ਬਿਨਾਂ ਸਮਸੱਤ ਭਾਰਤ ਵਿਚ ਏਹਨਾਂ ਦੇ ਰਚੇ ਹੋਏ ਸੰਗੀਤ ਗੀਤਾਂ ਦਾ ਗਾਇਨ ਸੰਗੀਤ ਵਿਦਵਾਨਾਂ ਲਈ ਬਹੁਤ ਰੋਚਿਕ ਬਣਿਆ। ਏਹਨਾਂ ਦੀਆਂ ਰਚਨਾਵਾਂ ਹੁਣ ਭੀ ਕਈ ਗਾਇਕ ਬੜੀ ਰੁਚੀ ਨਾਲ ਗਾਇਨ ਕਰਦੇ ਹਨ ਅਤੇ ਸੰਗੀਤ ਸੰਸਾਰ ਵਿਚ ਸਭ ਜ਼ਾਤੀਆਂ ਦੇ ਗਾਇਕ ਇਹਨਾਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੇ ਹਨ।

ਏਹਨਾਂ ਦੇ ਹੀ ਪ੍ਰਮੁੱਖ ਸ਼ਿਸ (ਸ਼ਗਿਰਦ) ਤਾਨ ਸੈਨ ਜੀ ਹੋਏ ਹਨ। ਮੁਕੰਦ ਰਾਮ ਪਾਂਡੇ ਦੇ ਘਰ ਗਵਾਲੀਅਰ ਪਾਸ ਬੇਹਟ ਪਿੰਡ ਵਿਚ ਤਾਨਸੈਨ ਜੀ ਦਾ ਜਨਮ ਹੋਇਆ। ਮੁਕੰਦ ਰਾਮ ਜੀ ਰਾਗ ਵਿਦਿਆ ਸਬੰਧੀ ਆਮ ਲੋਕਾਂ ਵਿਚ ਪਹਿਲਾਂ ਹੀ ਪ੍ਰਸਿਧ ਸਨ। ਤਾਨ ਸੈਨ ਜੀ ਨੂੰ ਬਚਪਨ ਉਮਰ ਵਿਚ ਪਸ਼ੂ ਪੰਛੀਆਂ ਦੀ ਆਵਾਜ਼ ਦੀ ਨਕਲ ਕਰਨ ਦੀ ਰੁਚੀ ਬਣ ਗਈ ਅਤੇ ਇਸ ਕੰਮ ਵਿਚ ਉਹ ਬਹੁਤ ਸਫਲ ਹੋਏ। ਸ਼ੇਰ ਦੀ ਬੋਲੀ ਬੋਲ ਕੇ ਉਹ ਅਪਣੇ ਬਾਗ ਦੀ ਰਾਖੀ ਕਰਨ ਦੇ ਆਦੀ ਹੋ ਗਏ ਸਨ।

ਸ੍ਵਾਮੀ ਹਰੀ ਦਾਸ ਜੀ ਅਚਾਨਕ ਸਾਥੀਆਂ ਸਮੇਤ ਇਹਨਾਂ ਦੇ ਬਾਗ ਵਿਚ ਆ ਨਿਕਲੇ, ਸਵਾਮੀ ਜੀ ਦੇ ਸਾਥੀਆਂ ਨੇ ਸ਼ੇਰ ਦੀ ਅਵਾਜ਼ ਤੋਂ ਡਰਨਾ ਸ਼ੁਰੂ ਕੀਤਾ ਪਰ ਸ੍ਵਾਮੀ ਜੀ ਅਡੋਲ ਰਹੇ। ਉਹਨਾਂ ਨੂੰ ਏਹ ਨਿਸਚਾ ਸੀ ਕਿ ਇਸ ਛੋਟੇ ਬਾਗ ਵਿਚ ਸ਼ੇਰ ਹੋਣਾ ਸੰਭਵ ਨਹੀਂ ਹੋ ਸਕਦਾ ਤਾਨਸੈਨ ਜੀ (ਜਿਨਾਂ ਦਾ ਅਸਲ ਨਾਮ ਤਰਲੋਚਨ ਮਿਸਰ ਸੀ) ਏਨਾਂ ਦੇ ਸਾਹਮਣੇ ਆ ਨਿਕਲੇ। ਸ੍ਵਾਮੀ ਜੀ ਨੇ ਕਈ ਪਸ਼ੂ ਪੰਛੀਆਂ



ਦੀਆਂ ਬੋਲੀਆਂ ਸੁਣੀਆਂ ਤੇ ਪ੍ਰਸੰਨ ਹੋ ਕੇ ਏਨਾਂ ਨੂੰ (ਸਵਾਮੀ ਹਰੀ ਦਾਸ ਜੀ) ਨਾਲ ਹੀ ਲੈ ਗਏ। ਸ਼ੰਗੀਤ ਸਿਖਿਆ ਏਹਨਾਂ ਬੜੇ ਥੋੜੇ ਸਮੇਂ ਵਿਚ ਪ੍ਰਾਪਤ ਕਰ ਲਈ ਅਤੇ ਫਿਰ ਗਵਾਲੀਅਰ ਹੀ ਆ ਗਏ। ਬਾਦ ਵਿਚ ਅਕਬਰ ਬਾਦਸ਼ਾਹ ਇਨਾਂ ਦੀ ਸੋਭਾ ਸੁਣ ਕੇ ਏਨਾਂ ਨੂੰ ਆਪਣੇ ਦਰਬਾਰ ਵਿਚ ਲੈ ਗਿਆ ਤੇ ਆਪਣੇ ਨੌਂ ਰਤਨਾਂ ਵਿਚੋਂ ਏਨਾਂ ਨੂੰ ਇਕ ਦੀ ਮਾਨਤਾ ਦਿਤੀ।

ਏਹਨਾਂ ਨੂੰ 'ਰਾਜ ਸਿਧੀ' ਪ੍ਰਾਪਤ ਸੀ। ਕੁਛ ਈਰਖਾ- ਵਾਦੀ ਦਰਬਾਰੀਆਂ ਨੇ ਅਕਬਰ ਨੂੰ ਆਖ ਕੇ ਏਹਨਾਂ ਤੋਂ ਦੀਪਕ ਰਾਗ ਗਾਇਨ ਕਰਵਾਇਆ ਜਿਸ ਤੋਂ ਸਰੋਤਿਆਂ ਨੂੰ ਸਮੇਤ ਅਕਬਰ, ਦੀਪਕ ਦੀ ਗਰਮੀ ਤੋਂ ਬਹੁਤ ਕਸ਼ਟ ਹੋਇਆ ਅਤੇ ਓਥੋਂ ਨਸ ਭਜ ਕੇ ਤਪਤ ਬੁਝਾਈ। ਤਾਨਸੈਨ ਭੀ ਇਸ ਤਪਸ਼ ਤੋਂ ਨਹੀਂ ਬਚ ਸਕੇ। ਘਰ ਗਏ ਉਹਨਾਂ ਦੀ ਲੜਕੀ ਨੇ ਮੇਘ ਰਾਗ ਗਾਇਨ ਕਰ ਕੇ ਇਹਨਾਂ ਨੂੰ ਇਸ ਤਪਸ਼ ਤੋਂ ਮੁਕਤ ਕੀਤਾ।

ਇਹਨਾਂ ਨੇ ਆਪਣੀ ਇਛਾ ਅਨੁਸਾਰ ਕੁਛ ਕੁਛ ਦੇ

ਸਰੂਪ ਬਦਲ ਕੇ ਕਈ ਨਵੇਂ ਰਾਗਾਂ ਦੀ ਰਚਨਾ ਕੀਤੀ। ਤਾਨਸੈਨੀ ਟੋਡੀ ਤਾਨਸੈਨੀ ਮਲਾਰ ਆਮ ਪ੍ਰਸਿੱਧ ਹਨ। ਏਹਨਾਂ ਦਾ ਦੇਹਾਂਤ ਸੰਨ ੧੫੮੫ ਈ. ਵਿਚ ਦਿਲੀ ਹੋਇਆ, ਪਰ ਏਹਨਾਂ ਨੂੰ ਗਵਾਲੀਅਰ ਦਫਨਾਇਆ ਗਿਆ। ਓਥੇ ਅੱਜ ਕੱਲ ਗਵੱਯੇ ਇਨ੍ਹਾਂ ਦੀ ਯਾਦ ਮਨਾਉਂਦੇ ਹਨ।

ਬੈਜੂ ਬਾਵਰਾ ਜੀ ਭੀ ਤਾਨਸੈਨ ਜੀ ਦੇ ਸਮਕਾਲੀ ਹੋਏ ਹਨ। ਇਕ ਪ੍ਰਚਲਤ ਕਥਾ ਅਨੁਸਾਰ, ਤਾਨਸੈਨ ਜੀ ਨੂੰ ਆਪਣੀ ਵਿਦਿਆ ਦਾ ਅਭਿਮਾਨ ਹੋ ਗਿਆ। ਉਹਨਾਂ ਅਕਬਰ ਬਾਦਸ਼ਾਹ ਪਾਸੋਂ ਏਹ ਹੁਕਮ ਜਾਰੀ ਕਰਵਾ ਦਿੱਤਾ ਕਿ ਕੋਈ ਗਵੱਯਾ ਤਾਨਸੈਨ ਦੇ ਹੁੰਦਿਆਂ ਗਾ ਨਹੀਂ ਸਕਦਾ। ਜੋ ਗਾਇਨ ਕਰੇ ਤਾਂ ਤਾਨਸੈਨ ਨੂੰ ਜਿਤ ਲਵੇ, ਜੇਹੜਾ ਹਾਰ ਜਾਵੇ ਉਸ ਦਾ ਸਿਰ ਕਟਿਆ ਜਾਵੇ। ਬੈਜੂ ਬਾਵਰੇ ਨਾਲ ਕੁਛ ਹੋਰ ਸੰਤ ਮੰਡਲੀ ਸੀ ਉਹਨਾਂ ਨੂੰ ਇਸ ਪ੍ਰੀਖਿਆ ਦਾ ਸਾਹਮਣਾ ਕਰਨਾ ਪਿਆ। ਬੈਜੂ ਬਾਵਰੇ ਨੂੰ ਬੱਚਾ ਹੋਣ ਕਰ ਕੇ ਮਾਫ ਕਰ ਦਿਤਾ ਗਿਆ ਪਰ ਉਸ ਦੇ ਨਾਲ ਦਿਆਂ ਨੂੰ ਸਭ ਨੂੰ ਮਾਰ ਦਿਤਾ ਗਿਆ। ਬੈਜੂ ਬਾਵਰੇ ਲਈ ਇਹ ਦੁਖਾਂਤ ਅਸਹਿ ਹੋ ਗਿਆ। ਉਹਨਾਂ ਨੇ ਜਾ ਕੇ ਕਿਸੇ ਸਾਧੂ ਪਾਸੋਂ ਸੰਗੀਤ ਵਿਦਿਆ ਲਈ ਅਤੇ ਇਸ ਵਿਚ ਸਿਧੀ ਪ੍ਰਾਪਤ ਕੀਤੀ, ਜਦ ਨਿਪੁੰਨ ਹੋ ਗਏ ਤਦ ਤਾਨਸੈਨ ਜੀ ਨੂੰ ਆ ਕੇ ਚੁਨੌਤੀ ਦਿੱਤੀ। ਚੁਨੌਤੀ ਨੂੰ ਪ੍ਰਵਾਨ ਕਰ ਕੇ ਜੰਗਲ ਵਿਚ ਜਾ ਕੇ ਬੈਜੂ ਬਾਵਰਾ ਅਤੇ ਤਾਨਸੈਨ ਗਾਉਣ ਲਗੇ। ਬੈਜੂ ਬਾਵਰਾ ਜੀ ਨੇ ਗਾਇਨ ਕਰ ਕੇ ਜੰਗਲ ਦੇ ਜੀਵ ਬੁਲਾਏ ਅਤੇ ਉਹਨਾਂ ਦੇ ਗਲਾਂ ਵਿਚ ਹਾਰ ਪਾ ਦਿਤੇ ਅਤੇ ਉਹ ਚਲੇ ਗਏ। ਪੱਥਰ ਪਿਘਲ ਗਏ ਉਹਨਾਂ ਵਿਚ ਕੈਂਸੀਆਂ ਖੋਭ ਦਿਤੀਆਂ। ਤਾਨਸੈਨ ਜੀ ਆਪਣੀ ਵਿਦਿਆ ਬਲ ਨਾਲ ਪਥਰ ਪੰਘਾਰ ਕੇ ਉਹਨਾਂ ਵਿਚੋਂ ਕੈਂਸੀਆਂ ਕਢਣ ਅਤੇ ਜੰਗਲੀ ਜੀਵਾਂ ਨੂੰ ਬੁਲਾ ਕੇ ਉਹਨਾਂ ਦੇ ਗਲਾਂ ਵਿਚੋਂ ਹਾਰ ਉਤਾਰਨ ਵਿਚ ਅਸਫ਼ਲ ਰਹੇ। ਇਸ ਤੇ ਬੈਜੂ ਬਾਵਰੇ ਨੇ ਉਹਨਾਂ ਨੂੰ ਆਖਿਆ ਕਿ ਤੁਸੀਂ ਆਪਣੀ ਕੀਤੀ ਹੋਈ ਪ੍ਰਤਗੱਯਾ ਅਨੁਸਾਰ ਸਿਰ ਦਿਉ। ਜਦ ਤਾਨਸੈਨ ਨੇ ਆਪਣਾ ਸਿਰ ਨੀਵਾਂ ਕਰ ਦਿਤਾ ਤਦ ਬੈਜੂ ਬਾਵਰਾ ਕਹਿਣ ਲਗੇ ਕਿ ਇਕ ਤਾਂ ਮੈਂ ਤੁਹਾਨੂੰ ਇਸ ਵਿਦਿਆ ਵਿਚ ਪਰਾਜਿਤ ਕੀਤਾ ਹੈ ਦੂਜੇ ਮੇਰੇ ਗੁਰੂ ਜੀ ਦੀ ਆਗਿਆ ਹੈ ਕਿ ਇਸ ਵਿਦਿਆਂ ਨਾਲ ਕਿਸੇ ਦਾ ਘਾਤ ਨਹੀਂ ਕਰਨਾ। ਜਾਓ ਮੈਂ ਤੁਹਾਡੀ ਜਾਨ ਬਖਸ਼ੀ।

ਇਹਨਾਂ ਤੋਂ ਬਾਦ ਕਈ ਹੋਰ ਸੰਗੀਤ ਅਚਾਰੀਯ ਹੋ ਗੁਜ਼ਰੇ ਹਨ। ਉਸਤਾਦ ਨਿਆਮਤ ਖ਼ਾਂ ਜੀ ਜਿਨਾਂ ਦਾ ਉਪਨਾਮ ਸਦਾ ਰੰਗ ਜਾਂ ਸਦਾ ਰੰਗੀਲੇ ਪ੍ਰਸਿਧ ਹੈ। ਸਿਤਾਰ ਵਾਦਨ ਕਰਨ ਵਾਲੇ ਸਨ ਪਰ ਗਾਇਕੀ ਭੀ ਬੜੀ ਸੁੰਦਰ ਸੀ ਇਹਨਾਂ ਦੀਆਂ ਬਹੁਤ ਸਾਰੀਆਂ ਸੰਗੀਤ ਰਚਨਾ ਹੁਣ ਭੀ ਕਈ ਗਵੀਈਏ ਗਾਉਂਦੇ ਸੁਣੀਂਦੇ ਹਨ। ਸਦਾ ਰੰਗ ਜੀ ਦੀ ਛੋਟੀ ਜਹੀ ਰਚਨਾ ਦੇਣੀ ਏਥੇ ਅਯੋਗ ਨਹੀਂ ਹੋਵੇਗੀ ਜੋ ਚਾਰ ਤਾਲ ਰਾਗ ਮਲਾਰ ਵਿਚ ਹੈ।

ਇਤ ਝੂਮ ਝੂਮ ਕਰ ਕਹ ਆਏ ਬਾਦਰਵਾ।
ਗਰਜ ਗਰਜ ਗਰਜ ਗਰਜ ਬਰਸਨ ਕੋ ਆਈ।
ਚਹੂੰ ਓਰ ਤੇ ਝੁਕ ਆਏ ਬਾਦਰਵਾ।
ਉਮਡ ਘੁਮੰਡ ਘਟਾ ਛਾਈ।
'ਸਦਾ ਰੰਗੀਲੇ' ਨਨ੍ਹੀ ਨਨ੍ਹੀ ਬੂੰਦਨ ਭਰ ਲਾਈ।

ਪੰਜਾਬ ਵਿਚ ਇਕ ਹੋਰ ਗਾਇਕ 'ਨਾਥ' ਜੀ ਹੋਏ ਹਨ, ਜਿਨਾਂ ਦੀਆਂ ਰਚਨਾਂ ਆਮ ਕਰ ਕੇ ਕਠਿਨ ਤਾਲਾਂ ਵਿਚ ਬੰਧਨ ਕੀਤੀਆਂ ਹੋਈਆਂ ਹਨ। ੧੭ ਮਾਤ੍ਰ ਦੀ ਨਾਥ ਜੀ ਦੀ ਬਸੰਤ ਰਾਗ ਵਿਚ ਕੀਤੀ ਹੋਈ ਬੰਦਿਸ਼ ਨਿਮਿਨ- ਲਿਖਿਤ ਹੈ:

ਬਸੰਤ ਆਈ ਰੇ। ਖਿਲੀ ਬਹਾਰ ਹਿੰਡੋਲ
ਅੰਤ੍ਰਾ :- ਘਰ ਘਰ ਮੰਗਲ ਗਾਵਤ ਨਰ ਨਾਰੀ
ਭੰਵਰਾ ਗੂੰਜ ਗੂਜਤ, 'ਨਾਥ' ਕੰਵਰੀਆ ਬੋਲੇ
ਅੰਬੁਅਨ ਕੀ ਡਰੀਆ, ਬਸੰਤ ਆਈ ਰੇ

ਉਸਤਾਦ: ਇਨਾਯਤ ਖ਼ਾਂ ਆਪਣੇ ਸਮੇਂ ਦੇ ਉਚ ਕੋਟੀ ਦੇ ਗਾਇਕ ਤਥਾ ਸਿਤਾਰ ਵਾਦਕ ਹੋ ਚੁਕੇ ਹਨ। ਉਨ੍ਹਾਂ ਦੇ ਸਪੁੱਤਰ ਉਸਤਾਦ ਵਲਾਇਤ ਖ਼ਾਂ ਭਾਰਤ ਵਿਚ ਸਿਤਾਰ ਵਾਦਨ ਕਰ ਰਹੇ ਹਨ। ਸਿਤਾਰ ਵਾਦਨ ਵਿਚ ਇਨਾਂ ਦਾ ਸਥਾਨ ਸਰਵੋਚ ਹੈ।

ਗਾਇਨ ਵਿਦਿਆ ਦੇ ਮਹਾਨ ਕਲਾਕਾਰ ਪੰਡਿਤ ਓਅੰਕਾਰ ਨਾਥ ਠਾਕੁਰ, ਜਿਨਾਂ ਦਾ ਦੇਹਾਂਤ ਹੋਇਆਂ ਕਰੀਬ ੧੦-੧੧ ਸਾਲ ਹੋਏ ਹਨ। ਆਪਣੇ ਸਮੇਂ ਦੇ ਅਦੁਤੀ ਰਾਗ ਪੰਡਿਤ ਸਨ।

ਪੰਜਾਬ ਵਿਚ ਗਵੱਈਆਂ ਦੇ ਪ੍ਰਸਿਧ ਘਰਾਣੇ, ਉਸਤਾਦ ਮੌਲਾ ਦਾਦ ਖ਼ਾਂ ਸਾਹਿਬ ਜਿਨਾਂ ਦੇ ਘਰਾਣੇ ਦਾ ਨਾਮ ਤਲਵੰਡੀ ਘਰਾਣਾ ਸੀ। ਆਪਣੇ ਸਮੇਂ ਦੀ ਏਨਾ ਦੀ ਧਰੁਪਦ ਗਾਇਕੀ ਛਾਪ ਬਹੁਤ ਪ੍ਰਸਿਧ ਸੀ ।

ਮੁਸਲਮਾਨ ਹੁੰਦੇ ਹੋਏ ਏਨਾ ਭਗਤੀ ਭਾਵ ਵਿਚ ਕਈ ਐਸੀਆਂ ਬੰਦਸ਼ਾਂ ਬਣਾਈਆਂ ਹਨ, ਜਿਨ੍ਹਾਂ ਤੋਂ ਉਸ ਸਮੇਂ ਦੀ ਸੰਪਰਦਾਇਕ ਏਕਤਾ ਦੀ ਮਿੱਠੀ ਝਲਕ ਪੈਂਦੀ ਹੈ। ਸ਼ਿਵ- ਸ਼ਤੁਤੀ' ਦੀ ਇਨ੍ਹਾਂ ਦੀ ਮਨੋਹਰ ਰਚਨਾ ਦੇਖਣ ਯੋਗ

ਹੈ।

ਪਾਗ ਜਟਾਂ ਵਾਂਗੋਂ ਭਸਮ ਬਸਤ੍ਰ ਲੀਏ
ਭੂਸ਼ਣ ਹੋ ਨਾਗ ਸੁਭੋਜਨ ਭੰਗ।
ਸ਼ਿਵ ਸਰੂਪ ਸ਼ਾਮ ਰੂਪ ਅਨੂਪ
ਭਾਲ ਚੰਦ੍ਰ ਸਜੇ ਪਾਰਬਤੀ ਅੰਗ ਸੰਗ
ਡਮਰੂ ਵਾਜਤ ਗਾਵਤ ਗੁਣ ਗਨੇਸ਼
ਬਾਵਾ ਭੋਲਾ ਮਲੇ ਮਾਲਾ ਹੈ ਰੁੰਡ।
ਮੌਲਾਦਾਦ ਕੇ ਪ੍ਰਭ ਦੇਵਨ ਦੇਵ
ਸ਼ੰਕਰ ਅਤੀਤ ਔਰ ਸੀਸ ਮੈਂ ਗੰਗ।

ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਸ਼ਾਹੀ ਅਲਯਾਸ ਹੋਏ, ਉਹ ਫ਼ਕੀਰਾਨਾ ਬਿਰਤੀ ਵਾਲੇ ਸਨ। ਉਨ੍ਹਾਂ ਦੀਆਂ ਰਚਨਾਂ ਬਹੁਤ ਹੀ ਸੁੰਦਰ ਸਰੂਪਾ ਵਿਚ ਮਿਲਦੀਆਂ ਹਨ। ਉਹ ਆਪਣੇ ਗੁਰੂ ਜੀ ਸ਼ੰਕਰ ਸ਼ਾਹ ਜੋਗੀ ਜੀ ਦੇ ਦਰਸ਼ਨਾਂ ਦੇ ਵੈਰਾਗੀ ਸਨ। ਇਹ ਝਲਕ ਉਨ੍ਹਾਂ ਦੀਆਂ ਰਚਨਾਵਾਂ ਤੋਂ ਮਿਲਦੀ ਹੈ। ਸੋਰਠ ਚਾਰ ਤਾਲ ਵਿਚ ਆਪ ਦੀ ਰਚਨਾ ਹੈ:-

ਕਠਿਨ ਦਿਨ ਬੀਤੇ ਪੀਆ ਬਿਨ
ਅਵਧ ਪਲ ਛਿਨ ਦਿਨ ਗਿਨਤ ਸੂਕੇ
ਜਬਕੇ ਬਦੇਸ ਗਏ ਸੁਧਾ ਤੂੰ ਨਾਂ ਲੀਨੀ ਮੋਰੀ
ਪਾਤੀ ਨਾ ਪਠਾਈ ਨਾਂ ਸ਼ੰਦੇਸ਼ਾਂ ਵਾ ਮੋਪੇ
ਨੀਂਦ ਨਹੀਂ ਆਵਤ ਦ੍ਰਿਗਨ ਜਲ ਭਰ ਭਰ
ਆਵਤ ਮਾਸ ਸੀਤਲ ਪਲ ਪਲ
ਆਵਤ ਯਾਦ ਅੰਗ ਉਨੀਕੇ।
ਐਸਾ ਕੋਈ ਹੋਵੇ ਸੁਘਰ ਚਤੁਰ ਨਰ
ਅਲੀਆਸਾ ਸੰਤਾ ਕੇ ਆਣ ਮਿਲਾਵੇ
ਏਹ ਪਾਪੀ ਪ੍ਰਾਣ ਉਨੀ ਕੇ ਸੰਗ ਜਾਨਤ ਚੂਕੇ।

ਆਪ ਦੀ ਹੀ ਇਕ ਹੋਰ ਰਚਨਾ ਚਾਰ ਤਾਲ ਰਾਗ ਬਿਹਾਗ ਵਿਚ ਹੈ। ਇਸ ਵਿਚ ਉਨ੍ਹਾਂ ਆਪਣੇ ਗੁਰੂ ਜੀ ਦੀ ਉਪਮਾਂ ਕੀਤੀ ਹੈ।

ਜਾਗੋ ਰਾਜਾ ਜਾਗੋ ਕਪਿਤਾ
ਜਾਗੋ ਮੰਤ੍ਰੀ ਜਾਗੋ ਘਾਇਲ, ਬਿਓਗੀ।
ਜਾਗੋ ਨਵਲਾ ਦੂਲਾ ਜਾਗੋ ਨਵਲੀ ਦੁਲਹਨ
ਜਾਗੇ ਧਨ ਪਾਤ੍ਰ ਜਾਗੇ ਤ੍ਰੈ ਸੌ ਸਠ ਭੋਗੀ।
ਜਾਗੋ ਦਿਵਾਰੀਆ ਜਾਗ ਯਾ ਕਸ਼ਟੀ
ਜਾਗੋ ਮਨ ਕਪਟੀ ਜਾਗੋ ਰੋਗੀ
ਏਤੇ ਸਭ ਜਾਗੋ ਜਾਗ ਫੂਕ ਸੋਏ,
ਅਲੀਆਸਾ ਨਿਸ ਦਿਨ ਜਾਗੇ ਸ਼ੰਕਰ ਸ਼ਾਹ ਜੋਗੀ।

ਉਸਤਾਦ ਮੌਲਦਾਦ ਖ਼ਾਂ ਸਾਹਿਬ ਜੋ ਤਲਵੰਡੀ ਘਰਾਣੇ ਦੇ ਰੁਕਨ ਸਨ। ਉਸਤਾਦ ਉਧੋ ਖ਼ਾਂ ਜੀ ਦੇ ਉਸਤਾਦ ਮੌਲਾ ਬਖਸ਼ ਜੀ ਦੇ ਉਸਤਾਦ ਸਨ। ਉਸਤਾਦ ਉਧੋ ਖ਼ਾਂ ਜੀ ਅਤੇ ਉਸਤਾਦ ਭਾਈ ਹਰਨਾਮ ਸਿੰਘ ਜੀ ਤੋਂ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕਰ ਕੇ ਵਿਦਿਆਰਥੀਆਂ ਨੂੰ ਸੰਗੀਤ ਵਿਦਿਆ ਦਾ ਦਾਨ ਇਨ੍ਹਾਂ ਅਧਿਆਪਕਾਂ ਰਾਹੀਂ ਦਵਾਇਆ ਜਿੰਨ੍ਹਾਂ ਵਿਚ ਲੇਖਕ ਭੀ ਹੈ। ਸਭ ਤੋਂ ਪਹਿਲੇ ਸੰਗੀਤ ਅਧਿਆਪਕ ਉਸਤਾਦ ਹਰਨਾਮ ਸਿੰਘ ਜੀ ਸੰਗੀਤ ਆਚਾਰਯ ਸਨ। ਉਸਤਾਦ ਉਧੋ ਖ਼ਾਂ ਜੀ ਦੇ ਸਪੁੱਤਰ ਰਹੀਮ ਬਖ਼ਸ਼ ਜੀ ਕੁਛ ਚਿਰ ਸੰਗੀਤ ਸਿੱਖਿਆ ਦਿੰਦੇ ਰਹੇ। ਉਸਤਾਦ ਉਧੋ ਖ਼ਾਂ ਜੀ ਨੂੰ ਸੰਗ੍ਰਹਿਣੀ ਦੀ ਬੀਮਾਰੀ ਹੋ ਗਈ ਅਤੇ ਡਾਕਟਰਾਂ ਹਕੀਮਾਂ ਵਲੋਂ ਨਿਰਾਸ਼ ਹੋ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਜੀ ਦੀ ਸਰਨ ਆਏ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਇਨ੍ਹਾਂ ਨੂੰ ਰੋਗ ਮੁਕਤ ਕਰ ਦਿਤਾ ਅਤੇ ਇੰਨ੍ਹਾਂ ਪਾਸੋਂ ਵਿਦਿਆਲੇ ਦੇ ਬਚਿਆਂ ਨੂੰ ਵਿਸ਼ੇਸ਼ ਕਰ ਕੇ ਧਰੁਪਦ ਦੀ ਸਿਖਿਆ ਦਿਲਵਾਈ।

ਪੰਡਤ ਮਹਾਂ ਦੇਵ ਜੀ ਜੈਪੁਰ ਕੱਥਕ ਘਰਾਣੇ ਦੇ ਮਹਾਨ ਵਿਦਵਾਨ ਸਨ। ਨਿਤਕਾਰੀ ਅਤੇ ਧਰੁਪਦ ਗਾਇਨ ਵਿਚ ਖਾਸ ਕਰ ਕੇ ਵਿਲੰਬਿਤ ਲਯ ਵਿਚ ਧਰੁਪਦ ਗਾਇਨ ਕਰਨਾ ਇਹ ਇਹਨਾਂ ਦੀ ਵਿਸ਼ੇਸ਼ਤਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਉਸਤਾਦ ਭਾਈ ਨਸੀਰ ਜੀ ਦੇ ਨਾਲ ਇਨ੍ਹਾਂ ਕਈ ਵਾਰੀ ਆਪਣੀ ਗਾਇਕੀ ਸੁਣਾਈ। ਇਨ੍ਹਾਂ ਦਾ ਸਪੁੱਤਰ ਦਰਸ਼ਨ ਲਾਲ ਨ੍ਰਿਤ ਕਰਦਾ ਸੀ। ਬਜ਼ੁਰਗ ਹੋਣ ਕਰ ਕੇ ਆਪ ਨ੍ਰਿਤ ਤਾਂ ਨਹੀਂ ਕਰਦੇ ਸਨ ਪਰ ਹਾਵ-ਭਾਵ ਦਿਖਾਉਣ ਵਿਚ ਆਪ ਦੀ ਕਮਾਲ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਨਾਲ ਪੰਡਤ ਮਹਾਂ ਦੇਵ ਜੀ ਸ੍ਰੀ ਜੀਵਨ ਨਗਰ ਦੇ ਕੁਝ ਵਿਦਿ-ਆਰਥੀਆਂ ਨੂੰ ਸੰਗੀਤ ਸਿੱਖਿਆ ਦਿਤੀ। ਜਿਨ੍ਹਾਂ ਵਿਚੋਂ ਹਰਭਜਨ ਸਿੰਘ, ਗੁਰਦੇਵ ਸਿੰਘ 'ਕੋਇਲ' ਅਤੇ ਕੁਝ ਹੋਰ ਭੀ ਹਨ।

ਉਸਤਾਦ ਪਿਆਰਾ ਸਿੰਘ ਜੀ ਜੋ ਆਕਾਸ਼-ਬਾਣੀ (ਆਲ ਇੰਡੀਆ ਰੇਡੀਓ) ਚੋਂ ਤਾਰ ਸ਼ਹਿਨਾਈ ਪ੍ਰਸਾਰਣ ਕਰਦੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਉਨ੍ਹਾਂ ਤਾਰ ਸ਼ਹਿਨਾਈ ਦੀ ਸਿਖਿਆ ਗੁਰਦੇਵ ਸਿੰਘ ਅਤੇ ਬਲਜੀਤ ਸਿੰਘ ਨੂੰ ਦਿੱਤੀ ਹੈ।

ਉਸਤਾਦ ਹਾਫਿਜ਼ ਅਲੀ ਖ਼ਾਂ ਸਾਹਿਬ ਜੋ ਗਵਾਲੀਅਰ ਰਹਿਣ ਵਾਲੇ ਸਨ ਉਨ੍ਹਾਂ ਰਬਾਬ ਨੂੰ ਨਵਾਂ ਰੂਪ ਦੇ ਕੇ ਉਸ ਦਾ ਨਾਮ ਸਰੋਦ ਰਖਿਆ। ਉਸਤਾਦ ਹਾਫ਼ਿਜ਼ ਅਲੀ ਖ਼ਾਂ ਸਾਹਿਬ ਦੇ ਸਯੋਗ ਸਪੁੱਤਰ ਅਮਜਦ ਅਲੀ ਖ਼ਾਂ ਇਸ ਵੇਲੇ ਪ੍ਰਮਾਣਿਕ ਸਰੋਧ ਵਾਦਕ ਹਨ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਨ੍ਹਾਂ ਤੋਂ ਸਰੋਦ ਵਾਦਨ ਦੀ ਸਿਖਿਆ ਗੁਰਦੇਵ ਸਿੰਘ ਨੇ ਪ੍ਰਾਪਤ ਕੀਤੀ ਹੈ।

ਕਈ ਨਵੇਂ ਸਾਜ਼ਾਂ ਦੀਆਂ ਰਚਨਾਂ ਹੋਈਆਂ ਹਨ ਜਿੰਨ੍ਹਾਂ ਵਿਚੋਂ ਇਕ 'ਸੰਤੂਰ' ਭੀ ਹੈ। ਸੰਤੂਰ ਵਾਦਕ ਪੰਡਤ ਸ਼ਿਵ ਕੁਮਾਰ ਸ਼ਰਮਾ ਸੰਤੂਰ ਵਾਦਨ ਕਰਦੇ ਹਨ ਅਤੇ ਇਸ ਵਿਦਿਆ ਵਿਚ ਆਪਣਾ ਸਥਾਨ ਉਹ ਆਪ ਹੀ ਰਖਦੇ ਹਨ। ਪੰਡਤ ਜੀ ਸ੍ਰੀ ਸਤਿਗੁਰੂ ਜੀ ਦੇ ਬਹੁਤ ਪ੍ਰੇਮੀ ਹਨ। ਦੋ ਨਾਮਧਾਰੀ ਯੁਵਕ, ਹਰਜਿੰਦਰ ਸਿੰਘ ਅਤੇ ਕਿਰਨਪਾਲ ਸਿੰਘ ਇਨ੍ਹਾਂ ਤੋਂ ਸੰਤੂਰ ਵਾਦਨ ਦੀ ਸਿਖਿਆ ਬੰਬਈ ਵਿਖੇ ਪ੍ਰਾਪਤ ਕਰ ਰਹੇ ਹਨ।

ਭਾਰਤ ਵਿਚ ਬੰਸਰੀ ਵਾਦਨ ਅਨਜਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ। ਇਸ ਵੇਲੇ ਪੰਡਤ ਹਰੀ ਪ੍ਰਸ਼ਾਦ ਜੀ ਚੌਰਸੀਆ ਸਰਵੋਚ ਬੰਸਰੀ ਵਾਦਕ ਹਨ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਜੰਮੂ ਵਾਲੇ ਸਤਪਾਲ ਸਿੰਘ ਜੀ ਏਨਾਂ ਤੋਂ ਬੰਸਰੀ ਵਾਦਨ ਦੀ ਸਿਖਿਆ ਪ੍ਰਾਪਤ ਕਰ ਰਹੇ ਹਨ।

ਮ੍ਰਿਦੰਗ ਦਾ ਦੂਜਾ ਨਾਮ ਪਖਾਵਜ ਹੈ। ਇਸ ਦਾ ਵਾਦਨ ਹੋਵੇ ਤਾਂ ਹੀ ਸੰਗੀਤ ਦਾ ਰਸ ਬਣਦਾ ਹੈ। ਪੁਰਾਣੇ ਸਮੇਂ ਵਿਚ ਬੜੇ ਮ੍ਰਿਦੰਗ ਵਾਦਕ ਹੋ ਚੁਕੇ ਹਨ। ਪਰ ਸਭ ਤੋਂ ਵਿਸ਼ੇਸ਼ ਸਥਾਨ ਕਦਊ ਸਿੰਘ ਜੀ ਦਾ ਮੰਨਿਆਂ ਜਾਂਦਾ ਹੈ। ਏਹ ਕੁਛ ਚਿਰ ਦਤੀਆ (ਝਾਂਸੀ ਪਾਸ ਪੁਰਾਣੀ ਇਕ ਰਿਆਸਤ) ਮਹਾਰਾਜਾ ਪਾਸ ਵੀ ਰਹੇ ਹਨ। ਇਨ੍ਹਾਂ ਬਾਰੇ ਕਈ ਕਥਾ ਪ੍ਰਸਿਧ ਹਨ । ਇਕ ਇਹ ਕਿ ਜਦੋਂ ਏਨਾਂ ਦਾ ਅਭਿਆਸ ਕਰਨ ਨੂੰ ਚਿਤ ਕਰਦਾ ਸੀ ਤਾਂ ਬਹੁਤ ਵਾਰੀ ਏਹ ਪੱਥਰ ਦੇ ਮ੍ਰਿਦੰਗ ਤੇ ਭੀ ਅਭਿਆਸ ਕਰਦੇ ਰਹਿੰਦੇ ਸਨ ਅਤੇ ਉਸ ਮ੍ਰਿਦੰਗ ਉਪਰ ਕਿਤਨਾ ੨ ਚਿਰ ਅਭਿਆਸ ਕਰਦੇ ਰਹਿਣ ਕਰ ਕੇ ਉਸ ਤੇ ਇਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਪਏ ਹੋਏ ਸਨ।

ਇਸ ਤੋਂ ਬਿਨਾਂ ਇਕ ਇਹ ਕਥਾ ਭੀ ਸੁਣੀ ਗਈ ਹੈ ਕਿ ਇਕ ਵਾਰੀ ਰਾਜਾ ਕਿਸੇ ਗੱਲ ਤੋਂ ਏਨਾਂ ਨਾਲ ਨਰਾਜ਼ ਹੋ ਗਿਆ ਅਤੇ ਉਸ ਨੇ ਏਨਾਂ ਨੂੰ ਖੂਨੀ ਹਾਥੀ ਤੋਂ ਮਰਵਾਉਣ ਦਾ ਹੁਕਮ ਦੇ ਦਿਤਾ। ਕਦਊ ਸਿੰਘ ਨੂੰ ਪੁੱਛਿਆ ਗਿਆ ਕਿ ਹੁਣ ਤੁਹਾਡੀ ਅੰਤਮ ਇਛਾ ਕੀ ਹੈ ? ਏਨਾਂ ਕਿਹਾ ਕਿ ਮੈਨੂੰ ਮੇਰਾ ਪਖਾਵਜ (ਮ੍ਰਿਦੰਗ) ਲਿਆ ਦਿਉ। ਜਬ ਮੈਦਾਨ ਵਿਚ ਏਨਾਂ ਨੂੰ ਹਾਥੀ ਤੋਂ ਮਰਵਾਇਆਂ ਜਾਣਾ ਸੀ ਓਥੇ ਸਭ ਦਰਸ਼ਕ ਰਾਜੇ ਦੇ ਸਮੇਤ ਦੇਖ ਰਹੇ ਸਨ। ਹਾਥੀ ਛੱਡ ਦਿੱਤਾ ਗਿਆ ਅਤੇ ਏਧਰ ਏਨਾਂ ਨੇ ਪਖਾਵਜ ਵਾਦਨ ਆਰੰਭ ਕਰ ਦਿਤਾ। ਹਾਥੀ ਆਇਆ ਆ ਕੇ ਪਖਾਵਜ ਸੁਣ ਕੇ ਵਾਪਸ ਚਲਾ ਗਿਆ। ਕਦਊ ਸਿੰਘ ਜੀ ਨੂੰ ਕੁਝ ਨਹੀਂ ਕਿਹਾ। ਪਖਾਵਜ ਕਰਨ ਵਾਲੇ ਹੁਣ ਭੀ ਏਨਾਂ ਦਾ ਨਾਮ ਬਹੁਤ ਆਦਰ ਸਤਿਕਾਰ ਨਾਲ ਲੈਂਦੇ ਹਨ।

ਅੰਮ੍ਰਿਤਸਰ ਦੇ ਰਬਾਬੀਆਂ ਵਿਚੋਂ ਭਾਈ ਚਰਾਗ ਦੇ ਸਪੁੱਤਰ ਅਤੇ ਸ਼ਗਿਰਦ ਅਤੇ ਮੇਰੇ ਉਸਤਾਦ, ਭਾਈ ਨਸੀਰ ਜੀ ਜਿੰਨ੍ਹਾਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਸਨੇਹ ਸੀ, ਜਿੰਨਾਂ ਨੇ ਕਿਤਨੀ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਅਨੇਕਾਂ ਪਦ ਅਤੇ ਹੋਰ ਗਾਇਨਾਂ ਨਾਲ ਪਖਾਵਜ ਵਾਦਨ ਕਰ ਕੇ ਸ੍ਰੀ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ, ਏਹ ਭੀ ਕਦਊ ਸਿੰਘ ਜੀ ਦੇ ਘਰਾਣੇ ਦੇ ਹੀ ਸ਼ਗਿਰਦ ਸਨ।

ਉਸਤਾਦ ਭਾਈ ਨਸੀਰ ਜੀ ਦੇ ਕਈ ਸ਼ਗਿਰਦ ਸਨ। ਜਿੰਨ੍ਹਾ ਵਿਚੋਂ ਇਕ ਭਾਈ ਨਿਹਾਲ ਸਿੰਘ ਭੀ ਸੀ। ਭਾਈ ਨਿਹਾਲ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਤਬਲਾ ਵਾਦਨ ਕਰਦੇ ਰਹੇ ਹਨ ਅਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਿਚ ਭੀ ਆਪ ਨੇ ਬਹੁਤ ਸਮਾਂ ਤਬਲਾ ਵਾਦਨ ਕੀਤਾ ਹੈ। ਇਨਾਂ ਦੇ ਕਈ ਸ਼ਗਿਰਦ ਇਸ ਦਰਬਾਰ ਵਿਚ ਹਨ, ਜਿੰਨਾਂ ਵਿਚੋਂ ਪ੍ਰਮੁਖ ਸੁਖਵਿੰਦਰ ਸਿੰਘ (ਪਿੰਕੀ) ਹੈ। ਕਰੀਬ ਦੋ ਮਹੀਨੇ ਹੋਏ ਹਨ, ਕੁਛ ਚਿਰ ਬੀਮਾਰ ਰਹਿ ਕੇ, ਸ੍ਰੀ ਜੀਵਨ ਨਗਰ ਏਨਾਂ ਦਾ ਸਰੀਰ ਚਲ ਗਿਆ ਹੈ :

ਪਖਾਵਜ ਵਾਦਨ ਵਿਚ ਦਿੱਲੀ ਨਿਵਾਸੀ ਪੰਡਿਤ ਗੋਪਾਲ ਦਾਸ ਇਸ ਵੇਲੇ ਪ੍ਰਸਿਧ ਹਨ। ਅਰਜਨ ਬੇਜਵਾਲ ਜੀ ਬੰਬਈ ਵਿਚ ਮੰਨੇ ਹੋਏ ਪਖਾਵਜੀ ਹਨ। ਪਰ ਸਵਾਮੀ ਪਾਮਲ ਦਾਸ ਜੀ ਅਯੋਧਿਆ (ਉਤਰ ਪ੍ਰਦੇਸ਼) ਪਖਾਵਜ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੇ ਹਨ।

ਇਸ ਵੇਲੇ ਭਾਰਤ ਵਿਚ ਤਬਲਾ ਵਾਦਨ ਵਿਚ ਗਤ ਤੋੜਾ ਅਤੇ ਹੋਰ ਵਿਦਿਆ ਦਾ ਕਮਾਲ ਜੋ ਬਨਾਰਸ ਦੇ ਪੰਡਿਤ ਕ੍ਰਿਸ਼ਨ ਮਹਾਰਾਜ ਅਤੇ ਪੰਡਿਤ ਸ਼ਾਂਤਾ ਪ੍ਰਸਾਦ ਜੀ ਨੂੰ ਹਾਸਲ ਹੈ, ਉਹ ਹੋਰ ਕਿਸੇ ਪਾਸ ਨਹੀਂ। ਉਪ੍ਰੋਕਤ ਸੁਖਵਿੰਦਰ ਸਿੰਘ

(ਪਿੰਕੀ) ਨੇ ਆਰੰਭਿਕ ਸਿਖਿਆ ਭਾਈ ਨਿਹਾਲ ਸਿੰਘ ਜੀ ਤੋਂ ਅਤੇ ਬਾਅਦ ਵਿਚ ਪੰਡਿਤ ਕ੍ਰਿਸ਼ਨ ਮਹਾਰਾਜ ਜੀ ਤੋਂ ਪ੍ਰਾਪਤ ਕੀਤੀ ਹੈ।

ਭਾਰਤੀ ਨ੍ਰਿਤਯ ਕਲਾ ਦਾ ਪ੍ਰਦਰਸ਼ਨ ਕਰਨ ਵਾਲੇ ਪ੍ਰਸਿਧ ਕਲਾਕਾਰ ਪੰਡਿਤ ਬ੍ਰਿਜੂ, ਮਹਾਰਾਜ ਹਨ। ਆਪ ਦਿੱਲੀ ਦੀ ਸੰਸਥਾ ਭਾਰਤੀਯ ਕਲਾ ਕੇਂਦਰ ਦੇ ਮੁਖੀ ਹਨ। ਨ੍ਰਿਤ ਕਲਾ ਆਪ ਦੀ ਅਪ੍ਰਮਾਣੀਕ ਹੈ। ਆਪ ਭੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮੀ ਹਨ ਅਤੇ ਇਕ ਲੜਕਾ ਅਮਰ ਸਿੰਘ ਏਨਾਂ ਤੋਂ ਨ੍ਰਿਤਯ ਕਲਾ ਦੀ ਸਿਖਿਆ ਪ੍ਰਾਪਤ ਕਰ ਰਿਹਾ ਹੈ। ਨ੍ਰਿਤਯ ਕਲਾ ਦੇ ਮਹਾਨ ਵਿਦਵਾਨ ਪੰਡਿਤ ਦੁਰਗਾ ਲਾਲ ਜੀ ਨੇ ਭੀ ਇਸ ਕਲਾ ਵਿਚ ਬਹੁਤ ਯੋਗਤਾ ਪ੍ਰਾਪਤ ਕੀਤੀ ਹੈ ਅਤੇ ਸੰਗੀਤ ਸੰਸਾਰ ਵਿਚ ਬਹੁਤ ਪ੍ਰਸਿਧੀ ਪਾਈ ਹੈ।

## ਗੁਰਬਾਣੀ ਸੰਗੀਤ

ਸੰਗੀਤ ਆਚਾਰਯ, ਉਸਤਾਦ ਹਰਨਾਮ ਸਿੰਘ ਜੀ, ਜੋ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆ ਦੇ ਸਰਬ ਪ੍ਰਥਮ ਅਧਿਆਪਕ ਸਨ। ਆਪ ਕਈ ਵਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਭੀ ਜਾਂਦੇ ਰਹਿੰਦੇ ਅਤੇ ਓਥੇ ਰਬਾਬੀਆਂ ਨਾਲ ਗਾਇਨ ਵਾਦਨ ਕਰਦੇ ਰਹਿੰਦੇ। ਆਪ ਜੀ ਕਈ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਰਹੇ ਹਨ। ਆਪ ਵਿਲੰਬਿਤ ਲਯ ਵਿਚ ਬਹੁਤ ਦ੍ਰਿੜਤਾ ਨਾਲ ਗਾਇਨ ਕਰਦੇ ਰਹੇ। ਉਨ੍ਹਾਂ ਦੇ ਇਸ ਗੁਣ ਦੀ ਅੰਸ ਮਾਤ੍ਰ ਉਨ੍ਹਾਂ ਦੇ ਸ਼ਗਿਰਦ ਵਿਚ ਭੀ ਹੈ। ਇਕ ਵਾਰੀ ਛੇ ਮਹੀਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰੇ ਨਾਲ ਆਪ ਰਹੇ ਅਤੇ ਛਿਆਂ ਮਹੀਨਿਆ ਵਿਚ ਕੋਈ ਸ਼ਬਦ ਦੂਜੀ ਵਾਰ ਨਹੀਂ ਪੜ੍ਹਿਆ।

ਇਸਲਾਮ ਧਰਮ ਵਿਚ ਰਾਗ ਮਮਨੂਹ (ਵਰਜਿਤ) ਹੈ ਮਿਸ਼ਕਾਤੁਲ ਸਾਬਿ" ਅਨੁਸਾਰ 'ਨਾਫੀ' ਲਿਖਦਾ ਹੈ ਕਿ ਉਹ ਇਕ ਵਾਰੀ ਖਲੀਫਾ ਉਮਰ ਦੇ ਨਾਲ ਜਾ ਰਿਹਾ ਸੀ। ਰਸਤੇ ਵਿਚ ਰਾਗ ਦੀ ਆਵਾਜ਼ ਆਈ। ਸੁਣਦਿਆਂ ਹੀ ਖਲੀਫ਼ਾ ਜੀ ਨੇ ਝੱਟ ਕੰਨਾਂ ਵਿਚ ਉਂਗਲਾਂ ਦੇ ਲਈਆਂ। ਪੁੱਛਣ ਤੇ ਉਨ੍ਹਾਂ ਦੱਸਿਆ ਕਿ ਇਕ ਵਾਰੀ ਉਹ ਹਜ਼ਰਤ ਮੁਹੰਮਦ ਸਾਹਿਬ ਨਾਲ ਜਾ ਰਹੇ ਸਨ ਅਤੇ ਰਾਗ ਦੀ ਅਵਾਜ਼ ਸੁਣ ਕੇ ਹਜ਼ਰਤ ਨੇ ਕੰਨ ਬੰਦ ਕਰ ਲਏ ਸਨ।

ਔਰੰਗਜ਼ੇਬ ਬਾਦਸ਼ਾਹ ਬਾਰੇ ਏਹ ਲਿਖਿਆ ਹੈ, ਕਿ ਪਿਛਲੇ ਮੁਗਲ ਬਾਦਸ਼ਾਹਾਂ ਤੋਂ ਚਲੀ ਆ ਰਹੀ ਦਰਬਾਰੀ ਰਾਗੀਆਂ ਦੀ ਪ੍ਰੰਪਰਾਂ ਬੰਦ ਕਰ ਕੇ ਸਭ ਰਾਗੀਆਂ ਨੂੰ ਛੁੱਟੀ ਕਰ ਦਿੱਤੀ। ਦੁਖੀ ਹੋ ਕੇ ਓਨਾਂ ਇਕ ਵਿਉਂਤ ਸੋਚੀ। ਰਾਗ ਦਾ ਜਨਾਜ਼ਾ (ਅਰਬੀ) ਬਣਾ ਕੇ ਓਥੋਂ ਦੀ ਹੋ ਨਿਕਲੇ ਜਿਥੇ ਔਰੰਗਜ਼ੇਬ ਬੈਠਾ ਸੀ। ਉਸ ਨੇ ਪੁੱਛਿਆ ਇਹ ਕੀ ਹੈ? ਕੋਲੋਂ ਕਿਸੇ ਨੇ ਕਿਹਾ ਕਿ ਏਹ ਰਾਗ ਦਫਨਾਉਣ ਜਾ ਰਹੇ ਹਨ। ਬਾਦਸ਼ਾਹ ਨੇ ਕਿਹਾ ਕਿ ਇਸ ਨੂੰ ਡੂੰਘਾ ਟੋਆ ਪੁੱਟ ਕੇ ਦਫਨਾਉਣਾ, ਜਿਸ ਵਿਚੋਂ ਕਿਤੇ ਇਹ ਨਿਕਲ ਨਾ ਆਵੇ।

ਭਾਵੇਂ ਸ਼ਰਈ ਮੁਸਲਮਾਨ ਦੇ ਵੀਚਾਰ ਐਸੇ ਸਨ ਪਰ ਆਪਣੇ ਪ੍ਰਚਾਰ ਦੌਰੇ ਆਰੰਭ ਕਰਦਿਆਂ ਹੀ ਸ੍ਰੀ ਸਤਿਗੁਰੂ ਨਾਨਕ ਦੇਵ ਸੀ ਨੇ ਭਾਈ ਮਰਦਾਨਾ ਜੀ ਨੂੰ ਨਾਲ ਲਿਆ। ਜੋ ਉਮਰ ਭਰ ਸੇਵਾ ਅਤੇ ਪ੍ਰੇਮ ਭਾਵਨਾਂ ਨਾਲ ਗੁਰੂ ਜੀ ਦੇ ਹਜ਼ੂਰ ਗੁਰੂ ਜੀ ਦੀ ਉਚਾਰੀ ਹੋਈ ਬਾਣੀ ਦਾ ਕੀਰਤਨ ਕਰਦੇ ਰਹੇ। ਏਸੇ ਤਰ੍ਹਾਂ ਬਾਅਦ ਦੇ ਸਤਿਗੁਰਾਂ ਦੇ ਹਜ਼ੂਰ ਭੀ ਭਾਈ ਮਰਦਾਨਾ ਜੀ ਦੀ ਵੰਸ ਜਾਂ ਸੰਪਰਦਾਯ ਦੇ ਰਬਾਬੀ ਕੀਰਤਨ ਕਰਦੇ ਰਹੇ।

ਰਬਾਬ ਦੇ ਤਾਰ ਜਾਂ ਤੰਦ ਹੁੰਦੇ ਹਨ। ਕਿਸੇ ਇਕ ਗਰੰਥ ਵਿਚ ਇਸ ਨੂੰ 'ਰਾਵਣ ਵੀਣਾ' ਭੀ ਲਿਖਿਆ ਹੈ। ਦੋ ਪ੍ਰਕਾਰ ਦੇ ਰਬਾਬ ਵਾਦਨ ਕੀਤੇ ਜਾਂਦੇ ਰਹੇ ਹਨ। ਇਕ ਉਹ ਜਿਨਾਂ ਦੇ ਸ੍ਵਰ ਲੱਭਣ ਦੀ ਸਹੂਲਤ ਵਾਸਤੇ ਬੰਦ ਲਗਾਏ ਜਾਂਦੇ ਹਨ। ਦੂਜੇ ਬਿਨਾਂ ਬੰਦਾਂ ਤੋਂ। ਗੁਰੂ ਅਰਜਨ ਦੇਵ ਜੀ ਦੇ ਸਮੇਂ ਜਦੋਂ ਸੱਤਾ ਤੇ ਬਲਵੰਡ ਰਬਾਬੀਆਂ ਨੂੰ ਅਭਿਮਾਨ ਹੋ ਗਇਆ ਤਦ ਗੁਰੂ ਜੀ ਨੇ ਸਿਖਾਂ ਨੂੰ ਰਾਗ ਦੀ ਬਖਸ਼ਿਸ਼ ਦਾ ਵਰਦਾਨ ਦਿਤਾ। ਫੇਰ ਭੁਲ ਬਖ਼ਸ਼ਾ ਕੇ ਏਹ ਰਬਾਬੀ ਗੁਰੂ ਜੀ ਦੇ ਹਜ਼ੂਰ ਰਹਿੰਦੇ ਰਹੇ।

ਆਦਿ ਸ੍ਰੀ ਗ੍ਰੰਥ ਵਿਚ ਰਾਮਕਲੀ ਦੀ ਤੀਜੀ ਵਾਰ ਏਨਾਂ ਰਬਾਬੀਆਂ ਦੀ ਮਨੋਹਰ ਰਚਨਾਂ ਹੈ।

ਗੁਰੂ ਘਰ ਵਿਚ ਰਬਾਬੀਆਂ ਰਾਗੀਆਂ ਦੀ ਚਲੀ ਆ ਰਹੀ ਕੀਰਤਨ ਕਥਾ ਨੂੰ ਹਾਨੀ ਹੁੰਦੀ ਦੇਖ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਸੰਪ੍ਰਦਾਯ ਦੇ ਪ੍ਰਸਿਧ ਵਿਦਵਾਨ ਭਾਈ ਤਾਬਾ ਜੀ ਅਤੇ ਭਾਈ ਨਸੀਰ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ। ਸ੍ਰੀ ਭੈਣੀ ਸਾਹਿਬ ਵਿਦਯਾਲੇ ਦੇ ਵਿਦਿਆਰਥੀਆਂ ਨੂੰ ਦਰਬਾਰ ਸਾਹਿਬ ਪ੍ਰੰਪਰਾਇਕ ਢੰਗ ਨਾਲ ਗਾਏ ਜਾਣ ਵਾਲੇ ਸ਼ਬਦ ਛੰਤ ਪਉੜੀਆਂ ਆਦਿਕ ਦੀ ਸਿਖਿਆ ਅਤੇ ਇਨ੍ਹਾਂ ਨਾਲ ਤਬਲਾ ਵਾਦਨ ਵਿਸ਼ੇਸ਼ ਢੰਗ ਨਾਲ ਕੀਤੇ ਜਾਣ ਦੀ ਸਿਖਲਾਈ ਕਰਵਾਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਵਾਰੀ ਕਈ

ਹੋਰ ਰਬਾਬੀਆਂ ਨੂੰ ਅੰਮ੍ਰਿਤਸਰ ਤੋਂ ਬੁਲਾ ਕੇ ਉਨ੍ਹਾਂ ਪਾਸੋਂ ਪੁਰਾਤਨ ਰੀਤਾਂ, ਚੌਂਕੀਆਂ ਦੇ ਢੰਗ ਅਤੇ ਗੁਰਬਾਣੀ ਦੇ ਕਈ ਸ਼ਬਦ ਸੁਣਦੇ ਰਹਿੰਦੇ ਸੀ। ਉਨ੍ਹਾਂ ਦੀ ਕਿਰਪਾ ਨਾਲ ਓਹੋ ਮਰਯਾਦਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਦਰਬਾਰ ਵਿਚ ਪੂਰੀ ਤਰਾਂ ਕਾਇਮ ਰਖੀਆਂ ਹੋਈਆਂ ਹਨ। ਆਪ ਇਸ ਮਰਯਾਦਾ ਅਨੁਸਾਰ ਗਾਯਨ ਅਤੇ ਵਾਦਨ ਬਹੁਤ ਸੁੰਦਰ ਕਰਦੇ ਹਨ ਅਤੇ ਆਪ ਜੀ ਦੀ ਕਿਰਪਾ ਨਾਲ ਕਈ ਸੰਗੀਤ ਵਿਦਿਆਰਥੀ ਇਸ ਪ੍ਰੰਪਰਾ ਤੋਂ ਸਿਖਯਤ ਹੋ ਰਹੇ ਹਨ। ਭਾਵੇਂ ਆਪਣੇ ਮੂਲ ਸਥਾਨ ਤੇ ਇਹ ਮਰਯਾਦਾ ਅਸਤ ਵਿਅਸਤ ਹੋ ਚੁਕੀ ਹੈ ਪਰ ਸਤਿਗੁਰੂ ਜੀ ਦੇ ਦਰਬਾਰ ਵਿਚ ਇਹ ਜਿਉਂ ਕੀ ਤਿਉਂ ਹੈ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਜਿਨਾਂ ਸਤਿਗੁਰਾਂ ਨੇ ਬਾਣੀ ਰਚੀ ਹੈ ਉਨ੍ਹਾਂ ਆਦਿ ਬਾਣੀ ਵਿਚ ੩੧ ਰਾਗਾਂ ਵਿਚ ਰਚਨਾ ਕੀਤੀ ਹੈ। ਬਹੁਤੀ ਵਿਆਖਿਆ ਰਾਗਾਂ ਦੀ ਨਹੀਂ ਕੀਤੀ ਤਾਂ ਵੀ ਆਪਣੀ ਇਛਾ ਅਨੁਸਾਰ ਕਿਤੇ-ਕਿਤੇ ਇਕ ਸ਼ਬਦ ਦੋ ਰਾਗਾਂ ਵਿਚ ਵਰਨਣ ਕਰ ਦਿਤਾ ਹੈ। ਜੈਸਾ ਕਿ ਸੂਹੀ ਵਿਚ 'ਏਕ ਕੋਟ ਪੰਚ ਸਿਕਦਾਰਾ' ਸ਼ਬਦ 'ਸੂਹੀ ਲਲਿਤ' ਵਿਚ ਲਿਖਿਆ ਹੈ। ਗਾਉਣ ਵਾਲੇ ਜਾਣਦੇ ਹਨ ਕਿ ਸੂਹੀ ਲਲਿਤ ਦਾ ਮੇਲ ਆਸਾਨ ਨਹੀਂ। ਭਾਈ ਤਾਬਾ ਜੀ ਇਸ ਨੂੰ ਬੜੇ ਸੁੰਦਰ ਢੰਗ ਨਾਲ ਗਾਇਨ ਕਰਦੇ ਸਨ । ਜਿਸ ਦਾ ਰੂਪ ਲੇਖਕ ਨੂੰ ਪੂਰੀ ਤਰ੍ਹਾਂ ਯਾਦ ਹੈ।

ਛੰਦਾਂ ਅਤੇ ਪਉੜੀਆਂ ਨਾਲ ਵੱਖ-ਵੱਖ ਰਾਗਾਂ ਅਨੁਸਾਰ ਤਬਲਾ ਵਾਦਨ ਦੀ ਵਿਧੀ ਉਸਤਾਦ ਭਾਈ ਨਸੀਰ ਜੀ ਨੇ ਲੇਖਕ ਨੂੰ ਦਸੀ ਹੈ। ਭਾਈ ਨਸੀਰ ਜੀ ਕਈ ਕਠਿਨ ਤਾਲਾਂ ਵਿਚ ਬੜੀ ਮਧੁਰ ਸੁਰ ਨਾਲ ਬੜੀਆਂ ਸੁੰਦਰ ਬੰਦਸ਼ਾਂ ਗਾਇਨ ਕਰਦੇ ਹੁੰਦੇ ਸਨ। ਜਿਸ ਤਰਾਂ ਉੱਤਰ ਅਤੇ ਦੱਖਣ ਭਾਰਤ ਦੇ ਰਾਗਾਂ ਦੇ ਨਾਮ ਵੱਖ ਵੱਖ ਹਨ। ਉੱਤਰ ਵਿਚ "ਮਾਲ ਕੌਂਸ ਪ੍ਰਸਿਧ ਰਾਗ ਨੂੰ ਦੱਖਣ ਵਿਚ "ਹਿਡੋਲਮ" ਆਖਿਆ ਜਾਂਦਾ ਹੈ। ਪੰਜਾਬ ਦੀ ਗਾਇਕੀ ਅਨੁਸਾਰ ਭੀ ਕੁਛ ਕੁਛ ਰਾਗ ਐਸੇ ਸਨ ਜਿੰਨਾਂ ਦਾ ਏਥੋਂ ਦੀ ਰਿਵਾਇਤ ਅਨੁਸਾਰ ਕਿਸੇ ਸੁਰ ਜਾਂ ਢੰਗ ਦਾ ਭਾਰਤੀ ਸੰਗੀਤ ਨਾਲ ਮੇਲ ਨਹੀਂ ਸੀ।

ਅੰਮ੍ਰਿਤਸਰ ਦੇ ਰਬਾਬੀਆਂ ਅਤੇ ਪੰਜਾਬ ਦੇ ਦੂਜੇ ਘਰਾਣੇ ਦੀ ਗਾਇਕੀ ਦੀ ਰਾਗਾਂ ਦੇ ਸੁਰਾਂ ਬਾਰੇ ਮਾਨਤਾ ਕਿਤੇ ਕਿਤੇ ਮਿਲਦੀ ਸੀ। ਭਾਵੇਂ ਇਹ ਆਮ ਹਿੰਦੁਸਤਾਨੀ ਸੰਗੀਤ ਤੋਂ ਕੁਛ ਫਰਕ ਵਾਲੀ ਹੀ ਸਮਝੀ ਜਾਂਦੀ ਸੀ।

ਦਰਬਾਰੀ ਕਾਨੜੇ ਦੀ ਰਚਨਾ ਤਾਨਸੈਨ ਜੀ ਦੀ ਕੀਤੀ ਦੱਸੀ ਜਾਂਦੀ ਹੈ। ਉਨ੍ਹਾਂ ਨੇ ਕਿਸ-ਕਿਸ ਰਾਗ ਦੇ ਕਿਹੜੇ-ਕਿਹੜੇ ਅੰਸ਼ ਲੈ ਕੇ ਇਸ ਦੀ ਰਚਨਾ ਕੀਤੀ ਹੈ ਇਹ ਉਹੀ ਜਾਣਦੇ ਸਨ। ਪੰਜਾਬ ਵਿਚ ਦਰਬਾਰੀ ਕਾਨੜਾ ਸ਼ੁੱਧ ਧੈਵਤ ਨਾਲ ਗਾਇਨ ਕੀਤਾ ਜਾਂਦਾ ਰਿਹਾ ਹੈ ਜਦੋਂ ਕਿ ਤਾਨਸੇਨ ਜੀ ਨੇ ਇਸ ਦੀ ਰਚਨਾ ਕੋਮਲ ਧੈਵਤ ਨਾਲ ਕੀਤੀ ਹੈ। ਇਸ ਦਾ ਪ੍ਰਮਾਣ ਸੰਗੀਤ ਕਾਦੰਬਿਨੀ' ਪੁਸਤਕ ਵਿਚੋਂ ਮਿਲਦਾ ਹੈ।

ਆਦਿ ਬਾਣੀ ਵਿਚ ਕੁਛ ਰਾਗ ਐਸੇ ਹਨ ਜਿਨ੍ਹਾਂ ਦੇ ਨਾਮ ਭਾਰਤੀਯ ਸੰਗੀਤ ਗ੍ਰੰਥਾਂ ਵਿਚ ਆਮ ਕਰ ਕੇ ਦੇਖਣ ਵਿਚ ਨਹੀਂ ਆਉਂਦੇ। ਆਸਾ, ਮਾਝ, ਸੂਹੀ ਅਤੇ ਵਡਹੰਸ ਖਾਸ ਕਰ ਕੇ ਵਰਣਨ ਯੋਗ ਹਨ। ਇਨ੍ਹਾਂ ਰਾਗਾਂ ਦੀ ਗਾਇਕੀ ਜੋ ਅੰਮ੍ਰਿਤਸਰ ਦੇ ਰਬਾਬੀਆਂ ਤੋਂ ਸਿੱਖੀ ਹੈ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਿਚ ਹੁਣ ਭੀ ਸੁਣੀ ਜਾ ਸਕਦੀ ਹੈ।

ਇੰਨਾਂ ਵਿਚੋਂ ਸੂਹੀ ਦਾ ਰੂਪ ਬਿਲਾਵਲ ਦੀ 'ਕੁਕੁੰਭ' ਜਾਤੀ ਨਾਲ ਅਤੇ ਵਡਹੰਸ ਦਾ ਤਿਲਕ ਕਮੋਦ' ਨਾਲ ਮਿਲਦਾ ਜੁਲਦਾ ਹੈ। ਏਨਾਂ ਰਾਗਾਂ ਦੀ ਸੁਰ-ਰਚਨਾ ਸਤਿਗੁਰੂ ਜੀ ਨੇ ਆਪ ਕੀਤੀ ਹੋਵੇ ਤਦ ਭੀ ਕੋਈ ਅਸਚਰਜ ਨਹੀਂ। ਇਤਿਹਾਸ ਤੋਂ ਇਹ ਪ੍ਰਮਾਣ ਮਿਲਦਾ ਹੈ ਕਿ ਪੋਥੀਆਂ ਲਿਆਉਣ ਵੇਲੇ ਤਾਨਪੁਰਾ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੋਹਨ ਜੀ ਦੇ ਚੁਬਾਰੇ ਹੇਠ ਆਪ ਗਾਇਨ ਕੀਤਾ ਸੀ।

ਗਉੜੀ ਦੀਆਂ ਨੌਂ ਜਾਤੀਆਂ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਲਿਖੀਆਂ ਹਨ। ਇਹ ਕੰਮ ਸੰਗੀਤ ਦੇ ਮਾਹਰ ਤੋਂ ਬਿਨਾਂ ਦੂਜਾ ਕੋਈ ਨਹੀਂ ਕਰ ਸਕਦਾ।

ਅੰਮ੍ਰਿਤਸਰ ਦੀ ਪੱਧਿਤੀ ਅਨੁਸਾਰ ਨਟ ਅਤੇ "ਪ੍ਰਭਾਤੀ" ਦੇ ਸੁਰ ਵਿਲੱਖਣ ਹਨ। ਗੁਰਬਾਣੀ ਵਿਚ 'ਘਰ' ਸ਼ਬਦ ਆਇਆ ਹੈ ਜਿਸ ਦੀ ਵਿਆਖਿਆ ਅਜੇ ਤਕ ਕੋਈ ਕਰ ਨਹੀਂ ਸਕਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਦੀ ਵਿਆਖਿਆ ਬਾਰੇ ਬੜੇ ਉਚ ਕੋਟੀ ਦੇ ਵਿਦਵਾਨਾਂ ਤੋਂ ਪੁੱਛਿਆ ਸੀ ਪਰ ਕੋਈ ਸਹੀ ਉਤਰ ਨਹੀਂ ਦੇ ਸਕਿਆ। ਮਹਾਰਾਸ਼ਟਰ ਦੇ ਮਹਾਨ ਵਿਦਵਾਨ ਭਾਰਤ ਖੰਡੇ ਜੀ ਅਤੇ ਪੰਡਿਤ ਵਿਸਨੂੰ ਦਿਗੰਬਰ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ ਇਹੋ ਪ੍ਰਸ਼ਨ ਕੀਤਾ ਸੀ। ਉਨ੍ਹਾਂ ਵਿਚੋਂ ਇਕ ਨੇ ਆਖਿਆ ਕਿ ਮੁਗਲ ਰਾਜ ਸਮੇਂ ਸਾਡੇ ਸੰਗੀਤ ਸਬੰਧੀ ਗ੍ਰੰਥ ਆਪਣੇ ਸ਼ੁੱਧ ਰੂਪ ਵਿਚ ਨਹੀਂ ਰਹਿ ਸਕੇ। ਇਸ ਕਰ ਕੇ ਇਸ ਦਾ ਤਸੱਲੀ

ਬਖਸ਼ ਉੱਤਰ ਦਿੱਤਾ ਨਹੀਂ ਜਾ ਸਕਦਾ।

ਏਹੋ ਉੱਤਰ ਏਨਾਂ ਵਿਦਵਾਨਾਂ ਦਾ ਰਾਗ ਅਤੇ ਰਾਗਨੀ ਦੀ ਪਹਿਚਾਣ ਕਰਨ ਬਾਰੇ ਸੀ। ਕਿਉਂਕਿ ਗੁਰਬਾਣੀ ਵਿਚ ਰਾਗ ਅਤੇ ਰਾਗਨੀਆਂ ਦਾ ਵਰਨਣ ਆਉਂਦਾ ਹੈ। ਜੈਸੇ ਕਿ ਰਾਗਾਂ ਵਿਚ 'ਸ੍ਰੀ ਰਾਗ ਹੈ ਅਤੇ ਸੋਰਠ ਤਾਮਿ ਸੁਹਾਗਣੀ'

ਇਉਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਸਤਿਗੁਰਾਂ ਸੰਗੀਤ "ਰਾਗ" ਨੂੰ ਭੀ ਈਸ਼ਵਰ ਭਗਤੀ ਦਾ ਇਕ ਪ੍ਰਮੁੱਖ ਸਾਧਨ ਮੰਨਿਆ ਹੈ। ਇਸਦੇ ਗੁਰਬਾਣੀ ਵਿਚ ਅਨੇਕ ਪ੍ਰਮਾਣ ਹਨ। ਜੈਸਾ ਕਿ :-

ਰਾਗੁ ਨਾਦੁ ਸਭ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਨ੍ਹੀ ਹੁਕਮੁ ਨ ਬੂਝਿਆ ਜਾਇ॥
ਤਥਾ :--ਰਾਗ ਨਾਦ ਸਬਦਿ ਸੋਹਣੇ
ਗੁਰੂ ਅਰਜਨ ਦੇਵ ਇਹ ਮੰਗਦੇ ਹਨ
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥

ਬ੍ਰਹਮਾ ਜੀ ਦੇ ਪੁੱਤਰ ਨਾਰਦ ਜੀ ਦਾ ਸੰਗੀਤ ਨਾਲ ਘਨਿਸ਼ਟ ਸਬੰਧ ਹੈ। ਨਾਰਦ ਵੀਣਾਂ ਇਕ ਪ੍ਰਸਿਧ ਵੀਣਾਂ ਹੈ। ਉਹ ਗਾਇਨ ਕਰ ਕੇ ਈਸ਼ਵਰ ਭਗਤੀ ਕਰਦੇ ਹਨ ਇਸ ਦੇ ਪ੍ਰਮਾਣ ਗ੍ਰੰਥਾਂ ਵਿਚੋਂ ਮਿਲਦੇ ਹਨ। ਇਨ੍ਹਾਂ ਦੀ ਭਗਤੀ ਦੀ ਪ੍ਰੇਰਣਾ ਦਿੰਦੇ ਹੋਏ ਸੋਰਠ ਰਾਗ ਵਿਚ ਆਪਣੇ ਸ਼ਬਦਾਂ ਵਿਚ ਕਬੀਰ ਜੀ ਲਿਖਦੇ ਹਨ: -

ਭਗਤਿ ਨਾਰਦੀ ਰਿਦੈ ਨ ਆਈ

ਨਾਰਦ ਜੀ ਨ੍ਰਿਤ ਗਾਇਨ ਅਤੇ ਵਾਦਨ ਸੰਗੀਤ ਦੇ ਤਿੰਨੋ ਅੰਗਾਂ ਦੀ ਪੂਰਤੀ ਕਰਦੇ ਹੋਏ ਭਗਤੀ ਕਰਦੇ ਹਨ। ਏਨਾਂ ਜੈਸੀ ਭਗਤੀ ਕਰਨ ਦੀ ਪ੍ਰੇਰਨਾ ਗੁਰਬਾਣੀ ਵਿਚ ਹੋਰ ਜਗ੍ਹਾ ਭੀ ਮਿਲਦੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗੀਤ ਵਿਦਿਆਰਥੀਆਂ ਨੂੰ ਜੋ ਸਿਖਿਆ ਦਿਲਵਾਈ। ਉਹ ਆਪ ਸਮੇਂ ਸਮੇਂ ਉਸ ਦੀ ਪ੍ਰੀਖਿਆ ਲੈਂਦੇ ਰਹਿੰਦੇ ਸਨ। ਹਰ ਤਿੰਨ ਮਹੀਨੇ ਬਾਅਦ ਬੱਚਿਆਂ ਦੀ ਪ੍ਰੀਖਿਆ ਉਸਤਾਦਾਂ ਪਾਸ ਹੁੰਦੀ ਸੀ ਅਤੇ ਹਰ ਇਕ ਸਾਲ ਬਾਅਦ ਸ੍ਰੀ ਸਤਿਗੁਰੂ ਜੀ ਆਪ ਪ੍ਰੀਖਿਆ (ਇਮਤਿਹਾਨ) ਲੈਂਦੇ ਸਨ। ਸ੍ਰੀ ਸਤਿਗੁਰੂ ਜੀ ਨੇ ਪ੍ਰੀਖਿਆ ਲੈਣ ਵਾਸਤੇ ਇਹ ਚਾਰ ਨਿਯਮ ਥਾਪੇ ਸਨ :-

੧. ਸੁਰ
2. ਤਾਲ
੩. ਸ਼ਬਦ
੪. ਲਯ

ਪ੍ਰੀਖਿਆ ਦੇਣ ਵਾਲੇ ਹਰ ਵਿਦਿਆਰਥੀ ਨੂੰ ਏਨਾਂ ਚਾਰ ਨਿਯਮਾਂ ਵਿਚ ਵੱਧ ਤੋਂ ਵੱਧ ਨੰਬਰ ਲੈਣ ਨਾਲ ਉਹ ਵੱਧ ਯੋਗ ਮੰਨਿਆ ਜਾਂਦਾ ਸੀ।

ਪਹਿਲਾਂ ਪ੍ਰੀਖਿਆ ਵੇਲੇ ਇਕੱਲੇ ਵਿਦਿਆਰਥੀ ਪਾਸੋਂ ਇਕਾਂਤ ਵਿਚ ਕੇਵਲ ਜੋੜੀ ਵਾਲੇ ਦੀ ਸੰਗਤ ਨਾਲ ਪ੍ਰੀਖਿਆ ਲਈ ਜਾਂਦੀ ਸੀ। ਬਾਦ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਰੇ ਵਿਦਿਆਰਥੀਆਂ ਨੂੰ ਪਾਸ ਬਿਠਾ ਕੇ ਪ੍ਰੀਖਿਆ ਲੈਣੀ ਸ਼ੁਰੂ ਕੀਤੀ ਅਤੇ ਪਾਸ ਬੈਠੇ ਵਿਦਿਆਰਥੀਆਂ ਨੂੰ ਭੀ ਨੰਬਰ ਲਾਉਣ ਵਾਸਤੇ ਪਰਚੇ ਦੇ ਦਿੱਤੇ ਜਾਂਦੇ ਸੀ ਤਾਂ ਕਿ ਉਨ੍ਹਾਂ ਦੀ ਇਸ ਯੋਗਿਤਾ ਦਾ ਪਤਾ ਭੀ ਲਗ ਸਕੇ ਕਿ ਇਮਤਿਹਾਨ ਦੇਣ ਵਾਲੇ ਨੂੰ ਸੁਰ, ਤਾਲ, ਸ਼ਬਦ ਅਤੇ ਲਯ ਵਿਚ ਇਹ ਕਿਤਨੇ ਕਿਤਨੇ ਨੰਬਰ ਦਿੰਦੇ ਹਨ।

ਲਯ ਦੀ ਪ੍ਰੀਖਿਆ 'ਜਟਾਪ ਵਾਚ' (ਵਿਸ਼ੇਸ਼ ਘੜੀ ਜੋ ਇਕ ਸੈਕਿੰਡ ਦੇ ੧੦ ਹਿਸੇ ਤੱਕ ਨਾਪਦੀ ਹੈ) ਨਾਲ ਕੀਤੀ ਜਾਂਦੀ ਸੀ।

ਸੰਗੀਤ ਇਕ ਐਸੀ ਵਿਦਿਆ ਹੈ ਜਿਸ ਦੇ ਵਿਸਥਾਰ ਦੀ ਤੁਲਨਾ ਸਭ ਸਮੁੰਦਰਾਂ ਨਾਲ ਭੀ ਨਹੀਂ ਕੀਤੀ ਜਾ ਸਕਦੀ। ਵਿਦਵਾਨਾਂ ਨੇ ੪੯ ਕ੍ਰੋੜ ਤਾਨਾ ਮੰਨੀਆਂ ਹਨ। ਇਸ ਲੇਖ ਵਿਚ ਸੰਗੀਤ ਦੇ ਵੱਖ ਵੱਖ ਅੰਗ ਕੇਵਲ ਛੋਹੇ ਹੀ ਗਏ ਹਨ।

ਕਿਹਾ ਜਾਂਦਾ ਹੈ ਕਿ ਸੰਗੀਤ ਦੇ ਅਤੇ ਵਿਦਵਾਨ ਤਾਨਸੈਨ ਜੀ ਨੂੰ ਕਿਸੇ ਨੇ ਪੁਛਿਆ ਸੀ ਕਿ ਤੁਸੀਂ ਕਿਤਨੀ ਵਿਦਿਆ ਪ੍ਰਾਪਤ ਕੀਤੀ ਹੈ ? ਉਨ੍ਹਾਂ ਉਸ ਨੂੰ ਨਦੀ ਕੰਡੇ ਲੈ ਜਾ ਕੇ ਤਲਵਾਰ ਪਾਣੀ ਵਿਚ ਦੀ ਫੇਰ ਕੇ ਇਕ ਬੂੰਦ ਦਾ ਉਦਾਹਰਣ ਦਿੱਤਾ ਸੀ। ਇਹ ਵਿਦਿਆ ਇਹ ਨਦੀ ਹੈ ਮੇਰੇ ਪਾਸ ਇਸ ਵਿਚੋਂ ਇਕ ਬੂੰਦ ਹੈ।

ਪ੍ਰੇਮਾ ਭਗਤੀ ਲਈ ਹਰਿ ਕੀਰਤਨ ਇਕ ਅਮੁਲਯ ਸਾਧਨ ਹੈ। ਵਿਦਿਆ ਅਪਣੀ ਜਗ੍ਹਾ ਅਤੇ ਭਗਤੀ ਜਿਸ ਦਾ ਸਬੰਧ ਆਤਮਾ ਨਾਲ ਹੈ ਆਪਣੀ ਜਗ੍ਹਾ।

ਜਿਸ ਨੇ ਇਸ ਦੀ ਰਚਨਾ ਕੀਤੀ ਹੈ, ਉਹ ਹੀ ਇਸ ਦੀ ਵਿਆਖਿਆ ਕਰ ਸਕਦਾ ਹੈ। ਮਨੁੱਖੀ ਸ਼ਕਤੀ ਤੋਂ ਇਹ ਬਹੁਤ ਦੂਰ ਦੀ ਗੱਲ ਹੈ। ਇਸ ਵਿਦਿਆ ਵਿਚ ਵਿਸ਼ੇਸ਼ ਆਕਰਸ਼ਣ ਹੈ। ਇਸੇ ਕਰ ਕੇ ਇਸ ਦੀ ਸਿਫ਼ਤ ਕਰਨ ਦਾ ਤੁਛ ਬੁਧੀ ਅਨੁਸਾਰ ਯਤਨ ਕੀਤਾ ਗਿਆ ਹੈ। ਆਸ ਹੈ ਕਿ ਸੰਗੀਤ ਦੀ ਰੁਚੀ ਰੱਖਣ ਵਾਲੇ ਪਾਠਕ ਰੁਚੀ ਨਾਲ ਪੜ੍ਹਣਗੇ।

..........................................................

# ਕੀ ਦਸਮ ਗ੍ਰੰਥ ਗੁਰਬਾਣੀ ਨਹੀਂ ?



**ਮਹਾਰਾਜ ਬੀਰ ਸਿੰਘ ਜੀ**

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ।

ਇਕ ਐਸਾ ਸਮਾਂ ਸੀ ਕਿ ਗੁਰਬਾਣੀ ਬਾਰੇ ਕਦੀ ਇਹ ਸੋਚਿਆ ਹੀ ਨਹੀਂ ਸੀ ਜਾਂਦਾ ਕਿ ਇਸ ਵਿਚ ਜੋ ਲਿਖਿਆ ਹੈ ਉਸ 'ਤੇ ਅਸੀਂ ਆਪਣੀ ਬੁਧੀ ਅਨੁਸਾਰ ਕੋਈ ਟੀਕਾ ਟਿਪਣੀ ਕਰ ਸਕਦੇ ਹਾਂ। ਗੁਰਬਾਣੀ ਬਾਰੇ ਐਸੀ ਵਿਚਾਰ ਰੱਖਣ ਵਾਲੇ ਨੂੰ ਸਿਖ ਹੀ ਨਹੀਂ ਸੀ ਸਮਝਿਆ ਜਾਂਦਾ। ਗੁਰਬਾਣੀ ਦਾ ਪਾਠ ਨਿਤ ਇਸ਼ਨਾਨ ਕਰਕੇ ਕਰਨਾ ਸਿਖ ਦਾ ਪਰਮ ਧਰਮ ਸੀ ਅਤੇ ਇਸ ਤਰਾਂ ਕਰਨ ਵਾਲੇ ਸਿਖ ਪੰਥ ਵਿਚ ਬੜੇ ਆਦਰ ਯੋਗ ਸਮਝੇ ਜਾਂਦੇ ਸਨ।

ਗੁਰਬਾਣੀ ਦੀ ਮਹਾਨਤਾ ਬਾਰੇ ਜੇ ਥੋੜੀ ਜਹੀ ਪਿਛਾਂਹ ਝਾਤ ਮਾਰੀਏ ਤਦ ਪਤਾ ਲਗਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਜਪੁ ਸਾਹਿਬ ਦਾ ਸੰਪੂਰਣ ਸ਼ੁਧ ਪਾਠ ਸੁਣਾਉਣ ਵਾਲੇ ਸਿਖ ਨੂੰ 'ਗੁਰ ਗਦੀ' ਦੇਣ ਲਈ ਤਿਆਰ ਹੋ ਗਏ ਸਨ। ਇਸ ਦਾ ਭਾਵ ਸਪਸ਼ਟ ਹੈ ਕਿ ਸ਼ੁਧ ਗੁਰਬਾਣੀ ਪੜ੍ਹਨ ਵਾਲਾ ਈਸ਼ਵਰ ਪਦਵੀ ਲੈ ਸਕਦਾ ਹੈ।

ਗੁਰਬਾਣੀ ਦਾ ਅਦਬ ਅਸਲ ਵਿਚ ਜਦੋਂ ਤੋਂ ਘਟਣਾ ਸ਼ੁਰੂ ਹੋ ਗਿਆ ਓਦੋਂ ਤੋਂ ਸਿਖਾਂ ਵਿਚ ਵੀ ਕਮਜ਼ੋਰੀਆਂ ਆਉਣ ਲਗ ਪਈਆਂ। ਫੇਰ ਬਦੇਸ਼ੀ ਵਿਦਿਆਂ ਨੇ ਤਾਂ ਬੁਧੀ ਐਸੀ ਬਦਲੀ ਕਿ ਗੁਰਬਾਣੀ ਨੂੰ ਗੁਰੂ ਆਖਕੇ ਮਥਾ ਟੇਕਣਾਂ ਸਜਾਵਟਾਂ ਬਹੁਤੀਆਂ ਲੌਣੀਆਂ, ਗੁਰਬਾਣੀ ਦੇ ਅਦਬ ਦੀਆਂ ਗਲਾਂ ਬਹੁਤ ਕਰਨੀਆਂ, ਪਰ ਅਮਲੀ ਤੌਰ ਤੇ ਇਹ, ਕਿ ਬਾਣੀ ਦਾ ਨਿਤ ਨੇਮ ਨਾਲ ਪਾਠ ਹੀ ਨਹੀਂ ਕਰਨਾ, ਜੇ ਕਦੀ ਕਰਨਾ ਹੈ ਤਾਂ ਇਸ ਗਲ ਦੀ ਕੋਈ ਵਿਚਾਰ ਨਹੀਂ ਕਿ ਸਕੇਸ਼ ਇਸ਼ਨਾਨ ਕੀਤਾ

ਹੋਇਆ ਹੈ ਜਾਂ ਨਹੀਂ। ਸਿਖ ਧਰਮ ਵਿਚ ਇਸ਼ਨਾਨ ਉਹੋ ਹੀ ਪ੍ਰਵਾਨ ਹੈ ਜੋ ਸਕੇਕੇਸੀਂ ਹੋਵੇ। ਕੇਸਾਂ ਵਿਚ ਜਲ ਪੌਣ ਤੋਂ ਬਿਨਾਂ ਕੀਤਾ ਹੋਇਆ ਇਸ਼ਨਾਨ, ਇਸ਼ਨਾਨ ਹੀ ਨਹੀਂ ਹੈ। ਦਰ ਅਸਲ 'ਸਕੇਸ਼ ਇਸ਼ਨਾਨ' ਦੀ ਮਰਯਾਦਾ ਗੁਰਸਿਖਾਂ ਵਿਚ ਪ੍ਰੰਪਰਾ ਤੋਂ ਚਲੀ ਆ ਰਹੀ ਹੈ। ਪਰ ਫਰੰਗੀ ਰਾਜ ਸਮੇਂ ਫਰੰਗੀ ਵਿਦਯਾ ਦੇ ਅਸਰ ਹੇਠ ਆਏ ਹੋਏ ਸਿਖਾਂ ਨੇ ਇਸ ਮਰਯਾਦਾ ਵਿਚ ਫਰਕ ਪਾਇਆ ਅਤੇ ਕੇਸਾਂ ਵਿਚ ਬਿਨਾਂ ਜਲ ਪਾਏ ਇਸ਼ਨਾਨ ਕਰਨ ਦੀ ਪਧਤੀ ਚਾਲੂ ਕਰ ਦਿਤੀ, ਅਸਲ ਵਿਚ ਸਰੀਰ ਦੀ ਪਵਿਤ੍ਰਤਾ ਹੀ ਤਦ ਹੈ ਜੇ ਸੰਪੂਰਣ ਸਰੀਰ ਦਾ ਜਲ ਨਾਲ ਇਸ਼ਨਾਨ ਕਰਾਇਆ ਜਾਏ। ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਸਫਾ ੫੮ ਤੇ 'ਅੰਮ੍ਰਿਤ ਸੰਸਕਾਰ' ਸ਼ਬਦ ਦਾ ਵਰਣਨ ਕਰਦਿਆਂ ਲਿਖਿਆ ਹੈ.... "ਅੰਮ੍ਰਿਤ ਛਕਣ ਵਾਲਾ ਜੋ ਕੇਸੀਂ ਇਸ਼ਨਾਨ ਕਰਕੇ ਨਿਰਮਲ ਵਸਤ੍ਰ ਪਹਿਨੇ...." ਇਸ ਤੋ ਸਿਖਾਂ ਦੀ ਸਕੇਸ਼ ਇਸ਼ਨਾਨ ਦੀ ਮਰਯਾਦਾ ਦੀ ਪ੍ਰੰਪਰਾ ਦਾ ਠੋਸ ਸਬੂਤ ਮਿਲਦਾ ਹੈ।

ਇਸ ਲੇਖ ਦਾ ਇਹ ਵਿਸ਼ਯ ਨਹੀਂ ਪਰ ਗੁਰਬਾਣੀ ਦਾ ਨਿਤਨੇਮ ਕਰਨ ਦੀ ਜੋ ਮਰਯਾਦਾ ਸਾਡੇ ਸਤਿਗੁਰਾਂ ਨੇ ਕਾਇਮ ਕੀਤੀ, ਜੋ ਅਦਬ ਕਰਨਾ ਸਾਨੂੰ ਦਸਿਆ ਉਸ ਨੂੰ ਮੰਨਣ ਵਿਚ ਅਸੀਂ ਜਿੰਨੇ ਕੁ ਆਲਸੀ ਹੋ ਗਏ ਹਾਂ ਓਨੇ ਹੀ ਸਾਡੇ ਵਿਚਾਰ ਅਪਵਿੱਤਰ ਹੋ ਗਏ ਹਨ। ਜਿਸ ਕਰਕੇ ਗੁਰਬਾਣੀ ਨੂੰ ਵੀ ਅਸੀਂ ਸ਼ਕੀ ਨਿਗਾਹ ਨਾਲ ਦੇਖਣ ਲੱਗ ਪਏ ਹਾਂ।

ਐਸੇ ਉਦਾਹਰਣ ਇਸ ਲੇਖ ਵਿਚ ਦਿਤੇ ਜਾਣ ਕਿ ਗੁਰਬਾਣੀ ਦੀ ਪਵਿਤਰਤਾ ਤੇ ਅਖੰਡਤਾ ਨੂੰ ਭੰਗ ਕਰਨ ਲਈ ਜ਼ਿੰਮੇਵਾਰ ਆਖੀ ਜਾਣ ਵਾਲੀ ਸਿਖ ਜਥੇਬੰਦੀ ਵਲੋਂ ਕੀ ਕੁਛ ਕੀਤਾ ਗਿਆ ਤਦ ਏਹ ਲੇਖ ਲੰਮਾ ਹੋ ਜਾਏਗਾ। ਫਿਰ ਵੀ ਪਾਠਕਾਂ ਦੀ ਗਿਆਤ ਲਈ ਅਤੇ ਇਸ ਲੇਖ ਦਾ ਉਪ੍ਰੋਕਤ ਸਿਰਲੇਖ ਲਿਖਣ ਦੀ ਕਿਉਂ ਲੋੜ ਪਈ, ਇਸ ਲਈ ਥੋੜੀਆਂ ਜਿਹੀਆਂ ਸਤਰਾਂ ਵਿਚ ਕੁਛ ਵਾਪਰ ਚੁਕੀਆਂ ਘਟਨਾਵਾਂ ਦਾ ਸੰਖੇਪ ਜ਼ਿਕਰ ਕੀਤਾ ਜਾਂਦਾ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਅੰਤ ਤੇ ਰਾਗ ਮਾਲਾ ਹੈ। ਇਸ ਰਾਗ ਮਾਲਾ ਨੂੰ ਇਹ ਕਹਿ ਕਿ ਇਹ ਗੁਰਬਾਣੀ ਨਹੀਂ, ਕਢਣ ਦੇ ਬੜੇ ਤਕੜੇ ਯਤਨ ਕੀਤੇ ਗਏ। ਨਾਮਧਾਰੀ ਅਖਬਾਰ ਤੋਂ ਇਲਾਵਾ ਦੂਜੀਆਂ ਸਿਖ ਅਖਬਾਰਾਂ ਵਿਚ ਇਸ ਦੀ ਚਰਚਾ ਕਿੰਨਾ ਚਿਰ ਚਲਦੀ ਰਹੀ। ਆਦਿ ਬੀੜ ਦੀ ਅਖੰਡਤਾ ਸਾਹਮਣੇ ਨਾ ਰਖਦਿਆਂ ਹੋਇਆਂ ਰਾਗ ਮਾਲਾ ਬਾਰੇ ਬਿਨਾਂ ਸੰਗ ਸੰਕੋਚ ਦੇ ਕਈ ਲੇਖ ਲਿਖੇ ਗਏ। ਭਾਈ ਸਾਹਿਬ ਭਾਈ ਅਰਜਣ ਸਿੰਘ ਜੀ ਬਾਗੜੀਆਂ ਦੇ ਚੜ੍ਹਾਈ ਕਰ ਜਾਣ ਤੇ ਉਹਨਾਂ ਦਾ ਭੋਗ ਪਾਇਆ ਗਿਆ ਉਥੇ ਰਾਗਮਾਲਾ ਨੂੰ ਆਦਿ ਬੀੜ ਵਿਚ ਰਹਿਣ ਦੇਣ ਦੇ ਹਕ ਵਿਚ ਅਤੇ ਇਸ ਨੂੰ ਵਿੱਚੋਂ ਕਢਣ ਦੇ ਹੱਕ ਵਿਚ ਵਿਚਾਰਾਂ ਵਾਲੇ ਦੋਵੇਂ ਧੜੇ ਮੌਜੂਦ ਸਨ। ਇਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਓਥੇ ਦਰਸ਼ਨ ਦਿੱਤੇ ਅਤੇ ਮੈਂ ਵੀ ਸ੍ਰੀ ਸਤਿਗੁਰੂ ਜੀ ਦੇ ਨਾਲ ਸਾਂ। ਭੋਗ ਦੇ ਸਲੋਕ ਪੜ੍ਹਦਿਆਂ-ਪੜ੍ਹਦਿਆਂ ਜਦ ਗ੍ਰੰਥੀ ਜੀ ਰਾਗ ਮਾਲਾ ਤਕ ਪਹੁੰਚੇ ਤਦ ਰਾਗ ਮਾਲਾ ਨੂੰ ਵਿਚੋਂ ਕਢ ਦੇਣ ਦੇ ਵਿਚਾਰ ਵਾਲੇ ਸੱਜਣਾਂ ਨੇ ਰਾਗੀਆਂ ਨੂੰ ਆਗਿਆ ਕਰ ਦਿਤੀ ਕਿ ਅਨੰਦ ਸਾਹਿਬ ਦਾ ਪਾਠ ਕਰੋ। ਰਾਗੀਆਂ ਨੇ ਅਨੰਦ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਗ੍ਰੰਥੀ ਜੀ ਨੇ ਚੁਪ ਕਰਕੇ 'ਰਾਗ ਮਾਲਾ ਪੜ੍ਹ ਲਈ।

ਆਦਿ ਬੀੜ ਵਿਚ ਆਮ ਕਰਕੇ ਰਾਗਾਂ ਵਿਚ ਜਿਥੇ ਪਹਿਲੀ ਪਾਤਸ਼ਾਹੀ ਤੋਂ ਬਾਦ ਤੀਜੀ ਜਾਂ ਤੀਜੀ ਤੋਂ ਬਾਦ ਚੌਥੀ ਜਾਂ ਪੰਜਵੀਂ ਪਾਤਸ਼ਾਹੀ ਦੀ ਬਾਣੀ ਅਰੰਭ ਹੁੰਦੀ ਹੈ ਓਥੇ ੧ੴ ਸਤਿਗੁਰ ਪ੍ਰਸਾਦਿ ਲਿਖਿਆ ਗਿਆ ਹੈ ਇਹ ੧ੴ ਸਤਿਗੁਰ ਪ੍ਰਸਾਦਿ ਕਿਸੇ ਜਗਾ ਮਹਲਾ ੩, ੪ ਜਾਂ ੫ ਤੋਂ ਪਹਿਲਾਂ ਤੇ ਕਿਸੇ ਜਗਾ ਬਾਦ ਵਿਚ ਲਿਖਿਆ ਗਿਆ ਹੈ। ਸਨ ਈ: ੧੯੫੩ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜੋ ਬੀੜਾਂ ਛਾਪੀਆਂ ਓਨਾਂ ਤੋਂ ਪਤਾ ਲਗਾ ਕਿ ਪਹਿਲਾ ਤੋਂ ਪ੍ਰਚਲਤ ਬੀੜ ਦੇ ਮੰਗਲਾਂ (੧ੴ ਸਤਿਗੁਰ ਪ੍ਰਸਾਦਿ) ਅਤੇ ਸਿਰਲੇਖਾਂ ਦੀ ਤਰਤੀਬ ਬਦਲ ਦਿਤੀ ਗਈ ਹੈ । ਇਸ ਤੋਂ ਸਿਖ ਜਗਤ ਵਿਚ ਬਹੁਤ ਚਰਚਾ ਹੋਈ ਤੇ ਅਖਬਾਰਾਂ ਵਿਚ ਵੀ ਇਸ ਅਦਲ-ਬਦਲ ਵਿਰੁੱਧ ਰੋਸ ਪ੍ਰਗਟ ਕੀਤੇ ਗਏ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰ ਗੁ: ਪ੍ਰ: ਕ: ਦੇ ਉਸ ਵੇਲੇ ਦੇ ਜ਼ਿੰਮੇਵਾਰਾਂ ਨੂੰ ਕਿਹਾ ਕਿ ਜੋ ਮੰਗਲ ਪਹਿਲਾਂ ਹਨ ਓਹ ਪਹਿਲਾਂ ਅਤੇ ਜੋ ਪਿਛੇ ਹਨ ਉਹ ਪਿਛੇ ਰਹਿਣ ਦਿਤੇ ਜਾਣ ਨਵੀਂ ਤਰਤੀਬ ਦੇਣੀ ਠੀਕ ਨਹੀਂ। ਪਰ ਕਮੇਟੀ ਨੇ ਕਿਸੇ ਦੇ ਆਖੇ ਦੀ ਕੋਈ ਪਰਵਾਹ ਨਾ ਕੀਤੀ। ਇਸ ਸਬੰਧ ਵਿਚ ਚੀਫ ਖਾਲਸਾ ਦੀਵਾਨ ਨੇ ਵੀ ਕਈ ਪੈਂਫਲਟ ਛਾਪੇ। ਉਹਨਾਂ ਦਾ ਇਕ ਪੈਂਫਲਟ ਜਿਸ ਦਾ ਸਿਰਲੇਖ ਪਾਵਨ ਬੀੜ ਸੁਧ ਛਪਾਈ ਹੈ, ਦੇ ਸਫਾ ੫ ਤੇ ਇਓਂ ਲਿਖਿਆ ਹੈ:-

ੴ ਸਤਿਗੁਰ ਪ੍ਰਸਾਦਿ ਜਾਂ ਇਸ ਤੋਂ ਵਡੇਰਾ

ਮੰਗਲ ਸਿਰਲੇਖ ਤੋਂ ਬਾਦ ਅਤੇ ਕੇਵਲ ੭੧ ਐਸੇ ਹਨ। ਜਿਨਾਂ ਵਿਚ ਮੰਗਲ ਪਹਿਲੇ ਹੈ ਤੇ ਰਾਗ ਮਹਲੇ ਦਾ ਸਿਰ ਲੇਖ ਬਾਦ ਵਿਚ। ਪਰ ਸ੍ਰੋ: ਕ: ਨੇ ਸਾਰੇ ੫੬੮ ਮੰਗਲਾ ਨੂੰ ਹੀ ਓਹ ਸ਼ਕਲ ਦੇ ਦਿਤੀ ਹੈ ਜੋ ਕੇਵਲ ੭੧ ਦੀ ਸੀ, ਨਾ ਨਿਰਾ ਇਹੋ ਸਗੋਂ ਇਕ ਮੰਗਲ ਹੋਰ ਵਧਾਕੇ ੫੬੮ ਦੀ ਥਾਵੇਂ ਗਿਣਤੀ ੫੬੯ ਕਰ ਦਿਤੀ ਹੈ।

ਇਹ ਮਾਮਲਾ ਚੀਫ ਖਾਲਸਾ ਦੀਵਾਨ ਦੀ ਮੀਟਿੰਗ ਵਿਚ ੨੮-੬-੫੩ ਨੂੰ ਆਇਆ ਤੇ ਦੀਰਘ ਵਿਚਾਰ ਉਪਰੰਤ ਪਾਸ ਹੋਇਆ ਕਿ ਸ਼੍ਰੋਮਣੀ ਗੁਰਦੁਵਾਰਾ ਪਬੰਧਕ ਕਮੇਟੀ ਪਾਸ ਬੇਨਤੀ ਕੀਤੀ ਜਾਵੇ ਕਿ ਇਹ ਮਾਮਲਾ ਐਸਾ ਨਾਜ਼ਕ ਹੈ ਕਿ ਓਹ ਇਸਨੂੰ ਆਪਣੇ ਅਤੇ ਦੀਵਾਨ ਦੇ ਧਾਰਮਿਕ ਸਲਾਹਕਾਰਾਂ ਦੇ ਸਪੁਰਦ ਕਰ ਦੇਵੇ ਅਤੇ ਉਹਨਾਂ ਦੀ ਰਿਪੋਰਟ ਅਨੁਸਾਰ ਆਪਣੀ ਛਾਪੀ ਬੀੜ ਵਿਚ ਉਚਿਤ ਸੁਧਾਈ ਕਰ ਦੇਵੇ ਅਤੇ ਜਦ ਤਕ ਧਾਰਮਿਕ ਸਲਾਹਕਰ ਕੋਈ ਫ਼ੈਸਲਾ ਨਾਂ ਕਰ ਲੈਣ ਕਿਸੇ ਤਰਾਂ ਦੀ ਇਸ਼ਤਿਹਾਰਬਾਜੀ ਅਥਵਾ ਪ੍ਰੈਸ ਰਾਹੀਂ ਪ੍ਰਾਪੇਗੰਡਾ ਨਾ ਕੀਤਾ ਜਾਵੇ ਤੇ ਛਪ ਚੁਕੀਆਂ ਬੀੜਾਂ ਦੀ ਵਿਕਰੀ ਬੰਦ ਰਖੀ ਜਾਵੇ।

ਗੁਰਬਾਣੀ ਨੂੰ ਨੁਕਤਾ ਚੀਨ ਦ੍ਰਿਸ਼ਟੀ ਨਾਲ ਦੇਖਣ ਦੀ ਭਾਵਨਾ ਸਿਖਾਂ ਵਿਚ ਆਉਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਸਿਖਾਂ ਵਿਚ ਅੱਗੇ ਔਣ ਵਾਲੀ ਧਨਾਢ ਸਿਖ ਸ਼ਰੇਣੀ ਨੂੰ ਅੰਗਰੇਜ਼ਾਂ ਨੇ ਆਪਣੇ ਪੂਰੇ ਅਸਰ ਹੇਠ ਲੈ ਰੱਖਿਆ ਸੀ। ਐਸੇ ਸਿਖਾਂ ਨੇ ਅੰਗਰੇਜ਼ ਦੇ ਰਾਜ ਭਗਤ ਬਣਨ ਦਾ ਇਥੋਂ ਤਕ ਸਬੂਤ ਦਿੱਤਾ ਕਿ ਸਿਖ ਧਰਮ ਵਿਚ ਪਰਵੇਸ਼ ਹੋਣ ਵਾਲਿਆਂ ਲਈ ਬਾਕੀ ਦੀਆਂ ਧਾਰਮਿਕ ਹਦਾਇਤਾ ਤੋਂ ਇਲਾਵਾ ਇਸ ਹਦਾਇਤ ਦਾ ਵਾਧਾ ਕੀਤਾ ਕਿ ਅੰਮ੍ਰਿਤ ਛਕਣ ਵੇਲੇ ਸਿਖ ਇਹ ਪ੍ਰਣ ਕਰੇ ਕਿ ਅਜ ਤੋਂ ਮੈਂ ਬ੍ਰਿਟਿਸ਼ ਸਰਕਾਰ ਦਾ ਵਫਾਦਾਰ ਰਹਾਂਗਾ। (ਮੈਕਾਲਫ ਦਾ ਲਿਖਿਆ ਹੋਇਆ 'ਸਿਖ ਰਿਲੀਜ਼ਨ' ਦਾ ਫੁੱਟ ਨੋਟ ਸਫਾ ੯੬ ਜਿਲਦ ੫)

ਜੋ ਸਿਖ ਸਰਦਾਰ ਆਪਣੇ ਆਪ ਨੂੰ ਬਹੁਤ ਸਿਆਣੇ ਤੇ ਆਗੂ ਦਸਦੇ ਸਨ। ਉਹਨਾਂ ਨੇ ਮਿ. ਮੈਕਾਲਫ ਨੂੰ ਦਸਮ ਗਰੰਥ ਬਾਰੇ ਜੋ ਦਸਿਆ ਓਸਦੇ ਅਧਾਰ ਤੇ ਉਸਨੇ ਇਹ ਲਿਖਿਆ ਹੈ-

"ਬਹੁਤ ਸਾਰੇ ਸਮਝਦਾਰ ਸਿਖ ਏਸ ਮਤ ਦੇ ਹਨ ਕਿ ਚਰਿਤ੍ਰ ਤੇ ਹਕਾਯਤਾਂ ਜਿੰਨਾਂ ਵਿਚੋਂ ਕੁਝ ਮਜ਼ਮੂਨਾਂ ਦੀ ਬੁਨਿਆਦ ਹਿੰਦੂਵਤ ਨਾਲ ਸਬੰਧਤ ਹੈ ਅਤੇ ਕੁਛ ਪੜ੍ਹਨ ਯੋਗ ਨਹੀਂ ਆਦਿ ਗ੍ਰੰਥ ਵਿਚ ਦਰਜ ਬਾਣੀ ਨਾਲ ਕੋਈ ਟਾਕਰਾ ਖਾਂਦੇ ਨਹੀਂ ਇਸ ਲਈ ਇਹ ਇਸ ਗਰੰਥ ਵਿਚ ਦਰਜ ਨਹੀਂ ਹੋਣੇ ਚਾਹੀਦੇ। ਚਰਿਤ੍ਰ ਤੇ ਹਕਾਇਤਾਂ ਜਿਹਨਾਂ ਵਿਚ ਇਸਤਰੀਆਂ ਦੀਆਂ ਧੋਖਾ ਦੇਣ ਵਾਲੀਆਂ ਕਹਾਣੀਆਂ ਦਰਜ ਹਨ, ਇਹ ਕਢਕੇ ਵੱਖ ਜਿਲਦ ਵਿਚ ਕੀਤੀਆਂ ਜਾਣ ਜੋ ਕਿ ਧਾਰਮਿਕ ਕੰਮਾਂ ਲਈ ਨਾ ਪੜ੍ਹੀ ਜਾਵੇ ਸਿਰਫ ਲੋਕਾਂ ਦੇ ਦਿਲ ਬਹਿਲਾਵੇ ਲਈ ਪੜ੍ਹੀ ਜਾਵੇ।

(ਮੈਕਾਲਫ ਦਾ 'ਸਿੱਖ ਰਿਲੀਜਨ' ਜਿ. ੫. ਸਫਾ ੨੬੦)

ਗੈਰ ਸਿੱਖ ਲੇਖਕਾਂ ਨੂੰ ਦਸਮ ਗਰੰਥ ਬਾਰੇ ਭੁਲੇਖੇ ਪਾਏ ਗਏ ਉਸਦਾ ਇਕ ਹੋਰ ਨਮੂਨਾ ਡਾ. ਗੋਕਲ ਚੰਦ ਨਾਰੰਗ ਦੀ ਕਿਤਾਬ 'ਟ੍ਰਾਸਫਾਰਮੇਸ਼ਨ ਆਫ਼ ਦੀ ਸਿੱਖਇਜ਼ਮ' ਦੇ ਸਫਾ ੩੪੨ ਤੋਂ ਮਿਲਦਾ ਹੈ ਜੋ ਨਿਮਨ ਲਿਖਤ ਹੈ।

ਇਹ ਇਕ ਮਿਲਿਆ ਜੁਲਿਆ ਸੰਗ੍ਰਹਿ ਹੈ ਅਤੇ ਇਸਦਾ ਕੁਛ ਹੀ ਹਿਸਾ ਗੁਰੂ ਜੀ ਦੀ ਆਪਣੀ ਰਚਨਾਂ ਹੈ। ਬਾਕੀ ਜੋ ਕਵੀ ਉਹਨਾਂ ਨੇ ਰੱਖੇ ਹੋਏ ਸਨ ਉਹਨਾਂ ਨੇ ਲਿਖਿਆ ਹੈ। ਇਸ ਸੰਗ੍ਰਹਿ ਦੇ ਲਿਖਣ ਦੀ ਸਿਫਤ ਗੁਰੂ ਜੀ ਦੇ ਨਾਮ ਨੂੰ ਨਹੀਂ ਜਾ ਸਕਦੀ...........ਇਹ ਕਿਤਾਬ ਸਿਖਾਂ ਵਿੱਚ ਬਹੁਤ ਆਦਰਯੋਗ ਨਹੀਂ ਸਮਝੀ ਜਾਂਦੀ ਕਿਉਂਕਿ ਓਹ ਇਸਦੇ ਵਡੇ ਹਿੱਸੇ ਨੂੰ ਝੂਠਾ ਜਾਂ ਅਸਲੀਅਤ ਤੋਂ ਬਿਨਾਂ ਸਮਝਦੇ ਹਨ।

ਉਹ ਅੰਗਰੇਜ਼ ਜਿਹਨਾਂ ਨੇ ਈਸਾਈ ਮਤ ਦਾ ਅਸਰ ਸਿਖਾਂ ਤੇ ਅਤੇ ਉਹਨਾਂ ਦੇ ਬਚਿਆਂ ਤੇ ਐਸਾ ਪਾਇਆ ਜੋ ਸਿੱਖੀ ਤੋਂ ਪਤਿਤ ਹੋ ਗਏ। ਸਿਖੀ ਦਾ ਉਹ ਸਰੂਪ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ ਸੀ ਉਸਨੂੰ ਬਦਲਕੇ ਹੋਰ ਦਾ ਹੋਰ ਕਰ ਦਿੱਤਾ।

ਜੋ ਸਿਰਫ ਦਸ ਗੁਰੂ ਹੀ ਮੰਨਦੇ ਹਨ, ਉਹਨਾਂ ਵਿਚੋਂ ਬਹੁਤ ਸਾਰਿਆਂ ਨੇ ਦਸ ਗੁਰੂਆਂ ਦੇ ਚਿਤ੍ਰ ਬਣਾਏ ਹਨ। ਜੋ ਦਸਤਾਰ ਦੀ ਸ਼ਕਲ ਦਸ ਗੁਰੂ ਸਾਹਿਬਾਨ ਤੱਕ ਉਹਨਾਂ ਦੀਆਂ ਤਸਵੀਰਾਂ ਅਨੁਸਾਰ ਸੀ ਹੁਣ ਉਹਨਾਂ ਦੀ ਆਪਣੀ ਅਤੇ ਆਪ ਸਿੱਖਾਂ ਦੀ ਦਸਤਾਰ ਦੀ ਉਹ ਸ਼ਕਲ ਨਹੀਂ ਰਹੀ। ਨਾਮਧਾਰੀਆਂ ਦੀ ਦਸਤਾਰ (ਜਿਸਨੂੰ ਅੱਜ ਕੱਲ ਕਈ 'ਗੋਲ ਪਗ' ਆਖਕੇ ਮਖੌਲ ਕਰਦੇ ਹਨ ਅਜੇ ਤੱਕ ਓਸੇ ਸ਼ਕਲ ਵਿਚ ਹੈ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਨਾਮਧਾਰੀਆਂ ਦੇ ਗੁਰੂ ਗੋਬਿੰਦ ਸਿੰਘ ਦੇ ਕੱਟੜ ਸਿਖ ਅਤੇ ਇਸ ਦਸਤਾਰ ਨੂੰ ਸਿਧੀ ਦਸਤਾਰ (Straight Turban) ਲਿਖਿਆ ਹੈ। (Encyclopedia Britanica Vol.20.

page 648)

ਬਾਬਾ ਆਲਾ ਸਿੰਘ ਜੀ, ਫੂਲ ਵੰਸ ਦੇ ਰੁਕਨ ਤੇ ਪਟਿਆਲਾ ਰਿਆਸਤ ਕਾਇਮ ਕਰਨ ਵਾਲੇ ਸ. ਜਸਾ ਸਿੰਘ ਰਾਮਗੜ੍ਹੀਆਂ ਅਤੇ ਬਾਬਾ ਨਰਾਇਣ ਸਿੰਘ ਜੀ, ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਦੇ ਬਜ਼ੁਰਗ ਅਤੇ ਕਈ ਹੋਰ ਉਸ ਵੇਲੇ ਦੇ ਸਿਖ ਸਭ ਸਿਧੀਆਂ ਪਗਾਂ ਬੰਨਦੇ ਹੁੰਦੇ ਸਨ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੀਆਂ ਜੋ ਆਪਣੀਆਂ ਤਸਵੀਰਾਂ 'ਮਹਾਨ ਕੋਸ਼' ਦੀ ਦੂਜੀ ਐਡੀਸ਼ਨ ਵਿਚ ਛਪੀਆਂ ਹਨ। ਉਹਨਾਂ ਵਿਚੋਂ ਇਕ ਸਿਧੀ ਦਸਤਾਰ ਵਾਲੀ ਵੀ ਹੈ ਜਿਸ ਨੂੰ 'ਗੁਰਮੁਖੀ ਦਸਤਾਰ' ਲਿਖਕੇ ਸੰਬੋਧਨ ਕੀਤਾ ਗਿਆ ਹੈ।

ਸਿਖਾਂ ਦੀ ਸਰਮਾਏਦਾਰ ਜਮਾਤ, ਵਡੇ ਗੁਰਦਵਾਰਿਆਂ ਦੇ ਪੁਜਾਰੀ, ਰਾਜੇ ਮਹਾਰਾਜੇ ਜੋ ਅੰਗਰੇਜ਼ਾਂ ਨੇ ਆਪਣੇ ਅਸਰ ਹੇਠ ਲੈ ਰੱਖੇ ਸਨ ਓਹ ਅਤੇ ਓਨਾਂ ਦੇ ਨਾਲ ਦੇ।

ਉਸ ਵੇਲੇ ਦੇ ਸਿਖਾਂ ਨੇ ਹੀ ੧੮੫੭ ਦੇ ਗਦਰ ਸਮੇਂ ਅੰਗਰੇਜ਼ ਸਰਕਾਰ ਦੀ ਭਾਰੀ ਸਹਾਇਤਾ ਕੀਤੀ ਅਤੇ ਆਪਣੇ ਆਪ ਨੂੰ ਸਿੱਖ ਜਥੇ ਬੰਦੀ ਦੇ ਜ਼ਿੰਮੇਵਾਰ ਦੱਸਿਆ। ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਏ ਜਾਣ ਤੇ ਅਤੇ ਹੋਰ ਸਖਤੀਆਂ ਕਰਨ ਤੇ ਅੰਗਰੇਜ਼ਾਂ ਅਗੇ ਖੁਸ਼ੀ ਦਾ ਪਰਗਟਾਉ ਕੀਤਾ ਅਤੇ ਆਪਣੇ ਆਪ ਨੂੰ ਨਾਮਧਾਰੀਆਂ ਨਾਲੋਂ ਬਿਲਕੁਲ ਵਖਰਾ ਦਸਿਆ ਅਤੇ ਆਖਿਆ ਕਿ ਏਨਾਂ (ਨਾਮਧਾਰੀਆਂ) ਨੇ ਸਾਡੀਆਂ ੧੮੫੭ ਦੇ ਗਦਰ ਵਲੋਂ ਕੀਤੀਆਂ ਹੋਈਆਂ ਤੁਹਾਡੀਆਂ ਸੇਵਾਵਾਂ ਨੂੰ ਮਿਟੀ ਵਿੱਚ ਮਿਲਾ ਦਿਤਾ ਸੀ। (ਦੇਖੋ ਪੰਜਾਬ ਦੇ ਲੈ. ਗਵਨਰ ਨੂੰ ਦਿੱਤਾ ਮੈਮੋਰੈਂਡਮ ਪੰਜਾਬ ਸਰਕਾਰ ਦਾ ੧੯ ਮਈ ੧੮੭੨ ਦੇ ਗਜ਼ਟ ਦਾ ਸਪਲੀਮੈਂਟ ਸਫ਼ਾ ੪੮੩ ਤੇ ਛਪਿਆ ਹੈ।)

ਸਾਡੇ ਸਤਿਗੁਰਾਂ ਦੀ ਬਾਣੀ ਸਰਵੋਤਮ ਹੈ ਇਸ ਨੂੰ ਸ਼ਕੀ ਨਿਗਾਹ ਨਾਲ ਦੇਖਣਾ ਸਿੱਖੀ ਤੋਂ ਲਾਂਭੇ ਹੋਣ ਵਾਲੀ ਗੱਲ ਹੈ, ਜੇ ਅਸੀਂ ਸਤਿਗੁਰੂ ਜੀ ਦੀ ਬਾਣੀ ਨੂੰ ਆਪਣੀ ਬੁਧੀ ਨਾਲ ਪਰਖਦੇ ਹਾਂ ਤਦ "ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥" ਏਹ ਤੁਕ ਸਾਡੇ ਤੇ ਘਟਦੀ ਹੈ।

ਆਦਿ ਬੀੜ ਦਾ ਅਤੇ ਦਸਮ ਬੀੜ ਦਾ ਸਤਿਕਾਰ ਅੱਜ ਤੋਂ ਕਈ ਸਾਲ ਪਹਿਲਾਂ ਬਰਾਬਰ ਹੁੰਦਾ ਰਿਹਾ ਹੈ। ਹੁਣ ਵੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਤਿੰਨ ਆਦਿ ਗ੍ਰੰਥ ਸਾਹਿਬ ਅਤੇ ਦੋ ਦਸਮ ਗ੍ਰੰਥ ਸਾਹਿਬ ਇਕੋ ਜਗਾ ਪ੍ਰਕਾਸ਼ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਦਸਮੇਸ਼ ਜੀ ਦੀ ਬਾਣੀ ਆਰਤੀ ਸਮੇਂ ਪੜ੍ਹੀ ਜਾਂਦੀ ਹੈ ਜਿਸ ਵਿਚ ਹੋਰ ਬਾਣੀਆਂ ਤੋਂ ਛੁਟ: "ਸੰਖਨ ਕੀ ਧੁਨ ਘੰਟਨ ਕੀ, ਕਰ....??" ਸਵੈਯਾ ਅਤੇ ਚੰਡੀ ਦੀ ਵਾਰ ਦੀ ਆਖਰੀ ਪਉੜੀ "ਸੁੰਭ ਨਿਸੁੰਭ ਪਠਾਇਆ..." ਵੀ ਪੜ੍ਹੀ ਜਾਂਦੀ ਹੈ।

ਏਹ ਗੱਲ ਏਥੇ ਵਰਣਨ ਯੋਗ ਹੈ ਕਿ ਨਾਮਧਾਰੀ ਸਿੰਘਾਂ ਵਿਚ ਜੋ ਸਤਿਕਾਰ ਆਦਿ ਸੀ ਗ੍ਰੰਥ ਸਾਹਿਬ ਦਾ ਹੈ ਓਹੋ ਹੀ ਦਸਮ ਗ੍ਰੰਥ ਦਾ ਹੈ। ਇਹ ਗੱਲ ਪੂਰੀ ਠੀਕ ਹੈ ਜਾਂ ਨਹੀਂ ਏਹ ਨਿਸ਼ਚੇ ਨਾਲ ਨਹੀਂ ਆਖਿਆ ਜਾ ਸਕਦਾ ਪਰ ਲੇਖਕ ਦੀ ਜਾਣਕਾਰੀ ਅਨੁਸਾਰ ਕਿਸੇ ਇਕ ਸਿਖ ਸ਼੍ਰੇਣੀ ਵੱਲੋਂ, ਜੋ ਪੰਥ ਦੀ ਜ਼ਿੰਮੇਵਾਰ ਆਪਣੇ ਆਪ ਨੂੰ ਕਹਿੰਦੀ ਹੈ, ਕੁਛ ਸਾਲ ਹੋਏ, ਏਹ ਫੈਸਲਾ ਕੀਤਾ ਗਿਆ ਕਿ ਜਿਸ ਤਰਾਂ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ (ਅਖੰਡ ਪਾਠ, ਸਧਾਰਨ ਪਾਠ ਆਦਿ..... ਸਿਖ ਪੰਥ ਵਿਚ ਕੀਤਾ ਜਾਂਦਾ ਹੈ ਓਸ ਤਰਾਂ ਦਸਮ ਗ੍ਰੰਥ ਸਾਹਿਬ ਦਾ ਪਾਠ ਨਾ ਕੀਤਾ ਜਾਵੇ।

ਦਸਮ ਪਾਤਸ਼ਾਹ ਜੀ ਦਾ ੩੦੦ ਵਰੇ ਦਾ ਗੁਰਪੁਰਬ ਮਨੋਣ ਸੰਬੰਧੀ ਇਕ ਵਡੀ ਕਨਵੈਨਸ਼ਨ, ਜਿਸ ਵਿਚ ਬਹੁਤ ਸਾਰੇ ਵਰਗਾਂ ਦੇ ਪ੍ਰਤੀਨਿਧ ਸਿਖ ਮੌਜੂਦ ਸਨ, ਪਿਛੇ ਜਹੇ ਪਟਿਆਲੇ ਹੋਈ, ਜਿਸਦੀ ਪ੍ਰਧਾਨਗੀ ਮਹਾਰਾਜਾ ਸਾਹਿਬ ਪਟਿਆਲਾ ਨੇ ਕੀਤੀ। ਇਸ ਕਨਵੈਨਸ਼ਨ ਵਿਚ ਭਾਸ਼ਣ ਦਿੰਦਿਆਂ ਹੋਇਆ ਪੰਜਾਬੀ ਯੂਨੀਵਰਸਟੀ ਦੀ ਇਕ ਜ਼ਿੰਮੇਵਾਰ ਵਿਅਕਤੀ ਨੇ ਆਖਿਆ ਕਿ ਸਾਨੂੰ ਅਜੇ ਤਕ ਏਹ ਨਹੀਂ ਪਤਾ ਲਗ ਸਕਿਆ ਕਿ ਦਸਮ ਗ੍ਰੰਥ ਵਿਚ ਗੁਰੂ ਜੀ ਦੀ ਆਪਣੀ ਰਚਨਾਂ ਕਿਹੜੀ ਹੈ ਅਤੇ ਦੂਸਰਿਆਂ ਦੀ ਕਿਹੜੀ ਹੈ।

ਕਿਉਂਕਿ ਦਸਮੇਸ਼ ਜੀ ਦੀ ਬਾਣੀ ਨੂੰ ਏਹ ਕਹਿਕੇ ਆਮ ਸਿਖ ਜਨਤਾ ਵਿਚ ਦਸਿਆ ਗਿਆ ਕਿ ਏਹ ਬਾਣੀ ਓਨਾ ਦੀ (ਦਸਮੇਸ਼ ਜੀ ਦੀ) ਸਾਰੀ ਦੀ ਸਾਰੀ ਆਪਣੀ ਨਹੀਂ। ਖਾਸ ਕਰਕੇ ਚੰਡੀ ਦੀ ਵਾਰ ਅਤੇ ਚਰਿੱਤ੍ਰਾਂ ਬਾਰੇ ਸਪਸ਼ਟ ਰੂਪ ਵਿਚ ਏਹ ਆਖਿਆ ਗਿਆ ਕਿ ਏਹ ਬਾਣੀ ਗੁਰੂ ਜੀ ਦੀ ਨਹੀਂ ਹੋ ਸਕਦੀ ਕਿਉਂਕਿ ਇਸ ਵਿਚ ਦੇਵੀ ਦੀ ਉਸਤਤੀ ਹੈ ਅਤੇ ਚਰਿੱਤਰਾਂ ਵਿਚ ਇਸਤਰੀਆਂ ਦੀਆਂ ਆਚਰਨ ਹੀਨ ਕਹਾਣੀਆਂ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਲਾਹੌਰ ਵਿਖੇ ਅਕਾਲੀ ਨੇਤਾ ਮਾ. ਤਾਰਾ ਸਿੰਘ ਜੀ ਇਕ ਵਾਰੀ ਕੁਛ ਵੀਚਾਰ ਕਰ ਰਹੇ ਸਨ। ਚੰਡੀ ਦੀ ਵਾਰ ਦਾ ਜ਼ਿਕਰ

ਆਇਆ ਤਦ ਮਾਸਟਰ ਕੀ ਨੇ ਆਖਿਆ ਕਿ ਹਾਂ ਜੀ ਪਹਿਲੀ ਪਉੜੀ ਤਾਂ ਗੁਰੂ ਜੀ ਦੀ ਕ੍ਰਿਤ ਮੰਨਦੇ ਹਾਂ ਬਾਕੀ ਨਹੀਂ। ਫਿਰ ਸਤਿਗੁਰੂ ਵੀ ਆਖਿਆ ਕਿ ਦੂਜੀ ਵਿਚ ਲਿਖਿਆ ਹੈ ਤੈ ਹੀ ਦਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥ ਤੈਥੋ ਹੀ ਬਲੁ ਰਾਮੁ ਲੈ ਨਾਲ ਬਾਣਾ ਦਹਸਿਰੁ ਘਾਇਆ॥ ਤਦ ਮਾਸਟਰ ਜੀ ਆਖਣ ਲੱਗੇ ਜੀ ਕਿ ਇਹ ਵੀ ਗੁਰੂ ਜੀ ਦੀ ਰਚਨਾ ਹੈ। ਫਿਰ ਸ੍ਰੀ ਸਤਿਗੁਰੂ ਜੀ ਆਖਿਆ ਕਿ ਬਾਕੀ ਦੀਆਂ ਪੜ ਗੁਰਬਾਣੀ ਨਹੀਂ? ਤਾਂ ਮਾਸਟਰ ਜੀ ਆਖਿਆ ਕਿ ਉਚਾਰੀ ਹੋਈ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਮੰਨਦੇ ਹਾਂ ਪਰ ਗੁਰਬਾਣੀ ਨਹੀਂ।

ਦਸਮ ਗ੍ਰੰਥ ਵਿਚ ਕਿਤਨਾਂ ਸੁੰਦਰ, ਸਾਹਿਤ ਹੈ, ਕਿਤਨੀਆਂ ਸਿਖਿਆਦਾਇਕ, ਮਨੋਰੰਜਕ ਅਤੇ ਧਰਮ ਵਿਚ ਦ੍ਰਿੜ ਕਰਨ ਵਾਲੀਆਂ, ਪਾਖੰਡ ਨਾਸਕ ਅਤੇ ਮਨੁੱਖੀ ਜ਼ਿੰਦਗੀ ਲਈ ਕੰਮ ਔਣ ਵਾਲੀਆਂ ਅਮੁੱਲ ਘਟਨਾਵਾਂ ਦਾ ਵਰਣਨ ਹੈ ਇਹ ਪਤਾ ਪਾਠ ਕੀਤਿਆਂ ਹੀ ਲਗ ਸਕਦਾ ਹੈ।

ਇਸ ਨੂੰ ਬਿਨਾਂ ਵੀਚਾਰੇ ਪੜ੍ਹਨਾਂ ਜਾਂ ਇਸ ਦੀ ਖੋਜ ਨਾਂ ਕਰਨੀ ਤੇ ਫੈਸਲਾ ਦੇ ਦੇਣਾ ਕਿ ਇਸ ਦਾ ਪਤਾ ਨਹੀਂ ਗੁਰਬਾਣੀ ਹੈ, ਜਾਂ ਹੋਰ ਕਿਸੇ ਦੀ ਰਚਨਾਂ, ਸਾਹਿਤਕ ਪੱਖ ਤੋਂ ਵੀ ਇਕ ਅਮੋਲਕ ਹੀਰਾ ਹਥੋਂ ਸੁੱਟ ਦੇਣ ਵਾਲੀ ਗੱਲ ਹੈ।

ਦਸਮੇਸ਼ ਜੀ ਦੇ ੩੦੦ ਸਾਲਾ ਗੁਰਪੁਰਬ ਤੇ ਓਨਾਂ ਦੀ ਰਚਨਾਂ ਬਾਰੇ ਪਾਠਕ ਰੁਚੀ ਨਾਲ ਪੜ੍ਹਨਗੇ, ਏਹ ਸੋਚ ਕੇ ਏਹ ਸਤਰਾਂ ਲਿਖੀਆਂ ਜਾ ਰਹੀਆਂ ਹਨ। ਦਸਮ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕ੍ਰਿਤ ਹੈ, ਇਸਦੀ ਪ੍ਰੋੜਤਾ ਲਈ ਅਗੇ ਵੇਰਵੇ ਸਹਿਤ ਪੜ੍ਹੋ।

ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਨੇ ਦਸਮ ਗ੍ਰੰਥ ਲਈ ਇਕ ਸੋਧਕ ਕਮੇਟੀ ਨਿਯੁਕਤ ਕੀਤੀ ਸੀ। ਓਸ ਕਮੇਟੀ ਨੇ ਆਪਣੀ ਰਾਇ ਕਾਇਮ ਕੀਤੀ ਜੋ ਓਨਾਂ ਦੀ ਮਦ ਨੰ ੨ ਵਿਚ ਇਸਤਰਾਂ ਦਰਜ ਹੈ:-

"ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਵਡਾ, ਛੋਟਾ, ਵਾਰ, ਗਿਆਨ ਪ੍ਰਬੰਧ ਆਦ ਸਭ ਬਾਣੀਆਂ ਦਾ ਉਚਾਰ ਅਨੰਦਪੁਰ ਮੇਂ ਹੋਇਆ।"

ਇਸਤੋਂ ਅਗੇ ਚਲਕੇ ਮਦ ਨੰ: ੨੦ ਵਿਚ ਲਿਖਿਆ ਹੈ: "ਜੇ ਇਹ ਬਾਣੀ ਸ੍ਰੀ ਮੁਖਵਾਕ ਨਾ ਹੁੰਦੀ ਤਾਂ ੧੦ ਸਵੈਯੇ 'ਸ੍ਰਾਵਗ ਸੁਧ ਸਮੂਹ' ਆਦਿ ਸਵੈਯੇ ਅਰ ਚੌਪਈ 'ਹਮਰੀ ਕਰੋ ਹਾਥ ਦੈ ਰਛਾ' ਆਦਿ ਬਾਣੀ ਦਾ ਪਾਠ ਅੰਮ੍ਰਿਤ ਛਕਾਉਣ ਸਮੇਂ ਅਰੁ ਰਾਮਾ ਅਵਤਾਰ ਦਾ ਪਾਠ ਦਸਹਿਰੇ ਦੇ ਦਿਨ ਅਰ ਚੰਡੀ ਚਰਿਤ੍ਰਾਂ ਦੇ ਪਾਠ ਨਵਰਾਤਿਆਂ ਮੈਂ ਤਖਤਾਂ ਪਰ ਅਰ ਕ੍ਰਿਸ਼ਨਾਂ ਅਵਤਾਰ ਦੇ ਸਵੈਯੇ ਹੋਲੇ-ਮਹਲੇ ਵਿਖੇ, ਹਰੀ ਮੰਦਰਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਾਂ ਹੁੰਦਾ। ਇਸਤੋਂ ਪਰਗਟ ਹੁੰਦਾ ਹੈ ਕਿ ਇਹ ਸ੍ਰੀ ਮੁਖਵਾਕ ਹੈ।

ਸੰਨ ਈ ੧੯੪੪ ਵਿਚ ਦਸੰਬਰ ੨੧ ਤੋਂ ੨੫ ਤੱਕ ਗੁਰੂ ਗੋਬਿੰਦ ਜੀ ਦੇ ਗੁਰਪੁਰਬ ਸਮੇਂ ਅਕਾਲ ਤਖਤ ਤੇ ਦਸਮ ਗ੍ਰੰਥ ਦਾ ਇਕ ਅਖੰਡ ਪਾਠ ਹੋਇਆ ਸੀ। ਜਥੇਦਾਰ ਮੋਹਣ ਸਿੰਘ ਜੀ, ਜੋ ਓਸ ਸਮੇਂ ਅਕਾਲ ਤਖਤ ਦੇ ਜਥੇਦਾਰ ਸਨ, ਅਤੇ ਸ੍ਰ: ਰਣਧੀਰ ਸਿੰਘ ਜੋ ਸ੍ਰੋ: ਗੁ: ਪ੍ਰ: ਕ: ਦੇ ਇਤਿਹਾਸ ਖੋਜੀ ਨਿਯੁਕਤ ਸਨ ਆਦਿ......ਪਾਠ ਵਿਚ ਲਗੇ ਸਨ।

ਦਸਮ ਗ੍ਰੰਥ ਦੀ ਬੀੜ ਜਿਸ ਤਰ੍ਹਾਂ ਬੱਝ ਚੁੱਕੀ ਹੈ ਏਹ ਸਹੀ ਹੈ ਜਾਂ ਗਲਤ ਇਸ ਬਾਰੇ, ਦੇਰ ਹੋਈ ਓਦੋਂ ਵੀ ਇਹ ਸਵਾਲ ਉਠਿਆ ਸੀ। ਓਸ ਸਮੇਂ ਭਾਈ ਮਤਾਬ ਸਿੰਘ ਜੀ ਮੀਰਾਂ ਕੋਟੀਏ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਨਾਂ ਸਹਾਰਦੇ ਹੋਏ ਮੱਸੇ ਰੰਘੜ ਦਾ ਸਿਰ ਵਢਣ ਲਈ ਚੜ੍ਹੇ ਸਨ। ਜਾਣ ਓਨਾਂ ਆਖਿਆ ਕਿ ਅਸੀਂ ਆਪਣੇ ਕੰਮ ਵਿਚ ਸਫ਼ਲ ਹੋ ਗਏ, ਤਦ ਸਮਝੋ ਇਹ ਠੀਕ ਹੈ ਅਤੇ ਗੁਰਬਾਣੀ ਹੈ। ਇਸਦੀ ਪਰੋੜਤਾ ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਆਪਣੇ ਮਹਾਨ ਕੋਸ਼ ਵਿਚ ਸਫ਼ਾ ੪੬੧ ਤੇ ਇਓਂ ਕੀਤੀ ਹੈ।

"ਇਸ ਤਰ੍ਹਾਂ ਹੋਰ ਤਰਕ ਬਿਤਰਕ ਚਿਰ ਤਾਈਂ ਹੁੰਦੀ ਰਹੀ, ਪਰ ਕੋਈ ਫੈਸਲਾ ਨਹੀਂ ਹੋਇਆ ਇਤਨੇ ਵਿਚ ਭਾਈ ਮਤਾਬ ਸਿੰਘ ਜੀ, ਮੱਸੇ ਰੰਘੜ ਦੇ ਹਥੋਂ (ਸੰਮਤ ੧੭੯੭ ਵਿਚ) ਦਰਬਾਰ ਅੰਮ੍ਰਿਤਸਰ ਜੀ ਦੀ ਬੇਅਦਬੀ ਦਾ ਹਾਲ ਸੁਣਕੇ ਬੀਕਾਨੇਰ ਤੋਂ ਅੰਮ੍ਰਿਤਸਰ ਜੀ ਅਪੜਨ ਲਈ ਰਾਹ ਜਾਂਦੇ, ਦਮਦਮੇ ਸਾਹਿਬ ਆ ਪੁੱਜੇ। ਪੰਥ ਨੇ ਉਨ੍ਹਾਂ ਦੀ ਰਾਇ ਭੀ ਦਸਮ ਗ੍ਰੰਥ ਬਾਬਤ ਲਈ, ਤਾਂ ਉਨ੍ਹਾਂ ਨੇ ਆਖਿਆ ਕਿ ਜੇ ਮੈਂ ਮੱਸੇ ਰੰਘੜ ਨੂੰ ਮਾਰਕੇ ਮੁੜ ਦਮਦਮੇ ਸਾਹਿਬ ਆਇਆ, ਤਾਂ ਬੀੜ ਭਾਈ ਮਨੀ ਸਿੰਘ ਜੀ ਦੀ ਲਿਖੀ ਕਾਇਮ ਰਹੇ, ਜੇ ਮੈਂ ਅੰਮ੍ਰਿਤਸਰ ਜੀ ਸ਼ਹੀਦ ਹੋ ਗਿਆ ਤਾਂ ਜਿਲਦ ਖੋਲ੍ਹਕੇ ਜੁਦੀਆਂ ਜੁਦੀਆਂ ਪੋਥੀਆਂ ਬਣਾਈਆਂ ਜਾਣ। ਭਾਈ ਮਤਾਬ ਸਿੰਘ ਜੀ ਬਹਾਦਰੀ ਨਾਲ ਪਾਮਰ ਅਨਯਾਈ ਮੱਸੇ ਨੂੰ ਮਾਰ ਕੇ ਜੈਕਾਰੇ ਛੱਡ ਦੇ ਦਮਦਮੇ ਸਾਹਿਬ ਆਏ। ਪੰਥ ਨੇ ਭਾਈ ਮਤਾਬ ਸਿੰਘ ਜੀ ਦਾ ਭਾਰੀ ਸਨਮਾਨ ਕੀਤਾ ਅਰ ਉਨ੍ਹਾਂ ਦੇ ਬਚਨ ਅਨੁਸਾਰ ਦਸਮ ਗ੍ਰੰਥ ਦੀ ਬੀੜ

ਭਾਈ ਮਨੀ ਸਿੰਘ ਜੀ ਦੇ ਲਿਖੇ ਕਰਮ ਅਨੁਸਾਰ ਕਾਇਮ ਰਖੀ।

ਇਹ ਬੀੜ ਹੁਣ ਹਜ਼ੂਰ ਸਾਹਿਬ (ਅਬਿਚਲ ਨਗਰ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੌਥੀ ਬੀੜ ਨਾਲ ਸ਼ਾਮਿਲ ਕਰਕੇ ਇਕੋ ਜਿਲਦ ਬੰਨ੍ਹੀ ਗਈ ਹੈ।"

-ਮਹਾਨ ਕੋਸ਼ ਸਫਾ ੪੬੧ ਕਾਲਮ ੪ ਪੈਰਾ ੨

ਜੋ ਕਹਿੰਦੇ ਹਨ ਕਿ ਦਸਮ ਗ੍ਰੰਥ ਵਿਚ ਦਰਜ ਪਖਿਆਨ ਚਰਿਤ੍ਰ ਸ੍ਰੀ ਗੁਰੂ ਜੀ ਦੀ ਰਚਨਾਂ ਨਹੀਂ ਓਨਾਂ ਦੀ ਸ਼ੰਕਾ ਦੂਰ ਕਰਨ ਲਈ ਭਾਈ ਮਨੀ ਸਿੰਘ ਜੀ, ਜੋ ਕਿਤਨਾਂ ਚਿਰ ਦਸਮੇਸ਼ ਜੀ ਦੇ ਹਜ਼ੂਰ ਰਹੇ, ਓਨਾਂ ਦੀ ਆਪਣੀ ਲਿਖੀ ਹੋਈ ਚਿਠੀ ਜੋ ਮਾਤਾ ਜੀ (ਮਾਤਾ ਸੁੰਦਰੀ ਜੀ, ਦਸਮੇਸ਼ ਜੀ ਦੇ ਮਹਿਲਾਂ) ਨੂੰ ਸੰਬੋਧਨ ਹੈ, ਹੇਠਾਂ ਦਿੱਤੀ ਜਾਂਦੀ ਹੈ:-

ੴ ਅਕਾਲ ਸਹਾਏ।

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੋਤ ਬੰਦਨ। ਬਹੁਰੋ ਸਮਾਚਾਰ ਵਾਚਨਾ ਕਿ ਇਧਰ ਔਣ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ। ਸੁਅਸਥ ਨਾਹੀਂ ਰਿਹਿਆ। ਤਾਪ ਦੀ ਕਥਾ ਦੋ ਬਾਰ ਸੁਨੀ। ਪਰ ਮੰਦਿਰ ਦੀ ਸੇਵਾ ਮੇਂ ਕੋਈ ਆਲਕੁ ਨਾਹੀ। ਦੇਸ਼ ਵਿਚਿ ਖਾਲਸੇ ਦਾ ਬਲੁ ਛੂਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ। ਮਲੇਛੋਂ ਕੀ ਦੇਸ ਮੇਂ ਦੋਹੀ ਹੈ। ਬਸਤੀ ਮੇਂ ਬਾਲਕ ਜੁਵਾ ਇਸਤਰੀ ਸਲਾਮਤੁ ਨਾਹੀ। ਮੁਛ-ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨਾ ਦੇ ਸੰਗੁ ਮਿਲਿ ਗਏ ਹੈਨ। ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ। ਸਬੀ ਚਕੁ ਛੋੜ ਗਏ ਹੈਨ। ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬ ਤੋ ਅਕਾਲ ਦੀ ਰਛਾ ਹੈ। ਕਲ ਕੀ ਖਬਰ ਨਾਹੀ। ਸਾਹਿਬਾਂ ਦੇ ਹੁਕਮ ਅਟਲ ਹੈਨ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ। ਉਨਾ ਵਿਚ ਸਾਹਿਬਾਂ ਦੇ ੩੦੩ ਚਰਿਤਰ ਉਪਖਿਆਨ ਦੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ। ਨਾਮ ਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀਂ। ਕਰਿਸਨਾਵਤਾਰ ਪੂਰਬਾਰਧ ਤੋਂ ਮਿਲਾ। ਉਤਰਾਰਧ ਨਾਹੀ। ਜੋ ਮਿਲਾ ਅਸੀਂ ਭੇਜ ਦੇਵਾਂਗੇ। ਦੇਸ ਵਿਚਿ ਗੋਗਾ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਿਆ ਹੈ। ਸਾਹਿਬ ਬਾਹੁੜੀ ਕਰਨਗੇ। ਤੋਲਾ ੫ ਸੋਨਾ ਸਾਹਿਬਜਾਦੇ ਦੀ ਘਰਨੀ ਕੇ ਆਭੂਖਨ ਲਈ ਗੁਰੂ ਕਿਆ ਖੰਡੂਰ ਸੇ ਭੇਜਾ ਹੈ। ੧੨ ਰਜਤਪਨ ਬੀ ਝੰਡਾ ਸਿੰਘ ਸੇ ਭਰਪਾਨੇ। ਪੰਜ ਰਜਤਪਨ ਇਸੇ ਤੋਸਾ ਦੀਆ। ਇਸਨੂੰ ਬਦਰਕਾ ਬੀ ਹੈ। ਇਸ ਸੇ ਉਠਿ ਜਾਵੇਗੇ। ਮੁਸੜਦੀਓਂ ਨੇ ਹਿਸਾਬ ਨਾਹੀ ਦੀਆ। ਜੋ ਦੇਂਦੇ ਤਾਂ ਬੜੇ ਸ਼ਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰੁ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ। ਮਿਤੀ ਵੈਸਾਖੁ ੨੨ ਦਸਖਤ ਮਨੀ ਸਿੰਘ। ਗੁਰੂ ਚਕੁ ਬੁੰਗਾ। ਜੁਆਬ ਪੋਰੀ ਮੈਂ।

ਦਸਮ ਗ੍ਰੰਥ ਦਾ ਓਹ ਹਿਸਾ 'ਤ੍ਰੀਆ ਚਰਿਤ੍ਰ' ਜਿਸ ਬਾਰੇ ਸਭ ਤੋਂ ਵਧ ਸ਼ਕ ਕੀਤਾ ਜਾਂਦਾ ਹੈ ਕਿ ਗੁਰੂ ਜੀ ਦੀ ਰਚਨਾਂ ਨਹੀਂ ਜੋ ਓਸਦਾ ਜ਼ਿਕਰ ਖਾਸ ਕਰਕੇ ਇਸ ਚਿਠੀ ਵਿਚ ਆਇਆ ਹੈ ਜਿਸ ਤੋਂ ਸਾਫ ਸਪਸ਼ਟ ਹੈ ਕਿ ਇਹ ਗੁਰੂ ਸਾਹਿਬ ਕ੍ਰਿਤ ਹੀ ਹੈ।

ਇਸਤੋਂ ਬਿਨਾਂ ਚੰਡੀ ਚਰਿਤ੍ਰ ਅਤੇ ਅਕਾਲ ਉਸਤਤ ਬਾਰੇ ਵੀ ਸ਼ੱਕੀ ਸ਼ੱਕ ਕਰਦੇ ਹਨ ਕਿ ਏਹ ਗੁਰੂ ਸਾਹਿਬ ਦੀ ਰਚਨਾਂ ਨਹੀਂ। ਦਸਮੇਸ਼ ਜੀ ਨੇ ਜੋ ਆਪ ਖੁਦ ਫ਼ਰਮਾਇਆ ਹੈ ਕਿ ਏਹ ਓਨਾਂ ਆਪ ਲਿਖੇ ਹਨ, ਓਹ ਅਗੇ ਚੱਲਕੇ ਦਿੱਤਾ ਜਾਇਗਾ। ਐਥੇ ਸਿਰਫ਼ ਬਾਹਰਲੇ ਗ੍ਰੰਥਾਂ ਦੇ ਪ੍ਰਮਾਣ ਹੀ ਦਰਜ ਕੀਤੇ ਜਾਂਦੇ ਹਨ।

ਛਕੇ ਆਦਿਕ ਉਸਤਤੀ ਬਰਨੀ ਤਬ ਗੁਰ ਜੋਇ।
ਲਿਖੀ ਦਸਮ ਗੁਰੂ ਗ੍ਰੰਥ ਮੈਂ ਜਾਨਤ ਗੁਰ ਸਿਖ ਸੋਇ।

(ਪੰਥ ਪ੍ਰਕਾਬ ਗਿਆਨੀ ਗਿਆਨ ਸਿੰਘ ਐਡੀਸ਼ਨ ੨ ਸਫਾ ੧੫੩)

ਜਾਗਤਿ ਰਹੈਂ ਨੀਂਦ ਤਜਿ ਦੀਨੀ।
ਏਕ ਅਰਾਧਨ ਪਰ ਮਤਿ ਭੀਨੀ।
ਉਸਤਤਿ ਕਰਤ ਅਨੇਕ ਪ੍ਰਕਾਰਾ।
ਬ੍ਰਹਮ ਕਵਚ ਕੋ ਜਾਪੁ ਉਚਾਰਾ।
ਚੰਡੀ ਪਾਠ ਜਪਹਿ ਬਹੁ ਬਾਰੀ।
ਨਾਮ ਹਜਾਰਹੂੰ ਕਰਹਿ ਉਚਾਰੀ।
ਛੰਦ ਅਚਕੜੇ ਗ੍ਰੰਥ ਮਝਾਰਾ।
ਆਦਿ ਮੋਹਿਨੀ ਛੰਦ ਉਚਾਰਾ।(੧)
ਤਿਨ ਮਹਿ ਭਨੇ ਨਾਮ ਜੇ ਬ੍ਰਿੰਦਾ।
ਗੁਰ ਕਵਿਤਾ ਮਹਿ ਬਨੇ ਬਿਲੰਦਾ।

(ਸ੍ਰੀ ਗੁਰ ਪ੍ਰਤਾਪ ਸੂਰਜ ਰੁਤ ੩ ਅੰਸੂ ੧੦ ਸਫਾ ੪੯੪੫)

ਉਪ੍ਰੋਕਤ ਤੁਕਾਂ ਪੜ੍ਹਕੇ ਬਿਲਕੁਲ ਸਾਫ ਸਪਸ਼ਟ ਸਿਧ ਹੋ ਜਾਂਦਾ ਹੈ ਕਿ ਚੰਡੀ ਚਰਿਤ੍ਰ ਜਾਂ ਹੋਰ ਚੰਡੀ ਦੀ ਜੋ

ਉਸਤਤੀ ਗੁਰੂ ਸਾਹਿਬ ਨੇ ਵੱਖ-ਵੱਖ ਥਾਵਾਂ ਤੇ ਅੰਕਿਤ ਕੀਤੀ ਹੈ, ਓਹ ਓਨਾਂ ਦੀ ਆਪਣੀ ਰਚਨਾਂ ਹੈ ਹੋਰ ਕਿਸੇ ਦੀ ਨਹੀਂ।

ਨਾਮਧਾਰੀ ਸਿੰਘ ਸੰਪੂਰਨ ਆਦਿ ਬੀੜ ਨੂੰ ਗੁਰਬਾਣੀ ਮੰਨਦੇ ਹਨ ਅਤੇ ਇਸਦਾ ਸਤਿਕਾਰ ਕਰਦੇ ਹਨ। ਇਸ਼ਨਾਨ ਕੀਤੇ ਬਿਨਾਂ ਤਾਬਿਆ ਨਹੀਂ ਬੈਠਦੇ। ਇਹੋ ਸਤਿਕਾਰ ਦਸਮ ਗ੍ਰੰਥ ਦਾ ਕੀਤਾ ਜਾਂਦਾ ਹੈ। ਨਾਮਧਾਰੀਆਂ ਤੋਂ ਬਿਨਾਂ ਜੋ ਦੇਹਧਾਰੀ ਗੁਰੂ ਦੇ ਕਾਇਲ ਨਹੀਂ। ਅਰ ਜਿਨਾਂ ਦਾ ਅਕੀਦਾ ਹੈ ਕਿ ਗ੍ਰੰਥ ਸਾਹਿਬ ਜੀ ਹੀ ਗੁਰ ਗੱਦੀ ਤੇ ਸਸ਼ੋਭਤ ਹਨ ਓਹ ਆਦਿ ਗ੍ਰੰਥ ਸਾਹਿਬ ਨੂੰ ਅਤੇ ਦਸਮ ਗ੍ਰੰਥ ਸਾਹਿਬ ਨੂੰ ਕੁਛ ਸਾਲ ਪਹਿਲਾਂ ਤੱਕ "ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਦੇ ਰਹੇ ਹਨ ਇਸਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ ਕਿ ਦਸਮ ਗ੍ਰੰਥ ਗੁਰਬਾਣੀ ਹੈ ਅਤੇ ਸਾਰੇ ਸਿਖ ਪੰਥ ਵਿਚ ਇਸਨੂੰ ਦਸਮ ਪਾਤਸ਼ਾਹ ਦੀ ਬਾਣੀ ਮੰਨਿਆ ਜਾਂਦਾ ਸੀ। ਬਾਦ ਵਿਚ ਸ਼ਾਇਦ ਇਹ ਖਿਆਲ ਆ ਗਿਆ ਹੋਵੇ ਕਿ ਦੋਹਾ ਗ੍ਰੰਥ ਸਾਹਿਬਾਂ ਨੂੰ 'ਗੁਰੂ' ਪਦ ਨਾਲ ਸੰਬੋਧਤ ਕਰਨ ਨਾਲ ਇਸ ਪ੍ਰਸ਼ਨ ਤੋਂ ਨਿਰੁਤਰ ਹੋਵਾਂਗੇ ਕਿ ਇਨ੍ਹਾਂ ਦੋਹਾਂ ਵਿਚੋਂ ਗੁਰ ਗੱਦੀ ਦਾ ਹੱਕ ਆਦਿ ਜਾਂ ਦਸਮ ਨੂੰ ਹੈ, ਜਾਂ ਕਿਸੇ ਹੋਰ ਕਾਰਨ ਕਰਕੇ, ਦਸਮ ਗ੍ਰੰਥ ਨੂੰ ਹੁਣ 'ਗੁਰੂ' ਸ਼ਬਦ ਨਾਲ ਸੰਬੋਧਨ ਕਰਨਾ ਬੰਦ ਕਰ ਦਿੱਤਾ ਹੈ।

ਦਸਮ ਗ੍ਰੰਥ ਤੋਂ ਬਾਹਰਲੇ ਪ੍ਰਮਾਣ ਉਪਰ ਦਿੱਤੇ ਜਾ ਚੁੱਕੇ ਹਨ ਹੁਣ ਇਸ ਤੋਂ ਅੱਗੇ ਦਸਮ ਗ੍ਰੰਥ ਵਿੱਚੋਂ ਪ੍ਰਮਾਣ ਦੇ ਕੇ ਇਹ ਸਿਧ ਕੀਤਾ ਜਾਇਗਾ ਕਿ ਏਹ ਸਭ ਦਸਮੇਸ਼ ਜੀ ਦੀ ਆਪਣੀ ਰਚਨਾਂ ਹੈ।

ਜਾਪੁ ਸਾਹਿਬ ਗੁਰੂ ਜੀ ਨੇ ਸਭ ਤੋਂ ਪਹਿਲਾਂ ਜਾਂ ਕਦੋਂ ਲਿਖਿਆ ਇਸ ਦਾ ਕੋਈ ਨਿਰਨਾਂ ਕਿਤੋਂ ਨਹੀਂ ਲਭਦਾ ਪਰ ਸਮੂਹ ਸਿਖ ਜਗਤ ਵਿਚ ਇਸਨੂੰ ਗੁਰਬਾਣੀ ਮੰਨਿਆ ਗਿਆ ਹੈ। ਡਾ: ਗੋਪਾਲ ਸਿੰਘ ਜੀ ਮੈਂਬਰ ਪਾਰਲੀਮੈਂਟ ਜੋ ਗੁਰਬਾਣੀ ਸਮਝਕੇ ਹੀ ਇਸਦਾ ਅਨੁਵਾਦ ਅੰਗਰੇਜ਼ੀ ਵਿਚ ਆਪਣੀ ਪੁਸਤਕ ਗੁਰੂ ਗੋਬਿੰਦ ਸਿੰਘ ਦੇ ਆਖੀਰ 'ਚ ਕੀਤਾ ਹੈ। ਇਸਦੇ ਅਰੰਭ ਵਿਚ ਜਾਪੁ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖਿਆ ਹੈ, ਜਿਸ ਤੋਂ ਨਿਰਵਿਵਾਦ ਸਿਧ ਹੁੰਦਾ ਹੈ ਕਿ ਇਹ ਗੁਰੂ ਜੀ ਦੀ ਆਪਣੀ ਰਚਨਾ ਹੈ।

ਅਕਾਲ ਉਸਤਤ (ਜਿਸ ਵਿਚ ਦੁਰਗਾ ਦੀ ਉਸਤਤੀ ਵੀ ਦਰਜ ਹੈ) ਦਾ ਵਰਣਨ ਅੱਗੇ ਆ ਚੁਕਾ ਹੈ ਕਿ ਇਸ ਵਿਚ ਹੀ ਓਹ ਸਵੈਯੇ ਹਨ ਜੋ ਅੰਮ੍ਰਿਤ ਬਣੌਣ ਸਮੇਂ ਸਿਖ ਪੜ੍ਹਦੇ ਹਨ। ਇਹ ਤਾਂ ਮੰਨਿਆ ਨਹੀਂ ਜਾ ਸਕਦਾ ਕਿ ਸਵੈਯੇ ਗੁਰੂ ਜੀ ਕ੍ਰਿਤ ਅਤੇ ਬਾਕੀ ਦੀ ਅਕਾਲ ਉਸਤਤ ਕਿਸੇ ਹੋਰ ਦੀ ਕ੍ਰਿਤ ਹੋਵੇ। ਇਸਤੋਂ ਇਲਾਵਾ ਆਰੰਭ ਵਿਚ 'ਉਤਾਰ ਖਾਸੇ ਦਸਖਤ ਕਾ ਪਾਤਸ਼ਾਹੀ ੧੦' ਲਿਖਿਆ ਹੈ, ਜਿਸ ਤੋਂ ਸਾਫ ਪ੍ਰਗਟ ਹੈ ਕਿ ਏਹ ਗੁਰੂ ਜੀ ਦੀ ਆਪਣੀ ਲਿਖਤ ਹੈ।

ਬਚਿਤ੍ਰ ਨਾਟਕ ਬਾਰੇ ਚਰਚਾ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਵਿਚ ਦਸ਼ਮੇਸ ਜੀ ਨੇ ਆਪਣੇ ਆਪ ਬਾਰੇ ਜੋ ਲਿਖਿਆ ਹੈ ਉਹੋ ਹੀ ਕਾਫੀ ਹੈ। ਔਰ ਉਹ ਲਿਖਤ ਐਸੀ ਹੈ ਜਿਸਨੂੰ ਕੋਈ ਦੂਸਰਾ ਲਿਖ ਹੀ ਨਹੀਂ ਸਕਦਾ। ਉਦਾਹਰਣ: 'ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ। ਫੇਰ 'ਤਹੀ ਪ੍ਰਕਾਸ ਹਮਾਰਾ ਭਯੋ। ਪਟਨਾ ਸਹਰ ਬਿਖੈ ਭਵ ਲਯੋ।'

'ਚੰਡੀ ਚਰਿਤ੍ਰ' ਪਹਿਲਾ ਅਤੇ ਦੂਜਾ। ਬਚਿਤ੍ਰ ਨਾਟਕ ਬਾਰੇ ਬਹੁਤਾ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਉਪਰ ਸੰਖੇਪ ਵਿਚ ਦਸ ਦਿਤਾ ਗਿਆ ਹੈ। ਉਸੇ ਬਚਿਤਰ ਨਾਟਕ ਵਿਚ ਅਖੀਰ ਤੇ ਲਿਖੀਆਂ ਹੋਈਆਂ ਤੁਕਾਂ ਹੇਠਾਂ ਦਰਜ ਕੀਤੀਆਂ ਜਾਂਦੀਆਂ ਹਨ। ਜਿਸ ਤੋਂ ਨਿਰਸੰਦੇਹ ਤਸੱਲੀ ਹੋ ਜਾਂਦੀ ਹੈ ਕਿ ਚੰਡੀ ਚਰਿਤ੍ਰ ਸ੍ਰੀ ਗੁਰੂ ਜੀ ਦੀ ਹੀ ਪਵਿਤ੍ਰ ਬਾਣੀ ਹੈ:-

-ਅਬ ਜੋ ਜੋ ਮੈ ਲਖੇ ਤਮਾਸਾ।
ਸੋ ਸੋ ਕਰਹੁ ਤੁਮੈ ਅਰਦਾਸਾ।
ਜੋ ਪ੍ਰਭ ਕ੍ਰਿਪਾ ਕਟਾਛ ਦਿਖੈ ਹੈ।
ਸੋ ਤਵਦਾਸ ਉਚਾਰਤ ਜੈ ਹੈ।
ਜਿਹ ਜਿਹ ਬਿਧਿ ਮੈ ਲਖੇ ਤਮਾਸਾ।
ਚਾਹਤ ਤਿਨਕੋ ਕੀਓ ਪ੍ਰਕਾਸਾ।
ਜੋ ਜੋ ਜਨਮ ਪੂਰਬਲੇ ਹਰੇ।
ਕਹਿਹੋ ਸੋ ਪ੍ਰਭੁ ਪ੍ਰਾਕ੍ਰਮ ਤੇਰੇ।੪
-ਜਿਹ ਜਿਹ ਬਿਧ ਜਨਮਨ ਸੁਧਿ ਆਈ।
ਤਿਮ ਤਿਮ ਕਰੇ ਗਿਰੰਥ ਬਨਾਈ।
ਪ੍ਰਥਮੇ ਸਤਿਜੁਗ ਜਿਹ ਬਿਧ ਲਹਾ।
ਪ੍ਰਥਮੇ ਦੇਬਿ ਚਰਿਤ ਕੋ ਕਹਾ।
ਪਹਿਲੇ ਚੰਡੀ ਚਰਿਤ੍ਰ ਬਨਾਯੋ।
ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।
ਛੋਰ ਕਥਾ ਤਬ ਪ੍ਰਥਮ ਸੁਨਾਈ।
ਅਬ ਚਾਹਤ ਫਿਰ ਕਰੋ ਬਡਾਈ।
ਚੰਡੀ ਚਰਿਤ੍ਰ ਪਹਿਲਾ (ਉਕਤਿ ਬਿਲਾਸ) ਦੇ ਅੰਕ

੫੫ ਤੇ ਇਹ ਸਵੈਯਾ ਹੈ ਜੋ ਹਜ਼ੂਰ ਸਾਹਿਬ (ਨਦੇੜ) ਵਿਖੇ ਹੁਣ ਵੀ ਸ਼ਾਮ ਨੂੰ ਰਹਿਰਾਸ ਦੇ ਪਾਠ ਤੋਂ ਬਾਦ ਆਰਤੀ ਸਮੇਂ ਪੜ੍ਹਿਆ ਜਾਂਦਾ ਹੈਂ।

ਸੰਖਨ ਕੀ ਧੁਨ ਘੰਟਨ ਕੀ ਕਰ ਫੂਲਨ ਕੀ ਬਰਖਾ ਬਰਖਾਵੈਂ। ਆਰਤੀ ਕੋਟ ਕਰੋਂ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਜਾਵੈਂ। ਦਾਨਤ ਦਛਨ ਦੈ ਕੇ ਪ੍ਰਦਛਨ ਭਾਲ ਮੈਂ ਕੁੰਕਮ ਅਛਤ ਲਾਵੈਂ। ਹੋਤ ਕੁਲਾਹਲ ਦੇਵ ਪਰੀ ਮਿਲੁ ਦੇਵਨ ਕੇ ਕੁਲ ਮੰਗਲ ਗਾਵੈ।

ਇਸ ਤੋਂ ਇਲਾਵਾ ਅੰਕ ੨੩੧ ਤੇ ਇਹ ਸਵੈਯਾ ਹੈ ਜੋ ਪਹਿਲਾਂ ਵੀ ਅਤੇ ਹੁਣ ਵੀ ਆਮ ਸਿਖ ਸੰਗਤਾਂ ਵਿਚ ਦਸ਼ਮੇਸ਼ ਜੀ ਦੀ ਰਚਨਾ ਮੰਨਕੇ ਪੜ੍ਹਿਆ ਜਾਂਦਾ ਹੈ:-

ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋ।
ਨ ਡਰੋ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰਿ ਆਪਨੀ ਜੀਤ ਕਰੋ।
ਅਰੁ ਸਿਖ ਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤੌ ਉਚਰੋ।
ਜਬ ਆਵਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋ॥੨੩੧

ਚੰਡੀ ਚਰਿਤ੍ਰ ਦੂਸਰੇ ਦੇ ਅਖੀਰ ਵਿਚ ਦੋਹਰਾ ਹੈ।

ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ, ਸੰਤ।
ਅੰਤ ਲਹੇਂਗੇ ਮੁਕਤਿ ਫਲੁ ਪਾਵਹਿਗੇ ਭਗਵੰਤ।

ਇਹ ਦੋਹਰਾ ਗੁਟਕਿਆਂ ਵਿਚ ਦਰਜ ਰਹਿਰਾਸ ਦੇ ਪਾਠ ਵਿਚ ਛਪਿਆ ਹੋਇਆ ਹੈ। ਜਿਸ ਤਰਾਂ ਸ਼ਬਦ ਹਜ਼ਾਰੇ ਵਿਚ ਕੋਈ ਸਬਦ ਮਾਝ ਤਿਲੰਗ ਸੂਹੀ ਰਾਗਾਂ ਵਿਚੋਂ ਪਾਇ ਗਏ ਹਨ, ਇਸੇ ਤਰਾਂ ਰਹਿਰਾਸ ਵਿਚ ਇਹ ਦੋਹਰਾ ਪਾਇਆ ਗਿਆ ਹੈ। ਅਰ ਨਿਤਨੇਮੀ ਸਿਖ ਰੋਜ ਰਹਿਰਾਸ ਵਿਚ ਇਸਦਾ ਪਾਠ ਕਰਦੇ ਹਨ। ਇਸਤੋਂ ਬਿਨਾਂ ਬਚਿਤ੍ਰ ਨਾਟਕ ਦੇ ਛੰਦ ੪੯ ਤੇ 'ਟਕਾ ਟੁਕ ਟੋਪੰ ਢਕਾ ਢੁਕ ਢਾਲੰ' ਪਾਠ ਲਿਖਿਆ ਹੈ। ਇਹ ਪਾਠ ਚੰਡੀ ਚਰਿਤ੍ਰ ਦੇ ੧੯੨ ਅੰਕ ਦੇ ਛੰਦ ਤੇ ਲਿਖਿਆ ਹੈ। ਇਸ ਤਰਾਂ ਦੇ ਕਈ ਹੋਰ ਪਾਠ ਦਸਮ ਬਾਣੀ ਵਿਚ ਮਿਲਦੇ ਹਨ ਜੋ ਗੁਰੂ ਨੇ ਕਈ ਥਾਈਂ ਭਿੰਨ ਭਿੰਨ ਬਾਣੀਆਂ ਵਿਚ ਲਿਖੇ ਹਨ।

**ਚੰਡੀ ਦੀ ਵਾਰ–**

ਇਸ ਦੇ ਅਰੰਭ ਵਿਚ ਦੋ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ਲਿਖਿਆ ਹੋਇਆ ਹੈ, ਇਹ ਪਹਿਲੀ ਪਉੜੀ ਓਹ ਹੈ ਜਿਸ ਤੋਂ ਸਭ ਸਿਖ ਸੰਗਤਾਂ ਅਰਦਾਸ ਦਾ ਆਰੰਭ ਕਰਦੀਆਂ ਹਨ। ਨੌ ਗੁਰੂਆਂ ਦੀ ਅਰਾਧਨਾਂ ਲਿਖਦੇ ਹੀ ਪਹਿਲੀ ਪਉੜੀ ਸਮਾਪਤ ਕਰ ਦਿਤੀ ਹੈ।

ਇਹ ਦਸਮੇਸ਼ ਜੀ ਦੀ ਆਪਣੀ ਰਚਣਾਂ ਹੋਣ ਦਾ ਵਡਾ ਸਬੂਤ ਹੈ। ਜੇ ਇਹ ਕਿਸੇ ਦਰਬਾਰੀ ਕਵੀ ਨੇਂ ਲਿਖੀ ਹੁੰਦੀ ਤਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਜਰੂਰ ਲਿਖਦਾ।

**ਗਿਆਨ ਪ੍ਰਬੋਧ–**

ਇਸ ਬਾਣੀ ਦੇ ਆਰੰਭ ਵਿਚ ਵੀ ਚੰਡੀ ਦੀ ਵਾਰ ਦੀ ਤਰਾਂ "ਸ੍ਰੀ ਭਗਉਤੀ ਜੀ ਸਹਾਇ" ਅਰ ਪਾਤਸ਼ਾਹੀ ੧੦ ਲਿਖਿਆ ਹੈ।

ਦਸ਼ਮੇਸ਼ ਜੀ ਨੇ ਹਰ ਬਾਣੀ ਦੇ ਆਰੰਭ ਵਿਚ ਅਕਾਲ ਪੁਰਖ ਦਾ ਮੰਗਲ ਕੀਤਾ ਹੈ। ਗਿਆਨ ਪ੍ਰਬੋਧ ਵਿਚ ਵੀ, ਸ਼ੁਰੂ ਵਿਚ ਅਕਾਲ ਪੁਰਖ ਦੀ ਉਸਤਤੀ ਹੈ ਬਾਦ ਵਿਚ ਘਟਨਾਵਾਂ ਦਾ ਵਰਣਨ ਹੈ।

ਇਸ ਤੋਂ ਬਿਨਾਂ ਅੰਕ ੬ ਤੇ ਜੋ ਤੁਕਾਂ ਹਨ ਓਹ ਓਹੋ ਹੀ ਹਨ ਜਾਂ ਮਮੂਲੀ ਫਰਕ ਹੈ ਜੋ ਅਕਾਲ ਉਸਤਤ ਦੇ ਅੰਕ ੯੩ ਤੇ ਅਤੇ ਬਚਿਤ੍ਰ ਨਾਟਕ ਦੇ ਪਹਿਲੇ ਅਧਿਆਇ ਦੇ ਅੰਕ ੧੪ ਤੇ ਹਨ। ਓਹ ਹਨ:-

ਨਹੀ ਜਾਨ ਜਾਈ ਕਛੁ ਰੂਪ ਰੇਖੰ।
ਕਹਾ ਬਾਸੁ ਤਾਕੋ ਫਿਰੈ ਕਉਨ ਭੇਖੰ।
ਕਹਾ ਨਾਮ ਤਾਕੋ ਕਹਾ ਕੋ ਕਹਾਵੈ।
ਕਹਾ ਮੈ ਬਖਾਨੋ ਕਹੈ ਮੈ ਨ ਆਵੈ ॥੬॥

ਜਿਸ ਤਰ੍ਹਾਂ ਆਦਿ ਗ੍ਰੰਥ ਸਾਹਿਬ ਵਿਚੋਂ ਕੁਛ ਬਾਣੀਆਂ ਲੈ ਕੇ ਇਕ ਛੋਟੀ ਪੁਸਤਕ ਤਿਆਰ ਕੀਤੀ ਗਈ ਜੋ ਪੰਜ ਗ੍ਰੰਥੀ ਨਾਮ ਤੇ ਪ੍ਰਸਿਧ ਹੈ ਤੇ ਆਮ ਕਰਕੇ ਬਾਲਕਾਂ ਨੂੰ ਸੰਥਯਾ ਦੇਣ ਲਈ ਵਰਤੀ ਜਾਂਦੀ ਹੈ ਇਸੇ ਤਰਾਂ ਦਸਮ ਗ੍ਰੰਥ ਵਿਚੋਂ ਉਪ੍ਰੋਕਤ ਬਾਣੀਆ ਵਾਲੀ ਇਕ ਪੋਥੀ ਤਿਆਰ ਕੀਤੀ ਗਈ ਹੈ ਜੋ 'ਦਸ ਗ੍ਰੰਥੀ' ਨਾਮ ਤੋਂ ਪ੍ਰਸਿਧ ਹੈ ਅਤੇ ਆਮ ਸਿੱਖ ਜਗਤ ਵਿਚ ਇਸਦਾ ਪਾਠ ਕੀਤਾ ਜਾਂਦਾ ਹੈ ਕਿਉਂਕਿ ਇਹ ਗੁਰਬਾਣੀ ਹੈ। ਕਿਤੇ-ਕਿਤੇ ਸਿਖ ਪਾਠਸ਼ਾਲਾ ਵਿਚ ਇਸ ਪੋਥੀ ਤੋਂ ਬਾਲਕਾਂ ਨੂੰ ਦਸਮ ਬਾਣੀ ਦੀ ਸੰਥਯਾ ਦਿੰਦੇ ਵੀ ਦੇਖਿਆ ਗਿਆ ਹੈ। ਇਸ ਲਈ ਉਪ੍ਰੋਕਤ ਬਾਣੀਆਂ ਨਿਰਸੰਦੇਹ ਨਿਰ ਵਿਵਾਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ

ਆਪਣੀ ਰਚਨਾਂ ਹਨ।

ਚੌਵੀ ਅਵਤਾਰ। ਇਨਾਂ ਦੇ ਅਰੰਭ ਵਿਚ ਵੀ "ਪਾਤਸ਼ਾਹੀ ੧੦" ਲਿਖਿਆ ਹੈ। ਪਹਿਲੀਆਂ ਤੁਕਾਂ ਹਨ "ਅਬ ਚਉਬੀਸ ਉਚਰੌ ਅਵਤਾਰਾ। ਜਿਹ ਬਿਧ ਤਿਨ ਕਾ ਲਖਾ ਅਖਾਰਾ। ਸੁਨੀਅਹੁ ਸੰਤ ਸਬੈ ਚਿਤ ਲਾਈ। ਬਰਨਤ ਸਯਾਮ ਜਥਾਮਤਿ ਭਾਈ।"

'ਰਾਮ' ਅਤੇ 'ਸਯਾਮ' ਦੋਵੇਂ ਨਾਮ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੀ ਸਨ। ਕਿਉਂਕਿ ਭਾਰਤ ਦੀ ਪੁਰਾਤਨ ਸਭਿਯਤਾ ਅਨੁਸਾਰ ਮਾਈਆਂ ਆਪਣੇ ਵੱਡਿਆਂ ਦਾ ਜਾਂ ਆਪਣੇ ਪਤੀ ਦਾ ਨਾਮ ਨਹੀਂ ਸਨ ਲੈਂਦੀਆਂ। ਗੁਰੂ ਹਰਿ ਗੋਬਿੰਦ ਸਾਹਿਬ ਦੇ ਘਰ ਸ੍ਰੀ ਗੁਰੂ ਤੇਗ ਬਹਾਦਰ ਦਾ ਅਵਤਾਰ ਹੋਇਆ। ਸੰਸਾਰਕ ਰਿਸ਼ਤੇ ਅਨੁਸਾਰ ਗੁਰੂ ਹਰਿ ਗੋਬਿੰਦ ਸਾਹਿਬ ਮਾਤਾ ਗੁਜਰੀ ਜੀ ਦੇ ਸਹੁਰੇ ਲਗਦੇ ਸਨ। ਏਧਰ ਦਸਮੇਸ਼ ਜੀ ਦਾ ਨਾਮ ਵੀ ਗੋਬਿੰਦ ਰਾਏ ਸੀ। ਮਾਤਾ ਜੀ 'ਗੋਬਿੰਦ' ਸ਼ਬਦ ਦੀ ਵਰਤੋਂ ਨਹੀ ਸਨ ਕਰਨਾ ਚਾਹੁੰਦੇ ਸੋ ਇਸ ਦੀ ਬਜਾਇ ਮਾਤਾ ਜੀ, ਗੁਰੂ ਜੀ ਨੂੰ 'ਰਾਮ' ਜਾਂ 'ਸਯਾਮ' ਕਹਿਕੇ ਪੁਕਾਰਦੇ ਸਨ। ਗੁਰੂ ਜੀ ਦੇ ਇਹ ਨਾਮ (ਤਖੱਲਸ) ਹੋਣ ਦਾ ਸਮਰਥਨ ਭਾਈ ਸਾਹਿਬ ਕਾਨ੍ਹ ਸਿੰਘ ਜੀ ਦੇ ਕੋਸ਼ ਵਿਚੋਂ ਵੀ ਮਿਲਦਾ ਹੈ:-

ਕਿਤਨਿਆਂ ਦੇ ਖਿਆਲ ਅਨੁਸਾਰ 'ਸਯਾਮ' ਦਸ਼ਮੇਸ਼ ਦਾ ਤਖਲੱਸ਼ (ਛਾਪ) ਹੈ ਬਹੁਤ ਵਿਦਵਾਨ ਮੰਨਦੇ ਹਨ ਕਿ ਸਯਾਮ ਇਕ ਕਵੀ ਸੀ

(ਮਹਾਨ ਕੋਸ਼ ਸਫਾ ੧੯੯ ਕਾਲਮ ੪)

'ਕਿਤਨੇ ਵਿਦਵਾਨਾ ਦਾ ਖਿਆਲ ਹੈ ਕਿ 'ਰਾਮ' ਦਸਮੇਸ਼ ਜੀ ਦੀ ਛਾਪ ਤਖਲਸ ਹੈ।'

(ਮਹਾਨ ਕੋਸ਼ ਸਫਾ ੭੨੪ ਦਾ ਫੁਟ ਨੋਟ)

ਜਿਸ ਢੰਗ ਨਾਲ ਹੋਰਨਾਂ ਬਾਣੀਆਂ ਦੇ ਆਰੰਭ ਵਿਚ ਗੁਰੂ ਜੀ ਨੇ ਅਕਾਲ ਪੁਰਖ ਦੀ ਉਸਤਤਿ ਕੀਤੀ ਹੈ, ਏਵੇਂ ਹੀ ਚੌਵੀ ਅਵਤਾਰਾਂ ਦੀ ਕਥਾ ਦੇ ਆਰੰਭ ਵਿਚ ਵੀ ਅਕਾਲ ਪੁਰਖ ਦੀ ਉਸਤਤਿ ਹੈ। ਇਸ ਤੋਂ ਬਿਨਾਂ ਕੁਛ ਐਸੀਆਂ ਤੁਕਾਂ ਹਨ ਜਿਨਾਂ ਦਾ ਕੁਛ ਕੁਛ ਹਿਸਾ ਬਚਿਤ੍ਰ ਨਾਟਕ ਵਿਚ ਦਰਜ ਤੁਕਾਂ ਨਾਲ ਮਿਲਦਾ ਹੈ:-

ਬਚਿਤ੍ਰ ਨਾਟਕ

ਧਰਮ ਹੇਤ ਸਾਕਾ ਜਿਨਿ ਕੀਆ।

ਸੀਸੁ ਦੀਆ ਪਰੁ ਸਿਰਰੁ ਨ ਦੀਆ।

ਅੰਕ ੧੩

ਚੌਵੀ ਅਵਤਾਰ

ਸੀਸ ਦੀਯੋ ਉਨ ਸਿਰਰ ਨ ਦੀਨਾ।

ਅੰਨ ਰੰਚ ਸਮਾਨ ਦੇਹ ਕਰਿ ਚੀਨਾ।

ਓਹ ਤੁਕਾਂ ਜੋ ਚਉਪਈ 'ਪੁਨ ਰਾਛਸ ਕਾ ਕਾਟਾ ਸੀਸਾ' ਨਾਲ ਕਰੀਬ ਮਿਲਦੀਆਂ ਹਨ।

ਚਉਪਈ

ਏਕੇ ਰੂਪ ਅਨੂਪ ਸਰੂਪਾ॥

ਰੰਕ ਭਯੋ ਰਾਵ ਕਹੀ ਭੂਪਾ॥

ਚੌਵੀ ਅਵਤਾਰ

ਏਕਹ ਰੂਪ ਅਨੂਪ ਸਰੂਪਾ।

ਰੰਚ ਭਯੋ ਰਾਵ ਕਹੀ ਰੂਪਾ।੩੭

ਇਸ ਤੋਂ ਬਿਨਾਂ ਰਾਮ ਅਵਤਾਰ ਦੇ ਅਖੀਰ ਤੇ ਉਹ ਚੌਪਈ, ਸਵੈਯਾ ਅਤੇ ਦੋਹਰਾ ਹੈ ਜਿਸ ਵਿਚ ਗੁਰੂ ਜੀ ਨੇ ਇਕ ਕਥਾ ਲਿਖਣ ਦੀ ਜਗਾ ਸੰਮਤ ਆਦਿ ਲਿਖੇ ਹਨ। ਜੇ ਇਹ ਕਥਾ ਸੁਨੈ ਅਰ ਗਾਵੈ ਤੋਂ ਲੈ ਕੇ 'ਗੋਬਿੰਦ ਦਾਸ ਤੁਹਾਰ' ਤੱਕ ਦਾ ਸਾਰਾ ਪਾਠ ਹਰ ਰੋਜ਼ ਰਹਿਰਾਸ ਵਿਚ ਪੜ੍ਹਿਆ ਜਾਂਦਾ ਹੈ। ਫੇਰ ਗੁਰੂ ਜੀ ਨੇ ਆਪਣਾ ਨਾਮ ਸਪਸ਼ਟ ਰੂਪ ਵਿਚ ਲਿਖ ਦਿੱਤਾ ਹੈ। ਅਰ ਇਹ ਨਾਮ 'ਸਿੰਘ' ਤੋਂ ਬਿਨਾਂ ਹੈ ਕਿਉਂਕਿ ਏਹ ਕਥਾ ੧੭੫੫ ਵਿਚ ਸੰਪੂਰਣ ਕੀਤੀ ਗਈ ਹੈ ਅਤੇ ੧੭੫੬ ਵਿਚ ਅੰਮ੍ਰਿਤ ਛਕਕੇ 'ਸਿੰਘ ਨਾਮ ਧਾਰਨ ਕੀਤਾ ਹੈ।

ਚੌਵੀ ਅਵਤਾਰ ਵਿਚ ਰਾਮ ਅਵਤਾਰ ਨੂੰ ਗੁਰੂ ਜੀ ਨੇ ਵੀਹਵੇਂ ਨੰਬਰ ਤੇ ਲਿਖਿਆ ਹੈ ਅਤੇ ਰਾਮ ਅਵਤਾਰ ਦੇ ੧੭ ਵੇਂ ਛੰਦ ਵਿਚ ਇਹ ਦਸਦੇ ਹਨ ਕਿ ਅਸੀਂ ਰਾਮ ਅਵਤਾਰ ਬਾਰੇ ਬਚਿਤ੍ਰ ਨਾਟਕ ਵਿਚ ਅਤੇ ਚਰਿਤ੍ਰਾਂ ਵਿਚ ਵੀ ਲਿਖਿਆ ਹੈ। ਇਸ ਦੇ ਸਪਸ਼ਟੀ ਕਰਨ ਲਈ ਦੇਖੋ ਬਚਿਤ੍ਰ ਨਾਟਕ ਦਾ ਦੂਜਾ ਛੰਦ ਦਾ ਅੰਕ ੨੦ ਅਤੇ ੨੧ ਅਤੇ ਚਰਿਤ੍ਰ ੧੦੨ ਸਾਰਾ ਇਸ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਬਚਿਤ੍ਰ ਨਾਟਕ ਪਹਿਲਾਂ ਲਿਖਿਆ ਜਾ ਚੁਕਾ ਸੀ ਅਤੇ ਚਰਿਤ੍ਰਾਂ ਦੇ ਸੰਪੂਰਣ ਹੋਣ ਦਾ ਸੰਮਤ ੧੭੫੩ ਤਾਂ ਗੁਰੂ ਜੀ ਨੇ ਆਪ ਹੀ ਲਿਖਿਆ ਹੈ ਜੋ ਰਾਮ ਅਵਤਾਰ ਤੋਂ ੨ ਸਾਲ ਪਹਿਲਾਂ ਦਾ ਹੈ।

**ਕਵੀਆਂ ਦੀ ਬਾਣੀ-**

ਆਦਿ ਗ੍ਰੰਥ ਸਾਹਿਬ ਜੀ ਨਾਲੋਂ ਦਸਮ ਗ੍ਰੰਥ ਦੀ ਬਾਣੀ ਦਾ ਪਾਠ ਔਖਾ ਹੈ ਜੈਸੀ ਕਿ ਆਮ ਧਾਰਨਾ ਹੈ ਕਿ ਹਰ ਕੋਈ ਸੌਖਾ ਕੰਮ ਕਰਕੇ ਹੀ ਰਾਜੀ ਹੈ। ਇਸੇ ਤਰਾਂ ਆਦਿ

ਬਾਣੀ ਦਾ ਪਾਠ ਕਰਨ ਦਾ ਬਹੁਤ ਸਿਖਾਂ ਦਾ ਅਭਿਯਾਸ ਹੋ ਗਿਆ ਹੈ ਕਿਉਂਕਿ ਓਹ ਸਰਲ ਹੈ। ਦਸਮ ਬਾਣੀ ਨੂੰ ਕਠਿਨ ਹੋਣ ਕਰਕੇ ਛੱਡੀ ਰਖਿਆ ਹੈ। ਨਾ ਪਾਠ ਕੀਤਾ ਨਾਂ ਅਧਿਐਨ ਕੀਤਾ ਅਤੇ ਇਹ ਫੈਸਲਾ ਦੇ ਦਿੱਤਾ ਕਿ ਇਹ ਕਵੀਆਂ ਦੀ ਬਾਣੀ ਹੈ ਗੁਰੂ ਜੀ ਦੀ ਨਹੀਂ।

ਕਵੀਆਂ ਦੀ ਬਾਣੀ ਕਹਿਣ ਵਾਲੇ ਆਮ ਕਰਕੇ ਇਹ ਦਲੀਲ ਦਿੰਦੇ ਹਨ ਕਿ ਗੁਰੂ ਜੀ ਦੀ ਬਾਣੀ ਹੋਵੇ ਤਾਂ ਇਸ ਵਿਚ ਚੰਡੀ ਉਸਤਤਿ ਕਿਉਂ ਹੋਵੇ ਅਤੇ ਦੂਸਰੀ ਏਹ ਕਿ ਪਖਯਾਨ ਚਰਿਤ੍ਰ ਗੁਰੂ ਜੀ ਦੀ ਰਚਨਾ ਹੋ ਹੀ ਨਹੀਂ ਸਕਦੇ, ਤੀਸਰੀ ਓਹ ਜੋ ਬਵੰਜਾ ਕਵੀਆਂ ਦੀ ਲਿਸਟ ਪੜ੍ਹਦੇ ਹਨ ਤਾਂ ਓਨਾਂ ਵਿਚ 'ਰਾਮ ਅਤੇ 'ਸਯਾਮ' ਦੋ ਨਾਮ ਦਸਦੇ ਹਨ ਏਹ ਬਾਣੀਆਂ ਜਾਂ ਜਿਥੇ 'ਰਾਮ' ਜਾਂ 'ਸਯਾਮ' ਦਾ ਨਾਮ ਹੈ ਏਹ ਓਨਾਂ ਹੀ ਕਵੀਆਂ ਦੀ ਰਚਨਾ ਹੈ।

ਚੰਡੀ ਦੀ ਉਸਤਤਿ ਗੁਰੂ ਸਾਹਿਬ ਨੇ ਓਸ 'ਅਕਾਲ ਉਸਤਤਿ' ਵਿਚ ਕੀਤੀ ਹੈ ਜਿਸ ਵਿਚੋਂ ੧੦ ਸਵੈਯੇ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੇ ਜਾਂਦੇ ਹਨ। ਜੇਹੜੇ ਰਾਖਸ਼ਾਂ ਨੂੰ ਮਾਰਨ ਦੀਆਂ ਘਟਨਾਵਾਂ ਦਾ ਜ਼ਿਕਰ ਚੰਡੀ ਚਰਿਤ੍ਰਾਂ ਅਤੇ ਚੰਡੀ ਦੀ ਵਾਰ ਵਿਚ ਹੈ ਓਨ੍ਹਾਂ ਦੇ ਨਾਮਾਂ ਦਾ ਹੀ ਵਰਣਨ ਕਰਕੇ ਗੁਰੂ ਜੀ ਨੇ ਅਕਾਲ ਉਸਤਤ ਵਿਚ ਚੰਡੀ ਅਤੇ ਕਾਲੀ ਦੀ ਉਸਤਤੀ ਕੀਤੀ ਹੈ। ਉਦਾਹਰਣ:-

"ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ ਤਲ ਉਰਧ ਅਧੇ" ਅਤੇ "ਰਕਤਾਸੁਰ ਆਚਨ ਜੁਧ ਪ੍ਰਮਾਚਨ" ਆਦਿ ਇਸ ਤੋਂ ਬਿਨਾਂ 'ਬਚਿਤ੍ਰ ਨਾਟਕ' ਇਕ ਓਹ ਬਾਣੀ ਜਿਸ ਵਿਚ ਦਸਮੇਸ਼ ਜੀ ਨੇ ਆਪਣੇ ਬਾਰੇ ਬਹੁਤ ਕੁਛ ਲਿਖ ਦਿਤਾ ਹੈ ਜਿਸ ਨੂੰ ਅਸੀਂ ਸਾਰੇ ਨਿਰਵਿਵਾਦ ਓਨ੍ਹਾਂ ਦੀ ਆਪਣੀ ਰਚਨਾ ਮੰਨਦੇ ਹਾਂ, ਓਸ ਬਚਿਤ੍ਰ ਨਾਟਕ ਦੇ ਅੰਤ ਤੇ ਗੁਰੂ ਜੀ ਨੇ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਇਨ੍ਹਾਂ ਚੰਡੀ ਚਰਿਤ੍ਰਾਂ ਬਾਰੇ ਲਿਖ ਦਿਤਾ ਹੈ ਜਿਸਦਾ ਵਰਣਨ ਇਸ ਲੇਖ ਵਿਚ ਅਗੇ ਆ ਚੁਕਾ ਹੈ। ਚੰਡੀ ਦੀ ਉਸਤਤ ਜੇ ਸਿਰਫ਼ ਕਵੀਆਂ ਨੇ ਹੀ ਕੀਤੀ ਹੁੰਦੀ ਤਦ ਨਾ ਏਹ 'ਅਕਾਲ ਉਸਤਤ' ਵਿਚ ਦਰਜ ਹੁੰਦੀ ਨਾਹੀ 'ਬਚਿਤ੍ਰ ਨਾਟਕ' ਵਿਚ ਇਨ੍ਹਾਂ ਚੰਡੀ ਚਰਿਤ੍ਰਾਂ ਦਾ ਵਰਣਨ ਔਂਦਾ।

ਚੌਵੀ ਅਵਤਾਰਾਂ ਬਾਰੇ ਵੀ ਇਹ ਆਖਿਆ ਜਾਂਦਾ ਹੈ ਕਿ ਇਹ ਹਿੰਦੂਆਂ ਦੇ ਅਵਤਾਰ ਹਨ ਜਾਂ ਪੌਰਾਣਿਕ ਸਾਖੀਆਂ ਹਨ। ਇਸ ਕਰਕੇ ਏਹ ਗੁਰੂ ਜੀ ਦੀ ਰਚਨਾ ਨਹੀਂ। ਜੇ ਪੌਰਾਣਿਕ ਸਾਖੀਆਂ ਜਾਂ ਭਗਵਾਨ ਰਾਮ ਕ੍ਰਿਸ਼ਨਾ ਆਦਿ ਅਵਤਾਰਾਂ ਨੂੰ ਮੰਨਣ ਤੋਂ ਅਸੀਂ ਇਨਕਾਰੀ ਹੋਵਾਂਗੇ ਤਦ ਅਸੀਂ ਆਦਿ ਗ੍ਰੰਥ ਸਾਹਿਬ ਨੂੰ ਮੰਨਣ ਤੋਂ ਵੀ ਇਨਕਾਰੀ ਹਾਂ। ਆਦਿ ਗ੍ਰੰਥ ਸਾਹਿਬ ਵਿਚ ਪੌਰਾਣਿਕ ਸਾਖੀਆਂ ਅਤੇ ਇਨ੍ਹਾਂ ਅਵਤਾਰਾਂ ਦਾ ਵਰਣਨ ਬਹੁਤ ਥਾਵਾਂ ਤੇ ਹੈ। ਕਈ ਤਾਂ ਐਸੇ ਸ਼ਬਦ ਹਨ ਜਿਨ੍ਹਾਂ ਨੂੰ ਅਸੀਂ ਰੋਜ ਪੜਦੇ ਹਾਂ। ਲੇਖ ਨੂੰ ਲੰਬਾ ਹੋਣ ਤੋਂ ਬਚੌਣ ਲਈ ਓਹ ਬਹੁਤੇ ਸ਼ਬਦ ਇਥੇ ਨਹੀਂ ਦਿਤੇ ਜਾਂਦੇ ਫਿਰ ਵੀ ਕੁਛ ਪੰਕਤੀਆਂ ਪਾਠਕਾਂ ਦੀ ਗਿਆਤ ਲਈ ਲਿਖੀਆਂ ਜਾਂਦੀਆਂ ਹਨ :

-ਜਾਹਰਨਵੀ ਤਪੈ ਭਾਗੀਰਥਿ ਆਣੀ।
ਕੇਦਾਰੁ ਥਾਪਿਓ ਮਹਸਾਈ॥
-ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ॥
ਗੁਰੂ ਰਾਮਦਾਸ (ਆਸਾ)

-ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ॥
ਗੁਰੂ ਤੇਗ ਬਹਾਦਰ ਜੀ (ਗਉੜੀ)

ਕੁਵਲੀਆ ਪੀੜੁ ਆਪਿ ਮਰਾਇਦਾ,
ਪਿਆਰਾ ਕਰਿ ਬਾਲਕ ਰੂਪਿ ਪਚਾਹਾ।
ਗੁਰੂ ਰਾਮਦਾਸ ਜੀ (ਸੋਰਠ)

ਰਾਜਾ ਜਨਮੇਜਾ ਦੇ ਮਤੀ
ਬਰਜਿ ਬਿਆਸਿ ਪੜਾਇਆ।
ਗੁਰੂ ਨਾਨਕ (ਪ੍ਰਭਾਤੀ)

ਜਿਉ ਜਨ ਚੰਦ੍ਰ ਹਾਂਸੁ ਦੁਖਿਆ,
ਧ੍ਰਿਸਟ ਬੁਧੀ ਆਪੁਨਾ ਘਰ ਲੂਕੀ ਜਾਨੇ।
ਗੁਰੂ ਰਾਮਦਾਸ ਜੀ (ਨਟ)

ਇਹ ਜੋ ਪੰਕਤੀਆਂ ਲਿਖੀਆਂ ਹਨ, ਜੇ ਪੌਰਾਣਿਕ ਸਾਖੀਆਂ ਜਾਂ ਅਵਤਾਰਾਂ ਬਾਰੇ ਅਤੇ ਘਟਨਾਵਾਂ ਬਾਰੇ ਜਾਣਕਾਰੀ ਹੋਵੇ ਤਦ ਹੀ ਦਾ ਭਾਵਾਰਥ ਸਮਝ ਆ ਸਕਦਾ ਹੈ।

ਸੋ ਏਹ ਪੌਰਾਣਿਕ ਸਾਖੀਆਂ ਜਾਂ ਅਵਤਾਰਾਂ ਦੇ ਗੁਰੂ ਦੇ ਨਾਮ, ਪੜ੍ਹਕੇ ਇਹ ਸਮਝ ਲੈਣਾ ਕਿ ਇਹ ਕਵੀਆਂ ਦੀ ਰਚਨਾ ਹੈ ਗੁਰੂ ਸਾਹਿਬ ਦੀ ਹੋ ਹੀ ਨਹੀਂ ਸਕਦੀ, ਇਹ ਵਡਾ ਭੁਲੇਖਾ ਹੈ।

ਸਮੇਂ ਦਾ ਚੱਕਰ ਐਸਾ ਸੀ ਕਿ ਗੁਰੂ ਗੋਬਿੰਦ ਕਿ ਸਿੰਘ ਜੀ ਇਹ ਰਚਨਾ ਕੁਛ ਪੌਂਟੇ ਸਾਹਿਬ ਰਹਿੰਦਿਆਂ ਕੀਤੀ

ਅਤੇ ਕੁਛ ਅਨੰਦਪੁਰ ਸਾਹਿਬ। ਇਕ ਦਾ ਵਰਣਨ ਆਪ ਦੇ ਰਾਮਾ ਅਵਤਾਰ ਅਤੇ ਕ੍ਰਿਸ਼ਨਾ ਅਵਤਾਰ ਵਿਚ ਕੀਤਾ ਹੈ:

ਨੇਤ੍ਰ ਤੁੰਗ ਕੇ ਚਰਨ ਤਰ ਸਤੁਦ੍ਰਵ ਤੀਰ ਤਰੰਗ।
ਸ੍ਰੀ ਭਗਵਤ ਪੂਰਣ ਕੀਓ ਰਘੁਬਰ ਕਥਾ ਪ੍ਰਸੰਗ।
ਰਾਮ ਅਵਤਾਰ ਛੰਦ ੮੬੧

ਜੇ ਜੇ ਕਿਸਨ ਚਰਿਤ੍ਰ ਦਿਖਾਏ।
ਦਸਮ ਬੀਚ ਸਭ ਭਾਖ ਸੁਣਾਏ।
ਯਾਰਾ ਸਹਸ ਬਾਨਵੇ ਛੰਦਾ।
ਕਹੇ ਦਸਮ ਪੁਰ ਬੈਠ ਅਨੰਦਾ।

ਕ੍ਰਿਸਨਾ ਅਵਤਾਰ ਛੰਦ ਕ੍ਰਿਸਨਾਵਤਾਰ ਦਾ ਕੁਛ ਹਿਸਾ ਆਪ ਨੇ ਅਨੰਦਪੁਰ ਸਾਹਿਬ ਅਤੇ ਕੁਛ ਪੌਂਟੇਂ ਸਾਹਿਬ ਰਚਿਆ:

ਸਤ੍ਰਹ ਸੈ ਪੈਤਾਲ ਮੈਂ ਸਾਵਨ ਸੁਤਿ ਥਿਤ ਦੀਪ।
ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ।
ਛੰਦ ੨੪੯੦

ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ।
ਛੰਦ ੨੪੯੯

ਉਪਰੋਕਤ ਦੋਹਰਿਆਂ ਤੋਂ ਪਹਿਲਾਂ ਜੋ ਸਵਯਾ ਹੈ ਓਸਨੂੰ ਪੜ੍ਹਕੇ ਇਹ ਸ਼ੰਕਾ ਸਾਰੀ ਦੀ ਸਾਰੀ ਦੂਰ ਹੋ ਜਾਂਦੀ ਹੈ ਕਿ ਇਹ ਕਿਸੇ ਕਵੀ ਦੀ ਬਾਣੀ ਹੈ। ਜਿਸਦਾ ਨਾਮ 'ਸਯਾਮ' ਸੀ। ਪਾਠਕਾਂ ਦੀ ਗਿਆਤ ਲਈ ਇਹ ਸਵਯਾ ਏਥੇ ਦਿਤਾ ਜਾਂਦਾ ਹੈ:

ਛਤ੍ਰੀ ਕੋ ਪੂਤ ਹੋ ਬਾਮ੍ਹਨ ਕੋ ਨਹਿ ਕੈ,
ਤਪੁ ਆਵਤ ਹੈ ਜੁ ਕਰੋਂ।
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ,
ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋਂ।
ਅਬ ਰੀਝਿ ਕੈ ਦੇਹੁ ਵਹੈ ਹਮ ਕੋ,
ਜੋਊ ਹਉ ਬਿਨਤੀ ਕਰ ਜੋਰਿ ਕਰੋ।
ਜਬ ਆਉ ਕੀ ਅਉਧਿ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝਿ ਮਰੋਂ।

ਇਹ ਪਾਠ ਕਰਨ ਤੋਂ ਹੀ ਪਤਾ ਲਗ ਸਕਦਾ ਹੈ ਕਿ ਇਸ ਸਵੈਯੇ ਦਾ ਲੇਖਕ ਓਹੀ ਹੈ ਜਿਸਨੇ ਕ੍ਰਿਸਨਾ ਅਵਤਾਰ ਲਿਖਿਆ ਹੈ। ਓਹ ਹੈ ਸ੍ਰੀ ਗੁਰੂ ਗੋਬਿੰਦ ਸਿੰਘ। ਇਸਦੀ ਹੋਰ ਪੁਸ਼ਟੀ ਲਈ ਹੇਠਲੇ ਦੋ ਸਵੈਯੇ ਪੜੋ–

ਹੇ ਰਵਿ ਹੇ ਸਸਿ ਹੇ ਕਰੁਣਾਨਿਧ,
ਮੇਰੀ ਅਬੈ ਬਿਨਤੀ ਸੁਨ ਲੀਜੈ।
ਔਰ ਨ ਮਾਂਗਤ ਹਉ ਤੁਮ ਤੇ ਕਛੁ,
ਚਾਹਤ ਹੋ ਚਿਤ ਮੈਂ ਸੋਈ ਕੀਜੈ॥
ਸ਼ਤ੍ਰਨ ਸਿਉ ਅਤਿ ਹੀ ਰਣ ਭੀਤਰ,
ਜੂਝ ਮਰੋਂ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰ ਸਯਾਮ ਇਹੈ ਬਰੁ ਦੀਜੈ॥ ੧੮੯੯
ਜਉ ਕਿਛੁ ਇਛ ਕਰੋ ਧਨ ਕੀ ਤਉ
ਚਲਯੋ ਧਨੁ ਦੇਸਨ ਦੇਸ ਤੇ ਆਵੈ।
ਅਉ ਸਭ ਰਿਧਨ ਸਿਧਨ ਪੈ,
ਹਮਰੋ ਨਹੀ ਨੈਕੁ ਹੀਯੋ ਲਲਚਾਵੈ।
ਅਉਰ ਸੁਨੋ ਕਛੁ ਜੋਗ ਬਿਖੈ ਕਹਿ,
ਕਉਨ ਇਤੋ ਤਪੁ ਕੈ ਤਨੁ ਤਾਵੈ॥
ਜੂਝਿ ਮਰੋਂ ਰਨ ਮੈ ਤਜਿ ਭੈ,
ਤੁਮ ਤੇ ਪ੍ਰਭ ਸਯਾਮ ਇਹੈ ਵਰੁ ਪਾਵੈ।੧੯੦੦

ਪਹਿਲੇ ਸਵੈਯੇ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਸਦਾ ਲੇਖਕ ਕੋਈ ਓਹ ਵਿਅਕਤੀ ਹੈ ਜੋ ਕਵਿਤਾ ਦਾ ਧਨੀ ਹੈ ਅਤੇ ਬਹੁਤ ਪਵਿਤਰ ਵਿਚਾਰ ਰੱਖਦਾ ਹੈ। ਇਸਦਾ ਨਾਮ 'ਸਯਾਮ' ਹੈ ਅਤੇ ਇਹ ਜੰਗ ਦਾ ਬੜਾ ਭਾਰੀ ਇਛੁਕ ਹੈ ਆਪਣੇ ਸ੍ਰੀਰ ਦਾ ਅੰਤ ਰਣ ਭੂਮੀ ਵਿਚ ਹੀ ਚਾਹੁੰਦਾ ਹੈ। ਸਿਰਫ ਕਵਿਤਾ ਦਾ ਧੰਧਾ ਕਰਨ ਵਾਲੇ ਆਦਮੀ ਤੋਂ ਇਹ ਆਸ ਹੋ ਸਕਦੀ ਹੈ ਕਿ ਉਹ ਰਣ ਭੂਮੀ ਵਿਚ ਮਰਨ ਦਾ ਇਛਕ ਹੋਵੇ ? ਦੂਸਰੇ ਸਵੈਯੇ 'ਜੋ ਕੁਛ ਇਛ ਕਰੋ' ਤੋਂ ਹੋਰ ਵੀ ਸਪਸ਼ਟੀਕਰਨ ਹੋ ਜਾਂਦਾ ਹੈ। ਇਹ ਗਲ ਮੰਨਣ ਵਿਚ ਆ ਸਕਦੀ ਹੈ ਕਿ 'ਸਯਾਮ' ਨਾਮ ਦਾ ਕਵੀ ਜੇ ਕੁਛ ਧਨ ਦੀ ਖਾਹਸ਼ ਕਰੇ ਤਾਂ ਉਹ ਉਸਦੇ ਵਾਸਤੇ ਦੇਸ ਦੇਸਾ ਤਰਾਂ ਤੋਂ ਦਬਾ ਦਬ ਆ ਸਕਦਾ ਹੈ ? ਫੇਰ ਓਹ ਰਿਧੀਆਂ ਸਿਧੀਆਂ ਵਿਚ ਜੋਗ ਆਦਿਕ ਤਪ ਵਿਚ ਕੋਈ ਲਾਲਚ ਨਹੀਂ ਰਖਦਾ। ਇਹ ਸੰਭਾਵਨਾ ਹੀ ਨਹੀਂ ਹੋ ਸਕਦੀ ਕਿ ਹੋਵੇ 'ਕਵੀ ਅਤੇ ਉਸਨੂੰ ਮਾਇਆ ਦੀ ਖਿਚ ਨਾ ਪੈਂਦੀ ਹੋਵੇ ? ਫੇਰ ਇਸਤੋਂ ਜਰਾ ਕੁਛ ਉੱਚਾ ਹੋਵੇ ਤਾਂ ਰਿਧੀਆਂ ਸਿਧੀਆਂ ਦੀ ਕੋਈ ਥੋੜੀ ਬਹੁਤੀ ਪ੍ਰਾਪਤੀ ਹੁੰਦੀ ਹੋਵੇ ਤਾਂ ਉਹ ਕੇਹੜਾ ਹੈ ਜਿਹੜਾ ਛੱਡ ਦੇਵੇ ? ਕਾਵਿ ਵਿਦਿਆ ਦਾ ਮਹਾਂ ਧਨੀ ਹੁੰਦਾ ਹੋਇਆ ਜੋ ਕਹਿੰਦਾ ਹੈ ਕਿ ਮੈਨੂੰ ਇਹ ਵਰ ਮਿਲੇ ਕਿ ਮੇਰਾ ਅੰਤ ਰਣਭੂਮੀ ਵਿਚ ਹੋਵੇ

ਉਹ ਕੇਵਲ ਇਕੋ ਹੈ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਹੈ।

ਇਹ ਦੋਵੇਂ ਸਵੈਯੇ ਕ੍ਰਿਸ਼ਨਾ ਅਵਤਾਰ ਵਿਚ ਹਨ ਅਤੇ ਇਹਨਾਂ ਤੋਂ ਨਿਰਵਿਵਾਦ ਇਹ ਸਪਸ਼ਟ ਹੁੰਦਾ ਹੈ ਕਿ 'ਸਯਾਮ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ ਹੋਰ ਕੋਈ ਨਹੀਂ। ਗੁਰੂ ਸਾਹਿਬ ਨੇ ਕਿਤੇ ਕਿਤੇ 'ਰਾਮ' ਵੀ ਆਪਣੇ ਆਪ ਨੂੰ ਲਿਖਿਆ ਹੈ ਉਹ ਵੀ ਕ੍ਰਿਸ਼ਨ ਅਵਤਾਰ ਵਿਚ ਹੀ ਮਿਲਦਾ ਹੈ।

ਧਨ ਸਿੰਘ ਸੋ ਸ੍ਰੀ ਹਰਿ ਯਸ਼ ਕਰੇ,
ਕਬਿ ਰਾਮ ਕਹੈ ਕਹੁ॥ ੧੧੧੮
ਦੇਖ ਸਤ ਕ੍ਰਿਤ ਕੌਤਕ ਕੌ ਕਥਿ,
ਰਾਮ ਕਹੈ ਪ੍ਰਭ ਕੋ ਜਸੁ ਗਾਵੈ॥ ਛੰਦ੧੧੭੯

ਇਸ ਤੋਂ ਬਿਨਾਂ ਚਰਿਤ੍ਰ ੨੮ ਵਿਚ 'ਰਾਮ' ਨਾਮ ਦੀ ਵਰਤੋਂ ਕੀਤੀ ਹੈ। ਫੇਰ ਚਰਿਤ੍ਰ 28 ਵਿਚ 'ਰਾਮ' ਅਤੇ 'ਸਯਾਮ' ਦੋਵੇਂ ਨਾਮ ਵਰਤੇ ਹਨ। ਇਕੋ ਬਾਣੀ ਵਿਚ ਦੋਵੇਂ ਨਾਮ ਔਣ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਇਸ ਬਾਣੀ ਦਾ ਰਚਨਹਾਰ ਇਕੋ ਹੈ, ਨਾਮ ਦੋ ਹਨ। ਪਾਠਕਾਂ ਦੀ ਗਿਆਤ ਲਈ ਚਰਿਤ੍ਰਾਂ ਦੀਆਂ ਤੁਕਾਂ ਅੰਕਿਤ ਕੀਤੀਆਂ ਜਾਂਦੀਆਂ ਹਨ।

ਰਾਮ ਭਨੈ ਤਿਨ ਤ੍ਰੀਯ ਭਏ
ਅਧਿਕ ਬਢਾਯੋ ਨੇਹ। (ਚਰਿਤ੨੮)
ਝੂਮਕ ਦੇਤ ਝੁਕੋਂ ਝਮਕੇ ਕਬਿ ਰਾਮ
ਸੁਭਾਵ ਭਲੋ ਲਖਿ ਪਾਯੋ। (ਚਰਿਤ੍ਰ ੧੦੯)
ਸਯਾਮ ਭਨੈ ਮਹਿ ਲੋਕ ਕੀ ਮਨਹੁ ਮਾਨਨਿ
ਕੋ ਮਨ ਮੋਹਨ ਆਯੋ। (ਚਰਿਤ੍ਰ ੧੦੯)

ਇਨਾਂ ਸਤਰਾਂ ਨੂੰ ਪੜ੍ਹਕੇ ਇਹ ਸ਼ੰਕਾ ਕਿ ਇਸ ਬਾਣੀ ਦੇ ਰਚਨਹਾਰ ਕੋਈ 'ਰਾਮ' ਜਾਂ 'ਸਯਾਮ' ਨਾਮ ਦੇ ਕਵੀ ਹਨ ਇਓਂ ਦੂਰ ਹੁੰਦੀ ਹੈ ਜਿਵੇਂ ਰੋਸ਼ਨੀ ਤੋਂ ਹਨੇਰਾ ਅਤੇ ਨਿਸ਼ਚਾ ਹੋ ਜਾਂਦਾ ਹੈ ਕਿ ਇਸ ਦੇ ਰਚਨਹਾਰ ਸ੍ਰੀ ਦਸ਼ਮੇਸ਼ ਜੀ ਹੀ ਸਨ। ਚੌਵੀ ਅਵਤਾਰਾਂ ਦੇ ਆਰੰਭ ਵਿਚ ਹੀ ਦਸਮੇਸ਼ ਜੀ ਨੇ ਲਿਖ ਦਿਤਾ ਹੈ:-

ਅਬ ਚੌਬੀਸ ਉਚਰੋਂ ਅਵਤਾਰਾ
ਜਿਹ ਬਿਧ ਤਿਨਕਾਂ ਲਖਾ ਅਖਾਰਾ
ਸੁਣੀਅਤ ਸੰਤ ਸਬੈ ਚਿਤ ਲਾਈ
ਬਰਨਤ ਸਯਾਮ ਜਥਾ ਮਤ ਭਾਈ

ਜਿਸ ਤੋਂ ਸਾਫ਼ ਸਪਸ਼ਟ ਹੈ ਕਿ ਇਹ ਸਾਰੇ ਚੌਵੀ ਅਵਤਾਰ ਸ੍ਰੀ ਗੁਰੂ ਜੀ ਦੀ ਰਚਨਾ ਹਨ। ਗੁਰੂ ਜੀ ਦੇ ਹਜ਼ੂਰ ਕਵੀਆਂ ਨੇ ਜੋ ਬਾਣੀ ਰਚੀ ਉਸਦਾ ਨਾਮ 'ਵਿਦਿਆ ਸਾਰ' ਜਾਂ 'ਵਿਦਿਆ ਸਾਗਰ' ਰਖਿਆ ਗਿਆ ਅਤੇ ਕਵੀਆਂ ਦੀ ਇਹ ਰਚਨਾ ਸਾਰੀ ਦੀ ਸਾਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਸਮੇਂ ਓਨਾਂ ਦੇ ਹੱਥ ਆ ਗਈ ਜਿਨਾਂ ਨੂੰ ਇਸ ਦੀ ਕੋਈ ਕਦਰ ਨਹੀਂ ਸੀ। ਇਸ ਸਬੰਧ ਵਿਚ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ' ਵਿਚ ਇਓਂ ਲਿਖਿਆ ਹੈ।

ਗੁਰੂ ਜੀ ਦੇ ਦਰਬਾਰ ਵਿਚ ੫੨ ਕਵੀ ਸਨ। ਓਨਾਂ ਦੀ ਲਿਸਟ ਵਿਚ 'ਰਾਮ' ਅਤੇ 'ਸਯਾਮ' ਨਾਮ ਵੀ ਹਨ। ਇਸੇ ਤੋਂ ਦਸਮ ਗ੍ਰੰਥ ਨੂੰ ਗੁਰਬਾਣੀ ਨਾ ਮੰਨਣ ਵਾਲੇ ਏਹ ਅੰਦਾਜਾ ਲਾ ਕੇ ਸੱਚੇ ਹੋਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਬਾਣੀ 'ਰਾਮ' ਅਤੇ 'ਸਯਾਮ' ਕਵੀਆਂ ਦੀ ਹੈ ਕਿਓਂਕਿ ਇਸ ਨਾਮ ਦੇ ਕਵੀ ਓਨ੍ਹਾਂ ਦੇ ਦਰਬਾਰੀ ਕਵੀ ਸਨ। ਬਵੰਜਾ ਵਿਚੋਂ ਦੋ ਕਵੀਆਂ ਦੀ ਬਾਣੀ ਕੱਢਕੇ ਵੱਖਰੀ ਰੱਖੀ ਗਈ ਅਤੇ ਬਾਕੀ ਦਿਆਂ ਦੀ ਵੱਖਰੀ, ਇਹ ਮੰਨਣ ਵਿਚ ਨਹੀਂ ਆ ਸਕਦਾ, ਫੇਰ, ਇਹ ਦੋਏ ਕਵੀ ਹੀ ਸਨ ਜਿਨਾਂ ਨੇ ਏਡਾ ਵਡਾ ਸਾਹਿਤ ਰਚ ਦਿਤਾ ਹੋਰ ਕਿਸੇ ਕਵੀ ਦਾ ਕਿਸੇ ਜਗਾ ਤੇ ਨਾਮ ਨਹੀਂ ਆਇਆ।

ਤਿਨ ਕਵਿਯਨ ਬਾਣੀ ਰਚੀ
ਲਿਖ ਕਾਗਦ ਤਲਵਾਇ।
ਨੌ ਮਣ ਹੋਇ ਤੋਲ ਮਹਿ
ਸੁਖਮ ਲਿਖਤ ਲਖਾਇ।
'ਬਿਦਯਾ ਸਰ' ਤਿਸ ਗ੍ਰੰਥ ਕੋ
ਨਾਮ ਧਰਯੋ ਕਰ ਪ੍ਰੀਤ।
ਨਾਨ੍ਹਾ ਵਿਧ ਕਵਿਤਾ ਰਚੀ
ਰਖ ਰਖ ਨੌ ਰਸ ਰੀਤ।
ਮਚਿਯੋ ਜੰਗ ਗੁਰ ਸੰਗ
ਬਡ ਰਹਿਓ ਗ੍ਰੰਥ ਸੋ ਬੀਚ।
ਨਿਕਸੇ ਆਨੰਦ ਪੁਰਾ ਤੇ
ਲੂਟਿਓ ਪੁਨ ਮਿਲ ਨੀਚ।
ਪ੍ਰਥਕ ਪ੍ਰਥਕ ਪੜ੍ਹੇ ਹੁਤੇ
ਲੁਟਿਓ ਸੁ ਗ੍ਰੰਥ ਬਿਖਰੇ।
ਇਕ ਥਲ ਰਹਿਓ ਨਾ ਇਮ
ਗਯੋ ਜਿਸਤਿ ਮਿਲਯੋ ਨ ਫੇਰ।
(ਸ੍ਰੀ ਗੁਰ ਪ੍ਰਤਾਪ ਸੂਰਜ ਰੁਤ ੫ ਅਸੀਂ ੫੧)

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ ਇਹ ਕਵੀਆਂ ਦੀ ਰਚਨਾ ਲੁਟੇ ਜਾਣ ਬਾਰੇ ਮਹਾਨ ਕੋਸ਼ ਵਿਚ ਇਓਂ ਲਿਖਿਆ ਹੈ:-

"ਸੰਮਤ ੧੭੬੧ ਵਿਚ ਤੁਰਕੀ ਸੈਨਾ ਨੇ ਝੂਠੀ ਕਸਮ ਖਾਕੇ ਆਪ ਤੋਂ ਅਨੰਦਪੁਰ ਖਾਲੀ ਕਰਵਾਇਆ ਜਦ ਗੁਰੂ ਜੀ ਕਿਲੇ ਤੋਂ ਬਾਹਰ ਆਏ ਤੁਰੰਤ ਹਮਲਾ ਕਰ ਦਿੱਤਾ। ਜਿਸ ਕਾਰਣ ਦਸਮੇਸ਼ ਦਾ ਭਾਰੀ ਨੁਕਸਾਨ ਹੋਇਆ ਅਰ ੫੨ ਕਵੀਆਂ ਦੀ ਵਰ੍ਹਿਆਂ ਦੀ ਮੇਹਨਤ ਵਿਦਯਾ ਦੇ ਵੈਰੀਆਂ ਨੇ ਮਿਸਰ ਦੇ ਕੁਤਬ ਖਾਨੇ ਦੀ ਤਰਾਂ ਛਿਨ ਵਿਚ ਮਿੱਟੀ ਨਾਲ ਮਿਲਾ ਦਿਤੀ।

੫੨ ਕਵੀਆਂ ਦੀ ਕਾਵਿ ਰਚਨਾ ਸਾਰੀ ਦੀ ਸਾਰੀ ਤਾਂ ਅਨੰਦਪੁਰ ਸਾਹਿਬ ਹੀ ਖਤਮ ਹੋ ਗਈ ਫੇਰ ਹੋਰ ਕੇੜੇ ਕਵੀ ਸਨ ਜਿੰਨਾਂ ਨੇ ਅਵਤਾਰਾਂ ਦੀ ਕਥਾ, ਚੰਡੀ ਚਰਿਤ ਜਾਂ ਪਖਿਆਨ ਚਰਿਤ੍ਰ ਰਚੇ ਜੋ ਦਸਮ ਗ੍ਰੰਥ ਵਿਚ ਹਨ ? ਏਸ ਸੰਪੂਰਨ ਗ੍ਰੰਥ ਦਾ ਕਰਤਾ ਕੇਵਲ ਇਕੋ ਹੈ ਜਿਸਦੀ ਕਵਿਤਾ ਸਰਵੋਤਮ ਹੈ ਓਹ ਆਪ ਕਾਵਿ ਵਿਦਯਾ ਦਾ ਧਨੀ ਹੈ ਅਤੇ ਸ਼ਸਤ੍ਰ ਵਿਦਿਯਾ ਦਾ ਧਨੀ ਅਤੇ ਮਹਾਂਰਥੀ ਅਰ ਮਹਾਂ ਧਨੁਰ ਧਰੁ ਸ੍ਰੀ ਗੁਰੂ ਗੋਬਿੰਦ ਸਿੰਘ ਹੈ।

ਚੌਵੀ ਅਵਤਾਰਾਂ ਤੋਂ ਉਪ੍ਰੰਤ ਦਸਮੇਸ਼ ਜੀ ਨੇ ਬਰਮਾਂ ਅਵਤਾਰ ਅਤੇ ਰੁਦ੍ਰ ਅਵਤਾਰ ਲਿਖੇ ਹਨ, ਇਨ੍ਹਾਂ ਅਵਤਾਰਾਂ ਦੇ ਅਰੰਭ ਵਿਚ ਜੋ ਪੰਕਤੀਆਂ ਹਨ ਓਨਾਂ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਵਿਸ਼ਨੂ ਅਵਤਾਰ (ਚੋਟੀ ਅਵਤਾਰ) ਬ੍ਰਹਮਾਂ ਅਵਤਾਰ ਅਤੇ ਰੁਦ੍ਰ ਅਵਤਾਰ, ਇਹ ਸਭ ਬਾਣੀਆਂ ਸ੍ਰੀ ਦਸਮੇਸ਼ ਜੀ ਦੀ ਆਪਣੀ ਹੀ ਕ੍ਰਿਤ ਹਨ:-

**ਬ੍ਰਹਮਾਂ ਅਵਤਾਰ-**

ਗਨਿ ਚਉਬਿਸੈ ਅਵਤਾਰ।
ਬਹੁ ਕੈ ਕਹੇ ਬਿਸਥਾਰ।
ਅਬ ਗਨੋ ਉਪ ਅਵਤਾਰ।
ਜਿਮਿ ਧਰੇ ਰੂਪ ਮੁਰਾਰ॥ (੨੦)
ਜੇ ਧਰੇ ਬ੍ਰਹਮਾਂ ਰੂਪ।
ਤੇ ਕਹੋ ਕਾਬਿ ਅਨੂਪ।
ਜੇ ਧਰੇ ਰੁਦ੍ਰ ਅਵਤਾਰ।
ਅਬ ਕਹੌਂ ਤਾਹਿ ਬਿਚਾਰ। ੨੧।

**ਰੁਦ ਅਵਤਾਰ-**

ਅਬ ਕਹੌਂ ਤਉਨ ਸੁਧਾਰਿ।
ਜੇ ਧਰੇ ਰੁਦ੍ਰ ਅਵਤਾਰ।
ਅਤਿ ਜੋਗ ਸਾਧਨ ਕੀਨ।
ਤਬ ਗਰਬ ਕੇ ਰਸਿ ਭੀਨ॥ ੧
ਸਰਿ ਆਪ ਜਾਨ ਨ ਔਰ।
ਸਬ ਦੇਸ਼ ਮੋ ਸਬ ਠੌਰ।
ਤਬ ਕੋਪਿ ਕੈ ਇਮ ਕਾਲ।
ਇਮ ਭਾਖ ਬੈਣ ਉਤਾਲ ॥ ੨
ਜੇ ਗਰਬ ਲੋਕ ਕਰੰਤ।
ਤੇ ਜਾਨ ਕੂਪ ਪਰੰਤ।
ਮੁਰ ਨਾਮ ਗਰਬ ਪ੍ਰਹਾਰ।
ਸੁਨ ਲੇਹੁ ਰੁਦ੍ਰ ਬਿਚਾਰ। ੩
ਕੀਅ ਗਰਬ ਕੋ ਮੁਖ ਚਾਰ।
ਕਛੁ ਚਿਤ ਮੋ ਅਬਿਚਾਰ।
ਜਬ ਧਰੇ ਤਿਨ ਤਨ ਸਾਤ।
ਤਬ ਬਨੀ ਤਾ ਕੀ ਬਾਤ। ੪
ਤਿਮ ਜਨਮੁ ਧਰ ਤੈ ਜਾਇ।
ਚਿਤ ਦੇ ਸੁਨੋ ਮੁਨਿ ਰਾਇ।
ਨਹੀ ਐਸ ਹੋਇ ਉਧਾਰ।
ਸੁਨ ਲੇਹੁ ਰੁਦ੍ਰ ਬਿਚਾਰ। ੫

ਉਪ੍ਰੋਕਤ ਪੰਕਤੀਆਂ ਤੋਂ ਇਲਾਵਾ ਜਿਸ ਤਰ੍ਹਾਂ ੨੪ ਅਵਤਾਰਾਂ ਦੇ ਅਰੰਭ ਵਿਚ ਅਕਾਲ ਪੁਰਖ ਦੀ ਉਸਤਤੀ ਅਤੇ ਖੰਡਨ ਦਾ ਵਿਖਿਆਨ ਕੀਤਾ ਹੈ ਓਸੇ ਤਰ੍ਹਾਂ ਇਨ੍ਹਾਂ ਦੇ ਆਰੰਭ ਵਿਚ ਵੀ, ਸੰਖੇਪ ਰੂਪ ਵਿਚ ਲਿਖਿਆ ਹੈ ਅਤੇ ਅਕਾਲ ਪੁਰਖ ਲਈ 'ਕਾਲ' ਸ਼ਬਦ ਦੀ ਵਰਤੋਂ ਜਿਵੇਂ ਬਚਿਤ੍ਰ ਨਾਟਕ ਵਿਚ ਕੀਤੀ ਹੈ, ਤਿਵੇਂ ਹੀ ੨੪ ਅਵਤਾਰ ਬ੍ਰਹਮਾਂ ਅਤੇ ਰੁਦ੍ਰ ਅਵਤਾਰ ਦੀਆਂ ਕਥਾਵਾਂ ਦੇ ਆਰੰਭ ਵਿਚ ਕੀਤੀ ਹੈ। ਪਾਠਕਾਂ ਦੀ ਜਾਣਕਾਰੀ ਲਈ ਕੁਛ ਕੁ ਤੁਕਾਂ ਅੰਕਿਤ ਕੀਤੀਆਂ ਜਾਂਦੀਆਂ ਹਨ:-

ਕਾਲ ਸਬਨ ਕਾ ਕਰਤ ਪਸਾਰਾ।
ਅਮਤ ਕਾਲਿ ਸੋਈ ਖਾਪਨਿਹਾਰਾ।
ਜੋਗੀ ਸੰਨਿਆਸੀ ਹੈਂ ਜੇਤੇ।
ਮੁੰਡੀਆ ਮੁਸਲਮਾਨ ਗਨ ਕੇਤੇ।
ਭੇਖ ਧਰੇ ਲੂਟਤ ਸੰਸਾਰਾ।
ਛਪਤ ਸਾਧ ਜਿਹ ਨਾਮੁ ਅਧਾਰਾ॥੨੩॥
(ਆਰੰਭ ੨੪ ਅਵਤਾਰ)

ਤਿਸ ਜਾਪ ਹੋ ਜਬ ਜਾਪ।
ਤਬ ਹੋਇ ਪੂਰਨ ਸ੍ਰਾਪ।
ਉਠਿ ਲਾਗ ਕਾਲ ਜਪੰਨ।
ਹਠਿ ਤਿਆਗ ਆਵ ਸਰੰਨ। ੨੯

(ਅਰੰਭ ਬ੍ਰਹਮਾ ਅਵਤਾਰ)

ਉਪ੍ਰੋਕਤ ਦਿਤੇ ਹੋਏ ਹਵਾਲਿਆਂ ਤੋਂ ਇਹ ਸਪਸ਼ਟ ਨਿਰਣਾ ਹੋ ਜਾਂਦਾ ਹੈ ਕਿ ੨੪ ਅਵਤਾਰ ਬ੍ਰਹਮਾਂ ਅਵਤਾਰ ਅਤੇ ਰੁਦ੍ਰ ਅਵਤਾਰ ਇਹ ਸਭ ਬਾਣੀਆਂ ਸ੍ਰੀ ਦਸਮੇਸ਼ ਜੀ ਕ੍ਰਿਤ ਹਨ।

'ਸਬਦ ਹਜਾਰੇ ਪਾ: ੧੦' ਨਾਮ ਦੀ ਇਕ ਬਾਣੀ ਜੋ ਸ੍ਰੀ ਗੁਰੂ ਜੀ ਦੀ ਉਚਾਰੀ ਹੋਈ ਹੈ ਇਸ ਦੇ ਹਰ ਸ਼ਬਦ ਦੇ ਆਰੰਭ ਵਿਚ ਪਾ: ੧੦ ਲਿਖਿਆ ਹੋਇਆ ਹੈ ਇਸ ਨੂੰ ਮੰਨਣ ਤੋਂ ਕੋਈ ਇਨਕਾਰੀ ਨਹੀਂ। ਇਸੇ ਤਰ੍ਹਾਂ ੩੨ ਸਵੈਯੇ ਜਿਨ੍ਹਾਂ ਦਾ ਆਰੰਭ 'ਸਤਿਜਦੈਵ......' ਤੋਂ ਹੁੰਦਾ ਹੈ। ਇਨ੍ਹਾਂ ਦੇ ਆਰੰਭ ਵਿਚ ਵੀ 'ਸ੍ਰੀ ਮੁਖ ਬਾਕ ਸਵੈਯਾ ਪਾਤਸ਼ਾਹੀ ੧੦' ਲਿਖਿਆ ਹੈ ਇਨ੍ਹਾਂ ਵਿਚ ਆਮ ਕਰਕੇ ਪਾਖੰਡ ਦਾ ਖੰਡਨ ਅਤੇ ਅਕਾਲ ਪੁਰਖ ਦੀ ਉਸਤਤੀ ਹੈ। ਇਨ੍ਹਾਂ ਤੋਂ ਅਗੇ ੩ ਸਵੈਯੇ ਅਤੇ ਇਕ ਦੋਹਰਾ ਹੈ। 'ਜੋ ਕੁਛ ਲੇਖ ਲਿਖਿਓ, ਜੁਧ ਜਿਤੇ ਇਨ ਹੀ ਕੇ ਪ੍ਰਸਾਦ ਦਾਨ ਦੀਓ ਇਨ ਹੀ ਕੋ ਭਲੋ ਅਤੇ (ਦੋਹਰਾ) ਚਟ ਪਟਾਇ.... ਇਸ ਸਾਰੀ ਬਾਣੀ ਨੂੰ ਸਭ ਸ੍ਰੀ ਗੁਰੂ ਜੀ ਦੀ ਰਚਨਾ ਮੰਨਦੇ ਹੀ ਹਨ।

ਇਸ ਕਰਕੇ ਇਸ ਬਾਰੇ ਕੁਛ ਲਿਖਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਇਸੇ ਤਰ੍ਹਾਂ ਇਸ ਤੋਂ ਅੱਗੇ ਸ੍ਰੀ ਗੁਰੂ ਜੀ ਨੇ 'ਸਸਤ੍ਰ ਨਾਮ ਮਾਲਾ ਪੁਰਾਣ' ਭਾਵ, ਸ਼ਸਤ੍ਰਾਂ ਦੇ ਕਈ ਪ੍ਰਕਾਰ ਦੇ ਨਾਮ ਲਿਖਕੇ ਇਕ ਬਹੁਤ ਵਡੀ ਬਾਣੀ ਲਿਖੀ ਹੈ ਜਿਸਦੇ ਆਰੰਭ ਵਿਚ 'ਪਾਤਸਾਹੀ ੧੦' ਹੈ। ਇਸਦੇ ਪਹਿਲੇ ਧਿਆਇ ਦਾ ਤੀਸਰਾ ਦੋਹਰਾ ਹੈ ਜੋ ਨਿਹੰਗ ਸਿੰਘ ਜਾਂ ਕਈ ਹੋਰ ਓਹ ਸਿੰਘ ਜੋ ਸ਼ਸਤ੍ਰ ਵਿਦਯਾ ਦੇ ਜਾਣਕਾਰ ਹਨ ਓਹ ਸ਼ਸਤ੍ਰਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਪੜ੍ਹਦੇ ਹਨ। ਓਹ ਹੈ-

ਅਸਿ ਕ੍ਰਿਪਾਨ ਖੰਡੋ ਖੜਗ,
ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ,
ਯਹੈ ਹਮਾਰੇ ਪੀਰ।

ਸ਼ਸਤ੍ਰਾਂ ਨੂੰ ਦਸਮੇਸ਼ ਜੀ ਨੇ ਈਸ਼ਵਰ ਤੁਲ ਆਰਾਧਿਆ ਹੈ। ਅਕਾਲ ਉਸਤਤ ਅਤੇ ਬਚਿਤ੍ਰ ਨਾਟਕ ਦੇ ਆਰੰਭ ਦੀਆਂ ਕੁਛ ਪੰਕਤੀਆਂ ਪਾਠਕਾਂ ਦੀ ਜਾਣਕਾਰੀ ਲਈ ਦਿਤੀਆਂ ਜਾਂਦੀਆਂ ਹਨ-

ਅਕਾਲ ਪੁਰਖ ਕੀ ਰਛਾ ਹਮਨੈ।
ਸਰਬ ਲੋਹ ਦੀ ਰਛਿਆ ਹਮਨੈ।
ਸਰਬ ਕਾਲ ਜੀ ਦੀ ਰਛਾ ਹਮਨੈ ॥
ਸਰਬਲੋਹ ਜੀ ਦੀ ਸਦਾ ਰਛਾ ਹਮਨੈ।

(ਆਰੰਭ ਅਕਾਲ ਉਸਤਤ)

ਨਮਸਕਾਰ ਸ੍ਰੀ ਖੜਗ ਕਉ,
ਕਰੋ ਸੁਹਿਤ ਚਿਤੁ ਲਾਇ।
ਪੂਰਨ ਕਰੋਂ ਗ੍ਰੰਥ ਇਹ,
ਤੁਮ ਮੋਹਿ ਕਰਹੁ ਸਹਾਇ।

(ਆਰੰਭ ਬਚਿਤ੍ਰ ਨਾਟਕ)

ਜਿਤੇ ਸ਼ਸਤ੍ਰ ਨਾਮੰ। ਨਮਸਕਾਰ ਤਾਮੰ।
ਜਿਤੇ ਅਸਤ ਭੇਯੰ। ਨਮਸਕਾਰ ਤੇਯੰ।

(ਬਚਿਤ੍ਰ ਨਾਟਕ ਛੰਦ ੯੧)

ਇਸੇ ਤੋਂ ਇਸਦੀ ਪੁਸ਼ਟੀ ਹੁੰਦੀ ਹੈ ਕਿ ਸ਼ਸਤ੍ਰਾਂ ਦੇ ਨਾਮ ਦੀ ਮਾਯਾ ਦੀ ਜੋ ਰਚਨਾਂ ਦਸਮ ਗ੍ਰੰਥ ਵਿਚ ਹੈ ਓਹ ਸ੍ਰੀ ਦਸਮੇਸ਼ ਜੀ ਦੀ ਸਵੈਯ ਕ੍ਰਿਤ ਹੈ। ਇਸ ਤੋਂ ਵੱਧ ਇਸ ਬਾਰੇ ਹੋਰ ਕੁਛ ਲਿਖਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ।

**ਪਖਿਆਨ ਚਰਿਤ੍ਰ :**

ਇਸ ਰਚਨਾਂ ਬਾਰੇ ਇਕ ਵੱਡਾ ਭੁਲੇਖਾ ਪਾਇਆ ਗਿਆ ਹੈ ਕਿ ਇਹ ਗੁਰੂ ਜੀ ਦੀ ਰਚਨਾਂ ਨਹੀਂ । ਭਾਵੇਂ ਇਹ ਲੇਖ ਅਗੇ ਹੀ ਕਾਫ਼ੀ ਲੰਬਾ ਹੋ ਚੁਕਾ ਹੈ, ਫਿਰ ਵੀ ਜਰੂਰੀ ਹੈ ਕਿ ਪਾਠਕਾਂ ਦੀ ਜਾਣਕਾਰੀ ਲਈ ਚਰਿਤ੍ਰਾਂ ਦੀ ਰਚਨਾਂ ਬਾਰੇ ਕੁਛ ਵੇਰਵਾ ਜਰੂਰ ਦਿੱਤਾ ਜਾਏ।

ਇਨ੍ਹਾਂ ਚਰਿਤ੍ਰਾਂ ਦੀਆਂ ਕਥਾਵਾਂ ਨੂੰ ਆਚਰਣ ਹੀਨ ਪੱਖ ਤੋਂ ਪੜਨਾਂ ਜਾਂ ਐਸੇ ਵੀਚਾਰ ਆਪਣੇ ਮਨ ਵਿਚ ਧਾਰਨ ਕਰ ਲੈਣੇਂ ਅਸਲੋਂ ਹੀ ਉਚਿਤ ਨਹੀਂ। ਇਹ ਤਾਂ ਬਲਕਿ ਸਿਖਿਆਦਾਇਕ ਕਥਾਵਾਂ ਹਨ ਜੋ ਕਿ ਇਕ ਹਸਥੀ ਦੀ ਜ਼ਿੰਦਗੀ ਲਈ ਭਾਰੀ ਲਾਭਦਾਇਕ ਹਨ।

ਸਭ ਤੋਂ ਪਹਿਲੇ ਚਰਿਤ੍ਰ ਦੇ ਅਰੰਭ ਵਿਚ ਦੂਜੀਆਂ ਬਾਣੀਆਂ ਦੀ ਤਰਾਂ ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ। ਸ੍ਰੀ ਭਗਉਤੀ ਜੀ ਸਹਾਇ ਅਥ ਪਖਿਯਾਨ ਚਰਿਤ੍ਰ ਲਿਖਯਤੇ ਪਾਤਿਸ਼ਾਹੀ ੧੦' ਲਿਖਿਆ ਹੈ। ਇਸ ਚਰਿਤ੍ਰ ਵਿਚ ਚੰਡੀ (ਭਵਾਨੀ) ਦੀ ਉਸਤਤੀ ਹੈ। ਇਸ ਚਰਿਤ੍ਰ ਵਿਚ ਇਕ

ਦੋਹਰਾ ਜੋ 'ਬਚਿਤ੍ਰ ਨਾਟਕ' ਦੇ ਧਿਆਇ ੨ ਛੰਦ ੨ ਤੇ ਹੈ। ਥੋੜੇ ਜਹੇ ਫਰਕ ਨਾਲ ਇਸ ਚਰਿਤ੍ਰ ਦੇ ਅੰਕ ੪੭੧੪ ਤੇ ਹੈ। ਆਦਿ ਗ੍ਰੰਥ ਸਾਹਿਬ ਵਿਚ ਵੀ ਕਈ ਸਬਦ ਐਸੇ ਹਨ ਜੋ ਭਿੰਨ-ਭਿੰਨ ਥਾਵਾਂ ਤੇ ਦਿੱਤੇ ਗਏ ਹਨ ਅਤੇ ਓਨਾਂ ਦੀ ਕਿਸੇ-ਕਿਸੇ ਤੁਕ ਵਿਚ ਥੋੜਾ ਫਰਕ ਪਾਇਆ ਗਿਆ ਹੈ। ਇਸੇ ਤਰ੍ਹਾਂ ਏਹ ਦੋਹਰਾ ਅਤੇ ਸਵੈਯਾ ਜੋ ਬਚਿਤ੍ਰ ਨਾਟਕ ਦੇ ਪਹਿਲੇ ਧਿਆਇ ਦੇ ਅੰਕ ੯੨ ਤੇ ਹੈ। ਇਸ ਚਰਿਤ੍ਰ ਦੇ ਛੰਦ ੪੭੧੪ ਤੇ ਦਿੱਤਾ ਹੈ:-

ਸਵੈਯਾ:-

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ,
ਗਰੀਬ ਨਿਵਾਜ ਨ ਦੂਸਰ ਤੋ ਸੋ।
ਭੂਲ ਛਿਮੋ ਹਮਰੀ ਪ੍ਰਭ ਆਪਨ,
ਭੂਲਨਹਾਰ ਕਹੂੰ ਕੋਊ ਮੋ ਸੋ।
ਸੇਵ ਕਰੀ ਤੁਮਰੀ ਤਿਨ ਕੇ, ਸਭ ਹੀ
ਗ੍ਰਿਹ ਦੇਖੀਅਤ ਦ੍ਰਬ ਭਰੋ ਸੋ।
ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ,
ਭਾਰੀ ਭੁਜਾਨ ਕੋ ਭਾਰੀ ਭਰੋਸੋ।

(ਬਚਿਤ੍ਰ ਨਾਟਕ ੯੨)

ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ
ਗਰੀਬ ਨਿਵਾਜ ਨ ਦੂਸਰ ਤੋਸੋਂ।
ਭੂਲ ਛਿਮੋਂ ਹਮਰੀ ਪ੍ਰਭੁ ਆਪੁਨ
ਭੂਲਨਹਾਰ ਕਹੂੰ ਕੋਊਂ ਮੋ ਸੋ।
ਸੇਵ ਕਰੈ ਤੁਮਰੀ ਤਿਨ ਕੇ
ਛਿਨ ਮੈ ਧਨ ਲਾਗਤ ਧਾਮ ਭਰੋਸੋ।
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੀ
ਭਾਰੀ ਭੁਜਾਨ ਕੋ ਭਾਰੀ ਭਰੋਸੋ।

ਪਖਯਾਨ ਚਰਿਤ੍ਰ ੧ ਅੰਕ ੪੭

ਦੋਹਰਾ :

ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ।
ਅੰਧ ਲਖੈ ਬਦਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ॥

(ਬਚਿਤ੍ਰ ਨਾਟਕ ਧਿਆਇ ਛੰਦ ੨)

ਮੂਕ ਉਚਰੋ ਸ਼ਾਸਤ੍ਰ ਖਟ ਪਿੰਗ ਗਿਰਨ ਚੜ੍ਹ ਜਾਇ।
ਅੰਧ ਲਖੈ ਬਦਰੋ ਸੁਨੈ ਜਉ ਤੁਮ ਕਰੌ ਸਹਾਇ॥

(ਪਖਯਾਨ ਚਰਿਤ ੧ ਅੰਕ ੪੩)

ਵਿਸਥਾਰ ਅਗੇ ਹੀ ਬਹੁਤ ਹੋ ਚੁਕਾ ਹੈ। ਜੇ ਚਰਿਤ੍ਰਾਂ ਬਾਰੇ ਸਾਰੇ ਦੇ ਸਾਰੇ ਹਵਾਲੇ ਦਿਤੇ ਜਾਣ ਤਦ ਇਹੋ ਲੇਖ ਬਹੁਤ ਲੰਮਾ ਹੋ ਜਾਇਗਾ। ਫਿਰ ਵੀ ਪਾਠਕਾਂ ਦੀ ਗਿਆਤ ਲਈ ਕੁਛ ਥੋੜਾ ਬਹੁਤ ਵੀ ਲਿਖਣਾ ਹੀ ਉਚਿਤ ਹੈ।

ਇਹਨਾਂ ਚਰਿਤ੍ਰਾਂ ਨੂੰ ਅਰੰਭ ਤੋਂ ਅੰਤ ਤੱਕ ਪੜ੍ਹਿਆ ਜਾਵੇ ਤਦ ਪਤਾ ਲਗਦਾ ਹੈ ਕਿ ਇਹ ਸਾਰੀ ਦੀ ਸਾਰੀ ਛੰਦਾਵਲੀ ਇਕੋ ਢੰਗ ਦੀ ਹੈ। ਆਮ ਕਰਕੇ ਚੌਪਈ ਅੜਿਲ ਅਤੇ ਦੋਹਰਾ ਛੰਦਾਂ ਵਿਚ ਬਹੁਤ ਕੁਛ ਲਿਖਿਆ ਹੈ। ਜੰਗ ਦਾ ਵਰਨਣ ਕਿਤੇ ਆਇਆ ਹੈ ਤਾਂ ਉਹ ਭੁਜੰਗ ਪ੍ਰਯਾਤ ਛੰਦ ਵਿਚ ਕੀਤਾ ਹੈ, ਸੁੰਦਰਤਾ ਸ੍ਵੈਯੇ ਵਿਚ। ਕਿਤੇ ਕਿਤੇ ਹੋਰ ਛੰਦ ਵੀ ਹਨ।

ਦਰ ਅਸਲ ਇਸਤ੍ਰੀਆਂ ਦੇ ਛਲ ਵਾਲੀ ਘਟਨਾ ਗੁਰੂ ਜੀ ਦੇ ਸਾਹਮਣੇ ਜਿਥੇ ਵੀ ਕਿਤੇ ਆਈ ਤਾਂ ਉਥੇ ਹੀ ਉਹਨਾਂ ਨੇ ਬੇ-ਸੰਕੋਚ ਓਸ ਦੀ ਬੁਰਿਆਈ ਦਾ ਵਰਨਣ ਕਰ ਦਿਤਾ ਹੈ ਅਤੇ ਇਨ੍ਹਾਂ ਚਰਿਤ੍ਰਾਂ ਤੋਂ ਜੇ ਕੋਈ ਸਿਖਿਆ ਲਵੇ ਤਦ ਬੜੇ ਉਚੇ ਵੀਚਾਰਾਂ ਵਾਲਾ ਮਨੁੱਖ ਬਣ ਸਕਦਾ ਹੈ।

ਰਾਮ ਅਵਤਾਰ ਵਿਚ ਭਗਵਾਨ ਰਾਮ ਦੇ ਬਣਵਾਸ ਜਾਣ ਲਗਿਆਂ ਰਾਜਾ ਦਸਰਥ ਜਿਸ ਤਰਾਂ ਕੇਕਈ ਦੇ ਅਧੀਨ ਹੋਇਆ ਸੀ ਓਸ ਵੇਲੇ ਦਾ ਵਰਨਣ ਆਪਨੇ ਇਓਂ ਕੀਤਾ ਹੈ।

'ਰਾਂਡ ਭੂੰਡ ਕੇ ਹਾਥ ਬਿਕਿਓ ਕਪ
ਨਾਚਤ ਨਾਚ ਛਰੀ ਜਿਮ ਚੀਨੇ।

ਭਾਵਰਥ:- ਰਾਜੇ ਨੇ ਆਪਣਾ ਮਨ ਇਸਤਰੀ ਦੇ ਹਥ ਵਿੱਚ ਇਓਂ ਦੇ ਰਖਿਆ ਹੋਇਆ ਹੈ, ਇਓਂ ਉਸਦਾ ਕਹਿਣਾ ਮੰਨਦਾ ਹੈ, ਜਿਵੇਂ ਕਿ ਬਾਂਦਰ ਮਦਾਰੀ ਦੇ ਹਥ ਵਿਚ ਛਟੀ ਵੇਖਕੇ ਨਾਚ ਕਰਦਾ ਹੈ।

ਆਪਣੀ ਇਸਤਰੀ ਨਾਲ ਪਿਆਰ ਰਖਣਾ ਅੱਛਾ ਹੈ। ਸਭ ਨੂੰ ਰੱਖਣਾ ਚਾਹੀਦਾ ਹੈ ਪਰ ਇਸਤਰੀ ਦੇ ਪਿਆਰ ਵਿਚ ਫਸਕੇ ਮਨੁਖਤਾ ਦੇ ਪੱਧਰ ਤੋਂ ਗਿਰੀਆਂ ਹੋਈਆਂ ਹਰਕਤਾਂ ਕੋਈ ਕਰਦਾ ਹੈ ਤਾਂ ਓਹ ਅਨਚਿਤ ਹਨ। ਐਸੀਆਂ ਹਰਕਤਾਂ ਤੋਂ ਬਚਣ ਲਈ ਇਹਨਾਂ ਚਰਿਤ੍ਰਾਂ ਤੋਂ ਬੜੀ ਉਚ ਸਿਖਿਆ ਪ੍ਰਾਪਤ ਹੁੰਦੀ ਹੈ। ਹਜ਼ੂਰ ਨੇ ਇਕ ਚਰਿਤ੍ਰ ਦੇ ਪਿਛੇ ਲਿਖਿਆ ਹੈ:-

ਜੋ ਸਿਆਨੇ ਹੁਐ ਜਗਤ ਮੈਂ ਦੇਤ ਤ੍ਰਿਆ ਕਰ ਚਿਤ॥
ਤਾਂ ਨਰ ਕੋ ਇਸ ਜਗਤ ਮੈਂ ਹੇਤ ਖੁਆਰੀ ਨਿਤ॥

ਇਕ ਹੋਰ ਜਗ੍ਹਾ ਲਿਖਿਆ ਹੈ:-

ਪਰੈ ਆਪਦਾ ਕੋਸੀਐ ਕੋਟ ਕਸਟ ਸਹਿ ਲੇਤ।

ਤਊ ਸੁਘਰ ਕਰ ਇਸਤ੍ਰੀ ਅਨਭੇਦ ਨ ਅਪਨੋ ਦੇਤ॥

ਦੂਸਰੇ ਚਰਿਤ੍ਰ ਵਿਚ ਜੋ ਕਥਾ ਹੈ ਓਹ ਇਕ ਓਸਨੂੰ ਅਸੀਂ ਸਿਖਿਆਦਾਇਕ ਹੈ ਕਿ ਜੋ ਕੋਈ ਧਾਰਨ ਕਰੇ ਓਹ ਛਲ ਅਤੇ ਧੋਖੇ ਵਿੱਚ ਨਹੀਂ ਫਸ ਸਕਦਾ। ਲੂਣਾਂ ਅਤੇ ਪੂਰਨ ਦੀ ਸਾਖੀ ਅਤੇ ਕਿੱਸੇ ਆਮ ਲੋਕਾਂ ਵਿਚ ਪ੍ਰਸਿਧ ਹਨ। ਇਹ ਚਰਿਤ੍ਰ ਦੀ ਕਥਾ ਵੀ ਕਰੀਬ ਇਸ ਦੇ ਨਾਲ ਮਿਲਦੀ ਜੁਲਦੀ ਅਤੇ ਲਗਦਾ ਹੈ ਕਿ ਬਹੁਤ ਸਾਰੇ ਚਰਿਤ੍ਰਾਂ ਦੇ ਲਿਖੇ ਜਾਣ ਦਾ ਕਾਰਣ ਇਹੀ ਚਰਿਤ੍ਰ ਹੈ। ਲਿਖਿਆ ਹੈ:-

ਫਾਰਿ ਚੀਰ ਕਰ ਆਪਨੇ
ਮੁਖ ਨਖ ਘਾਇ ਲਗਾਇ।
ਰਾਜਾ ਕੋ ਰੋਖਿਤ ਕਿਯੋ
ਤਨ ਕੋ ਚਿਹਨ ਦਿਖਾਇ।
ਚੌਪਈ: ਬਚਨ ਸੁਨਤ ਕ੍ਰਧਿਤ ਨ੍ਰਿਪ ਭਯੋ।
ਮਾਰਨ ਹੇਤ ਸੁਤਹਿ ਲੈ ਗਯੋ।
ਮੰਤ੍ਰਿਨ ਆਨਿ ਰਾਵ ਸਮੁਝਾਯੋ।
ਤ੍ਰਿਯਾ ਚਰਿਤ੍ਰ ਨ ਕਿਨਹੂੰ ਪਾਯੋ।

ਇਕ ਮਤ੍ਰੇਈ ਮਾਂ (ਰਾਣੀ) ਨੇ ਰਾਜ ਕੁਮਾਰ ਨਾਲ ਵਿਭਚਾਰ ਕਰਨ ਦੀ ਇਛਾ ਪ੍ਰਗਟ ਕੀਤੀ ਉਸਦੇ ਇਨਕਾਰ ਕਰਨ ਤੇ ਰਾਜੇ ਪਾਸ ਝੂਠੀ ਚੁਗਲੀ ਕੀਤੀ ਅਤੇ ਓਸਨੂੰ ਆਪਣੇ ਪੁਤਰ ਤੇ ਕ੍ਰੋਧਿਤ ਕੀਤਾ। ਰਾਜਾ ਆਪਣੇ ਪੁਤ੍ਰ ਨੂੰ ਮਾਰ ਦੇਣ ਲਈ ਤਿਆਰ ਹੋ ਪਿਆ ਪਰ ਮੰਤ੍ਰੀਆਂ ਨੇ ਉਸਨੂੰ ਸਮਝਾਇਆ ਅਤੇ ਇਸਤ੍ਰੀਆਂ ਦੇ ਕਈ ਪ੍ਰਕਾਰ ਦੇ ਪਖੰਡ ਕਪਟ ਆਦਿ ਦਸੇ। ਇਨ੍ਹਾਂ ਚਰਿਤ੍ਰਾਂ ਵਿਚ ਸ੍ਰੀ ਦਸਮੇਸ਼ ਜੀ ਨੇ ਆਪਣੀਆਂ ਵੀ ਇਕ ਦੋ ਕਥਾ ਲਿਖੀਆਂ ਹਨ। ਚਰਿਤ੍ਰ ਨੰ: ੨੨ ਅਤੇ ੨੩ ਵਿਚ ਓਨ੍ਹਾਂ ਦੇ ਆਪਣੇ ਨਾਲ ਵਾਪਰੀਆਂ ਘਟਨਾਂ ਦਾ ਵਰਣਨ ਹੈ। ਚਰਿਤ੍ਰ ਨੰ. ੨੨ ਵਿਚ ਹੀ ਓਹ ਛੰਦ ਅੰਕ ੫੧ ਤੇ ਹੈ ਜਿਸਨੂੰ ਕਈ ਵਾਰੀ ਕਈ ਰਾਗੀ ਰਬਾਬੀ ਪ੍ਰਚਾਰਕ ਸਿਖ ਸੰਗਤਾਂ ਵਿਚ ਪੜ੍ਹਕੇ ਸੁਣਾਇਆ ਕਰਦੇ ਹਨ। ਓਹ ਹੈ:-

ਸੁਧਿ ਜਬ ਤੇ ਹਮ ਧਰੀ
ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ
ਪ੍ਰਾਨ ਜਬ ਲਗ ਘਟ ਥਾਰੇ।
ਨਿਜੁ ਨਾਰੀ ਕੇ ਸਾਥ
ਨੇਹੁ ਤੁਮ ਨਿਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲਿ
ਸੁਪਨੇ ਹੂੰ ਨ ਜੈਯਹੁ।੫੧॥

ਇਸੇ ਚਰਿਤ੍ਰ ਦੇ ਆਰੰਭ ਵਿਚ ਅੰਕ ੩ ਅਤੇ ੪ ਤੇ ਦੋ ਦੋਹਰੇ ਹਨ ਜਿਨਾਂ ਨੂੰ ਪੜ੍ਹਨ ਨਾਲ ਸ਼ੰਕਾ ਪੈਦਾ ਹੀ ਨਹੀਂ ਹੁੰਦੀ-

ਤੀਰ ਸਤੁਦ੍ਰਵ ਕੇ ਹੁਤੋਂ
ਪੁਰ ਅਨੰਦ ਇਕ ਗਾਂਉ।
ਨੇਤ੍ਰ ਤੁੰਗ ਕੇ ਢਿਗ ਬਸਤ
ਕਾਹਲੂਰ ਕੇ ਠਾਂਉ।੩॥
ਤਹਾਂ ਸਿਖ ਸਾਖਾ
ਬਹੁਤ ਆਵਤ ਮੋਦ ਬਢਾਇ।
ਮਨ ਬਾਂਛਤ ਮੁਖ ਮਾਂਗ ਬਰ
ਜਾਤ ਗ੍ਰਿਹਨ ਸੁਖ ਪਾਇ।

ਇਸ ਤੋਂ ਅਗੇ ਚਰਿਤ੍ਰ ਨੰ: ੭੧ ਵਿਚ ਸ੍ਰੀ ਗੁਰੂ ਜੀ ਨੇ ਆਪਣੇ ਨਾਲ ਵਾਪਰੀ ਹੋਰ ਘਟਨਾ ਲਿਖੀ ਹੈ ਅਤੇ ਇਸ ਦਾ ਆਰੰਭ ਇਸ ਤਰ੍ਹਾਂ ਕੀਤਾ ਹੈ।

ਨਗਰ ਪਾਵਟਾਂ ਬਹੁ ਬਸੈ
ਸਾਰਮੋਰ ਕੇ ਦੇਸ।
ਜਮੁਨਾ ਨਦੀ ਨਿਕਟਿ ਬਹੈ
ਜਨੁਕ ਪੁਰੀ ਅਲਿਕੇਸ।੧।
ਨਦੀ ਜਮੁਨ ਕੇ ਤੀਰ ਮੈ
ਤੀਰਥ ਮੁਚਨ ਕਪਾਲ।
ਨਗਰ ਪਾਂਵਟਾ ਛੋਰਿ
ਹਮ ਆਏ ਤਹਾਂ ਉਤਾਲ।੨॥

ਫੇਰ ਅੰਕ ੪ ਤੇ ਦੋਹਰਾ ਹੈ:-

ਤਹਾਂ ਹਮਾਰੇ ਸਿਖਯ ਸਭ
ਅਮਿਤ ਪਹੂੰਚੇ ਆਇ।
ਤਿਨੈ ਦੈਨ ਕੋ ਚਾਹਿਯੈ
ਜੋਰਿ ਭਲੋ ਸਿਰ ਪਾਇ।੨॥

ਏਹ ਐਸੀਆਂ ਘਟਨਾਵਾਂ ਹਨ ਜਿਨਾਂ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਅਤੇ ਇਹ ਚਰਿਤ੍ਰਾਂ ਵਿਚ ਦਰਜ ਹਨ। 'ਹਮ' ਸ਼ਬਦ ਤੋਂ ਸਾਫ ਜ਼ਾਹਰ ਹੈ ਇਸ ਦੀ ਰਚਨਾਂ ਸ੍ਰੀ ਗੁਰੂ ਜੀ ਨੇ ਆਪ ਹੀ ਕੀਤੀ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਇਕ ਜਾਂ ਦੋ ਚਰਿਤ੍ਰਾਂ ਦੀ ਰਚਨਾਂ ਗੁਰੂ ਜੀ ਨੇ ਆਪ ਕੀਤੀ ਹੋਵੇ ਬਾਕੀ ਦੇ ਕਵੀਆਂ ਕੋਲੋਂ ਲਿਖਵਾ ਲਏ ਹੋਣ। ਜੇ ਇਕ

ਮਿੰਟ ਵਾਸਤੇ ਬਾਕੀ ਦੇ ਚਰਿਤ੍ਰ ਕਵੀਆਂ ਦੇ ਰਚੇ ਹੋਏ ਮੰਨ ਲਏ ਜਾਣ ਅਤੇ ਇਹ ਸ੍ਰੀ ਗੁਰੂ ਜੀ ਦੇ ਆਪਣੇ, ਤਦ ਇਨ੍ਹਾਂ ਦਾ ਨੰਬਰ ਬਿਲਕੁਲ ਆਰੰਭ ਵਿਚ ਜਾਂ ਬਿਲਕੁਲ ਆਖੀਰ ਤੇ ਹੋਣਾ ਚਾਹੀਦਾ ਸੀ ਅਤੇ ਇਨ੍ਹਾਂ ਵਿਚ ਅਰੰਭ ਜਾਂ ਅੰਤ ਦਾ ਕੁਛ ਇਸ਼ਾਰਾ ਜਰੂਰ ਹੁੰਦਾ, ਇਸ ਤੋਂ ਇਲਾਵਾ ਸਾਰੇ ਦੇ ਸਾਰੇ ਚਰਿਤ੍ਰਾਂ ਦੀ ਸ਼ੈਲੀ ਬਿਲਕੁਲ ਇਕ ਹੈ ਅਤੇ ਛੰਦ ਵੀ ਇਕੋ ਕਿਸਮ ਦੇ ਹਨ।

ਚਰਿਤ੍ਰਾਂ ਵਿਚ ਕੁਛ 'ਪੁਰਖਾ ਚਰਿਤ੍ਰ' ਵੀ ਹਨ। ਜਿਨ੍ਹਾਂ ਵਿਚੋਂ ਇਕ ਦਾ ਵਰਣਨ ਉਪਰ ਆ ਚੁਕਾ ਹੈ। ਐਸੇ ਚਰਿਤ੍ਰ ਵੀ ਹਨ ਜੋ ਪੁਰਸ਼ ਇਸਤਰੀਆਂ ਦੇ ਛਲ ਵਿਚ ਨਹੀਂ ਫਸੇ ਅਤੇ ਓਨ੍ਹਾ ਦੇ ਛਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਪਰ ਇਸਤ੍ਰੀ ਨੂੰ ਏਹ ਨਹੀਂ ਪਤਾ ਲੱਗਣ ਦਿੱਤਾ ਕਿ ਓਸਦਾ ਪਤੀ ਓਸਦੇ ਛਲ ਨੂੰ ਜਾਣ ਗਿਆ ਹੈ।

ਚਰਿਤ੍ਰਾਂ ਵਿਚ ਦਰਜ ਹੈਨ ਤਾਂ ਸਾਰੀਆਂ ਹੀ ਕਥਾ ਸਿਖਿਆਦਾਇਕ। ਕੁਛ ਐਸੀਆਂ ਹਨ ਜਿਨ੍ਹਾਂ ਵਿਚ ਇਸਤ੍ਰੀਆਂ ਦੇ ਛਲ ਲਿਖੇ ਦੂਸਰੀਆਂ ਐਸੀਆਂ ਹਨ ਜਿਨ੍ਹਾਂ ਵਿਚ ਇਸਤ੍ਰੀਆਂ ਨੇ ਆਪਣਾ ਧਰਮ ਕਿਵੇਂ ਬਚਾਇਆ, ਇਸਦਾ ਵਰਣਨ ਹੈ। ਹੋਰ ਕਈ ਵੱਖ-ਵੱਖ ਕਿਸਮਾਂ ਦੀਆਂ ਕਥਾਵਾਂ ਹਨ, ਜੇ ਇਕ-੨ ਦਾ ਵਰਣਨ ਕੀਤਾ ਜਾਵੇ ਤਦ ਇਹ ਲੇਖ ਬੇਹਦ ਲੰਬਾ ਹੋ ਜਾਇਗਾ। ਫਿਰ ਵੀ ਕੁਛ ਇਕ ਦਾ ਵਰਣਨ ਕਰਨਾ ਹੀ ਉਚਿਤ ਹੈ।

ਚਰਿਤ੍ਰ ੮੧ ਦੀ ਕਥਾ ਦਾ ਸੰਖੇਪ ਵਰਣਨ ਇਓਂ ਹੈ ਕਿ ਇਕ ਰਾਜੇ ਨੇ ਜੋਗੀ ਤੋਂ ਗਯਾਨ ਦੀਆਂ ਗਲਾਂ ਸੁਣਕੇ ਰਾਜ ਭਾਗ ਛਡਕੇ ਜੋਗ ਧਾਰਨ ਕਰ ਲਿਆ। ਰਾਣੀਆਂ ਨੇ ਵਰਜਿਆ ਪਰ ਰਾਜਾ ਨਾ ਮੰਨਿਆ ਫੇਰ ਰਾਣੀਆਂ ਨੇ ਚਰਿਤ੍ਰ ਕਰਕੇ ਰਾਜੇ ਨੂੰ ਵਾਪਸ ਆਪਣੇ ਘਰ ਲੈ ਆਂਦਾ। ਕ੍ਰਿਸਨਾ ਅਵਤਾਰ (ਬਿਰਹ ਨਾਟਕ ਵਿਚ) ਇਕ ਸਵੈਯਾ ਗੁਰੂ ਜੀ ਨੇ ਲਿਖਿਆ ਹੈ ਓਸੇ ਕਿਸਮ ਦਾ ਸ੍ਵੈਯਾ ਇਸ ਚਰਿਤ੍ਰ ਵਿਚ ਹੈ। ਓਹ ਦੋਵੇਂ ਸਵੈਯੇ ਇਥੇ ਦਿਤੇ ਜਾਂਦੇ ਹਨ:

ਅੰਗ ਬਿਖੈ ਸਜ ਕੈ ਭਗਵੇ ਪਟ
ਹਾਥਨ ਮੈਂ ਚਿਪੀਆ ਹਮ ਲੈ ਹੈਂ।
ਸੀਸ ਧਰੈਗੀ ਜਟਾ ਅਪੁਨੇ ਹਰਿ
ਮੂਰਤਿ ਭਿਛ ਕਉ ਮਾਂਗ ਅਘੈ ਹੈਂ।
ਸਯਾਮ ਚਲੈ ਜਿਹ ਠਉਰ ਬਿਖੈ
ਹਮਹੂੰ ਤਿਹ ਠਉਰ ਬਿਖੈ ਚਲਿ ਜੈ ਹੈਂ।
ਤਯਾਰਾ ਕਰਿਯੋ ਹਮ ਧਾਮਿਨ ਕੋ
ਸਭ ਹੀ ਮਿਲ ਕੈ ਹਮ ਜੋਗਨਿ ਹ੍ਵੈ ਹੈਂ।

(ਕ੍ਰਿਸ਼ਨਾ ਅਵਤਾਰ ਛੰਦ ੮੧)

ਅੰਗਨ ਮੈ ਜਿਹਜੋ ਭਗਵੇ ਪਟ
ਹਾਥ ਬਿਖੈ ਚਿਪੀਆ ਗਹਿ ਲੈਹੋਂ।
ਮੁੰਦ੍ਰਨ ਕਾਨ ਧਰੋ ਅਪਨੈ ਤਵ
ਮੂਰਤਿ ਭਿਛਿਹਿ ਮਾਂਗ ਅਘੈਹੋਂ।
ਨਾਥ ਚਲੋ ਤੁਮ ਠੌਰ ਜਹਾਂ
ਹਮਹੂੰ ਤਿਹ ਠੌਰ ਬਿਖੈ ਚਲਿ ਜੈਹੋ।
ਧਾਂਮ ਰਹੇ ਨਹਿ ਬਾਤ ਕਹੌਂ ਪਟ
ਫਾਰ ਸਬੈ ਅਬ ਜੋਗਨ ਹ੍ਵੈ ਹੈਂ॥

(ਚਰਿਤ੍ਰ ੮੧ ਛੰਦ ੭੧)

ਜਿਵੇਂ 'ਸੋਦਰ' ਦੀ ਪਉੜੀ ਆਦਿ ਗਰੰਥ ਸਾਹਿਬ ਵਿਚ ਤਿੰਨ ਜਗਾ ਲਿਖੀ ਹੈ ਅਤੇ ਤਿੰਨੇ ਜਗਾ ਤੁਕਾਂ ਵਿਚ ਥੋੜਾ-ਥੋੜਾ ਫਰਕ ਹੈ। ਇਵੇਂ ਹੀ ਦਸਮ ਪਾਤਸ਼ਾਹ ਨੇ ਕਈ ਸਵੈਯੇ ਦੋਹਰੇ ਕਬਿਤ ਆਦਿ ਵੱਖ-ਵੱਖ ਜਗ੍ਹਾ ਤੇ ਉਹਨਾਂ ਵਿਚ ਥੋੜਾ-ਥੋੜਾ ਫਰਕ ਪਾ ਕੇ ਲਿਖੇ ਹਨ। ਇਹਨਾਂ ਦੋਹਾਂ ਸਵੈਯਾਂ ਦੀ ਤੁਕ ਨਾਲ ਤੁਕ ਮਿਲਦੀ ਹੈ ਉਂਜ ਫ਼ਰਕ ਵੀ ਹੈ। ਇਹ ਵੀ ਦਸਮੇਸ਼ ਜੀ ਦੀ ਆਪਣੀ ਬਾਣੀ ਹੋਣ ਦੀ ਇਕ ਕਿਸਮ ਦੀ ਮੋਹਰ ਹੈ।

ਚਰਿਤ੍ਰ ੧੫੧ ਦੀ ਕਥਾ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਕਿਤਨੀ ਬਹਾਦਰ ਸੀ ਉਹ ਰਾਣੀ ਜੋ ਆਪਣੇ ਪਤੀ ਦੇ ਨਾਲ ਰਣ ਭੂਮੀ ਵਿਚ ਜਾਂਦੀ ਸੀ। ਇਕ ਵਾਰ ਰਣ ਭੂਮੀ ਵਿਚ ਘਮਸਾਨ ਦਾ ਜੰਗ ਕਰਦਿਆਂ ਗੋਲੀ ਲਗਣ ਨਾਲ ਪਤੀ ਮਰ ਗਿਆ। ਉਸਨੂੰ ਹਾਥੀ ਦੀ ਅੰਬਾਰੀ ਵਿੱਚ ਬੰਨ੍ਹ ਰਖਿਆ ਅਤੇ ਕਿਸੇ ਸਿਪਾਹੀ ਨੂੰ ਪਤਾ ਨਾ ਲੱਗਣ ਦਿੱਤਾ। ਜੰਗ ਜਿਤ ਲਿਆ ਆਕੇ ਸਤੀ ਹੋਣ ਲਗੀ ਫਿਰ ਦੇਵ ਬਾਣੀ ਹੋਈ ਪਤੀ ਜਿਉਂਦਾ ਕਰ ਲੈ। ਪਤੀ ਜਿਉਂਦਾ ਹੋ ਗਿਆ ਅਤੇ ਫੇਰ ਸੁਖ ਨਾਲ ਰਾਜ ਕਰਦੀ ਰਹੀ।

ਚਰਿਤ੍ਰ ੩੩੫ ਵਿਚ ਜੈਨ ਅਲਾਵਦੀਨ ਦੇ ਵਕਤ ਦੀ ਕਥਾ ਲਿਖੀ ਹੈ ਕਿ ਬੀਰਮਦੇ ਨਾਮ ਦਾ ਇਕ ਮਨੁਖ ਜੋ ਉਸਦੇ ਪਾਸ ਨੌਕਰੀ ਕਰਨ ਗਿਆ ਅਤੇ ਜੈਨ ਅਲਾਵਦੀਨ ਦੀ ਲੜਕੀ ਉਸਦਾ ਸਰੂਪ ਦੇਖਕੇ ਭਰਮ ਗਈ। ਲੜਕੀ ਨੇ ਪਿਤਾ ਪਾਸ ਆਪਣੀ ਇਛਾ ਪ੍ਰਗਟ ਕੀਤੀ ਓਸਨੇ ਕਿਹਾ ਕਿ ਉਸਨੂੰ ਮੁਸਲਮਾਨ ਬਣਾ ਲੈ ਫਿਰ ਤੇਰੀ ਸ਼ਾਦੀ ਉਸਦੇ ਨਾਲ ਕਰ

ਦਿਆਂਗਾ। ਬੀਰਮਦੇ ਨੇ ਮੁਸਲਮਾਨ ਹੋਣ ਤੋਂ ਇਨਕਾਰ ਕਰ ਦਿਤਾ ਅਤੇ ਦਿਲੀ ਛਡ ਕੇ ਦੌੜ ਗਿਆ। ਮਗਰ ਫੌਜ ਗਈ ਲੜਾਈ ਹੋਈ ਬੀਰਮਦੇ ਦਾ ਸਿਰ ਵਢ ਕੇ ਲਿਆਂਦਾ ਗਿਆ ਜਦ ਲਿਆ ਕੇ ਉਸ ਲੜਕੀ ਨੂੰ ਦਿਤਾ ਉਸ ਵੇਲੇ ਦੀ ਘਟਨਾ ਦਾ ਇਓਂ ਵਰਨਣ ਕੀਤਾ ਹੈ-

ਤਾਂ ਕੇ ਮਾਰ ਕਾਟਿ ਸਿਰ ਲੀਯੋ।
ਲੈ ਹਾਜਰ ਹਜਰਤ ਕੋ ਕੀਯੋ।
ਪਿਤ ਪਠੈ ਸੁਤਾ ਪਹਿ ਦੀਨਾਂ।
ਅਧਿਕ ਦੁਖਿਤ ਹ੍ਵੈ, ਦੁਹਿਤ ਚੀਨਾਂ।੪੪।

ਦੋਹਰਾ :

ਜਬ ਬੇਗਮ ਤਿਹ ਬਾਰਿਕੋ ਦੇਖਾ ਸੀਸ ਉਘਾਰ।
ਉਲਟਿ ਪਰਾ ਤਬ ਮੂੰਡਿ ਨ੍ਰਿਪ ਤਊ ਨ ਕਬੂਲੀ ਨਾਰਿ।

ਇਸ ਤੋਂ ਬਿਨਾਂ ਹੋਰ ਵੀ ਬਹੁਤ ਐਸੀਆਂ ਕਥਾਵਾਂ ਹਨ ਜੋ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਜੋ ਇਸਤ੍ਰੀ ਦਾ ਧਰਮ ਕੀ ਹੈ ਅਤੇ ਕਿਸ ਕਿਸ ਢੰਗ ਨਾਲ ਆਪਣੇ ਧਰਮ ਦੀ ਰੱਖਿਆ ਕਰਦੀਆਂ ਰਹੀਆਂ ਹਨ।

ਆਖਰੀ ਚਰਿਤਰ (੪੦੪) ਵਿਚ ਸਤਿਜੁਗ ਦੇ ਵਕਤ ਦੀ ਕਥਾ ਲਿਖੀ ਹੈ ਅਤੇ ਇਸਦੇ ਆਖੀਰ ਵਿਚ ਓਹ ਚੌਪਈ (ਪੁਨਿ ਰਾਛਸ ਕਾ ਕਾਟਾ ਸੀਸਾ) ਹੈ ਜਿਸਦਾ ਪਾਠ ਅੰਮ੍ਰਿਤ ਤਿਆਰ ਕਰਨ ਸਮੇਂ ਕੀਤਾ ਜਾਂਦਾ ਹੈ ਅਤੇ ਹਰ ਰੋਜ਼ ਰਹਿਰਾਸ ਵਿਚ ਇਸਦਾ ਪਾਠ ਕੀਤਾ ਜਾਂਦਾ ਹੈ। ਇਸਨੂੰ ਸਾਰੇ ਹੀ ਨਿਸ਼ਚੇ ਨਾਲ ਸ੍ਰੀ ਦਸਮੇਸ਼ ਜੀ ਕ੍ਰਿਤ ਮੰਨਦੇ ਹਨ। ਜੇ ਆਖਰੀ ਚਰਿਤਰ ਅਤੇ ਵਿਚੋਂ ਵਿਚੋਂ ਕੁਛ ਚਰਿਤਰ ਗੁਰੂ ਜੀ ਕ੍ਰਿਤ ਮੰਨੇ ਜਾਣ ਤਾਂ ਏਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਬਾਕੀ ਦੇ ਕਿਸੇ ਹੋਰ ਦੀ ਲਿਖਤ ਹਨ। ਜਦ ਕਿ ਇਨਾਂ ਸਭ ਦੀ ਬਣਾਵਟ ਹਰ ਪੱਖ ਤੋਂ ਇਕੋ ਕਿਸਮ ਦੀ ਹੈ।

**ਅਸਫੋਟਕ ਕਬਿਤ:**

ਜਿਵੇਂ ਆਦਿ ਗ੍ਰੰਥ ਸਾਹਿਬ ਵਿਚ ਵਾਰਾਂ ਤੋਂ ਵਧੀਕ ਸਲੋਕ ਲਿਖੇ ਹਨ ਇਵੇਂ ਹੀ ਕੁਛ ਕਬਿਤ ਅਤੇ ਸਵੈਯੇ ਹਨ ਜੋ ਚਰਿਤਰਾਂ ਤੋਂ ਬਾਅਦ ਵਿਚ ਲਿਖੇ ਹਨ। ਇਨ੍ਹਾਂ ਦੇ ਆਰੰਭ ਵਿਚ ੧ੳ ਸ੍ਰੀ ਭਗਉਤੀ ਜੀ ਸਹਾਇ ਅਥ ਅਸਫੋਟਕ ਕਬਿਤ ਲਿਖਯਤੇ ਲਿਖਿਆ ਹੈ। ਇਨ੍ਹਾਂ ਦੀ ਕਵਿਤਾ ਬਹੁਤ ਸੁੰਦਰ ਹੈ। ਕਿਸੇ ਇਕ-ਇਕ ਕਬਿਤ ਜਾਂ ਸਵੈਯੇ ਵਿਚ ਇਕ-ਇਕ ਅਖਰ ਦਾ ਵਿਸਥਾਰ ਐਸੇ ਸੋਹਣੇ ਢੰਗ ਨਾਲ ਕੀਤਾ ਹੈ ਜਿਸਨੂੰ ਪੜ੍ਹਕੇ ਦਿਮਾਗ ਚਕ੍ਰਿਤ ਹੁੰਦਾ ਹੈ:

ਚਿੰਤਾ ਜੈਸੋ ਚੰਦਨ ਚਰਾਗ ਲਾਗੇ ਚਿਤਾ ਸਮ,
ਚੇਟਕ ਸੇ ਚਿਤ੍ਰ ਚਾਰੁ ਚੌਪਖਾ ਕੁਸੈਲ ਸੀ।
ਚਿਤਾ ਜੈਸੇ ਚੀਰ ਚਪਲਾ ਸੀ ਚਿਤਵਨ ਲਾਗੈ,
ਦੀਰਬੇ ਸੀ ਚੌਪਖਾ ਸੁਹਾਤੁ ਨ ਰੁਚੈਲ ਸੀ।
ਚੰਗੁਲ ਸੀ ਚੌਪ ਸਰ ਚਾਂਪ ਜੈਸੋ ਚਾਮੀਕਰ,
ਚੋਟ ਸੀ ਚਿਨੌਤ ਲਾਗੈ ਸੀਰੀ ਲਾਗੈ ਸੈਲ ਸੀ।
ਚਟਕ ਚੁਪੇਟ ਸੀ ਲਗਤ ਬਿਨਾ ਚਿੰਤਾ ਮਨਿ,
ਚਾਬੁਕ ਸੇ ਚੌਰ ਲਾਗੈ ਚਾਂਦਨੀ ਚੁਰੈਲ ਸੀ।੩੦।

ਇਸ ਬਾਣੀ ਵਿਚ ਭਿੰਨ-ਭਿੰਨ ਵਿਸ਼ਯ ਦੇ ਕਬਿਤ ਅਤੇ ਸਵੈਯੇ ਲਿਖੇ ਹਨ। ਸ੍ਰੀ ਸੰਗੋ ਸ਼ਾਹ ਜੀ, ਜਿਨ੍ਹਾਂ ਨੂੰ ਦਸਮੇਸ਼ ਜੀ ਨੇ 'ਸ਼ਾਹ ਸੰਗ੍ਰਾਮ' ਦਾ ਖਿਤਾਬ ਦਿਤਾ ਸੀ ਉਨ੍ਹਾਂ ਬਾਰੇ ਵੀ ਇਕ ਸਵੈਯਾ ਸ੍ਰੀ ਹਜ਼ੂਰ ਨੇ ਇਥੇ ਲਿਖਿਆ ਹੈ। ਇਹ ਸੰਗੋ ਸ਼ਾਹ ਜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦੋਹਤ੍ਰੇ ਸਨ। ਇਨ੍ਹਾਂ ਦਾ ਵਰਣਨ ਬਚਿੱਤਰ ਨਾਟਕ ਵਿਚ ਭੰਗਾਣੀ ਦੇ ਜੰਗ ਵਿਚ ਵੀ ਹੈ।

ਸੰਗੋ ਸੰਭਾਰ ਕੋ ਸਾਂਗ ਭਲੀ ਕਰ,
ਓਕਟ ਪੈਚਟ ਬਾਂਧ ਕ੍ਰਿਪਾਨੀ।
ਮਾਰ ਹੀ ਮਾਰ ਪੁਕਾਰ ਪਰਿਓ ਅਰਿ,
ਸੈਨ ਕੇ ਸਾਮੁਹਿ ਸੰਕ ਨ ਮਾਨੀ।
ਮਾਰ ਦਏ ਸਿਰਦਾਰ ਬਡੇ ਕਰਿ,
ਕੋਪ ਫਿਰਿਯੋ, ਇਹ ਭਾਂਤ ਕੰਪਾਨੀ।
ਸੂਰ ਡੁਲੇ ਸਿਰਦਾਰ ਸਭੈ,
ਨ ਡੁਲਯੋ ਰਣ ਤੇ ਬਸੁਧਾ ਹੂੰ ਡੁਲਾਨੀ।੪੪।

ਇਸਤੋਂ ਬਿਨਾਂ ਇਸ ਬਾਣੀ ਵਿਚ ਕਈ ਕਬਿਤ ਅਤੇ ਸਵੈਯੇ ਓਹ ਹਨ ਜੋ ਪਿਛਲੀਆਂ ਬਾਣੀਆਂ, ਜਿਨ੍ਹਾਂ ਦਾ ਵਰਣਨ ਅੱਗੇ ਆ ਚੁੱਕਾ ਹੈ ਕਿ ਓਹ ਸ੍ਰੀ ਹਜ਼ੂਰ ਦੀ ਕ੍ਰਿਤ ਹੀ ਹਨ, ਓਨ੍ਹਾਂ ਵਿਚ ਵੀ ਪਹਿਲਾਂ ਦਿਤੇ ਹੋਏ ਹਨ। ਓਹ ਸਾਰੇ ਕਬਿਤ ਜਾਂ ਸਵੈਯੈ ਦੇਣ ਨਾਲ ਵਿਸਥਾਰ ਬਹੁਤਾ ਹੋ ਜਾਇਗਾ। ਸਿਰਫ਼ ਥੋੜੇ ਜਿਹੇ ਇਥੇ ਦਿਤੇ ਜਾਂਦੇ ਹਨ। ਹੇਠ ਲਿਖਿਆ ਸਵੈਯਾ ਬਚਿਤ੍ਰ ਨਾਟਕ ਵਿਚ ਫੇਰ ਅਸਫੋਟਕ ਕਬਿਤਾਂ ਵਿਚ ਫਰਕ ਨਾਲ ਹੈ-

ਕਾਗਦ ਦੀਪ ਸਭੈ ਕਰ ਕੈ ਅਰ,
ਸਾਤ ਸਮੁੰਦ੍ਰਨ ਕੀ ਮਸੁ ਕੈਹੋਂ।
ਕਾਟਿ ਬਨਾਸਪਤੀ ਸਿਗਰੀ,
ਲਿਖਬੇ ਹੂੰ ਕੇ ਲੇਖਨ ਕਾਜਿ ਬਨੈਹੋ।

ਸਾਰਸੁਤੀ ਬਕਤਾ ਕਰਿ ਕੈ ਜੁਗ,
ਕੋਟਿ ਗਨੇਸ ਕੈ ਹਾਥਿ ਲਿਖੈ ਹੋ।
ਕਾਲ ਕ੍ਰਿਪਾਨ ਬਿਨਾ ਬਿਨਤੀ,
ਨ ਤਊ ਤੁਮ ਕੋ ਪ੍ਰਭ ਨੈਕੁ ਰਿਝੈਹੋ।
(ਬਚਿਤਰ ਨਾਟਕ ਛੰਦ ੧੦੧)
ਕਾਗਦ ਦੀਪ ਸਭੈ ਕਰਿਹੋਂ ਅਰੁ,
ਸਾਥ ਮਹਾ ਰਣ ਕੀ ਮਸੁ ਕੈਹੋਂ।
ਕਾਟ ਬਨਾਸਪਤੀ ਸਿਗਰੀ,
ਲਿਖਬੇ ਹੂੰ ਕੇ ਲੇਖਨ ਕਾਜ ਬਨੈਹੋਂ।
ਸਾਰਸ੍ਵਤੀ ਬਕਤਾ ਕਰਕੈ,
ਜੁਗ ਚਾਰਗਨੇਸ ਕੇ ਹਾਥ ਲਿਖੈਹੈਂ।
ਕੋਟ ਕਬਿਤਨ ਜੋ ਕਰਿ ਹੈਂ,
ਤੁਮ ਕੋ ਨ ਤਊ ਪ੍ਰਭ ਨੈਕ ਰਿਝੈ ਹੈਂ।
(ਅਸਫੋਟਕ ਕਬਿਤ ਛੰਦ ੪੯)

ਇਸੇ ਤਰ੍ਹਾਂ ਇਹ ਕਬਿਤ ਚ੍ਰਿਤਰ ਨੰ: ੧੨ ਵਿਚ ਫੇਰ ਥੋੜੇ ਫਰਕ ਨਾਲ ਅਸਫੋਟਕ ਕਬਿਤਾਂ ਵਿਚ ਲਿਖਿਆ ਹੈ:

ਸਿਤਤਾ ਬਿਭੂਤ ਅਤੇ ਮੇਖੁਲੀ ਨਿਮੇਖ ਸੰਦੀ,
ਅੰਜਨ ਦੀ ਸੇਲੀ ਦਾ ਸਭਾਵ ਸੁਭ ਭਾਖਣਾ।
ਭਗਵਾ ਸੁ ਭੇਸ ਸਾਡੇ ਨੈਣਾ ਦੀ ਲਲਾਈ ਸਈਯੋ,
ਯਾਰੜੇ ਦਾ ਧਿਆਨ ਇਹੋ ਕੰਦ ਮੂਲ ਚਾਖਣਾ।
ਰੋਦਨ ਦਾ ਮਜਨੁ ਸੁ ਪੁਤਰੀ ਪੁਤਰੀ ਗੀਤ ਗੀਤਾ,
ਦੇਖਣ ਦੀ ਭਿਛਿਯਾ ਧਿਯਾਨ ਧੂਆਂ ਬਾਲਵ ਰਾਖਣਾ।
ਆਲੀ ਏਨਾਂ ਗੋਪੀਆਂ ਦੀਆਂ ਆਖੀਆਂ ਦਾ ਜੋਗ ਸਾਰਾ,
ਨੰਦ ਦੇ ਕੁਮਾਰ ਨੂੰ ਜ਼ਰੂਰ ਜਾਇ ਆਖਣਾਂ।
(ਬਚਿਤਰ ੧੨ ਛੰਦ ੬)
ਸ੍ਵੇਤਤਾ ਬਿਭੂਤਿ ਅਰੁ ਮੇਖੁਲੀ ਨਿਮੇਖ ਸੰਦੀ,
ਅੰਜਨ ਦੀ ਸੇਲੀ ਦਾ ਸਭਾਉ ਸੁਭ ਭਾਖਣਾ।
ਭਗਵਾ ਸੁ ਭੇਸ ਸਾਡੇ ਨੈਣਾਂ ਦੀ ਲਲਾਈ ਸਈਯੋ,
ਯਾਰੜੇ ਦਾ ਧਿਆਨ ਇਹੋ ਕੰਦ ਮੂਲ ਚਾਖਣਾ।
ਰੌਦਨ ਦਾ ਮਜਨ ਪੁਤ੍ਰੀ ਪਤ੍ਰ, ਗੀਤ ਗੀਤਾ,
ਦੇਖਣੇ ਦੀ ਭਿਛਾ ਦੁਖ ਧੂੰਆਂ ਬਾਲਾ ਰਾਖਣਾ।
ਊਧੋ ਏਨਾ ਗੋਪੀਆਂ ਦੀਆਂ ਅਖੀਆਂ ਦਾ ਜੋਗੁ ਸਾਰਾ,
ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾ।
(ਅਸਫੋਟਕ ਕਿਬਤ ਛੰਦ ੪੨)

ਜੈਸਾ ਕਿ ਉਪਰ ਵੀ ਲਿਖਿਆ ਜਾ ਚੁਕਾ ਹੈ ਕਿ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਕਈ ਬਾਣੀਆਂ ਜਾਂ ਤੁਕਾਂ ਐਸੀਆਂ ਹਨ ਜਿਨ੍ਹਾਂ ਨੂੰ ਇਕ ਤੋਂ ਬਹੁਤੀ ਵਾਰ ਲਿਖਿਆ ਗਿਆ ਹੈ ਤੇ ਉਨ੍ਹਾਂ ਦੇ ਅਖਰਾਂ ਜਾਂ ਪਦਾਂ ਵਿਚ ਕੁਛ ਥੋੜਾ ਬਹੁਤ ਫਰਕ ਪਾਇਆ ਗਿਆ ਹੈ। ਇਸੇ ਤਰਾਂ ਉਪਰ ਲਿਖੇ ਹੋਏ ਕਥਿਤ ਸਵੈਯੇ ਹੈਨ ਤਾਂ ਸ੍ਰੀ ਦਸਮੇਸ਼ ਜੀ ਦੀ ਹੀ ਰਚਨਾ ਪਰ ਭਿੰਨ ਭਿੰਨ ਥਾਵਾਂ ਤੇ ਥੋੜੇ ਥੋੜੇ ਫਰਕ ਨਾਲ ਲਿਖੇ ਹਨ। ਦਸਮੇਸ਼ ਜੀ ਦੇ ਦਰਬਾਰੀ ਕਵੀ ਕਦੇ ਇਹ ਜ਼ੁਰਤ ਨਹੀਂ ਕਰ ਸਕਦੇ ਕਿ ਦਸਮੇਸ਼ ਜੀ ਦੀ ਰਚਨਾ ਨੂੰ ਤੋੜ ਮਰੋੜ ਕੇ ਓਹ ਆਪਣੀ ਰਚਨਾ ਬਣਾਕੇ ਲਿਖਣ ਅਤੇ ਇਹ ਵੀ ਨਹੀਂ ਹੋ ਸਕਦਾ ਕਿ ਅਸਫੋਟਕ ਕਬਿਤਾਂ ਵਿਚ ਇਕ ਕਬਿਤ ਗੁਰੂ ਜੀ ਦਾ ਆਪਣਾ ਦੂਜਾ ਕਿਸੇ ਹੋਰ ਦਾ ਫੇਰ ਤੀਜਾ ਗੁਰੂ ਸਾਹਿਬ ਦਾ ਚੌਥਾ ਕਿਸੇ ਹੋਰ ਦਾ ਹੋਵੇ। ਇਸਨੂੰ ਮੰਨਣ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਵਰਤਮਾਨ ਜੁਗ ਦੇ ਸਿਖਾਂ ਨਾਲੋਂ ਲੰਘ ਚੁਕੇ ਜੁਗ ਦੇ ਸਿਖਾਂ ਵਿਚ ਸ਼ਰਧਾ ਕਿਤੇ ਵਧੇਰੇ ਅਤੇ ਪੁਖਤਾ ਸੀ। ਵਰਤਮਾਨ ਜੁਗ ਵਿਚ ਗੁਰਬਾਣੀ ਨੂੰ ਨੁਕਤਾ ਚੀਨ ਦ੍ਰਿਸਟੀ ਨਾਲ ਦੇਖਣ ਵਾਲੇ ਨੂੰ ਕੋਈ ਦੋਸ਼ੀ ਨਹੀਂ ਆਖ ਸਕਦਾ ਬਲਕਿ ਓਹ 'ਖੋਜੀ' ਦੀ ਉਪਾਧੀ ਹਾਸਲ ਕਰ ਲੈਂਦੇ ਹਨ ਪਰ ਬੀਤ ਚੁਕੇ ਸਮੇਂ ਵਿਚ ਇਸਤਰਾਂ ਦੀ ਕੋਈ ਸੰਭਾਵਨਾ ਹੀ ਨਹੀਂ ਸੀ ਹੋ ਸਕਦੀ। ਫੇਰ ਇਹ ਕਿਵੇਂ ਹੋ ਸਕਦਾ ਹੈ ਕਿ ਕਿਸੇ ਨੇ ਗੁਰੂ ਜੀ ਦੀ ਬਾਣੀ ਦੇ ਵਿਚ ਆਪਣੀ ਰਚਨਾ ਮਿਲਾ ਦਿਤੀ ਹੋਵੇ।

**ਜ਼ਫਰਨਾਮਾ :** ਇਹ ਫਾਰਸੀ ਦੇ ਛੰਦਾਂ ਦੀ ਰਚਨਾ ਸ੍ਰੀ ਦਸਮੇਸ਼ ਜੀ ਨੇ ਦੀਨੇ ਕਾਂਗੜ ਬੈਠ ਕੇ ਕੀਤੀ ਹੈ। ਆਪ ਨੇ ਛੰਦ ੫੮ ਵਿਚ ਫ਼ਰਮਾਇਆ ਹੈ:

ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ,
ਵਜਾਂ ਪਸ ਮੁਲਾਕਾਤ ਬਾਹਮ ਸ਼ਵਦ।

ਇਸ ਜ਼ਫਰਨਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ ਸੰਬੋਧਨ ਕਰਦਿਆਂ ਕੁਛ ਬੀਤ ਚੁਕੇ ਜੰਗ, ਕੁਛ ਓਹ ਵਰਤਾਓ ਜੋ ਪਹਾੜੀ ਰਾਜੇ ਅਤੇ ਔਰੰਗਜੇਬ ਦੀਆਂ ਫੌਜਾਂ ਵਲੋਂ ਉਹਨਾਂ (ਗੁਰੁ ਜੀ) ਨਾਲ ਕੀਤਾ ਗਿਆ ਸੀ ਆਦਿ...। ਅਤੇ ਜਿਨ੍ਹਾਂ-ਜਿਨ੍ਹਾਂ ਨੇ ਜਿਸ ਤਰ੍ਹਾਂ ਮਨ ਵਿਚ ਕਪਟ ਰੱਖ ਕੇ ਗੁਰੂ ਜੀ ਨਾਲ ਵਰਤਾਓ ਕੀਤਾ ਉਹ ਸਭ ਇਸ ਜ਼ਫਰਨਾਮੇ ਵਿਚ ਲਿਖਿਆ ਹੈ। ਬਹੁਤ ਉਚ ਪੱਧਰ ਦੀਆਂ ਸਿਖਿਆ ਦਾਇਕ, ਗਲਾਂ ਇਸ ਜਫਰਨਾਮੇ ਵਿਚ ਹਨ।

ਇਸਤੋਂ ਬਿਨਾ ਇਸ ਦੇ ਨਾਲ ੧੧ ਹਕਾਯਤਾਂ ਹਨ

ਜਿਨ੍ਹਾਂ ਦੀ ਛੰਦਾਵਲੀ ਪੂਰੀ-ਪੂਰੀ ਇਸ ਜਫਰਨਾਮੇ ਨਾਲ ਮਿਲਦੀ ਹੈ। ਇਨ੍ਹਾਂ ਵਿਚੋਂ ਕੁਛ ਹਕਾਯਤਾਂ ਵਿਚ ਓਹੋ ਹੀ ਸਾਖੀਆਂ ਹਨ ਜੋ ਪਿਛੇ ਦਰਜ ਚਰਿਤ੍ਰਾਂ ਵਿਚ ਆ ਚੁਕੀਆਂ ਹਨ। ਇਹ ਤੇ ਬਾਕੀ ਦੀਆਂ ਜੋ ਚਰਿਤ੍ਰਾਂ ਵਿਚ ਨਹੀਂ ਇਹ ਸਭ ਇਕੋ ਢੰਗ ਨਾਲ ਲਿਖੀਆਂ ਹਨ ਤੇ ਇਹਨਾਂ ਵਿਚ ਛਲ ਕਪਟ ਕਰਨ ਵਾਲੀਆਂ ਇਸਤਰੀਆਂ ਦੀਆਂ ਮਿਸਾਲਾਂ ਦੇ ਕੇ ਔਰੰਗਜੇਬ ਨੂੰ ਇਸੇ ਕਰਕੇ ਲਿਖੀਆਂ ਹਨ ਕਿ ਉਸਦੇ ਆਪਣੇ ਅਹਿਲਕਾਰਾਂ ਨੇ ਗੁਰੂ ਜੀ ਨਾਲ ਕਿਵੇਂ ਛਲ ਕੀਤਾ ਸੀ।

ਕਈਆਂ ਦਾ ਇਹ ਮਤ ਹੈ ਕਿ ਜ਼ਫ਼ਰਨਾਮਾ ਤਾਂ ਨਿਸ਼ਚਯ ਹੀ ਗੁਰੂ ਜੀ ਦੀ ਰਚਨਾ ਹੈ ਪਰ ਹਕਾਯਤਾ ਨਹੀਂ ਸੋ ਇਸ ਲਈ ਹਕਾਯਤਾਂ ਬਾਰੇ ਕੁਛ ਥੋੜੀ ਚਰਚਾ ਹੇਠਾਂ ਦਿਤੀ ਜਾਂਦੀ ਹੈ।

ਦੂਸਰੀ ਹਕਾਯਤ ਦੇ ਅਰੰਭ ਵਿਚ "ਵਾਹਿਗੁਰੂ ਜੀ ਕੀ ਫਤਹ" ਲਿਖਕੇ ਇਸ ਤਰ੍ਹਾਂ ਅਰੰਭ ਕੀਤਾ ਗਿਆ।

ਅਗੰਜੇ ਅਭੰਜੇ ਅਰੂਪੋ ਅਰੇਖ।
ਅਗਾਧੋ ਅਬਾਧੋ ਅਭਰਮੋ ਅਲੇਖ।
ਅਰਾਰੋ, ਅਰੂਪੋ ਅਰੇਖੋ ਅਰੰਗ।
ਅਜਨਮੋ ਅਬਰਨੋ ਅਭੂਤੋ ਅਭੰਗ।
ਅਛੇਦੋ ਅਭੇਦੋ ਅਕਰਮੋ ਅਕਾਮ।
ਅਖੇਦੋ ਅਭੇਦੋ ਅਭਰਮੋ ਅਭਾਮ।
ਅਰੇਖੋ ਅਭੇਖੋ ਅਲੇਖੋ ਅਭੰਗ।
ਖੁਦਾ ਵੰਦ ਬਖਸ਼ਿਦ ਹੈ ਰੰਗ ਰੰਗ।

ਕ੍ਰਿਸ਼ਨਾ ਅਵਤਾਰ ਸਾਰੇ ਦੀ ਭਾਸ਼ਾ ਇਕ ਹੈ ਪਰ ਇਕ ਸਵੈਯਾ ਜੰਗ ਦਰਾਇਦ ਕਾਲ ਜਮੰਨ ਬਗੋਯਦ ਕੀ ਮਨੋ ਫੌਜ ਕੋ ਸ਼ਾਹਮੁ।.... ਫਾਰਸੀ ਭਾਸ਼ਾ ਵਿੱਚ ਹੈ। ਇਥੇ ਬ੍ਰਿਜ ਭਾਸ਼ਾ ਨੂੰ ਫਾਰਸੀ ਛੰਦਾਂ ਦੀ ਸ਼ਕਲ ਵਿੱਚ ਲਿਔਣ ਵਾਲੇ ਵੀ ਓਹੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਇਹ ਸ਼ਬਦਾਵਲੀ ਵੀ ਓਹੀ ਹੈ ਜੋ ਅਕਾਲ ਪੁਰਖ ਦੀ ਸਿਫਤ ਦੇ ਰੂਪ ਵਿੱਚ, ਦਸਮ ਗ੍ਰੰਥ ਵਿਚ ਬਹੁਤੀ ਜਗਾ ਦੇਖਣ ਵਿਚ ਔਂਦੀ ਹੈ। ਹਕਾਯਤ ਤੀਸਰੀ ਦੇ ਅੰਤ ਤੇ ਦੋ ਪਹਿਲੇ ਬੰਦ ਹਨ:

ਬਿਦਿਹ ਸਾਕੀਆ ਸਾਗਰੇ ਸਬਜ਼ ਰੰਗ।
ਕਿ ਮਾਰਾ ਬਕਾਰਸਤ ਦਰ ਵਕਤ ਜੰਗ।

ਭਾਵਾਰਥ: ਹੇ ਸਾਕੀ, ਸਬਜ ਰੰਗ ਦਾ ਪਿਆਲਾ ਲਿਆ ਦਿਓ, ਜੋ ਮੈਨੂੰ ਜੰਗ ਦੇ ਸਮੇਂ ਵਿਚ ਕੰਮ ਆਉਣ ਵਾਲਾ ਹੈ। ਇਸੇ ਤਰ੍ਹਾਂ, ਅਠਵੀਂ ਦੇ ਅੰਤ ਤੋਂ ਇਕ ਪਹਿਲਾਂ ਬੰਦ ਹੈ:

ਬਿਦਿਹ ਸਾਕੀਆ ਸੁਰਖ ਰੰਗੋ ਫਿਰੰਗ।
ਖੁਸ਼ ਆਮਦ ਮਰਾ ਵਕਤਿ ਜਦ ਤੇਗ ਜੰਗ।

ਇਸਦਾ ਭਾਵ ਵੀ ਉਪਰੋਕਤ ਭਾਵ ਨਾਲ ਮਿਲਦਾ ਜੁਲਦਾ ਹੈ। ਇਸ ਭਾਵ ਦੀ ਭਾਵਨਾ ਰਖਣ ਵਾਲਾ ਕੇਵਲ ਕਵੀ ਹੀ ਨਹੀਂ, ਇਹ ਓਹੋ ਹੀ ਵਿਅਕਤੀ ਹੈ ਜਿਸਨੇ ਕ੍ਰਿਸਨਾ ਅਵਤਾਰ ਵਿਚ ਇਕ ਸਵੈਯੇ ਵਿਚ ਆਖਿਆ ਹੈ:

ਜੂਝ ਮਰੋ ਰਣ ਮੋਂ ਭਜ ਭੈ,
ਤੁਮਤੇ ਪ੍ਰਭ ਸਯਾਮ ਇਹੈ ਬਰ ਪਾਵੈ।

ਇਹ ਸ਼ਸਤ੍ਰ ਦੇ ਧਨੀ, ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਜਿਨ੍ਹਾਂ ਦੀ ਹਰ ਕਵਿਤਾ ਵਿਚੋਂ 'ਬੀਰ-ਰਸ' ਟਪਕਦਾ ਹੈ ਅਤੇ ਓਹ ਆਪਣੇ ਆਪ ਨੂੰ ਜੰਗ ਦੇ ਕਿਨਾ ਇੱਛਕ ਪ੍ਰਗਟ ਕਰਦੇ ਹਨ।

ਦਸਵੀਂ, ਹਿਕਾਯਤ ਦੇ ਆਰੰਭ ਵਿਚ ਹੈ ਦੂਸਰਾ ਛੰਦ ਹੈ:

ਨ ਪਿਸਰੋ ਨ ਮਾਦਰ ਬਿਰਾਦਰ ਧਿਦਰ,
ਨ ਦਮਾਦ ਦੁਸ਼ਮਨ ਨ ਯਾਰੋ ਦਿਗਰ

ਇਸ ਦਾ ਭਾਵਰਥ ਕ੍ਰੀਬ-ਕ੍ਰੀਬ ਇਸ ਛੰਦ ਨਾਲ ਮਿਲਦਾ ਹੈ ਜੋ ਜਪ ਸਾਹਿਬ ਵਿਚ ਦਰਜ ਹੈ:-

ਨ ਪੋਤ੍ਰੈ ਨ ਪੁਤ੍ਰੈ ਨ ਸਤ੍ਰੈ ਨ ਮਿਤ੍ਰੈ।
ਨ ਤਾਤੈ ਨ ਮਾਤੈ ਨ ਜਾਤੈ ਨ ਪਾਤੈ॥
ਨ੍ਰਿਸਾਕੰ ਸਰੀਕ ਹੈਂ ਅਮਿਤੋ ਅਮੀਕ ਹੈਂ॥

ਇਸ ਤੋਂ ਵੀ ਇਹਨਾਂ ਹਕਾਯਤਾਂ ਦੀ ਗੁਰੂ ਜੀ ਦੀ ਆਪਣੀ ਹੀ ਰਚਨਾ ਹੋਣ ਦੀ ਹੋਰ ਪੁਸ਼ਟੀ ਹੁੰਦੀ ਹੈ। 'ਮਾਰਾ ਬਕਾਰਸਤ' ਸ਼ਬਦ ਪੁਰਾਣੇ ਸਿੰਘਾਂ ਵਿਚ (ਖਾਸ ਕਰਕੇ ਨਿਹੰਗਾਂ ਸਿੰਘਾਂ ਵਿਚ) ਆਮ ਪ੍ਰਚਲਤ ਸੀ। ਇਹ ਸ਼ਬਦ ਓਨ੍ਹਾਂ ਨੇ ਇਨ੍ਹਾਂ ਹਕਾਯਤਾਂ ਵਿਚੋਂ ਗੁਰੂ ਗੋਬੰਦ ਸਿੰਘ ਜੀ ਦਾ ਮੁਖ ਵਾਕ ਮੰਨਕੇ ਹੀ ਲਿਆ ਸੀ। ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਸਦਾ ਵਰਣਨ ਇਓਂ ਕੀਤਾ ਹੈ:

ਤਰੁਨਾ ਦਲ ਦੇ ਸਿੰਘ ਜਦ ਸੁਖੇ ਦੀ ਦੇਗ ਤਿਆਰ ਕਰਕੇ ਛਕਣ ਲਈ ਜਮਾਂ ਹੁੰਦੇ ਤਦ ਮਾਰਾ ਬਕਾਰਸੁਤ ਦਰ ਵਕਤੇ ਜੰਗ ਗਜਾ ਕੇ ਪੜ੍ਹਦੇ ਨਾਦ ਦਾ ਨਾਉਂ ਮਾਰਾ ਬਕਾਰਾ ਹੋ ਗਿਆ ਹੈ।

ਇਹ 'ਮਾਰਾ ਬਕਾਰਸਤ' ਸ਼ਬਦ ਕ੍ਰੀਬ ਹਰ ਹਕਾਯਤ ਦੇ ਅੰਤ ਵਿਚ ਹੈ।

ਪੰਡਿਤ ਨਰੈਣ ਸਿੰਘ ਜੀ ਗਿਆਨੀ ਨੇ ਜੋ ਜ਼ਫ਼ਰਨਾਮੇ ਦਾ ਟੀਕਾ ਕੀਤਾ ਹੈ, ਇਸਦੀ ਭੂਮਿਕਾ ਵਿਚ ਓਨ੍ਹਾਂ

ਨੇ ਲਿਖਿਆ ਹੈ 'ਸੰਪ੍ਰਦਾਈ ਮਹਾਤਮਾਂ ਕਿਹਾ ਕਰਦੇ ਸਨ, ਜੋ ਇਹ ਸਾਰਾ ਹੀ ਜਫਰਨਾਮਾ ਹੈ ਅਤੇ ਇਹ ੧੧ ਕਹਾਣੀਆਂ ਸਤਿਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਲਿਖਕੇ ਭੇਜੀਆਂ ਸਨ। ਸੋ ਇਸ ਤੋਂ ਇਹ ਸਾਫ ਜ਼ਾਹਿਰ ਹੈ ਕਿ ਹੈ ਤਾਂ ਇਹ ਗੁਰੂ ਜੀ ਦੀ ਰਚਨਾ ਪਰ ਅੱਜ ਕੱਲ ਨਵੇਂ ਵੀਚਾਰ ਐਸੇ ਚਲ ਪਏ ਹਨ ਜਿਨ੍ਹਾਂ ਵਿਚ ਸਿਰਫ ਤਰਕ ਹੈ। ਇਸ ਕਰਕੇ ਓਹ ਇਸਨੂੰ ਮੰਨਣ ਤੋਂ ਇਨਕਾਰੀ ਹਨ। ਇਸ ਤੋਂ ਬਿਨ੍ਹਾਂ, ਇਨ੍ਹਾਂ ਹਕਾਯਤਾਂ ਦੀ ਅਤੇ ਜਫਰਨਾਮੇ ਦੀ ਛੰਦਾਵਲੀ ਸਾਰੀ ਦੀ ਸਾਰੀ ਇਕੋ ਢੰਗ ਦੀ ਹੈ। ਇਸਨੂੰ ਨਿਖੇੜਿਆ ਜਾ ਹੀ ਨਹੀਂ ਸਕਦਾ।

ਗੁਰਪ੍ਰਤਾਪ ਸੂਰਜ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:-

ਲਿਖਿਓ ਜ਼ਫਰਨਾਮਾਂ ਤਬੈ ਬਰੁ ਬੈਂਤ ਬਨਾਈ।
ਸ੍ਰੀ ਅਕਾਲ ਕਰਤਾ ਪੁਰਖ ਪੂਰਬ ਵਡਿਆਈ।
ਅਹਿਦ ਕਰਨਿ ਈਮਾਨ ਕੋ ਮਿਲਿਬੇ ਠਹਿਰਾਯੋ।
ਤੋਰਯੋ ਬੇਈਮਾਨ ਲੋਕਿ ਦਸ ਲਾਖ ਪਠਾਯੋ।੩੧।
ਬਹੁਰਿ ਜੰਗ ਚਮਕੌਰ ਕੋ ਬਰਨਯੋ ਕਰਿ ਥੋਰਾ।
ਉਪਲਿਭ ਦੋਜਕ ਪਰੈਂ ਜਹਿੰ ਸੰਕਟ ਬੋਰਾ।
ਬੇਇਨਸਾਫੀ ਤੈਂ ਕਰੀ ਬਡ ਚਹੈਂ ਸਜਾਈ।
ਅਸ਼ਟ ਦਿਵਸ ਕੀ ਸਾਹਿਬੀ ਕਰ ਲੈ ਮਨਭਾਈ।੨੨।
ਦਾਸਤਾਨ ਬਦਸ਼ਹਿਨ ਕੀ ਅਰੁ ਕੇਤਕ ਆਨਾ।
ਲਿਖੇ ਬੈਂਤ ਕਰਿ ਸ਼ਾਇਰੀ ਚਤਰਈ ਮਹਾਨਾ।
ਜਮ ਜਮ ਆਸ਼ੈ ਕਹਿਨ ਕੋ ਸਮਝਾਵਨ ਕੇਤਾ।
ਕਹੇ ਪ੍ਰਸੰਗ ਅਨੇਕ ਤਸ ਸੁਨਿ ਮੂਢ ਅਚੇਤਾ॥੩੩॥
-ਗੁਰ ਪ੍ਰਤਾਪ ਸੂਰਜ ਰੁਤੇ ੬ ਅੰਸੂ ੪੭

ਇਸਤੋਂ ਇਹ ਪੱਕੀ ਪੁਸ਼ਟੀ ਹੁੰਦੀ ਹੈ ਕਿ ੧੧ ਹਕਾਯਤਾਂ ਵੀ ਗੁਰੂ ਜੀ ਕ੍ਰਿਤ ਹੀ ਹਨ।

ਅੱਜ ਕੱਲ ਦੀ ਖੋਜ ਵਿਗਿਆਨਕ ਢੰਗ ਨਾਲ ਹੁੰਦੀ ਹੈ ਪਰ ਇਹ ਵਿਗਿਆਨੀ ਇਹ ਨਹੀਂ ਸੋਚਦੇ ਕਿ ਜਿਨ੍ਹਾਂ ਨੇ ਇਹ ਬਾਣੀ ਰਚੀ ਹੈ ਓਨ੍ਹਾਂ ਦੀ ਅਤੇ ਅਸੀਂ ਕਿਸ ਅਵਸਥਾ ਵਿਚ ਹਾਂ। ਗੁਰ ਤਵ ਛੱਡਕੇ ਜੇ ਗੁਰੂ ਸਾਹਿਬ ਦੀ ਸ਼ਖਸੀਅਤ ਦਾ ਤਿਆਗ ਅਵਸਥਾ ਦਾ ਹੀ ਅਨੁਮਾਨ ਲਾਇਆ ਜਾਵੇ ਤਦ ਪਤਾ ਲੱਗਦਾ ਹੈ ਕਿ ਅਸੀਂ ਤਾਂ ਉਨ੍ਹਾਂ ਦੀ ਚਰਨ ਰਜ ਦੇ ਬਰਾਬਰ ਵੀ ਨਹੀਂ।

ਪਰ ਦੁਖ ਹੈ ਕਿ ਬਾਣੀ ਗੁਰੂ ਸਾਹਿਬ ਦੀ ਅਤੇ ਉਨ੍ਹਾਂ ਦੀ, ਜੇੜੇ ਪਾਤਸ਼ਾਹਾਂ ਵਰਗੇ ਮਹਾਨ ਸੁਖ ਛਡਕੇ ਮਾਛੀਵਾੜੇ ਦੇ ਜੰਗਲ ਵਿਚ ਸਰੀਰ ਤੇ ਅਕਹਿ ਕਸ਼ਟ ਝਲਕੇ ਸਾਹਿਬਜ਼ਾਦੇ ਸ਼ਹੀਦ ਕਰਵਾਕੇ ਆਪਣੇ ਮਹਿਲਾਂ ਤੋਂ ਵਿਛੜ ਕੇ ਫੇਰ ਵੀ ਚਿਤ ਵਿਚ ਇਹੋ ਖਿਆਲ ਕਰਦੇ ਹਨ ਕਿ 'ਯਾਰੜੇ ਦਾ ਸਾਨੂੰ ਸਥਰ ਚੰਗਾ, ਅਸੀਂ ਇਸ ਬਾਣੀ ਨੂੰ ਤੋਲਣ ਲਈ ਤਕੜੀ ਆਪਣੇ ਹਥ ਵਿਚ ਫੜਦੇ ਹਾਂ, ਜੇੜੇ ਸੰਸਾਰ ਦੇ ਛੋਟੇ ਤੋਂ ਛੋਟੇ ਮਾਇਕ ਪਦਾਰਥ ਤਾਂ ਕੀ, ਜੇ ਕੋਈ ਸਾਡੇ ਲੇਖ ਸਾਡੀ ਕਵਿਤਾ ਦੀ ਸਿਫਤ ਨਾ ਕਰੇ, ਜਾਂ ਸਾਨੂੰ ਚੰਗਾ ਨਾ ਆਖੇ ਤਦ ਸਾਰੀ ਜਿੰਦਗੀ ਓਸਦਾ ਪਿਛਾ ਨਹੀਂ ਛੱਡਦੇ।

ਅੱਜ ਕੱਲ ਨਵੀਂ ਰੌਸ਼ਨੀ ਦੇ ਅਸਰ ਹੇਠ ਇਹ ਖੋਜ ਇਨਾਂ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ ਕਿ ਇਓਂ ਲਗਦਾ ਹੈ ਕਿ ਜੇ ਇਸ ਦੀ ਪ੍ਰਗਤੀ ਇਵੇਂ ਹੀ ਹੁੰਦੀ ਰਹੀ ਤੱਦ ਅਸੀਂ ਆਪਣੇ ਮਾਤਾ-ਪਿਤਾ ਨੂੰ 'ਮਾਤਾ-ਪਿਤਾ' ਕਹਿਣ ਤੋਂ ਇਨਕਾਰੀ ਹੋ ਜਾਵਾਂਗੇ।

ਨਵੀਨ ਖੋਜੀ ਨਵੇਂ ਪੜ੍ਹਣ ਵਾਲਿਆਂ ਤੇ ਇਹ ਆਖ ਕੇ ਆਪਣਾ ਅਸਰ ਪਾ ਲੈਂਦੇ ਹਨ ਕਿ ਇਹ ਖੋਜ ਵਿਗਿਆਨਕ ਢੰਗ ਨਾਲ ਕੀਤੀ ਗਈ ਹੈ ਕਿਉਂ ਕਿ ਨਵੇਂ ਪੜ੍ਹਨ ਵਾਲੇ ਗੁਰਬਾਣੀ ਤੋਂ ਬਿਲਕੁਲ ਨਾ ਵਾਕਿਫ ਹੁੰਦੇ ਹਨ ਓਨ੍ਹਾਂ ਨੂੰ ਵਿਗਿਆਨ ਬਾਰੇ ਹੀ ਸਕੂਲ ਵਿੱਚ ਆਮ ਕਰਕੇ ਪੜ੍ਹਾਇਆ ਜਾਂਦਾ ਹੈ ਅਤੇ ਓਹ ਇਹੀ ਸਮਝਦੇ ਹਨ ਕਿ ਸਰਧਾ ਜੋ ਹੈ ਸੋ ਫਜ਼ੂਲ ਹੈ ਅਤੇ ਵਿਗਿਆਨਕ ਖੋਜ ਸਹੀ ਹੈ। ਵਿਗਿਆਨ ਜਾਨਣ ਲਈ ਅੱਜ-ਕੱਲ ਆਮ ਸਕੂਲਾਂ ਕਾਲਜਾਂ ਵਿੱਚ ਸਾਧਨ ਮੌਜੂਦ ਹਨ ਪਰ ਗੁਰਬਾਣੀ ਤਾਂ ਕਿਸੇ ਨੇ ਕੀ ਪੜਨੀ ਹੈ ਬਹੁਤ ਸਾਰੇ ਸਿੱਖ ਬਚੇ ਐਸੇ ਮਿਲਣਗੇ ਜਿਨਾਂ ਨੂੰ ਆਪਣੇ ਗੁਰੂਆਂ ਦੇ ਨਾਮ ਹੀ ਯਾਦ ਨਹੀਂ। ਅਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਦੀ ਗੱਲ ਹੈ। ਸ੍ਰੀ ਭੈਣੀ ਸਾਹਿਬ ਵਿਚ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਾਰ ਦੇ ਪੜ੍ਹੇ ਹੋਏ ਵਿਦਿਆਰਥੀ ਨੂੰ ਆਖਿਆ ਗਿਆ ਕਿ ਗੁਰਮੁਖੀ ਦੀ ਪੈਂਤੀ ਦੇ ਸਾਰੇ ਅਖਰ ਦੱਸੋਂ ਤਾਂ ਓਹ ਨਾ ਦਸ ਸਕੇ। ਇਹੋ ਜਹੀ ਪੜ੍ਹਾਈ ਪੜ੍ਹਕੇ ਏਹ ਵੀਚਾਰ ਉਤਪੰਨ ਹੁੰਦੇ ਹਨ ਕਿ ਸਾਡੇ ਗੁਰੂ ਵੀ ਭੁਲਾਂ ਕਰਦੇ ਰਹੇ ਹਨ।

ਕੁਛ ਐਸੀਆਂ ਨਵੀਨ ਢੰਗਦੇ ਖੋਜ ਦੀਆਂ ਪੁਸਤਕਾਂ ਜੋ ਇਸ ਲੇਖ ਦੀ ਸਮਾਪਤੀ ਵੇਲੇ ਦੇਖਣ ਵਿਚ ਆਈਆਂ ਹਨ ਜਿਨ੍ਹਾਂ ਤੋਂ ਵਡੀ ਹੈਰਾਨੀ ਇਹ ਦੇਖਕੇ ਹੋਈ ਹੈ ਕਿ ਸਿਵਾਇ ਜਾਪੁ ਸਾਹਿਬ ਅਤੇ ਅਕਾਲ ਉਸਤਤ (ਚੰਡੀ ਸਤੋਤ੍ਰ ਤੋਂ

ਬਿਨਾਂ) ਹੋਰ ਕੋਈ ਵੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ। ਜੋ ਅਰਦਾਸ 'ਪ੍ਰਿਥਮ ਭਗੌਤੀ ਸਿਮਰਕੈ' ਸਭ ਸਿਖ ਸੰਗਤਾਂ ਵਿਚ ਕੀਤੀ ਜਾਂਦੀ ਹੈ ਇਸ ਨੂੰ ਵੀ ਕਵੀਆਂ ਦੀ ਰਚਨਾ ਦਸਿਆ ਗਿਆ ਹੈ।

ਇਸ ਕਰਕੇ ਇਸ ਬਾਰੇ ਕੁਛ ਥੋੜੀ ਚਰਚਾ ਕਰ ਦੇਣੀ ਹੀ ਉਚਿਤ ਹੈ।

ਜੇ ਇਹ ਚੰਡੀ ਦੀ ਵਾਰ ਕਿਸੇ ਓਸ ਕਵੀ ਦੀ ਰਚਨਾ ਹੈ ਜੋ ਗੁਰੂ ਜੀ ਦਾ ਦਰਬਾਰੀ ਕਵੀ ਸੀ ਤਦ ਓਸਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਤੱਕ ਪਹਿਲੀ ਪਉੜੀ ਸਮਾਪਤ ਨਹੀਂ ਸੀ ਕਰ ਦੇਣੀ ਚਾਹੀਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖ ਦੇਣ ਵਿਚ ਓਸ ਨੂੰ ਕਿਉਂ ਸੰਕੋਚ ਹੋਇਆ। ਬਲਕਿ ਕਵੀ ਭਾਟ ਆਦਿ ਸ੍ਰੇਣੀ ਦੀ ਕੁਦਰਤੀ ਪ੍ਰਕ੍ਰਿਤੀ ਹੁੰਦੀ ਹੈ ਕਿ ਆਪਣੇ ਸਵਾਮੀ ਦੀ ਵਧ ਤੋਂ ਵਧ ਸਿਫਤ ਕਰਨੀ। ਜੇ ਇਹ ਦਸਮ ਗ੍ਰੰਥ ਕਵੀਆਂ ਦੀ ਬਾਣੀ ਹੈ ਤਾਂ ਸ੍ਰੀ ਦਸਮੇਸ਼ ਜੀ ਦੀ ਸਿਫਤ ਤੋਂ ਬਿਨਾਂ ਕਿਉਂ ਹੈ? ਕਿਸੇ ਜਗ੍ਹਾ ਤਾਂ ਗੁਰੂ ਜੀ ਦੀ ਸਿਫਤ, ਸਿਧ ਸ਼ਬਦਾਂ ਵਿਚ ਔਂਦੀ। ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਭਟਾਂ ਦੀ ਬਾਣੀ ਹੈ ਓਨ੍ਹਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਤਕ ਸਭ ਗੁਰੂਆਂ ਦੀ ਸਿਫਤ ਕੀਤੀ ਹੈ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਹੀ ਭਟਾਂ ਨੇ ਬਾਣੀ ਉਚਾਰੀ ਅਤੇ ਸ੍ਰੀ ਗੁਰੂ ਜੀ ਨੇ ਸ੍ਰੀ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਓਸ ਬਾਣੀ ਨੂੰ ਥਾਂ ਦਿੱਤਾ। ਇਸ ਬਾਣੀ ਵਿਚ ਗੁਰੂ ਸਾਹਿਬ ਦੇ ਸਾਹਮਣੇ ਹੀ ਇਹ ਲਿਖਿਆ ਗਿਆ ਹੈ "ਭਨ ਮਥੁਰਾ ਕਛੁ ਭੇਦ ਨਹੀਂ ਗੁਰ ਅਰਜਨ ਪਰਤਖ ਹਰਿ।" ਜੋ ਦਸਮੇਸ਼ ਜੀ ਦੇ ਦਰਬਾਰੀ ਕਵੀ ਸਨ। ਓਨ੍ਹਾਂ ਨੇ ਏਡੀ ਵੱਡੀ ਸਾਹਿਤਯ ਰਚਨਾ ਕੀਤੀ, ਪਿਛਲੇ ਸਭ ਗੁਰੂ ਸਾਹਿਬਾਨ ਦੇ ਨਾਮ ਗੁਰੂ ਤੇਗ ਬਹਾਦਰ ਜੀ ਤੱਕ ਬਚਿਤਰ ਨਾਟਕ ਅਤੇ ਚੰਡੀ ਦੀ ਵਾਰ ਵਿਚ ਲਿਖੇ ਅਤੇ ਆਪਣੇ ਸਵਾਮੀ ਦਾ ਨਾਮ ਹੀ ਨਹੀਂ ਲਿਆ। ਕਵੀ, ਢਾਡੀ, ਭੱਟ ਆਦਿ ਜੋ ਵੀ ਇਸ ਕਿਸਮ ਦਾ ਧੰਧਾ ਕਰਦੇ ਹਨ ਓਨ੍ਹਾਂ ਨੂੰ ਭਾਵੇਂ ਕਿਨਾਂ ਵੀ ਰੋਕਿਆ ਜਾਇ ਓਹ ਆਪਣੇ ਮਾਲਿਕ ਦੀ ਸਿਫਤ ਜਰੂਰ ਕਰਦੇ ਹਨ। ਜੋ ਇਹ ਕਹਿਕੇ ਬਚਿਤ੍ਰ ਨਾਟਕ ਨੂੰ ਗੁਰੂ ਜੀ ਦੀ ਰਚਨਾਂ ਨਹੀਂ ਮੰਨਦੇ ਕਿ ਇਸ ਬਾਣੀ ਵਿਚ 'ਮਹਾਕਾਲ' ਦਾ ਸਰੂਪ ਲਿਖਿਆ ਹੈ ਕਿ ਉਸਦੇ ਖਬੇ ਹੱਥ ਵਿਚ ਧਨੁਸ਼ ਹੈ ਆਦਿ ਆਦਿ...... ਅਤੇ ਆਦਿ ਬਾਣੀ ਵਿਚ ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ਅਤੇ ਦਸਮੇਸ਼ ਗੁਰੂ ਜੀ ਨੇ ਵੀ ਲਿਖਿਆ ਹੈ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ। ਓਹ ਇਸ ਤੋਂ ਇਹ ਭਾਵ ਲੈਂਦੇ ਹਨ ਕਿ ਅਕਾਲ ਪੁਰਖ ਦਾ ਕੋਈ ਰੂਪ ਨਹੀਂ, ਰੇਖ ਨਹ ਕੋਈ ਚਕ੍ਰ ਚਿਹਨ ਨਹੀਂ।

ਜੋ ਓਹ ਸਜਣ ਉਪਰੋਕਤ ਸੁਖਮਨੀ ਸਾਹਿਬ ਦੇ ਸਲੋਕ ਦੀ ਦੂਜੀ ਤੁਕ ਤੇ ਜਾਪੁ ਸਾਹਿਬ ਦੇ ਆਰੰਭ ਵਾਲੇ ਛਪਯ ਛੰਦ ਦੀ ਵੀ ਦੂਜੀ ਤੁਕ ਪੜਨ ਤਾਂ ਆਪੇ ਹੀ ਪਤਾ ਲਗ ਜਾਇਗਾ ਕਿ ਓਸ ਅਕਾਲ ਪੁਰਖ ਦਾ ਰੂਪ ਰੰਗ ਰੇਖ ਸਭ ਕੁਛ ਹੈ ਪਰ ਓਹ ਜਾਣਿਆ ਨਹੀਂ ਜਾ ਸਕਦਾ, ਓਸਨੂੰ ਓਹੋ ਹੀ ਜਾਣ ਸਕਦਾ ਹੈ ਜਿਸ ਤੇ ਪ੍ਰਭੂ ਅਕਾਲ ਪੁਰਖ ਦੀ ਕਿਰਪਾ ਹੋਵੇ। ਸੁਖਮਣੀ ਸਾਹਿਬ ਦੇ ਸਲੋਕ ਦੀ ਦੂਸਰੀ ਤੁਕ ਹੈ-

ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ॥

ਜਾਪੁ ਸਾਹਿਬ ਦੇ ਆਰੰਭਕ ਛਪਯ ਛੰਦ ਦੀ ਦੂਜੀ ਤੁਕ ਹੈ:

ਰੂਪ ਰੰਗ ਅਰੁਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥

ਆਦਿ ਬਾਣੀ ਵਿਚ ਈਸ਼ਵਰ ਦਾ ਸਰੂਪ 'ਪੁਰਖ' ਕਰਕੇ ਬਹੁਤ ਥਾਵਾਂ ਤੇ ਲਿਖਿਆ ਹੈ। ਬਲਕਿ ਸਤਿਗੁਰੂ ਨੂੰ ਅਕਾਲ ਪੁਰਖ ਦਾ ਰੂਪ ਬੜਾ ਨਿਖਾਰ ਕੇ ਲਿਖਿਆ ਹੈ। ਆਦਿ ਬਾਣੀ ਤੋਂ ਇਹ ਸਪਸ਼ਟ ਸਿਧ ਹੁੰਦਾ ਹੈ ਕਿ ਈਸ਼ਵਰ ਪ੍ਰਮਾਤਮਾ 'ਪੁਰਖ' ਰੂਪ ਹੈ ਅਤੇ ਓਸਦੇ ਮਨੁੱਖਾਂ ਵਾਲੇ ਅੰਗ ਹਥ ਮੂੰਹ ਕੰਨ ਪੈਰ ਆਦਿ ਹਨ। ਹੇਠ ਲਿਖੀਆਂ ਕੁਛ ਪੰਕਤੀਆਂ ਤੋਂ ਸਤਿਗੁਰੂ ਅਕਾਲ ਪੁਰਖ ਈਸ਼ਵਰ ਪ੍ਰਭੂ ਪ੍ਰਮਾਤਮਾਂ ਦੇ 'ਪੁਰਖ' (ਮਨੁੱਖ) ਰੂਪ ਹੋਣ ਦੀ ਪੁਸ਼ਟੀ ਹੁੰਦੀ ਹੈ-

ਹਰਿ ਜੈਸਾ ਪੁਰਖੁ ਨ ਲਭਈ
ਸਭੁ ਦੇਖਿਆ ਜਗਤੁ ਮੈ ਟੋਲੇ।
(ਵਾਰਾਂ ਤੇ ਵਧੀਕ ਸਲੋਕ ੪ ਸਫਾ ੧੪-੪)

ਹੇਠ ਲਿਖੀ ਤੁਕ ਤੋਂ ਪਤਾ ਲਗਦਾ ਹੈ ਕਿ ਅਕਾਲ ਪੁਰਖ ਸੁਣਦਾ ਹੈ:

ਹੋਇ ਦਇਆਲੁ ਕਿਰਪਾਲੁ ਪ੍ਰਭੁ,
ਠਾਕੁਰ ਆਪੇ ਸੁਣੈ ਬੇਨੰਤੀ।
(ਸੋਰਠਿ ਮ: ੫ ਸਫਾ ੬੨੫)

ਸਤਿਗੁਰੂ ਅਕਾਲ ਪੁਰਖ ਹੈ ਅਤੇ ਓਹ ਮਾਨਸ ਚਰਿਤ੍ਰ ਖਾਣ ਪੀਣ ਆਦਿ ਸਭ ਕਰਦਾ ਹੈ:

ਬ੍ਰਹਮੁ ਬਿੰਦੇ ਸੋ ਸਤਿਗੁਰ ਕਹੀਐ

ਹਰਿ ਹਰਿ ਕਥਾ ਸੁਣਾਵੈ।
ਤਿਸੁ ਗੁਰ ਕਉ ਛਾਦਨ ਭੋਜਨ
ਪਾਟ ਪਟੰਬਰ ਬਹੁਬਿਧਿ ਸਤਿ ਕਰਿ।
ਮੁਖਿ ਸੰਚਹੁ ਤਿਸੁ, ਪੁੰਨ ਕੀ ਫਿਰਿ ਤੋਟਿ ਨ ਆਵੈ॥੪॥
ਸਤਿਗੁਰ ਦੇਉ ਪਰਤਖਿ ਹਰਿ
ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ।
ਨਾਨਕ ਭਾਗ ਭਲੇ ਤਿਸੁ ਜਨ ਕੇ,
ਜੋ ਹਰਿ ਚਰਣੀ ਚਿਤੁ ਲਾਵੈ।੪੧੫॥
(ਮਲਾਰ ਮ: ੪ ਸਫਾ ੧੨੬੪)

ਇਸ ਤੋਂ ਇਹ ਸਾਫ ਪ੍ਰਗਟ ਹੈ ਕਿ ਅਕਾਲ ਪੁਰਖ ਦਾ ਸਰੂਪ ਮਨੁਖ ਵਾਲਾ ਹੈ। ਇਹ ਜਰੂਰ ਹੈ ਕਿ ਓਸ ਸਮੇਂ ਦੀ ਲੋੜ ਅਨੁਸਾਰ ਆਪਣਾ ਸਰੂਪ ਓਸ ਸਮੇ ਅਨੁਸਾਰ ਬਣਾ ਲੈਂਦਾ ਹੈ। ਓਹ ਪਾਤਸ਼ਾਹਾਂ ਵਿਚ ਪਾਤਸ਼ਾਹ ਹੈ, ਸਾਧੂਆਂ ਵਿਚ ਸਾਧੂ ਹੈ, ਗ੍ਰਿਹਸਥੀਆਂ ਵਿਚ ਗ੍ਰਹਸਥੀ ਹੈ। ਜੋ ਰੂਪ ਓਸਦੀ ਇਛਾ ਹੋਵੇ, ਮਨੁਖ ਜਾਂ ਦੂਸਰਾ ਓਹ ਹਰ ਰੂਪ ਧਾਰਨ ਲਈ ਸਮਰਥ ਹੈ। ਰਾਮਕਲੀ ਦੀ ਤੀਸਰੀ ਵਾਰ ਵਿਚ ਲਿਖਿਆ ਹੈ:

ਜਿਨਿ ਬਾਸਕੁ ਨੇਤ੍ਰੈ ਘਤਿਆ, ਕਰਿ ਨੇਹੀ ਤਾਣੁ।
ਜਿਨਿ ਸਮੁੰਦੁ ਵਿਰੋਲਿਆ, ਕਰਿ ਮੇਰੁ ਮਧਾਣੁ।

ਪਹਿਲੀ ਤਾਂ ਇਹ ਗੱਲ ਜੇ ਇਸ ਸਾਖੀ ਦਾ ਪਤਾ ਨਹੀਂ ਕਿ ਬਾਸਕ ਕੌਣ ਸੀ ਅਤੇ ਕੀ ਸੀ, ਮੇਰੁ ਕੀ ਸੀ ਅਤੇ ਓਹ ਮਧਾਣ ਕਿਸਨੇ ਬਣਾਇਆ ਸਮੁੰਦਰ ਕਿਵੇਂ ਵਰੋਲਿਆ (ਰਿੜਕਿਆ) ਤਾਂ ਇਸ ਦਾ ਕੁਛ ਪਤਾ ਨਹੀਂ ਲਗ ਸਕਦਾ। ਫਿਰ ਜਦ ਸਮੁੰਦਰ ਰਿੜਕਿਆ ਤਦ ਓਸ ਮੇਰੁ ਮਾਧਾਣ ਦੇ ਥਲੇ ਧਿਰ ਕਾਹਦੀ ਸੀ? ਇਨ੍ਹਾਂ ਸਭਨਾਂ ਗੱਲਾਂ ਪਤਾ ਤਦ ਹੀ ਲਗ ਸਕਦਾ ਹੈ ਜੋ ਇਨ੍ਹਾਂ ਸਾਖੀਆਂ ਦਾ ਪਤਾ ਹੋਵੇ।

ਜੇ ਦਸਮ ਗ੍ਰੰਥ ਪੜ੍ਹੀਏ ਤਦ ਪਤਾ ਲਗੇਂਗਾ ਕਿ ਮੇਰੁ ਦੇ ਥੱਲੇ 'ਕਛ' ਅਵਤਾਰ ਧਿਰ ਬਣਿਆ ਸੀ। ਪਰ ਜੇ ਇਹ ਆਖਿਆ ਜਾਇ ਕਿ ਜਿਸ ਬਾਣੀ ਵਿਚ ਕੱਛ ਅਵਤਾਰ, ਬਾਸਕ ਨਾਗ ਜਾਂ ਸੁਮੇਰ ਪਰਬਤ ਦਾ ਮਧਾਣੀ ਬਣਨਾ ਲਿਖਿਆ ਹੈ ਇਹ ਹਿੰਦੂਆਂ ਦੇ ਅਵਤਾਰਾਂ ਨਾਲ ਸਬੰਧਤ ਹੈ ਇਸ ਕਰਕੇ ਇਹ ਆਦਿ ਗ੍ਰੰਥ ਸਾਹਿਬ ਵਿਚ ਦਰਜ ਹੋਣ ਯੋਗ ਹੋ ਹੀ ਨਹੀਂ ਸਕਦੀ ਤਾਂ ਫਿਰ ਆਦਿ ਗ੍ਰੰਥ ਸਾਹਿਬ ਨੂੰ ਮੰਨਣੋਂ ਹਟ ਜਾਣਾ ਪਏਗਾ, ਨਾਲ ਹੀ ਸਿਖੀ ਵਲੋਂ ਬੇਦਾਵਾ। ਤਾਂਤੇ ਇਨ੍ਹਾਂ ਅਤਿ ਤਰਕ ਵਾਦੀ ਖਿਆਲਾਂ ਦੇ ਧਾਰਨੀ ਕਦੇ ਵੀ ਨਹੀਂ ਬਣਨਾ ਚਾਹੀਦਾ। ਸਿਖੀ ਦੇ ਮਾਰਗ ਤੇ ਚਲਣ ਲਈ ਤਾਂ "ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ" ਦੇ ਧਾਰਨੀ ਬਣਿਆਂ ਹੀ ਕੁਛ ਪ੍ਰਾਪਤੀ ਹੁੰਦੀ ਹੈ।

ਆਦਿ ਅਤੇ ਦਸਮ ਬਾਣੀ ਤੋਂ, ਤੁਛ ਬੁੱਧੀ ਅਨੁਸਾਰ ਜੋ ਸਮਝ ਆਈ ਹੈ ਓਸ ਅਨੁਸਾਰ ਅਕਾਲ ਪੁਰਖ ਸਮਰਥ ਹੈ ਜਦੋਂ ਜੋ ਰੂਪ ਧਾਰਨਾਂ ਚਾਹੇ, ਧਾਰਨ ਲਈ ਸਮਰਥ ਹੈ। ਓਹ ਕਾਲ (ਸਮਾਂ) ਵੀ ਹੈ ਅਤੇ ਅਕਾਲ (ਸਮੇਂ ਤੋਂ ਰਹਿਤ) ਵੀ ਹੈ ਪਰ ਪੁਰਖ ਸਰੂਪ ਵਿੱਚ ਓਹ ਸਦਾ ਹੈ। ਪੁਰਖ ਸਰੂਪ ਦੇ ਅੰਗਾਂ ਦਾ ਵਰਨਣ ਉੱਪਰ ਆਦਿ ਬਾਣੀ ਵਿਚੋਂ ਦਿੱਤਾ ਜਾ ਚੁਕਾ ਹੈ। ਦਸਮ ਪਾਤਸ਼ਾਹ ਵੀ 'ਗਿਆਨ ਪ੍ਰਬੋਧ' ਵਿਚ ਲਿਖਦੇ ਹਨ 'ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ। ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂਜੋ ਕਵਨ।'

ਓਸਦੇ ਸਰੂਪ ਦੀ ਸੁੰਦਰਤਾ ਐਸੀ ਹੈ ਤੇਜ ਪ੍ਰਕਾਸ਼ ਐਸਾ ਹੈ ਜਿਸਦਾ ਵਰਣਨ ਕੋਈ ਕਰ ਨਹੀਂ ਸਕਦਾ। ਪਰ ਓਹ ਜਾਣ ਵੀ ਸਕਦਾ ਹੈ ਜਿਸ ਨੂੰ ਓਹੁ ਆਪੁ ਜਣਾਏ। ਸੋ ਅਕਾਲ ਪੁਰਖ ਨੇ ਜੇ ਮਹਾਕਾਲ ਦੀ ਸੰਗਯਾ ਧਾਰਨ ਕਰ ਲਈ, ਧਨਸ਼ ਹਥ ਵਿਚ ਫੜ ਲਿਆ, ਰਾਖ਼ਸ਼ ਮਾਰ ਦਿਤੇ ਆਦਿ... ਤਾਂ ਓਸਤੇ ਇਹ ਕੋਈ ਬੰਧਨ ਨਹੀਂ ਕਿ ਓਹ ਏਹ ਕਰ ਨਹੀਂ ਸਕਦਾ। ਨਾ ਹੀ ਓਹ ਤਾਂਤ੍ਰਿਕ ਮਤ ਦੇ ਹਿੰਦੂਆਂ ਦਾ ਵਖਰਾ ਦੇਵਤਾ ਬਣ ਜਾਂਦਾ ਹੈ।

ਨਵੀਨ ਖੋਜ ਅਨੁਸਾਰ ਆਖਰੀ ਚਰਿਤਰ ਵਿਚ ਵੀ ਮਹਾਕਾਲ ਦਾ ਵਰਣਨ ਜੋ ਹੈ ਸੋ ਤਾਂਤ੍ਰਿਕ ਮਤ ਦੇ ਹਿੰਦੂਆਂ ਦੇ ਦੇਵਤੇ ਦਾ ਹੈ ਇਸ ਲਈ ਓਹ ਦੇ ਸਾਰੇ ਦਾ ਸਾਰਾ ਹੀ ਗੁਰਬਾਣੀ ਯਾਨੀ ਸ੍ਰੀ ਦਸਮੇਸ਼ ਕ੍ਰਿਤ ਨਹੀਂ। ਪਰ ਭਾਈ ਸਾਹਿਬ ਕਾਨ੍ਹ ਸਿੰਘ ਜੀ ਓਹ 'ਮਹਾਕਾਲ' ਜਿਸਦਾ ਵਰਣਨ ਦਸਮ ਗ੍ਰੰਥ ਵਿਚ ਹੈ, ਦਾ ਅਰਥ 'ਪਾਰਬ੍ਰਹਮ' ਕੀਤਾ ਹੈ (ਦੇਖੋ ਮਹਾਨ ਕੋਸ਼ ਸਫਾ ੭੦੦: ਕਾਲਮ ੧) ਆਖਰੀ ਚਰਿਤਰ ਵਿਚ 'ਕਬਿਯੋ ਵਾਚ' ਚੌਪਈ ਦੀਆਂ ਤੁਕਾਂ ਬਹੁਤ ਚੰਗੀ ਤਰ੍ਹਾਂ ਇਸ ਗਲ ਦੀ ਪੁਸ਼ਟੀ ਕਰਦੀਆਂ ਹਨ ਕਿ ਇਹ ਕਥਾਵਾਂ ਜੋ ਗੁਰੂ ਜੀ ਨੇ ਲਿਖੀਆਂ ਹਨ ਉਨਾਂ ਦੇ ਸੰਪੂਰਨ ਹੋਣ ਤੇ ਬੇਨਤੀ ਕੀਤੀ ਗਈ ਹੈ:

ਹਮਰੀ ਕਰੋ ਹਾਥ ਦੈ ਰੱਛਾ...।
ਹਮਰੇ ਦੁਸਟ ਸਭੈ ਤੁਮ ਘਾਵਹੁ।
ਆਪੁ ਹਾਥ ਦੈ ਮੋਹਿ ਬਚਾਵਹੁ।

ਸੁਖੀ ਵਸੈ ਮੋਰੋ ਪਰਵਾਰਾ।
ਸੇਵਕ ਸਿਖੁ ਸਬੈ ਕਰਤਾਰਾ।
ਮੋ ਰਛਿਆ ਨਿਜ ਕਰਦੈ ਕਰੀਏ।
ਸਭ ਬੈਰਨਿ ਕੋ ਆਜ ਸੰਘਰੀਏ।

ਇਹ ਬਾਣੀ ਜੇ ਰਾਮ ਅਤੇ ਸਿਆਮ ਆਦਿਕ ਕਵੀਆਂ ਦੀ ਹੋਵੇ ਤਦ ਏਹ ਲੱਭਣਾ ਪਵੇਗਾ ਕਿ ਓਨ੍ਹਾਂ ਕਵੀਆਂ ਨੂੰ ਦੁਖ ਦੇਣ ਵਾਲੇ ਦੁਸ਼ਮਣ ਕੇਹੜੇ ਸਨ, ਓਨ੍ਹਾਂ ਕਵੀਆਂ ਨੇ ਕੇੜ੍ਹਾ ਪੰਥ ਚਲਾਇਆ ਸੀ, ਜਿਸ ਦੇ ਸਿਖਾਂ ਸੇਵਕਾਂ ਨੂੰ ਸੁਖੀ ਰਹਿਣ ਲਈ ਪ੍ਰਾਰਥਨਾ ਕੀਤੀ ਗਈ ਅਤੇ ਓਨ੍ਹਾਂ ਕਵੀਆਂ ਦੇ ਕੇੜ੍ਹੇ ਵੈਰੀ ਸਨ ਜਿਨ੍ਹਾਂ ਦਾ ਸੰਘਾਰ ਕਰਨ ਦੀ ਬੇਨਤੀ ਕੀਤੀ ਗਈ? ਜੇ ਓਨ੍ਹਾ ਨੇ ਕੋਈ ਪੰਥ ਨਹੀਂ ਚਲਾਇਆ ਜਾਂ ਕੋਈ ਓਨ੍ਹਾਂ ਦਾ ਵੈਰੀ ਨਹੀਂ ਤਾਂ ਇਹ ਬਾਣੀ ਓਨ੍ਹਾਂ ਕਵੀਆਂ ਦੀ ਨਹੀਂ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਅਖੀਰ ਤੋਂ ਜਰਾ ਪਹਿਲੋਂ ਦੀਆਂ ਤੁਕਾਂ ਹਨ-

ਅਸਿਧੁਜ ਜਬ ਭਏ ਦਇਆਲਾ।
ਪੂਰਣ ਕਰਾ ਗ੍ਰੰਥ ਤਤਕਾਲਾ।

ਉਪ੍ਰੋਕਤ ਪੰਕਤੀਆਂ ਇਸ ਗਲ ਦਾ ਬਿਲਕੁਲ ਨਿਰਣਾ ਕਰ ਦਿੰਦੀਆਂ ਹਨ ਕਿ ਏਨ੍ਹਾਂ ਨੂੰ ਲਿਖਣ ਵਾਲੇ ਦਸਮੇਸ਼ ਜੀ ਹੀ ਹਨ। ਕਿਉਂਕਿ ਖਾਲਸੇ ਦੀ ਸਾਜਨਾਂ ੧੭੫੬ ਸੰਮਤ ਵਿਚ ਹੋਈ ਹੈ ਅਤੇ ਇਹ 'ਗ੍ਰੰਥ' (ਇਕ ਦੋ ਜਾਂ ੧੫-੨੦ ਚਰਿਤ੍ਰ ਨਹੀਂ) ਪੂਰਾ ਹੁੰਦਾ ਹੈ ੧੭੫੩ ਵਿਚ। ਯਾਨੀ ਖਾਲਸੇ ਦੀ ਸਾਜਨਾਂ ਤੋਂ ੩ ਸਾਲ ਪਹਿਲਾਂ ਇਸੇ ਲਈ ਇਥੇ 'ਸਿਖ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਹੋ ਸਕਦਾ ਹੈ, 'ਸਿਖ' ਦੀ ਥਾਂ 'ਸਿੰਘ' ਪਦ ਆ ਜਾਂਦਾ, ਜੇ ਇਹ ਰਚਨਾ ੧੭੫੬ ਤੋਂ ਬਾਦ ਦੀ ਹੁੰਦੀ।

ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਕੁਛ ਐਸੀਆਂ ਹਨ ਜਿਨ੍ਹਾਂ ਵਿਚ ਪਾਠਾਂ ਦਾ ਕੁਛ ਫਰਕ ਜਾ ਕੁਛ ਵਧ ਘਟ ਹਨ। ਇਸ ਤੋਂ ਜੇ ਇਹ ਅਨੁਮਾਨ ਲਾਈਏ ਕਿ ਪਾਠ ਭੇਦ ਹੈ ਤਾਂ ਤੇ ਇਹ ਗੁਰਬਾਣੀ ਨਹੀਂ। ਤਦ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਤੇ ਵੀ ਸ਼ੰਕਾ ਉਤਪੰਨ ਹੋ ਸਕਦੀ ਹੈ ਕਿਉਂਕਿ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਵੀ ਕਈ ਪ੍ਰਕਾਰ ਹਨ। ਮੁਖ ਰੂਪ ਵਿਚ ਕਰਤਾਰ ਪੁਰ ਵਾਲੀ, ਭਾਈ ਬੰਨੋ ਵਾਲੀ ਅਤੇ ਜਿਸ ਬੀੜ ਵਿੱਚ ਨੌਵੀ ਪਾਤਸ਼ਾਹੀ ਦੀ ਬਾਣੀ ਹੈ ਇਹ ਤਿੰਨ ਹਨ। ਪਰ ਇਨ੍ਹਾਂ ਬੇਲੋੜੀਆਂ ਬਰੀਕੀਆਂ ਵੱਲ ਜਾਣਾ ਕਿਸੇ ਗਲੋਂ ਹੀ ਉਚਿਤ ਨਹੀਂ। ਗੁਰਬਾਣੀ ਏਡੀ ਉਚੀ ਚੀਜ ਹੈ ਜਿਸਦਾ ਸਤਿਕਾਰ ਹੀ ਕਰਨਾ ਬਣਦਾ ਹੈ। ਐਵੇਂ ਨੁਕਤਾ ਚੀਨੀ ਵਿਚ ਪੈ ਕੇ ਆਪਣੀ ਸਿਖੀ ਨੂੰ ਹਾਨੀ ਪਹੁੰਚਾਉਣ ਵਾਲੀ ਗੱਲ ਹੈ ਕਿ ਅਤਿ ਤਰਕ ਵਾਦੀ ਪੁਰਸ਼ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ।

ਗੁਰਬਾਣੀ ਨੂੰ ਸਮਝਣ ਲਈ ਅੱਜ ਕੱਲ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀ ਪੜ੍ਹਾਈ ਕਾਰ-ਆਮਦ ਨਹੀਂ ਹੋ ਸਕਦੀ। ਇਸਨੂੰ ਉਚਾਰਨ ਵਾਲਿਆਂ ਦੀ ਜੋ ਅਵਸਥਾ ਸੀ ਓਸਦੀ ਪ੍ਰਾਪਤੀ ਕਿਸੇ ਨੂੰ ਹੋ ਜਾਇ ਤਦ ਓਸਦੇ ਸਰਵੋਤਮ ਭਾਗ ਹਨ ਪਰ ਸਾਡੀ ਸਮਝ ਵਿਚ ਇਸਦਾ ਕੋਈ ਕਿਣਕਾਂ ਤਦ ਹੀ ਆ ਸਕਦਾ ਹੈ ਜੇ ਅਸੀਂ ਓਸ ਅਵਸਥਾ ਵਾਲੇ ਪਾਸੇ ਦਾ ਰੁਖ ਕਰੀਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ ਕਿ ਜੇ ਗੁਰਬਾਣੀ ਦੀ ਕਿਸੇ ਤੁਕ ਦਾ ਅਰਥ ਜਾਣਨਾ ਚਾਹੁੰਦੇ ਹੋ ਤਦ ਓਸ ਤੁਕ ਦਾ ੧੦੧ ਵਾਰੀ ਪਾਠ ਕਰੋ ਅਤੇ ਸਤਿਗੁਰੂ ਅਗੇ ਅਰਦਾਸ ਕਰੋ ਕਿ ਕਿਰਪਾ ਕਰੋ ਮੈਨੂੰ ਇਸ ਤੁਕ ਦੇ ਅਰਥ ਦਾ ਗਿਆਨ ਹੋਵੇ।

ਨਾਮਧਾਰੀਆਂ ਬਾਰੇ ਸਰੋਮਣੀ ਕਮੇਟੀ ਵਿਚ ਚਰਚਾ ਵੀ ਹੋ ਚੁਕੀ ਹੈ ਕਿ ਇਹ ਸ਼੍ਰੀ ਗ੍ਰੰਥ ਸਾਹਿਬ ਨੂੰ ਨਹੀਂ ਮੰਨਦੇ ਅਤੇ ਗਿਆਰਾਂ ਬਾਰਾਂ ਗੁਰੂ ਮੰਨਦੇ ਹਨ ਇਹ ਸਿਖ ਨਹੀਂ ਹੋ ਸਕਦੇ ਪਰ ਇਹ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਗੁਰਬਾਣੀ (ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ) ਦਾ ਜੋ ਸਤਿਕਾਰ ਨਾਮਧਾਰੀਆਂ ਵਿਚ ਹੈ ਓਹ ਹੋਰ ਕਿਧਰੇ ਨਹੀਂ।

ਸ੍ਰੀ ਸਤਿਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ ਇਹ ਲੇਖ ਲਿਖਿਆ ਗਿਆ ਹੈ। ਇਸਦਾ ਨਿਸ਼ਾਨਾ ਕਿਸੇ ਦਾ ਵਿਰੋਧ ਨਹੀਂ ਪਰ ਜੋ ਸਿੱਖ ਪਰੰਪਰਾ ਦੀ ਮਰਯਾਦਾ ਅਤੇ ਦਸਮ ਗੁਰਬਾਣੀ ਦਾ ਅਦਬ ਆਮ ਸਿਖਾਂ ਵਿੱਚੋਂ ਘੱਟ ਰਿਹਾ ਹੈ ਓਨਾਂ ਦੇ ਸਾਹਮਣੇ ਅਸਲੀਅਤ ਰੱਖਣ ਵਾਸਤੇ ਲਿਖਿਆ ਹੈ। ਦਸਮੇਸ਼ ਜੀ ਦਾ ੩੦੦ ਸਾਲਾ ਗੁਰਪੁਰਬ ਹੈ। ਇਸ ਕਰਕੇ ਆਸ ਕੀਤੀ ਜਾਂਦੀ ਹੈ ਕਿ ਬਹੁਤੇ ਸੱਜਣ ਉਨ੍ਹਾਂ ਦੀ ਰਚਨਾ ਬਾਰੇ ਇਹ ਲੇਖ ਪੜ੍ਹਕੇ ਅਸਲੀਅਤ ਤੋਂ ਜਾਣੂ ਹੋਣਗੇ।

ਇਹ ਲੇਖ ਮਹਾਰਾਜ ਬੀਰ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾਂ ਗੁਰਪੁਰਬ (1966) ਦੇ ਮੌਕੇ ਲਿਖਿਆ ਅੱਜ ਅੱਠਵੰਜਾ ਸਾਲ ਬਾਅਦ ਇਸ ਦੀ ਮਹੱਤਤਾ ਹੋਰ ਵੱਧ ਗਈ ਹੈ ਅਤੇ ਇਸ ਲੇਖ ਵਿੱਚ ਦਿੱਤੀਆਂ ਉਦਾਰਨਾਂ ਦਸਮ ਬਾਣੀ ਦਾ ਸਤਿਕਾਰ ਨਾ ਕਰਨ ਵਾਲਿਆਂ ਨੂੰ ਸ਼ੀਸ਼ਾ ਦਿਖਾਉਂਦੀਆਂ ਹਨ।

ਸੰਪਾਦਕ

# ਸ੍ਰੀ ਮਹਾਰਾਜ ਬੀਰ ਸਿੰਘ ਜੀ, ਜੀਵਨ ਅਤੇ ਰਚਨਾ



– ਸੁਵਰਨ ਸਿੰਘ ਵਿਰਕ
ਪ੍ਰਸਿੱਧ ਨਾਮਧਾਰੀ ਇਤਿਹਾਸਕਾਰ
ਪਿੰਡ ਤੇ ਡਾਕਘਰ: ਕਰੀਵਾਲਾ
99963-71716

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ ਭਰਾਤਾ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਿਤਾ ਸ਼੍ਰੀ, ਸ੍ਰੀ ਮਹਾਰਾਜ ਬੀਰ ਸਿੰਘ ਜੀ ਨਾਮਧਾਰੀ ਸਿੱਖ ਪੰਥ ਅਤੇ ਦੇਸ਼ ਵਾਸੀਆਂ ਵਿੱਚ ਬਹੁਤ ਸਤਿਕਾਰਤ ਸ਼ਖਸ਼ੀਅਤ ਸਨ। ਆਪ ਨਾਮ ਬਾਣੀ ਦੇ ਰਸੀਏ, ਸੰਗੀਤ ਕਲਾ ਦੇ ਮਰਮੱਗ, ਸਫਲ ਸ਼ਬਦ ਸਾਧਕ ਅਤੇ ਇਕ ਕੁਸ਼ਲ ਪਰਬੰਧਕ ਵੀ ਸਨ। ਉਹਨਾਂ ਦਾ ਜਨਮ ਪਿਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ 18 ਅਕਤੂਬਰ 1923 ਨੂੰ ਹੋਇਆ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, ਸਿੱਖ ਗੌਰਵ ਦੀ ਪੁਨਰ ਸਥਾਪਨਾ ਅਤੇ ਵਿਦੇਸ਼ੀ ਗੋਰਾਸ਼ਾਹੀ ਤੋਂ ਮੁਕਤੀ ਲਈ ਨਾਮਧਾਰੀ ਸੰਤ-ਖਾਲਸੇ ਦਾ ਕੂਕਾ ਸੰਗਰਾਮ, ਇਸੇ ਪਾਵਨ ਧਰਾ ਤੋਂ 12 ਅਪਰੈਲ 1857 ਨੂੰ ਅਰੰਭਿਆ ਗਿਆ ਸੀ। ਇਸ ਦੇ ਨਤੀਜੇ ਵਜੋਂ ਕੂਕਿਆਂ ਤੇ ਜੋ ਕਹਿਰਾਂ ਦੇ ਝੱਖੜ ਸਰਕਾਰ ਤੇ ਉਸ ਦੇ ਹਿਮਾਇਤੀਆਂ ਨੇ ਝੁਲਾਏ ਉਸ ਦੇ ਨਤੀਜੇ ਵਜੋਂ ਕੂਕਾ ਕੇਂਦਰ ਭੈਣੀ ਸਾਹਿਬ ਦੇ ਬੂਹੇ ਤੇ ਅੰਗਰੇਜ਼ੀ ਸਰਕਾਰ ਦੀ ਪੁਲੀਸ ਚੌਂਕੀ 19 ਜਨਵਰੀ 1872 ਤੋਂ ਬੈਠਾ ਦਿਤੀ ਗਈ ਸੀ। ਤੇ ਇਹ ਪੁਲੀਸ ਚੌਂਕੀ ਮਹਾਰਾਜ ਜੀ ਦੇ ਜਨਮ ਤੋਂ ਸਿਰਫ ਪੰਜ ਕੁ ਮਹੀਨੇ ਪਹਿਲਾਂ ਹੀ ਚੁੱਕੀ ਗਈ ਸੀ।

ਆਪਣੇ ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਘਰ ਪਰਤਣ, ਦੇਸ਼ ਵਾਪਸੀ ਲਈ ਕੂਕੇ ਮਸਤਾਨਿਆਂ ਦੇ ਹਉਕੇ, ਹਟਕੋਰੇ ਅਜੇ ਭੈਣੀ ਸਾਹਿਬ ਦੀਆਂ ਫ਼ਿਜ਼ਾਵਾਂ ਵਿੱਚ ਅਕਸਰ ਸੁਣੇ ਜਾਂਦੇ ਸਨ। ਇਹੋ ਕਾਰਨ ਸੀ ਕਿ ਜਿਸ ਵਾਤਾਵਰਨ ਵਿੱਚ ਆਪ ਦੀ ਪਰਵਰਿਸ਼ ਹੋਈ ਉਸ ਵਿੱਚ ਫਰੰਗੀ ਸਰਕਾਰ ਦੀ ਰਾਜ-ਭਗਤੀ ਦੀ ਕੋਈ ਗੁੰਜਾਇਸ਼ ਨਹੀਂ ਸੀ।

ਸਥਾਪਿਤ ਸੱਤਾ ਅਤੇ ਗ਼ਲਤ ਕਦਰਾਂ ਕੀਮਤਾਂ ਤੋਂ ਨਾਬਰੀ, ਇਸ ਤਰ੍ਹਾਂ ਆਪ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਬਣ ਗਈ। ਜਨਮ ਦਾਤੀ ਮਾਤਾ ਦਾ ਸੁਨੇਹਾ ਸਾਥ, ਆਪ ਇਕ ਵਰ੍ਹਾ ਵੀ ਨਾ ਮਾਣ ਸੱਕੇ ਕਿ ਉਹਨਾਂ ਨੂੰ ਦਰਗਾਹੀ ਸੱਦਾ ਆ ਗਿਆ। ਹੁਣ ਆਪ ਦਾ ਪਾਲਣ ਪੋਸ਼ਣ ਦਾਦੀ ਮਾਤਾ ਜੀਵਨ ਕੌਰ ਜੀ, ਨਾਨੀ ਮਾਤਾ ਰਾਮ ਕੌਰ ਅਤੇ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਉਹਨਾਂ ਦੇ ਮੁਖਤਿਆਰ-ਇ-ਆਮ ਮਹੰਤ ਸੇਵਾ ਸਿੰਘ, ਸਧਾਰੀ ਮਾਜਰਾ ਦੇ ਜ਼ਿੰਮੇ ਲੱਗਾ।

ਅਮਗਰੇਜ਼ ਸਰਕਾਰ ਦੀਆਂ ਸੰਸਥਾਵਾਂ ਨਾਲ, ਨਾਮਧਾਰੀਆਂ ਦਾ ਅਸਹਿਯੋਗ ਅੰਦੋਲਨ ਤਾਂ ਮਹਾਤਮਾ ਗਾਂਧੀ ਦੁਆਰਾ ਅਰੰਭੇ ਅੰਦੋਲਨ ਤੋਂ ਵੀ 65 ਸਾਲ ਪਹਿਲਾਂ ਚੱਲ ਰਿਹਾ ਸੀ। ਦੋਹਾਂ ਸਾਹਿਬਜ਼ਾਦਿਆਂ ਅਤੇ ਪੰਜਾਬ ਭਰ ਵਿੱਚੋਂ ਆਏ ਸੌ ਕੁ ਦੇ ਕਰੀਬ ਨਾਮਧਾਰੀ ਬੱਚਿਆਂ ਦੀ ਆਪਣੇ ਸਿਲੇਬਸ ਅਨੁਸਾਰ ਪੜ੍ਹਾਈ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ 1928-29 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਵਿਦਿਆਲੇ ਦੀ ਸਥਾਪਨਾ ਕੀਤੀ ਸੀ। ਇਸ ਵਿਦਿਆਲੇ ਦਾ ਬਾਰਾਂ ਸਾਲਾਂ ਦਾ ਪਾਠ ਕ੍ਰਮ ਸੀ। ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ ਤੋਂ ਬਿਨਾਂ ਹਿਸਾਬ ਕਿਤਾਬ, ਇਤਿਹਾਸ, ਸਮਾਜਿਕ ਵਿਗਿਆਨ, ਸਿਹਤ ਵਿਗਿਆਨ, ਗੁਰਮਤਿ ਸੰਗੀਤ ਆਦਿ ਤੋਂ ਇਲਾਵਾ ਗੁਰਮਤਿ ਸਾਹਿਤ, ਗੁਰੂ ਬਾਣੀ, ਗੁਰ-ਇਤਿਹਾਸ ਆਦਿ ਵਿਸਥਾਰ ਸਹਿਤ ਪੜ੍ਹਾਏ ਜਾਂਦੇ। ਬੱਚਿਆਂ ਨੂੰ ਆਪਣੀ ਆਰਥਿਕਤਾ ਵਿੱਚ ਆਤਮ ਨਿਰਭਰ ਬਨਾਉਣ ਲਈ, ਖੇਤੀ ਬਾੜੀ, ਬਾਗਬਾਨੀ, ਦਸਤਕਾਰੀ, ਕੱਪੜੇ ਬੁਣਨਾ, ਅੱਖਰ ਜੋੜਨਾ ਆਦਿਕ ਪ੍ਰੈੱਸ ਦਾ ਕੰਮ ਵੀ ਸਿਖਾਇਆ ਜਾਂਦਾ ਸੀ। ਸੁਅਸਥ ਰਹਿਣ ਲਈ ਵੱਖ-ਵੱਖ ਖੇਡਾਂ, ਕੁਸ਼ਤੀ, ਕਬੱਡੀ, ਦੌੜ ਛਾਲਾਂ, ਘੋੜ ਸੁਆਰੀ ਅਤੇ ਤੈਰਾਕੀ ਵਿੱਚ ਵੀ ਮੁਹਾਰਤ ਕਰਵਾਈ ਜਾਂਦੀ। ਇੱਥੋਂ ਤੱਕ ਕੇ ਹਰ ਰੋਜ਼ ਵਾਰੀ ਬੰਨ੍ਹ ਕੇ ਕਈ ਵੇਰ ਆਪਣਾ ਲੰਗਰ ਵੀ ਇਹ ਬੱਚੇ ਖ਼ੁਦ ਤਿਆਰ ਕਰਦੇ ਅਤੇ ਫਿਰ ਦੂਸਰੇ ਸਾਥੀਆਂ ਨੂੰ ਵੀ ਛਕਾਉਂਦੇ। ਵੱਡੇ ਸਾਹਿਬਜ਼ਾਦਾ ਬੇਅੰਤ ਜੀ ਅਤੇ ਛੋਟਿਆਂ ਨੂੰ ਵੱਲਭ ਜੀ ਜਾਂ ਬੱਲੂ ਜੀ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਅਧਿਆਪਕਾਂ ਜਾਂ ਸਕੂਲ ਪਰਬੰਧਕਾਂ ਵੱਲੋਂ ਦੋਹਾਂ ਸਾਹਿਬਜ਼ਾਦਿਆਂ ਨਾਲ ਪੜ੍ਹਾਈ, ਹੋਰ ਕਾਰ ਵਿਹਾਰ ਜਾਂ ਅਨੁਸ਼ਾਸਨ ਦੇ ਮੁਆਮਲੇ ਵਿੱਚ ਕੋਈ ਰਿਐਤ ਨਹੀਂ ਵਰਤੀ ਜਾਂਦੀ ਸੀ। ਇਹ ਇਹਨਾਂ ਦੋਹਾਂ ਮਹਾਨ ਹਸਤੀਆਂ ਦੇ ਭਾਵੀ ਜੀਵਨ ਦੀ ਡਾਕਬੋਲ ਸੀ, ਜੋ ਵਿਦਿਆਲੇ ਦੇ ਬਾਰਾਂ ਸਾਲਾ ਅਧਿਐਨ ਦੇ ਸਮੇਂ ਇੱਥੇ ਰੱਖੀ ਗਈ। ਬਚਪਨ ਅਤੇ ਚੜ੍ਹਦੀ ਜੁਆਨੀ ਸਮੇਂ ਸਿੱਖੀ ਮਰਿਆਦਾ ਅਤੇ ਜੀਵਨ ਜਾਚ, ਅਗਲੇਰੇ ਜੀਵਨ ਘੋਲ ਦੀ ਸਫਲਤਾ ਦੀ ਜ਼ਾਮਨ ਬਣੀ।

ਭੈਣੀ ਸਾਹਿਬ ਦੇ ਗੁਆਂਢੀ ਪਿੰਡ ਰਾਮਪੁਰ ਦੇ ਭਾਈ ਊਧੋ ਖਾਂ, ਉਹਨਾਂ ਦੇ ਲੜਕੇ ਭਾਈ ਰਹੀਮ ਬਖ਼ਸ਼, ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਪ੍ਰਸਿੱਧ ਰਬਾਬੀ ਅਤੇ ਤਬਲਾ, ਪਖਾਵਜ ਵਾਦਕ, ਭਾਈ ਨਸੀਰ, ਮਰਦੰਗ ਅਤੇ ਰਾਗ ਦੇ ਵੱਡੇ ਗਿਆਤਾ ਭਾਈ ਤਾਬਾ, ਉਸਤਾਦ ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲਿਆਂ ਅਤੇ ਹੋਰ ਅਨੇਕ ਸੰਗੀਤਕਾਰਾਂ ਤੋਂ ਆਪ ਨੇ ਰਾਗ ਵਿਦਿਆ ਅਤੇ ਗੁਰਮਤਿ ਸੰਗੀਤ ਦਾ ਗਹਿਨ ਅਧਿਐਨ ਤੇ ਰਿਆਜ਼ ਕੀਤਾ ਇਸ ਦੇ ਨਤੀਜੇ ਵਜੋਂ ਆਪ ਨੇ ਰਾਗ ਵਿਦਿਆ ਨੂੰ ਉਸ ਦੀਆਂ ਸਾਰੀਆਂ ਬਾਰੀਕੀਆਂ ਸਮੇਤ ਆਪਣੇ ਅੰਤਸ਼ ਕਰਣ ਵਿਚ ਧਾਰਨ ਕਰ ਲਿਆ। ਉਹ ਸੰਗੀਤ ਨੂੰ ਆਪਣੀ ਰੂਹ ਦੀ ਖ਼ੁਰਾਕ ਦੱਸਿਆ ਕਰਦੇ ਸਨ। ਦੇਸ਼ ਭਰ ਵਿੱਚ ਹੋਣ ਵਾਲੇ ਸੰਗੀਤ ਸੰਮੇਲਨਾਂ ਵਿੱਚ ਆਪ ਸ਼ਿਰਕਤ ਕਰਿਆ ਕਰਦੇ ਸਨ। ਆਪ ਦੀ ਸੰਗੀਤ ਸੂਝ ਕਾਰਨ ਆਪ ਨੂੰ ਅਨੇਕ ਸੰਗੀਤ ਸੰਮੇਲਨਾਂ ਦੀ ਪ੍ਰਧਾਨਗੀ ਕਰਨ ਦੇ ਅਵਸਰ ਮਿਲੇ। ਉਹ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਗੀਤ ਸੰਮੇਲਨ ਆਯੋਜਿਤ ਵੀ ਕਰਦੇ ਅਤੇ ਬਾਹਰ ਹੋਣ ਵਾਲੇ ਸੰਮੇਲਨਾਂ ਵਿੱਚ ਸਹਿਯੋਗੀ ਵੀ ਹੁੰਦੇ। ਆਪ ਜੀ ਦਾ ਦ੍ਰਿੜ ਨਿਸ਼ਚਾ ਸੀ ਕਿ ਸਾਡੇ ਸਤਿਗੁਰੂ ਸਾਹਿਬਾਨ ਨੇ ਆਪਣੀ ਸਾਰੀ ਬਾਣੀ ਰਾਗਾਂ ਵਿੱਚ ਹੀ ਰਚੀ ਹੈ ਇਸ ਲਈ ਇਸ ਦਾ ਗਾਇਨ ਵੀ ਰਾਗਾਂ ਵਿੱਚ ਹੋਣਾ ਚਾਹੀਦਾ ਹੈ।

ਆਪਣੀ ਮਾਤਾ ਦਾ ਸਾਥ ਨਾ ਮਾਣ ਸੱਕਣ ਵਾਲੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਤਾੜਨਾ ਭਰੀ ਮਿਹਰ ਨਜ਼ਰ ਤੋਂ ਇਲਾਵਾ ਸਮੇਂ-ਸਮੇਂ ਲਾਡ ਦੁਲਾਰ ਵੀ ਮਿਲਦਾ ਰਿਹਾ। ਹੁਣ ਸਤਿਗੁਰੂ ਜੀ ਦੋਹਾਂ ਭਰਾਵਾਂ ਨੂੰ ਕਦੇ-ਕਦੇ ਆਪਣੇ ਦੌਰਿਆਂ ਨਾਲ ਵੀ ਲੈ ਜਾਂਦੇ। ਜਦੋਂ 1939 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਹੋਰ ਉੱਘੇ ਕੌਮੀ ਆਗੂ, ਪਹਿਲੀ ਵੇਰ ਭੈਣੀ ਸਾਹਿਬ ਦੀ ਯਾਤਰਾ ਤੇ ਆਏ ਤਾਂ ਦੋਹਾਂ ਸਾਹਿਬਜ਼ਾਦਿਆਂ ਦੇ ਗੁਰਬਾਣੀ ਕੀਰਤਨ ਤੋਂ ਪੰਡਿਤ ਜੀ ਬਹੁਤ ਪ੍ਰਭਾਵਿਤ ਹੋਏ ਸਨ। ਸੰਨ 1940 ਈ. ਵਿੱਚ ਸਤਿਗੁਰੂ ਜੀ ਫਿਰ ਦੋਹਾਂ ਭਰਾਵਾਂ ਨੂੰ ਗੰਗਾਨਗਰ

(ਰਿਆਸਤ ਬੀਕਾਨੇਰ) ਦੇ ਆਪਣੇ ਦੌਰੇ ਤੇ ਨਾਲ ਲੈ ਗਏ ਸਨ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਓਟੂ (ਸਿਰਸਾ) ਤੋਂ ਉੱਤਰੀ ਘੱਗਰ ਨਹਿਰ ਦੀ ਪਟੜੀ ਪੈ ਕੇ, ਪਹਿਲਾਂ ਟਿੱਬੀ (ਹਨੂਮਾਨਗੜ੍ਹ) ਵਿਖੇ ਰਹਿ ਰਹੀ ਨਾਮਧਾਰੀ ਸੰਗਤ ਨੂੰ ਦਰਸ਼ਨ ਦਿੱਤੇ ਸਨ। ਤਕਰੀਬਨ ਉਦੋਂ ਕੁ ਜਿਹੇ ਹੀ ਹੁਣ ਦੇ ਇਲਾਕਾ ਜੀਵਨ ਨਗਰ ਵਾਲੀ ਭੂਮੀ ਨੇ ਆਪ ਦਾ ਧਿਆਨ ਖਿੱਚਿਆ ਸੀ ਕਿ ਜੋ ਸਮਾਂ ਬਣੇ ਇੱਥੇ ਆਪਣੇ ਸਿੰਘਾਂ ਨੂੰ ਵਸਾਇਆ ਜਾਵੇ। 1942 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਬੰਬਾ (ਸਪੁੱਤਰੀ ਮਹਾਰਾਜਾ ਦਲੀਪ ਸਿੰਘ) ਲਾਹੌਰ ਆਈ। ਉਸ ਦੇ ਸੁਆਗਤ ਸਮਾਹੋਰ ਵਿੱਚ ਹੋਰ ਨਾਮਵਰ ਸ਼ਖਸੀਅਤਾਂ ਨਾਲ ਸ਼ਾਮਲ ਹੋਣ ਸਮੇਂ, ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਦੋਹਾਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਗਏ ਸਨ।

ਸੰਨ 1944 ਵਿੱਚ ਸ੍ਰ. ਕੇਸਰ ਸਿੰਘ ਬਾਜਵਾ, ਚਵਿੰਡਾ (ਸਿਆਲਕੋਟ) ਦੇ ਭੋਗ ਦੇ ਸਮੇਂ ਸਤਿਗੁਰੂ ਜੀ ਵੱਲੋਂ ਬਾਬਾ ਬੀਰ ਸਿੰਘ ਜੀ ਨੂੰ ਭੇਜਿਆ ਗਿਆ ਸੀ। ਸਰਦਾਰ ਦੇ ਪੁੱਤਰ ਰਵੇਲ ਸਿੰਘ ਨੂੰ ਦਸਤਾਰ ਬੰਨ੍ਹਾਉਣ ਸਮੇਂ ਆਪ ਨੇ ਉਸ ਨੂੰ ਪਿਤਾ ਜੀ ਦੇ ਦੱਸੇ ਧਾਰਮਿਕ ਅਤੇ ਸੰਸਾਰਕ ਫ਼ਰਜ਼, ਪ੍ਰੇਮ ਪਿਆਰ ਨਾਲ ਪੂਰੇ ਕਰਨ ਦੀ ਸਿੱਖਿਆ ਦਿੱਤੀ। ਆਪ ਜੀ ਦੇ ਦੋਵੇਂ ਸਤਿਕਾਰਤ ਚਾਚੇ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਹੋਰ ਬਹੁਤ ਸਾਰੇ ਨਾਮਧਾਰੀ ਸਿੰਘਾਂ ਸਮੇਤ ਕਾਂਗਰਸ ਦੇ ਪਲੇਟਫਾਰਮ ਤੋਂ ਦੇਸ਼ ਆਜ਼ਾਦੀ ਲਈ ਲੱਗਣ ਵਾਲੇ ਮੋਰਚਿਆਂ ਦਾ ਭਾਗ ਬਣਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਤਾਂ 1929 ਈ. ਵਿੱਚ ਹੀ ਗੁਰਪੁਰੀ ਜਾ ਬਿਰਾਜੇ ਸਨ, ਮਹਾਰਾਜ ਨਿਹਾਲ ਸਿੰਘ ਜੀ ਨੇ ਆਜ਼ਾਦੀ ਸੰਗਰਾਮ ਵਿੱਚ ਵਾਰ-ਵਾਰ ਕੈਦਾਂ ਕੱਟੀਆਂ ਸਨ। ਦੇਸ਼ ਭਗਤਾਂ ਦੇ ਅਜਿਹੇ ਰਾਜਨੀਤਿਕ ਪਰਿਵਾਰ ਵਿੱਚ ਪਰਵਾਨ ਚੜ੍ਹਦਿਆਂ ਆਪ ਦੀ ਧਾਰਮਿਕ ਦੇ ਨਾਲ-ਨਾਲ ਸਮਾਜਿਕ ਅਤੇ ਸਿਆਸੀ ਸੂਝ ਬੂਝ ਵੀ ਪਰਪੱਕ ਹੋ ਰਹੀ ਸੀ। ਸ੍ਰੀ ਭੈਣੀ ਸਾਹਿਬ ਵਿੱਚ ਸਾਰੇ ਧਰਮਾਂ, ਫਿਰਕਿਆਂ ਨਾਲ ਸਬੰਧਿਤ ਹਸਤੀਆਂ ਆਉਂਦੀਆਂ ਰਹਿੰਦੀਆਂ ਸਨ। ਲਾਇਲਪੁਰ ਦੇ ਰਾਜਾ ਫ਼ਜ਼ਲ ਦਾਦ ਨਾਮ ਦੇ ਇਕ ਪ੍ਰਤਿਸ਼ਠਿਤ ਮੁਸਲਮਾਨ ਸੱਜਣ ਨੇ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਕਰਨ ਤੇ ਭਜਨ ਪੁੱਛ ਕੇ ਨਾਮ ਦੀ ਦਾਤ ਵੀ ਲੈ ਲਈ ਸੀ। ਉਸ ਦੇ ਪਰਿਵਾਰ ਵਿੱਚ ਮਾਸ, ਸ਼ਰਾਬ, ਤੰਬਾਕੂ ਦਾ ਸੇਵਨ ਵੀ ਵਰਜਿਤ ਸੀ ਅਤੇ ਉਹ ਆਪਣੇ ਪੁੱਤਰਾਂ ਨੂੰ ਵੀ ਕਹਿ ਗਿਆ ਸੀ ਕਿ ਕਦੇ ਵੀ ਗਊ ਘਾਤੀਆਂ ਨਾਲ ਵਰਤੋਂ ਵਿਹਾਰ ਨਹੀਂ ਰੱਖਣਾ। ਰਾਜਾ ਫਜ਼ਲ ਦਾਦ ਦੇ ਪੁੱਤਰ ਰਾਜਾ ਮੁਹੰਮਦ ਅਕਬਰ ਖਾਨ ਦੀ 1945 ਈ. ਵਿੱਚ ਹੋਈ ਲੜਕੀ ਦੀ ਸ਼ਾਦੀ ਦੇ ਸਮੇਂ, ਸਤਿਗੁਰੂ ਜੀ ਵੱਲੋਂ ਬਾਬਾ ਬੀਰ ਸਿੰਘ ਜੀ ਨੂੰ ਭਾਗ ਲੈਣ ਲਈ ਭੇਜਿਆ ਗਿਆ ਸੀ। 1947 ਦੀ ਵੰਡ ਬਾਅਦ ਰਾਜਾ ਮੁਹੰਮਦ ਅਕਬਰ, ਪਾਕਿਸਤਾਨੀ ਫੌਜ ਦੇ ਜਨਰਲ ਰਹੇ ਤੇ ਸੇਵਾ ਮੁਕਤੀ ਬਾਅਦ ਦਿੱਲੀ ਆਏ ਸਨ। ਉਹਨਾਂ ਨੇ ਦੂਰੋਂ ਆਉਂਦੇ ਮਹਾਰਾਜ ਜੀ ਨੂੰ ਪਹਿਚਾਣ ਕੇ ਬੜੇ ਨਿੱਘ ਤੇ ਅਦਬ ਨਾਲ ਭੇਟ ਕੀਤੀ। ਕਰਾਚੀ ਰਹਿੰਦੇ ਉਹਨਾਂ ਦੇ ਪਰਿਵਾਰ ਨਾਲ ਵੀ ਮਹਾਰਾਜ ਜੀ ਦੀ ਖ਼ਤੋ ਕਿਤਾਬਤ ਹੁੰਦੀ ਰਹੀ।

ਦੇਸ਼ ਦੇ ਬਟਵਾਰੇ ਸਮੇਂ ਇਲਾਕਾ ਜੀਵਨ ਨਗਰ ਵਿੱਚ ਸਾਢੇ ਤਿੰਨ ਪਿੰਡਾਂ ਦੀ 12430 ਏਕੜ ਭੂਮੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਨਾਲ ਖਰੀਦ ਕੇ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਉਣ ਵਾਲੇ ਨਾਮਧਾਰੀਆਂ ਦੇ ਇੱਥੇ ਆ ਵੱਸਣ ਦਾ ਰਸਤਾ ਸਾਫ ਕੀਤਾ। ਆਪ ਜੀ ਨੇ ਪੰਜਾਬ ਸਰਕਾਰ ਤੋਂ ਇਹ ਰਿਆਇਤ ਵੀ ਹਾਸਲ ਕਰ ਲਈ ਸੀ ਕਿ ਲਹਿੰਦੇ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਦਾ ਨਾਮਧਾਰੀ ਸਿੱਖ, ਤਦੋਕੇ ਚੜ੍ਹਦੇ ਪੰਜਾਬ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਵਿੱਚ ਆਪਣੀ ਜ਼ਮੀਨ ਅਲਾਟ ਕਰਵਾ ਸਕਦਾ ਹੈ। ਇਸ ਕੰਮ ਲਈ ਆਪ ਨੇ ਤਕਰੀਬਨ ਇਕ ਦਰਜਨ ਪਿੰਡ ਪੰਜਾਬ ਸਰਕਾਰ ਤੋਂ ਆਉਣ ਵਾਲੇ ਨਾਮਧਾਰੀਆਂ ਲਈ ਰਾਖਵੇਂ ਕਰਵਾ ਲਏ ਸਨ। ਦੇਸ਼ ਵੰਡ ਤੋਂ ਬਾਅਦ ਚੁਚਾਲ ਕੋਠੀ (ਜੀਵਨ ਨਗਰ), ਜੱਗ ਮਲੇਰਾ (ਸੰਤ ਨਗਰ), ਕੰਜਰਵਾਲ (ਦਮਦਮਾ) ਅਤੇ ਅੱਧਾ ਅਲੀਪੁਰ (ਹਰੀਪੁਰਾ) ਪਿੰਡਾਂ ਵਿੱਚ ਜ਼ਮੀਨ ਖਰੀਦਣ ਵਾਲੇ ਅਤੇ ਰਾਣੀਆਂ, ਕਰੀਵਾਲਾ, ਹਾਰਨੀ, ਨਕੌੜਾ, ਅੰਮ੍ਰਿਤਸਰ ਕਲਾਂ ਅਤੇ ਖੁਰਦ, ਮਿਰਜ਼ਾਪੁਰ, ਬੁੱਢੀ ਮਾੜੀ, ਮੌਜੂ ਖੇੜਾ, ਕਿਰਪਾਲ ਪੱਟੀ, ਕੰਗਣਪੁਰ, ਬਹਾਉਦੀਨ, ਮੋਰੀਵਾਲਾ ਆਦਿ ਪਿੰਡਾਂ ਵਿੱਚ ਅਲਾਟੀ ਨਾਮਧਾਰੀ ਆ ਬੈਠੇ। ਨਵੇਂ ਆਇਆਂ ਦੇ ਮੁੜ ਵਸੇਬੇ ਲਈ ਉਹਨਾਂ ਨੂੰ ਖਾਣ ਅਤੇ ਬੀਜਣ ਲਈ ਅਨਾਜ, ਲੀੜਾ ਕੱਪੜਾ, ਮਾਲ ਪਸ਼ੂ ਆਦਿ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਵੱਡੇ ਭਰਾਤਾ ਬਾਬਾ ਜਗਜੀਤ ਸਿੰਘ ਜੀ ਨਾਲ ਬਾਬਾ ਬੀਰ ਸਿੰਘ ਜੀ ਸਦਾ ਤਤਪਰ ਰਹੇ। ਆਪ ਦੀ

ਨਿਗਰਾਨੀ ਹੇਠ ਹੀ ਜੀਵਨ ਨਗਰ ਦੇ ਮੁੜ ਵਸੇਬੇ ਦੇ ਦਫਤਰ ਨੇ, ਵਸੇਬੇ ਦੇ ਕੇਂਦਰੀ ਦਫ਼ਤਰ ਜਲੰਧਰ ਨਾਲ ਤਾਲ ਮੇਲ ਬੈਠਾ ਕੇ, ਅਵਤਾਰ ਸਿੰਘ ਝੱਬਰ, ਸਰਦੂਲ ਸਿੰਘ ਗਿੱਲ ਪਟਵਾਰੀ ਅਤੇ ਕਰਮ ਸਿੰਘ ਪਟਵਾਰੀ ਸਿਰਸਾ ਦੇ ਸਹਿਯੋਗ ਨਾਲ, ਕੋਈ ਸੱਤ ਹਜਾਰ ਪਰਚੀਆਂ ਤੇ ਸਿੱਖਾਂ ਦੀ ਜ਼ਮੀਨ ਉਪਰੋਕਤ ਪਿੰਡਾਂ ਵਿੱਚ ਅਲਾਟ ਕਰਵਾਉਣ ਦਾ ਵੱਡਾ ਕਾਰਜ ਬਾਖੂਬੀ ਨੇਪਰੇ ਚਾਹੜਿਆ। ਇਸ ਤੋਂ ਬਾਅਦ ਜ਼ਮੀਨੀ ਚੱਕਬੰਦੀ ਦੀ ਨਿਗਰਾਨੀ ਕਰਦਿਆਂ, ਜ਼ਮੀਨ ਖਰੀਦ ਵਾਲੇ ਸਾਰੇ ਪਿੰਡਾਂ ਦੀਆਂ ਪੁਰਾਣੀਆਂ ਹੱਦਬਸਤਾਂ ਤੋੜ ਕੇ ਇਕ ਹੱਦਬਸਤ ਪਟਵਾਰ ਹਲਕਾ ਬਣਾ ਕੇ, ਇਹ ਕਾਰਜ ਸਿਰੇ ਚਾਹੜਿਆ।

ਗਿਆਤ ਹੋਵੇ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਰ ਸਦਕਾ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਪੁੱਤਰ ਰਤਨ ਦੀ ਪ੍ਰਾਪਤੀ ਹੋਈ ਸੀ। ਸੰਨ 1921 ਈ. ਵਿੱਚ ਮਹਾਰਾਜਾ ਨਾਭਾ ਨੇ ਬੀੜ ਮਹਾਰੜੂ ਜੋ ਭਮਾਰਸੀ ਪਿੰਡ ਦੇ ਰਕਬੇ ਵਿੱਚ ਸੀ ਦੀ 52 ਮੁਰੱਬੇ ਜ਼ਮੀਨ, ਸ੍ਰੀ ਭੈਣੀ ਸਾਹਿਬ ਦੇ ਲੰਗਰ ਨੂੰ ਭੇਟਾ ਕੀਤੀ ਸੀ। ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿੱਚ ਆਪਣੀ ਦੇਸ਼ ਭਗਤੀ ਕਾਰਨ ਮਹਾਰਾਜਾ ਨਾਭਾ ਪਹਿਲਾਂ ਵੀ ਰੜਕਦਾ ਸੀ, ਬੀੜ ਕੂਕਿਆਂ ਨੂੰ ਦੇਣ ਬਾਅਦ ਹੋਰ ਰੜਕਣ ਲੱਗਾ। ਨਾਭਾ ਦੇ ਅੰਗਰੇਜ਼ ਪਰਬੰਧਕ ਉਰਗਵੀ ਨੇ ਇਸ ਦਾ ਸਖਤ ਵਿਰੋਧ ਕੀਤਾ। ਇਸ ਤਰ੍ਹਾਂ ਮੁਕਦਮੇਬਾਜ਼ੀ ਸ਼ੁਰੂ ਹੋ ਗਈ। ਦੇਸ਼ ਵੰਡ ਤੋਂ ਬਾਅਦ ਸਾਡੀ ਪੈਪਸੂ ਦੀ ਪ੍ਰਾਂਤਕ ਸਰਕਾਰ ਵੀ ਉਸੇ ਨੀਤੀ ਤੇ ਚੱਲਦੀ ਰਹੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ ਬਾਬਾ ਬੀਰ ਸਿੰਘ ਜੀ ਨੇ ਇਸ ਕੇਸ ਦੀ ਕਾਫੀ ਸਮਾਂ ਸਫਲ ਪੈਰਵਾਈ ਕਰ ਕੇ ਇਸ ਨੂੰ ਜਿੱਤਿਆ। ਅੱਜ ਇਸ ਜ਼ਮੀਨ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਸਾਏ ਹੋਏ ਸੈਂਕੜੇ ਨਾਮਧਾਰੀ ਸਿੰਘ ਆਬਾਦ ਹਨ।

1947-48 ਵਿੱਚ ਉਹਨਾਂ ਪਹਿਲਾਂ ਲਖਨਊ ਅਤੇ ਫਿਰ ਅਲਾਹਾਬਾਦ ਤੋਂ ਹਵਾਈ ਜਹਾਜ਼ ਉਡਾਉਣ ਦੀ ਟਰੇਨਿੰਗ ਲਈ। ਉਹ ਜਲੰਧਰ ਫਲਾਇੰਗ ਕਲੱਬ ਦੇ ਮੈਂਬਰ ਵੀ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦੇਸ ਵਿੱਚ, ਇਕ ਤੋਂ ਦੂਜੀ ਥਾਂ ਲੈ ਕੇ ਜਾਣ ਸਮੇਂ ਉਹ ਪਾਇਲਟ ਦੀ ਸੇਵਾ ਨਿਬਾਹੁੰਦੇ ਸਨ।

ਆਪ ਜੀ ਦਾ ਅਨੰਦ ਕਾਰਜ, 1951 ਵਿੱਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ, ਇਕ ਮੇਲੇ ਸਮੇਂ ਬੀਬੀ ਦਲੀਪ ਕੌਰ ਜੀ ਨਾਲ ਹੋਰਨਾਂ ਜੋੜਿਆਂ ਦੇ ਨਾਲ ਹੀ ਬਿਨਾਂ ਕਿਸੇ ਉਚੇਚੀ ਰਸਮ ਜਾਂ ਵਿਖਾਵੇ ਤੋਂ ਹੋਇਆ। ਆਪ ਸਾਦਗੀ ਪਰਸਤ ਸਨ। ਤੜਕ ਭੜਕ ਅਤੇ ਫਜ਼ੂਲ ਖਰਚੀ ਦੇ ਸਦਾ ਵਿਰੋਧੀ ਰਹੇ। ਬੀਬੀ ਦਲੀਪ ਕੌਰ ਬੱਪੀਆਣਾ (ਮਾਨਸਾ) ਦੇ ਸ੍ਰ. ਨਰਾਇਣ ਸਿੰਘ ਸੇਖੋਂ ਦੀ ਸਪੁੱਤਰੀ ਸਨ। ਸੰਤਾਨ ਵਜੋਂ ਆਪ ਦੇ ਗ੍ਰਹਿ ਵਿਖੇ ਅਗਸਤ 1953 ਵਿੱਚ ਠਾਕੁਰ ਦਲੀਪ ਸਿੰਘ ਜੀ ਅਤੇ 20 ਜੁਲਾਈ 1958 ਨੂੰ ਠਾਕੁਰ ਉਦੇ ਸਿੰਘ ਜੀ ਦਾ ਆਗਮਨ ਹੋਇਆ।

21-22 ਅਗਸਤ 1959 ਦੀ ਦਰਮਿਆਨੀ ਰਾਤ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। ਸਤਿਗੁਰੂ ਜੀ ਦੇ ਉਸੇ ਸ਼ਾਮ ਨੂੰ ਹੋਣ ਵਾਲੇ ਸਸਕਾਰ ਤੋਂ ਪਹਿਲਾਂ, ਆਪ ਨੇ ਆਪਣੀ ਰੁਮਾਲੀ ਵਿਛਾ ਕੇ ਵੱਡੇ ਭਰਾਤਾ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰੂ ਰੂਪ ਵਿੱਚ ਸਭ ਤੋਂ ਪਹਿਲਾਂ ਸੀਸ ਨਿਵਾਇਆ। ਫਿਰ ਪਰਿਵਾਰ ਦੇ ਵੱਡਿਆਂ ਸ੍ਰੀ ਮਹਾਰਾਜ ਜੰਗ ਸਿੰਘ ਜੀ ਅਤੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੇ ਵੀ ਵਾਰੀ-ਵਾਰੀ ਆਪ ਨੂੰ ਮੱਥਾ ਟੇਕ ਕੇ, ਗੁਰਤਾ ਜੋਤ ਨੂੰ ਨਮਸਕਾਰ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਖਰੀ ਸਮੇਂ ਵਿੱਚ ਮਹਾਰਾਜ ਬੀਰ ਸਿੰਘ ਜੀ ਨੇ ਲਗਾਤਾਰ ਆਪ ਦੀ ਸੇਵਾ ਸੰਭਾਲ ਬੜੀ ਜੀ ਜਾਨ ਨਾਲ ਕੀਤੀ। ਫਿਰ 10 ਸਤੰਬਰ 1959 ਨੂੰ ਹੋਣ ਵਾਲੇ ਸ਼ਰਧਾਂਜਲੀ ਅਤੇ ਦਸਤਾਰਬੰਦੀ ਸਮਾਗਮ ਨੂੰ ਸਫ਼ਲਤਾ ਪੂਰਵਕ ਨਿਬਾਹੁਣ ਵਿੱਚ ਆਪ ਦਾ ਵੱਡਾ ਯੋਗਦਾਨ ਸੀ। ਇਸ ਤੋਂ ਬਾਅਦ ਜੀਵਨ ਪ੍ਰਯੰਤ ਮਹਾਰਾਜ ਜੀ ਨੇ ਸਤਿਗੁਰੂ ਜੀ ਨਾਲ ਭਰਾਵਾਂ ਵਾਲਾ ਨਹੀਂ ਸਗੋਂ ਸਤਿਗੁਰੂ ਅਤੇ ਸਿੱਖ ਵਾਲਾ ਰਿਸ਼ਤਾ ਹੀ ਸਮਝਿਆ। ਉਹ ਸਮਰਪਿਤ ਸਿੱਖ ਜਿਉਂ ਵਿਚਰੇ।

ਉਹ ਖੇਤੀ ਬਾੜੀ ਦੇ ਨਾਲ-ਨਾਲ ਪਸ਼ੂ ਧਨ ਦੀ ਉੱਨਤੀ ਵਿੱਚ ਵੀ ਵਿਸ਼ੇਸ਼ ਦਿਲਚਸਪੀ ਲੈਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਤਿਆਰ ਹੋਈ ਜੀਵਨ ਨਗਰ ਦੀ ਗਊਸ਼ਾਲਾ ਵਿੱਚ, ਸਾਹੀਵਾਲ, ਥਾਰਪਾਰਕਰ ਅਤੇ ਹਰਿਆਣਾ ਨਸਲਾਂ ਦੀਆਂ ਗਊਆਂ ਦੀਆਂ ਸੁਧਰੀਆਂ ਨਸਲਾਂ ਤਿਆਰ ਕੀਤੀਆਂ ਜਾਂਦੀਆਂ ਸਨ। ਇਸ ਗਊਸ਼ਾਲਾ ਦੀਆਂ ਗਊਆਂ ਪ੍ਰਾਂਤਕ ਅਤੇ ਕੌਮੀ ਪੱਧਰ ਦੇ ਇਨਾਮ, ਦੁੱਧ ਅਤੇ ਸੁੰਦਰਤਾ ਮੁਕਾਬਲਿਆਂ ਵਿੱਚ ਜਿੱਤਦੀਆਂ ਰਹੀਆਂ। ਇਸੇ ਗਊਸ਼ਾਲਾ ਦੀ ਚਿੱਤਰਫੀ ਫੈਲੀ ਮਹਿਮਾ ਸਦਕਾ, ਸਤਿਗੁਰੂ ਜਗਜੀਤ ਸਿੰਘ ਜੀ ਨੂੰ 1963-

64 ਲਈ ਗਊ ਪਾਲਣ ਦੇ ਸਰਵਉਚ ਸਨਮਾਨ, 'ਗੋਪਾਲ ਰਤਨ' ਨਾਲ ਕੇਂਦਰੀ ਗੋ ਸੰਵਰਧਨ ਪ੍ਰੀਸ਼ਦ ਨੇ ਸਨਮਾਨਿਤ ਕੀਤਾ। ਜੀਵਨ ਦੇ ਆਖਰੀ ਪੜਾਅ ਤੱਕ ਮਹਾਰਾਜ ਜੀ ਆਪਣੀ ਇੱਕ-ਇੱਕ ਗਊ ਦਾ ਹਰ ਰੋਜ਼ ਦਾ ਰੀਕਾਰਡ ਅਤੇ ਸਿਹਤ ਦੀ ਪੜਤਾਲ ਕਰਦੇ। ਜੀਵਨ ਨਗਰ ਦਾ ਉਹਨਾਂ ਦਾ ਘੋੜਿਆਂ ਦਾ ਸਟੱਡ ਵੀ ਉਮਦਾ ਨਸਲ ਦੇ ਘੋੜਿਆਂ ਲਈ ਮਸ਼ਹੂਰ ਸੀ। ਮੱਝਾਂ ਦੀ ਅਦੁੱਤੀ ਪਰਖ ਸਦਕਾ ਉਹ ਕਈ ਪਸ਼ੂ ਮੁਕਾਬਲਿਆਂ ਵਿੱਚ ਜੱਜ ਬਣਾਏ ਜਾਂਦੇ। ਆਪ ਅਕਸਰ ਪਸ਼ੂ ਪਰਦਰਸ਼ਨੀਆਂ ਆਯੋਜਿਤ ਕਰ ਕੇ ਚੰਗੇ ਪਸ਼ੂ ਪਾਲਕਾਂ ਨੂੰ ਉਤਸ਼ਾਹਿਤ ਕਰਿਆ ਕਰਦੇ ਸਨ।

ਇਕ ਵੇਰ ਮਹਾਰਾਜ ਜੀ ਨੇ ਕਲਕੱਤੇ ਤੋਂ ਬੁੱਚੜਖਾਨਿਆਂ ਵੱਲ ਜਾ ਰਹੀਆਂ ਗਊਆਂ ਨੂੰ ਖਰੀਦ ਕੇ, ਆਪਣੀ ਗਊਸ਼ਾਲਾ ਦਾ ਐਸਾ ਭਾਗ ਬਣਾਇਆ ਕਿ ਛੁਰੀ ਹੇਠੋਂ ਕੱਢੀਆਂ, ਇਹਨਾਂ ਵਿੱਚੋਂ ਕੁਝ ਗਊਆਂ ਨੇ ਦੁੱਧ ਦੇਣ ਵਿੱਚ ਅਚੰਭਾ ਜਨਕ ਰੀਕਾਰਡ ਬਣਾਇਆ। ਮਹਾਰਾਜ ਜੀ ਖੇਤੀ ਬਾੜੀ ਦੇ ਕੰਮਾਂ ਵਿੱਚ ਸ਼ਾਮਲ ਹੁੰਦੇ ਹੀ ਲੰਗਰ ਲਈ ਆਪ ਲੱਕੜਾਂ ਵੀ ਕੱਟਿਆ ਕਰਦੇ ਸਨ। ਉਹ ਹੱਥੀਂ ਕੰਮ ਕਰਨ ਨੂੰ ਵਡਿਆਉਂਦੇ ਸਨ ਅਤੇ ਕਿਰਤੀ ਸਿੱਖਾਂ ਦਾ ਆਦਰ ਸਤਿਕਾਰ ਕਰਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਸਮੇਂ ਦੇਸ਼ ਦੁਨੀਆਂ ਵਿੱਚ ਸਾਮਰਾਜ ਵੱਲੋਂ ਤੀਜੀ ਠੰਢੀ ਜੰਗ ਰੋਕਣ ਲਈ, ਸਮਾਜਵਾਦੀ ਖੇਮੇ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਅਮਨ ਲਹਿਰ ਸਰਗਰਮ ਸੀ। ਸਤਿਗੁਰੂ ਜੀ ਅਮਨ ਕਾਊਂਸਿਲ ਦੀ ਪੰਜਾਬ ਕਮੇਟੀ ਦੇ ਪ੍ਰਧਾਨ ਸਨ। ਆਪ ਜੀ ਨਾਂ ਸਿਰਫ ਦੇਸ਼ ਵਿੱਚ ਹੋਣ ਵਾਲੀਆਂ ਅਮਨ ਕਾਨਫਰੰਸਾਂ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਾਮਲ ਹੁੰਦੇ ਸਗੋਂ ਉਹਨਾਂ ਦੇ ਹੁਕਮ ਤੇ ਮਰਿਆਦਾ ਦੇ ਆਪਣੇ ਕਰੜੇ ਬੰਧੇਜ ਦੇ ਬਾਵਜੂਦ, ਵਿਦੇਸ਼ਾਂ ਵਿੱਚ ਵੀ ਸਤਿਗੁਰੂ ਜੀ ਦੀ ਐਸੇ ਸਮੇਂ ਪ੍ਰਤੀਨਿਧਤਾ ਕਰਦੇ ਸਨ। 1965 ਵਿੱਚ ਆਪ ਹੇਲਸਿੰਕੀ (ਫਿਨਲੈਂਡ) ਦੀ ਵਿਸ਼ਵ ਅਮਨ ਕਾਨਫਰੰਸ ਵਿੱਚ ਸ਼ਾਮਲ ਹੋਏ। ਖੂਹ ਉਧਰ ਨਹੀਂ, ਨਦੀ ਚਸ਼ਮੇਂ ਜਾਂ ਝੀਲਾਂ ਦਾ ਜਲ ਛਕ ਕੇ, ਸਿਰਫ ਫਲਾਹਾਰ ਦੁਆਰਾ ਜਿਵੇਂ ਉਹਨਾਂ ਨੇ ਪਰਸ਼ਾਦਾ ਛਕਣ ਤੋਂ ਬਿਨਾਂ ਕਈ ਦਿਨ ਬਿਤਾਏ, ਇਸ ਲਈ ਸਥਾਨਕ ਲੋਕਾਂ ਅਤੇ ਹੋਰ ਡੈਲੀਗੇਟਾਂ ਤੇ ਵੀ ਪ੍ਰਭਾਵ ਪਿਆ। ਆਪ ਦੇ ਜ਼ਾਬਤਾ ਬੱਧ ਨਾਮਧਾਰੀ ਪਿਛੋਕੜ ਵਾਲੇ ਜੀਵਨ ਤੇ



ਵਿਦੇਸ਼ੀ ਅਖਬਾਰਾਂ ਵਿੱਚ ਆਪ ਦੇ ਚਿਤਰਾਂ ਸਮੇਤ ਕਈ ਉਤਸ਼ਾਹਜਨਕ ਰੀਪੋਰਟਾਂ ਛਪੀਆਂ ਸਨ। ਇਸੇ ਤਰ੍ਹਾਂ ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਵਿੱਚ ਵੀ ਆਪ ਸ੍ਰੀ ਲੰਕਾ, ਅਮਰੀਕਾ ਅਤੇ ਹਾਲੈਂਡ ਵਿੱਚ ਭਾਗ ਲੈਣ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਨੇ ਬੰਗਲੌਰ (ਕਰਨਾਟਕ) ਦੇ ਨਜ਼ਦੀਕ ਇਕ ਬੇਅਬਾਦ ਜ਼ਮੀਨ ਖਰੀਦ ਕੇ 1973 ਤੋਂ 80 ਈ. ਤੱਕ ਉਸ ਭੂਮੀ ਨੂੰ ਆਬਾਦ ਕਰਨ ਵਿੱਚ, ਉੱਥੇ ਰਹਿ ਕੇ ਵੱਡਾ ਯੋਗਦਾਨ ਪਾਇਆ। ਇੱਥੇ ਸਥਾਪਿਤ ਇਹ ਨਾਮਧਾਰੀ ਫਾਰਮ ਬਾਅਦ ਵਿੱਚ ਠਾਕੁਰ ਉਦੇ ਸਿੰਘ ਜੀ ਦੀ ਕੁਸ਼ਲ ਅਗੁਆਈ ਹੇਠ, ਦੇਸ਼ ਦੁਨੀਆਂ ਵਿੱਚ ਆਪਣੀ ਨਿਵੇਕਲੀ ਪਹਿਚਾਣ ਕਾਇਮ ਕਰ ਗਿਆ ਹੈ। ਮਹਾਰਾਜ ਜੀ ਵੱਲੋਂ ਅਰੰਭਿਆ ਮੁੱਢਲਾ ਯਤਨ ਅੱਜ ਇਕ ਬਹੁਪਰਤੀ ਵਿਸ਼ਾਲ ਕੌਮਾਂਤਰੀ ਅਦਾਰੇ ਦਾ ਰੂਪ ਧਾਰਨ ਕਰ ਚੁੱਕਾ ਹੈ।

ਮਹਾਰਾਜ ਜੀ ਕਦੇ ਵੀ ਆਪਣੇ ਸਮੇਂ ਦਾ ਇਕ ਪਲ ਵੀ ਅਜਾਈਂ ਨਹੀਂ ਜਾਣ ਦਿੰਦੇ ਸਨ। ਵੱਡੇ ਤੜਕੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਸਦਾ ਹਰ ਹਾਲਤ ਵਿੱਚ ਨਿਬਾਹੁੰਦੇ ਰਹੇ।

ਨਾਮ ਬਾਣੀ ਦਾ ਅਭਿਆਸ ਸਦਾ ਚੱਲਦਾ ਰਹਿੰਦਾ ਸੀ। ਆਉਣ ਵਾਲੀਆਂ ਸੰਗਤਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਉਹਨਾਂ ਦੀਆਂ ਮੁਸ਼ਕਿਲਾਂ ਦਾ ਸਮਾਧਾਨ ਵੀ ਕਰਿਆ ਕਰਦੇ ਸਨ। ਦੇਸ਼ ਅਤੇ ਹਰਿਆਣਾ ਪੰਜਾਬ ਦੇ ਬਹੁਤ ਸਾਰੇ ਵੱਡੇ ਸਿਆਸੀ, ਸਮਾਜਿਕ ਆਗੂਆਂ ਨਾਲ ਵੀ ਆਪ ਦੇ ਨੇੜਲੇ ਸਬੰਧ ਰਹੇ ਸਨ। 1996 ਅਤੇ 1999 ਵਿੱਚ ਦੋ ਵੇਰ ਸਰੀਰ ਨੂੰ ਵੱਡੇ ਝਟਕੇ, ਦੌਰਿਆਂ ਦੇ ਰੂਪ ਵਿੱਚ ਲੱਗੇ। ਪ੍ਰੰਤੂ ਆਪ ਆਪਣੀ ਦ੍ਰਿੜ ਇੱਛਾ ਸ਼ਕਤੀ ਨਾਲ ਸੁਅਸਥ ਹੋ ਗਏ ਅਤੇ ਫਿਰ ਆਪਣੀ ਦਿਨ ਚਰਿਆ ਉਸੇ ਤਰ੍ਹਾਂ ਨਿਬਾਹੁੰਦੇ ਰਹੇ। 9 ਅਕਤੂਬਰ 2008 ਨੂੰ ਫਿਰ ਅਟੈਕ ਹੋਇਆ ਤਾਂ ਪਹਿਲਾਂ ਬਠਿੰਡਾ ਬਾਅਦ ਵਿੱਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸਤਿਗੁਰੂ ਪਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਲਿਆਏ ਗਏ। ਇਸ ਹਸਪਤਾਲ ਵਿੱਚ 11 ਅਕਤੂਬਰ 2008 ਨੂੰ ਸੁਬਹਾ ਪੰਜ ਵਜੇ ਆਪ ਜੀਵਨ ਯਾਤਰਾ ਸੰਪੂਰਨ ਕਰ ਗਏ। ਦੇਹ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਬੇਬੇ ਦਲੀਪ ਕੌਰ ਜੀ ਦੇ ਬੇਨਤੀ ਕਰਨ ਤੇ ਮਹਾਰਾਜ ਜੀ ਦੇ ਸਰੀਰ ਤੇ ਸਨੇਹ ਭਰੇ ਹਸਤ ਕੰਵਲ ਫੇਰ ਕੇ ਆਪਣਾ ਅਸ਼ੀਰਵਾਦ ਦਿੱਤਾ। ਸਾਰੇ ਗੁਰੂ ਪਰਿਵਾਰ ਅਤੇ ਹਜ਼ਾਰਾਂ ਸੰਗਤਾਂ ਦੇ ਇਕੱਠ ਵਿੱਚ, ਸ੍ਰੀ ਭੈਣੀ ਸਾਹਿਬ ਵਿਖੇ ਆਪ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ ਸਾਲਾਨਾ ਜਪ ਪ੍ਰਯੋਗ, ਅੱਸੂ ਦਾ ਮੇਲਾ ਚੱਲ ਰਿਹਾ ਸੀ। ਇਸੇ ਮੇਲੇ ਵਿੱਚ 15 ਅਕਤੂਬਰ ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਪ ਜੀ ਦੇ ਨਮਿਤ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਜੀ ਨੇ ਆਪਣੇ ਛੋਟੇ ਭਰਾਤਾ ਦੇ ਮਹਾਨ ਜੀਵਨ ਸਫ਼ਰ ਤੇ ਝਾਤ ਪਾਉਂਦਿਆਂ ਫ਼ਰਮਾਇਆ ਸੀ- "ਉਹ ਉਮਰ ਵਿੱਚ ਭਾਂਵੇਂ ਮੇਰੇ ਤੋਂ ਛੋਟੇ ਸਨ ਪਰ ਆਪਣੇ ਗੁਣਾਂ ਕਰ ਕੇ ਮੇਰੇ ਤੋਂ ਵੱਡੇ ਸਨ।

ਮਹਾਰਾਜ ਜੀ ਆਪਣਾ ਦਿਨ ਦਾ ਵਿਹਲਾ ਸਮਾਂ ਪੁਸਤਕਾਂ, ਅਖਬਾਰਾਂ, ਰਸਾਲਿਆਂ ਨੂੰ ਪੜ੍ਹਨ ਵਿੱਚ ਬਿਤਾਉਂਦੇ ਸਨ। ਉਹ ਬਹੁਤ ਵੱਡੇ ਪੁਸਤਕ ਪ੍ਰੇਮੀ ਸਨ। ਇਤਿਹਾਸ, ਖੋਜ ਨਾਲ ਸੰਬੰਧਿਤ ਪੁਸਤਕਾਂ ਉਚੇਚੇ ਯਤਨ ਨਾਲ ਮੰਗਵਾਉਂਦੇ। ਉਹਨਾਂ ਦਾ ਲੇਖਨ ਕਾਰਜ ਵੀ ਨਿਰੰਤਰ ਚੱਲਦਾ ਰਹਿੰਦਾ। ਦੇਸ਼ ਬਟਵਾਰੇ ਤੋਂ ਛੇਤੀ ਬਾਅਦ ਨਾਮਧਾਰੀ ਦਰਬਾਰ ਦਾ ਸਪਤਾਹਿਕ ਪਰਚਾ 'ਸਤਿਜੁਗ' ਸ੍ਰੀ ਜੀਵਨ ਨਗਰ ਤੋਂ ਛਪਣਾ ਸ਼ੁਰੂ ਹੋਇਆ। ਮਹਾਰਾਜ ਜੀ ਦਾ ਨਿਵਾਸ ਅਸਥਾਨ ਵੀ ਜੀਵਨ ਨਗਰ ਵਿਖੇ ਹੀ ਸੀ, ਸੋ ਸਤਿਜੁਗ ਦੇ ਵਿਸ਼ੇਸ਼ ਅੰਕਾਂ ਦੀ ਤਿਆਰੀ ਵਿੱਚ ਉਹ ਸੰਪਾਦਕ ਨਾਲ ਹੱਥ ਵਟਾਇਆ ਕਰਦੇ ਸਨ। ਵਿਦਿਆਰਥੀ ਜੀਵਨ ਵਿੱਚ ਉਹ ਸਤਿਜੁਗ ਦੇ ਮੈਟਰ ਦੀ ਕੰਪੋਜ਼ਿੰਗ ਵੀ ਕਰਦੇ ਰਹੇ ਸਨ। ਸਤਿਜੁਗ ਦੇ ਵਿਸ਼ੇਸ਼ ਅੰਕਾਂ ਜਿਹਾ ਕਿ ਗਊ ਅੰਕ, ਗੁਰੂ ਨਾਨਕ ਅੰਕ, ਦਸ਼ਮੇਸ਼ ਅੰਕ, ਪਰਦੇਸ਼ ਗਵਨ ਸ਼ਤਾਬਦੀ ਅੰਕ, ਦੋ ਭਾਗਾਂ ਵਿੱਚ "ਸਤਿਗੁਰੂ ਪਰਤਾਪ ਸਿੰਘ ਆਗਮਨ ਸ਼ਤਾਬਦੀ ਅੰਕ", ਸਤਿਜੁਗ ਦਾ 65 ਸਾਲਾ ਅੰਕ, ਆਦਿ ਉਹਨਾਂ ਦੀ ਦੇਖ ਰੇਖ ਵਿੱਚ ਛਪੇ, ਸਾਂਭਣ ਯੋਗ ਅੰਕ ਹਨ। ਇਹਨਾਂ ਵਿੱਚੋਂ ਕਾਫ਼ੀ ਅੰਕਾਂ ਵਿੱਚ ਗੁਰਮਤਿ, ਨਾਮਧਾਰੀ ਸਿਧਾਂਤ ਅਤੇ ਇਤਿਹਾਸ ਬਾਰੇ ਆਪ ਦੀਆਂ ਖੋਜ ਭਰਪੂਰ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਇਕ ਬਹੁਤ ਵੱਡੇ ਇਤਿਹਾਸਕ ਕੇਂਦਰ, ਪਹਿਲਾਂ ਸ੍ਰੀ ਭੈਣੀ ਸਾਹਿਬ ਅਤੇ ਫਿਰ ਜੀਵਨ ਨਗਰ ਨਾਲ ਜੁੜੇ ਰਹਿਣ ਕਾਰਨ, ਪੰਜਾਬ ਅਤੇ ਦੇਸ਼ ਦੇ ਇਤਿਹਾਸ ਦੇ ਕਈ ਮੌਖਿਕ ਪਰਸੰਗ ਆਪ ਨੂੰ ਯਾਦ ਸਨ। ਜਿਹਨਾਂ ਦਾ ਉਪਯੋਗ ਉਹ ਆਪਣੀ ਲਿਖਤ ਵਿੱਚ ਕਰਿਆ ਕਰਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਪ੍ਰਕਾਸ਼ ਸ਼ਤਾਬਦੀ ਸਮੇਂ ਸਤਿਜੁਗ ਨੇ "ਦਸ਼ਮੇਸ਼-ਅੰਕ", ਜਨਵਰੀ 1967 ਵਿੱਚ ਪ੍ਰਕਾਸ਼ਿਤ ਕੀਤਾ। ਇਸ ਵਿੱਚ ਮਹਾਰਾਜ ਜੀ ਦੀ ਇਕ ਖੋਜ ਪੂਰਨ ਰਚਨਾ, "ਸ੍ਰੀ ਦਸਮ ਗ੍ਰੰਥ ਗੁਰਬਾਣੀ ਨਹੀਂ?" ਛਪੀ ਹੈ। ਦਰਅਸਲ ਸਿੱਖਾਂ ਵਿੱਚ ਨਾਮਧਾਰੀਆਂ, ਨਿਹੰਗ ਸਿੰਘਾਂ ਅਤੇ ਕੁਝ ਹੋਰ ਸੰਪਰਦਾਵਾਂ ਨੂੰ ਛੱਡ ਕੇ ਦਿਨੋ ਦਿਨ ਇਹ ਖਿਆਲ ਜੋਰ ਫੜ ਰਿਹਾ ਸੀ ਕਿ ਦਸਮ ਗ੍ਰੰਥ, ਕੁਝ ਕੁ ਬਾਣੀਆਂ ਨੂੰ ਛੱਡ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ। ਮਹਾਰਾਜ ਜੀ ਨੇ ਯੁਕਤੀ ਪੂਰਵਕ ਇਸ ਲੇਖ ਵਿੱਚ ਸਿੱਧ ਕੀਤਾ ਹੈ ਕਿ ਇਹ ਗੁਰੂ ਸਾਹਿਬ ਦੀ ਹੀ ਰਚਨਾ ਹੈ। ਉਹਨਾਂ ਲਿਖਿਆ ਕਿ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਤੇ ਸਿੱਖ-ਜਗਤ ਦੀ ਅਰਦਾਸ ਆਧਾਰਿਤ ਹੈ। ਸਿੱਖਾਂ ਵਿੱਚ ਪ੍ਰਚਲਿਤ ਅੰਮ੍ਰਿਤ ਤਿਆਰ ਕਰਨ ਸਮੇਂ 'ਸ੍ਰਾਵਗ ਸੁਧ ਸਮੂਹ ਸਿਧਾਨ ਕੇ' ਸਵੱਈਏ ਅਤੇ ਚੌਪਈ, "ਹਮਰੀ ਕਰੋ ਹਾਥ ਦੈ ਰਛਾ", ਉਸ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵੀ ਦਸਮ ਗ੍ਰੰਥ ਵਿੱਚ ਹੀ ਦਰਜ ਹਨ। ਇਸ ਲਈ ਦਸਮ ਗ੍ਰੰਥ ਤੇ ਕੋਈ ਵੀ ਹਮਲਾ ਸਿੱਖੀ ਦੀਆਂ ਬੁਨਿਆਦਾਂ ਤੇ ਹਮਲਾ ਹੈ। ਜਿਹੜੇ ਸੱਜਣ ਚੰਡੀ ਦੀ ਵਾਰ ਨੂੰ ਵੀ ਦਸਮ-ਗੁਰੂ ਕ੍ਰਿਤ ਨਹੀਂ

ਮੰਨਦੇ ਉਹਨਾਂ ਨੂੰ ਆਪ ਇਉਂ ਸੰਬੋਧਿਤ ਹੁੰਦੇ ਹਨ।

"ਜੇ ਇਹ ਚੰਡੀ ਦੀ ਵਾਰ ਕਿਸੇ ਉਸ ਕਵੀ ਦੀ ਰਚਨਾ ਹੈ ਜੋ ਗੁਰੂ ਜੀ ਦਾ ਦਰਬਾਰੀ ਕਵੀ ਸੀ ਤਦ ਓਸਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਤੱਕ ਪਹਿਲੀ ਪਉੜੀ ਸਮਾਪਤ ਨਹੀਂ ਸੀ ਕਰ ਦੇਣੀ ਚਾਹੀਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖ ਦੇਣ ਵਿੱਚ ਉਸ ਨੂੰ ਕਿਉਂ ਸੰਕੋਚ ਹੋਇਆ। ਬਲਕਿ ਕਵੀ ਭੱਟ ਆਦਿ ਸ਼੍ਰੇਣੀ ਦੀ ਕੁਦਰਤੀ ਪ੍ਰਕਿਰਤੀ ਹੈ ਕਿ ਆਪਣੇ ਸਵਾਮੀ ਦੀ ਵੱਧ ਤੋਂ ਵੱਧ ਸਿਫਤ ਕਰਨੀ। ਜੇ ਇਹ ਦਸਮ ਗ੍ਰੰਥ ਕਵੀਆਂ ਦੀ ਬਾਣੀ ਹੈ ਤਾਂ ਸ੍ਰੀ ਦਸ਼ਮੇਸ਼ ਜੀ ਦੀ ਸਿਫਤ ਤੋਂ ਬਿਨਾਂ ਕਿਉਂ ਹੈ? ਕਿਸੇ ਜਗ੍ਹਾ ਤਾਂ ਗੁਰੂ ਜੀ ਦੀ ਸਿਫਤ ਸਿੱਧੇ ਸ਼ਬਦਾਂ ਵਿੱਚ ਆਉਂਦੀ। ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿੱਚ ਭੱਟਾਂ ਦੀ ਬਾਣੀ ਹੈ ਉਹਨਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਤੱਕ (ਉਹਨਾਂ ਦੇ ਸਮਕਾਲੀ ਜਾਂ ਪਹਿਲੇ) ਸਭ ਗੁਰੂਆਂ ਦੀ ਸਿਫਤ ਕੀਤੀ ਹੈ।... ਜੇ ਦਸ਼ਮੇਸ਼ ਜੀ ਦੇ ਦਰਬਾਰੀ ਕਵੀ ਸਨ ਉਹਨਾਂ ਨੇ ਏਡੀ ਵੱਡੀ ਸਾਹਿਤ ਰਚਨਾ ਕੀਤੀ, ਪਿਛਲੇ ਸਭ ਗੁਰੂ ਸਾਹਿਬਾਨ ਦੇ ਨਾਮ ਬਚਿੱਤਰ ਨਾਟਕ ਅਤੇ ਚੰਡੀ ਦੀ ਵਾਰ ਵਿੱਚ ਲਿਖੇ ਅਤੇ ਆਪਣੇ ਸਵਾਮੀ ਦਾ ਨਾਮ ਹੀ ਨਹੀਂ ਲਿਖਿਆ।"

(ਦਸ਼ਮੇਸ਼-ਅੰਕ, ਸਫਾ 116)

ਗਊ ਅੰਕ, 1968 ਈ. ਵਿੱਚ ਮਹਾਰਾਜ ਜੀ ਨੇ ਆਪਣੇ ਲੇਖ, "ਸਿੱਖ ਧਰਮ ਵਿੱਚ ਗਊ ਦਾ ਸਥਾਨ" ਵਿੱਚ ਦੱਸਿਆ ਹੈ ਕਿ ਪੰਜਾਬ ਦਾ ਮੁਸਲਮਾਨ ਵੀ ਗਊ-ਮਾਸ ਨਹੀਂ ਖਾਂਦਾ ਸੀ ਅਤੇ ਇਹ ਵਿਦੇਸ਼ੀ ਅੰਗਰੇਜ਼ੀ ਹਾਕਮ ਸਨ ਜਿਹਨਾਂ ਨੇ ਪੰਜਾਬ ਕਬਜ਼ੇ ਵਿੱਚ ਕਰਦਿਆਂ ਹੀ ਅੰਮ੍ਰਿਤਸਰ ਜੈਸੇ ਪਵਿੱਤਰ ਸਿੱਖ ਅਸਥਾਨਾਂ ਦੇ ਪਾਸ ਬੁੱਚੜਖਾਨੇ ਖੁਲ੍ਹਵਾਏ ਸਨ। ਉਹਨਾਂ ਦੇ ਮੁਤਾਬਿਕ ਗਊ ਰੱਖਿਆ ਸਿੱਖ ਸੰਸਕ੍ਰਿਤੀ ਦਾ ਅਭਿੰਨ ਅੰਗ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਅਵਤਾਰ ਸ਼ਤਾਬਦੀ ਸਮੇਂ 'ਸਤਿਜੁਗ' ਦਾ "ਅਟੱਲ ਪਰਤਾਪੀ ਆਗਮਨ ਸ਼ਤਾਬਦੀ ਅੰਕ, ਅਪਰੈਲ 1990 ਵਿੱਚ ਛਪਿਆ। ਇਸ ਵਿੱਚ ਮਹਾਰਾਜ ਜੀ ਦਾ 'ਗਊ-ਗਰੀਬ ਦੇ ਪਾਲਕ' ਅਨੁਮਾਨ ਹੇਠ ਲੰਬਾ ਲੇਖ ਛਪਿਆ। ਸਤਿਗੁਰੂ ਜੀ ਦੇ ਦੀਨੀ ਦੁਨਿਆਵੀ ਮਹਾਨ ਕਾਰਜਾਂ ਅਤੇ ਆਮ ਲੋਕਾਂ ਤੇ ਕੀਤੀਆਂ ਬਖਸ਼ਿਸ਼ਾਂ ਦੇ ਵਰਨਣ ਤੋਂ ਬਿਨਾਂ ਉਹਨਾਂ ਨਾਲ ਸੰਬੰਧਿਤ ਇਤਿਹਾਸਿਕ ਵਾਕਿਆਤ, ਰੌਚਕ ਸੰਸਮਰਨਾਂ ਦੇ ਰੂਪ ਵਿੱਚ ਦਰਜ ਕੀਤੇ।

ਸ੍ਰੀ ਸਤਿਗੁਰੂ ਜੀ ਨੂੰ ਪਸ਼ੂਆਂ ਦੀ ਐਸੀ ਪਰਖ ਸੀ ਕਿ ਦੇਖਦਿਆਂ ਹੀ ਆਪ ਉਨ੍ਹਾਂ ਦੇ ਗੁਣ ਔਗੁਣ ਦੱਸ ਦਿੰਦੇ। ਗਊਆਂ ਅਤੇ ਘੋੜਿਆਂ ਨਾਲ ਆਪ ਜੀ ਦਾ ਵਿਸ਼ੇਸ਼ ਸਨੇਹ ਸੀ। ਆਪ ਜੀ ਦੀ ਸਵਾਰੀ ਦਾ ਘੋੜਾ ਹੋਵੇ ਜਾਂ ਘੋੜੀ ਉਸ ਤੇ ਆਮ ਸਵਾਰ ਨਹੀਂ ਬੈਠ ਸਕਦਾ ਸੀ। ਸੁਸਤ ਘੋੜੇ ਦੀ ਸਵਾਰੀ ਆਪ ਜੀ ਕਦੇ ਪਸੰਦ ਨਹੀਂ ਸਨ ਕਰਦੇ।

"1996 ਸੰਬਤ (1939 ਈ.) ਵਿੱਚ ਸਟੇਟ ਪੀਪਲਜ਼ ਕਾਨਫਰੰਸ ਵਿੱਚ ਲੁਧਿਆਣੇ ਜਲੂਸ ਵਿੱਚ ਪੰਡਿਤ ਜਵਾਹਰ ਲਾਲ ਜੀ ਨੂੰ ਆਪ ਨੇ ਆਪਣੀ ਸਵਾਰੀ ਵਾਲੀ ਬਹੁਤ ਸੁੰਦਰ ਘੋੜੀ ਦਿੱਤੀ। ਇਹ ਘੋੜੀ ਸ੍ਰ. ਸ਼ਾਮ ਸਿੰਘ ਮਾਨਾਂ ਵਾਲੀਏ ਨੇ ਸਤਿਗੁਰੂ ਜੀ ਨੂੰ ਮੱਥਾ ਟੇਕੀ ਸੀ। ਜਦ ਜਲੂਸ ਵਿੱਚ ਗੋਲੇ ਚੱਲੇ ਤਾਂ ਘੋੜੀ ਤਲਖ ਹੋਈ। ਪੰਡਿਤ ਜੀ ਪਾਸੋਂ ਘੋੜੀ ਨਾ ਸੰਭਾਲੀ ਗਈ। ਉਸ ਵਕਤ ਆਪ ਜੀ ਨੇ ਸੁਸਤ ਤਬੀਅਤ ਵਾਲੀ ਇਕ ਘੋੜੀ ਪੰਡਿਤ ਜੀ ਨੂੰ ਦਿੱਤੀ ਅਤੇ ਆਪ ਉਸ ਤੇ ਸਵਾਰ ਹੋਏ। ਆਪ ਜੀ ਦੀ ਸਵਾਰੀ ਹੇਠ ਉਹ ਘੋੜੀ ਸਾਰੇ ਜਲੂਸ ਵਿੱਚ ਪੂਰੀ ਤਰ੍ਹਾਂ ਕਾਬੂ ਵਿੱਚ ਰਹੀ।" (ਸ਼ਤਾਬਦੀ ਅੰਕ, ਸਫਾ 13)

ਇਸ ਸਮੇਂ 'ਸ਼ਤਾਬਦੀ ਅੰਕ' ਭਾਗ ਦੂਜਾ ਮਈ 1991 ਵਿੱਚ ਛਪਿਆ। ਇਸ ਵਿੱਚ "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਅਵਤਾਰ ਅਤੇ ਆਰੰਭਿਕ ਸਮਾਂ ਮਹਾਰਾਜ ਜੀ ਦਾ ਇਕ ਲੇਖ ਛਪਿਆ। ਆਪ ਨੇ ਭਵਿੱਖ ਬਾਣੀਆਂ, ਵੱਡ ਤੀਰਥ ਦੀ ਸਾਖੀ, ਮਸਤ ਸ਼ੇਰ ਸਿੰਘ ਡੱਫਰਕੇ ਵਾਲੇ ਦੇ ਅਜਗੈਬੀ ਬੋਲਿਆਂ, ਭੈਣੀ ਸਾਹਿਬ ਦੇ ਗੁਆਂਢੀ ਪਿੰਡ ਬਿਜਲੀਪੁਰ ਦੇ ਫਕੀਰ ਸ਼ਫੀ ਮੁਹੰਮਦ ਦੇ ਸਤਿਗੁਰੂ-ਜੋਤਿ, ਸਤਿਗੁਰੂ ਪਰਤਾਪ ਸਿੰਘ ਵਿੱਚ ਆਉਣ ਦੇ ਹੋਕੇ ਆਦਿਕ ਦਾ ਜ਼ਿਕਰ ਕੀਤਾ ਹੈ। ਇਸੇ ਲੇਖ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਗੱਦੀ ਨਸ਼ੀਨੀ ਵਾਲੇ ਸਾਲ ਹੀ ਰੋਪੜ ਵਾਲੀ ਨਹਿਰ ਤੇ ਜਪ ਪ੍ਰਯੋਗ ਅਰੰਭ ਕਰਨ ਦਾ ਜ਼ਿਕਰ ਕਰ ਕੇ, ਆਪ ਨੇ ਇਕ ਮਹੱਤਵਪੂਰਨ ਘਟਨਾ ਦੀ ਨਿਸ਼ਾਨਦੇਹੀ ਕਰ ਦਿੱਤੀ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਭੋਗ ਪੈਣ ਤੋਂ ਬਾਅਦ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਦਰ ਭੀ ਐਸਾ ਵੈਰਾਗ ਉਤਪੰਨ ਹੋਇਆ ਕਿ ਘਰ ਦੇ ਵਿਹਾਰਕ ਝਮੇਲਿਆਂ ਤੋਂ ਮਨ ਉਪਰਾਮ ਹੋ ਗਿਆ। ਇਸ ਕਰ ਕੇ ਆਪ

ਜੀ ਨੇ ਨਹਿਰ ਤੇ ਜਾ ਕੇ ਬਿਰਧ ਸਾਧੂਆਂ ਦੀ ਸੰਗਤ ਨਾਲ ਬੈਠ ਕੇ ਭਜਨ ਕਰਨਾ ਸ਼ੁਰੂ ਕੀਤਾ। ਸਤਿਗੁਰੂ ਜੀ ਪੰਡਿਤ ਬਸੰਤ ਸਿੰਘ ਪਧਾਣੇ ਵਾਲਿਆਂ ਨੂੰ ਨਾਲ ਲੈ ਨਹਿਰ ਤੇ ਨਿਤਨੇਮ ਅਰੰਭ ਕੀਤਾ। ਭੁੰਜੇ ਬਿਰਾਜਣਾ ਅਤੇ ਬਹੁਤ ਥੋਹੜਾ ਛਕਣਾ, ਨਹਿਰ ਤੇ ਘਰ ਵਰਗੇ ਸੁਖ ਨਹੀਂ ਸਨ। ਪੰਡਿਤ ਜੀ ਨੇ ਚਾਰ ਪੰਜ ਦਿਨ ਬਾਅਦ ਮੰਜਾ ਮੰਗਵਾ ਲਿਆ ਪਰ ਸਤਿਗੁਰੂ ਜੀ ਨਿਤਨੇਮ, ਇਕ ਰਸ ਭੁੰਜੇ ਬਰਾਜ ਕੇ ਹੀ ਕੀਤਾ ਜੋ 24 ਭਾਦਰੋਂ 1963 ਬਿਕ੍ਰਮੀ, (ਸਤੰਬਰ 1906) ਨੂੰ ਸੰਪੂਰਨ ਹੋਇਆ। (ਸ਼ਤਾਬਦੀ ਅੰਕ-2, ਸਫਾ 6)

ਸਤਿਗੁਰੂ ਜੀ ਕਿਹੋ ਜਿਹੇ ਮਰਿਆਦਾ ਪੁਰਸ਼ੋਤਮ ਸਨ, ਇਹ ਵੇਰਵਾ ਵੀ ਇਸੇ ਲਿਖਤ ਵਿੱਚੋਂ ਮਿਲਦਾ ਹੈ। ਉਦੋਂ ਜੰਞ ਨਾਲ ਜਾ ਕੇ ਵਿਆਹ ਕਰਨ ਤੇ ਰੋਕ ਨਹੀਂ ਸੀ ਲਾਈ। ਸੰਮਤ 1970 ਵਿੱਚ ਸ੍ਰ. ਅਰਬੇਲ ਸਿੰਘ (ਪ੍ਰਚਲਿਤ ਨਾਮ ਰਵੇਲ ਸਿੰਘ) ਜੀ ਦਾ ਅਨੰਦ ਘਣੀਏ ਕੇ ਦੋ ਭਾਈ ਹਵੇਲਾ ਸਿੰਘ ਜੀ ਦੀ ਲੜਕੀ ਬੀਬੀ ਕਰਤਾਰ ਕੌਰ ਨਾਲ ਹੋਇਆ। ਜੰਞ ਨਾਲ ਸ੍ਰੀ ਸਤਿਗੁਰੂ ਜੀ ਭੀ ਗਏ। ਅੱਗੋਂ ਘਰ ਵਾਲੇ ਢੋਲਕ ਛੈਣੇ ਵਜਾਉਂਦੇ ਸ਼ਬਦ ਪੜ੍ਹਦੇ ਸੁਆਗਤ ਕਰਨ ਆਏ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਕੁਛ ਕਦਮ ਘੋੜੇ ਤੇ ਚੜ੍ਹੇ ਹੋਏ ਸ਼ਬਦ ਪੜ੍ਹਦਿਆਂ ਦੇ ਨਾਲ ਹੀ ਗਏ।

"ਅਗਲੇ ਦਿਨ ਅਨੰਦ ਹੋਣ ਤੋਂ ਬਾਅਦ ਸਤਿਗੁਰ ਜੀ ਗਲ ਵਿੱਚ ਪੱਲਾ ਪਾ ਕੇ ਖੜੇ ਹੋ ਗਏ ਅਤੇ ਅਰਜ਼ ਕੀਤੀ, "ਕੱਲ੍ਹ ਮੇਰੇ ਪਾਸੋਂ ਗੁਰਬਾਣੀ ਦਾ ਜੋ ਅਦਬ ਨਹੀਂ ਰੱਖਿਆ ਗਿਆ, ਇਹ ਭਾਰੀ ਭੁੱਲ ਹੋਈ ਹੈ। ਜੋ ਸੰਗਤ ਦੀ ਰਜਾ ਹੋਵੇ, ਮੈਨੂੰ ਡੰਨ ਲਾਵੇ, ਮੈਂ ਮੰਨਾਂਗਾ। ਇਸ ਤੇ ਸੰਗਤ ਨੂੰ ਬਹੁਤ ਅਸਚਰਜ ਹੋਇਆ। ਸੰਗਤ ਵਿੱਚੋਂ ਆਵਾਜ਼ਾਂ ਆਉਣ ਲੱਗ ਪਈਆਂ ਕਿ ਸੱਚੇ ਪਾਤਸ਼ਾਹ ਜੀ ਆਪ ਬੈਠ ਜਾਉ। ਆਪ ਨੇ ਬੜੀ ਕਿਰਪਾ ਕੀਤੀ ਹੈ, ਜੋ ਆਪਣਾ ਦੋਸ਼ ਮੰਨ ਕੇ ਸਾਨੂੰ ਭੁੱਲ ਮੰਨਣ ਦੀ ਜਾਚ ਦੱਸੀ ਹੈ। (ਉਹੀ, ਸਫਾ 6-7)

ਨਾਮਧਾਰੀ ਪੰਥ ਨੇ ਲੰਮਾਂ ਸਮਾਂ ਸਤਿਗੁਰੂ ਰਾਮ ਸਿੰਘ ਜੀ ਦਾ ਬਿਰਹਾ ਹੰਡਾਇਆ। ਇਹ ਪੰਥ ਹੀ ਰਾਮ ਵਿਓਗੀਆਂ ਦਾ ਪੰਥ ਬਣ ਗਿਆ ਸੀ। ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਗਮਨ ਤਾਂ ਪਰਦੇਸ ਗਮਨ ਸਾਕੇ ਤੋਂ ਕੁੱਲ ਅਠਾਰਾਂ ਕੁ ਸਾਲ ਬਾਅਦ ਹੀ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਤਾਂ ਪਰਦੇਸੀ ਪ੍ਰੀਤਮ ਦੀ ਯਾਦ ਵਿੱਚ, ਨੈਣੋਂ ਨੀਰ ਵਹਾਂਦਿਆਂ, ਦਰਸ਼ਨਾਂ ਦੀ ਸਿਕ ਵਿੱਚ ਦੀਦੇ ਵੀ ਗਾਲ ਲਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ ਤੇ ਜੁਆਨੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਸਿੱਕਦੇ ਉਹਨਾਂ ਦੇ ਸਮੇਂ ਦੇ ਸਿੰਘਾਂ ਦੇ ਸਾਥ ਵਿੱਚ ਬੀਤੇ ਸਨ। ਸਤਿਗੁਰੂ-ਵਿਛੋੜੇ ਦੇ ਮੁੱਕਣ ਤੇ ਉਹਨਾਂ ਦੇ ਘਰ ਆਉਣ ਦੀ ਉਡੀਕ ਕਰਦਿਆਂ ਬਾਰੇ, ਮਹਾਰਾਜ ਜੀ ਦਾ ਦੂਜੇ ਸ਼ਤਾਬਦੀ ਅੰਕ ਵਿੱਚ ਇਕ ਲੇਖ ਹੈ- "ਉਡੀਨੀ ਉਡੀਨੀ ਉਡੀਨੀ ਕਬਿ ਘਰਿ ਆਵੈ ਰੀ। ਇਸ ਵਿੱਚ ਉਸ ਸਮੇਂ ਦੇ ਬਿਰਹਾ ਰੰਗ ਵਿੱਚ ਰੰਗੇ ਸ਼ਬਦਾਂ ਦਾ ਭਰਪੂਰ ਵਰਨਣ ਹੈ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜਦ ਕਦੀ ਆਪ ਕੀਰਤਨ ਕਰਦੇ ਤਾਂ ਚੀਨੀ ਵਾਲੇ ਪਾਤਸ਼ਾਹ ਦੀ ਯਾਦ ਵਿੱਚ ਵੈਰਾਗ ਵਾਲੇ ਸ਼ਬਦ ਜ਼ਰੂਰ ਪੜ੍ਹਦੇ। ਕਈ ਵਾਰੀ ਆਪ ਐਸੇ ਵੈਰਾਗੀ ਹੋ ਜਾਂਦੇ ਕਿ ਕੰਠ ਰੁਕ ਜਾਂਦਾ। ਸਾਰੀ ਸੰਗਤ ਭੀ ਨਾਲ ਹੀ ਵੈਰਾਗੀ ਹੋ ਜਾਂਦੀ। ਐਸੇ ਸਮੇਂ ਕਦੇ-ਕਦੇ ਵੇਖਣ ਵਿੱਚ ਆਏ ਹਨ, ਜੋ ਮੇਰੇ ਲਈ ਅੱਜ ਤੱਕ ਅਭੁੱਲ ਬਣੇ ਹੋਏ ਹਨ। ਉਸ ਵੈਰਾਗ ਰਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਹ 'ਦੇਖਾ ਹੀ ਪ੍ਰਵਾਨ' ਹੈ।

"ਉਸ ਸਮੇਂ ਲਾਊਡ ਸਪੀਕਰ ਨਹੀਂ ਸਨ। ਹੋਲੇ ਜਾਂ ਮੇਲੇ ਦੀ ਆਸਾ ਦੀ ਵਾਰ ਵਿੱਚ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਜੀ ਨੇ ਇਕ ਵਾਰੀ ਸ਼ਬਦ ਪੜ੍ਹਿਆ- "ਮੋਹਨਿ ਘਰਿ ਆਵਉ ਕਰਹੁ ਜੋਦਰੀਆ।" ਅੰਮ੍ਰਿਤ ਵੇਲੇ ਦੀਵਾਨ ਭਰਿਆ ਹੋਇਆ ਸੀ, ਦਰਵਾਜੇ ਬੰਦ ਸਨ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਿਤਨਾ ਹੀ ਚਿਰ ਵਿਸਮਾਦ ਵਿੱਚ ਰਹੇ। ਸਾਰੀ ਸੰਗਤ ਐਸੇ ਰੰਗ ਵਿੱਚ ਰੰਗੀ ਗਈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ।" (ਸ਼ਤਾਬਦੀ ਅੰਕ-2, ਸਫਾ 15)

ਸਤਿਜੁਗ ਦੇ ਬਸੰਤ ਅੰਕ-2043 (1987 ਈ.) ਵਿੱਚ ਆਪ ਦਾ ਇਕ ਬਹੁਤ ਹੀ ਜਾਣਕਾਰੀ ਭਰਪੂਰ ਲੇਖ ਹੈ- "ਗੁਰਬਾਣੀ ਕੀਰਤਨ ਪਰੰਪਰਾ ਅਤੇ ਮਹਾਤਮ"। ਇਸ ਵਿੱਚ ਆਪ ਜੀ ਨੇ ਬਹੁਤ ਮਿਹਨਤ ਨਾਲ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰਬਾਣੀ ਕੀਤਰਨ ਦੀ ਸ਼ਾਨਦਾਰ ਪਰੰਪਰਾ ਦਾ ਉਲੇਖ ਕੀਤਾ ਹੈ ਕਿ ਕਿਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਰਬਾਬੀਆਂ ਦੇ ਨਰਾਜ਼ ਹੋਣ ਤੇ ਆਮ ਸਿੱਖਾਂ ਨੂੰ ਕੀਰਤਨ ਦਾ ਵਰਦਾਨ ਦੇ ਕੇ ਕੀਰਤਨੀਏ ਬਣਾ ਦਿੱਤਾ। ਦਸਵੇਂ ਪਾਤਸ਼ਾਹ ਦੇ ਗੁਰਬਾਣੀ ਕੀਰਤਨ ਨਾਲ ਅਦੁੱਤੀ ਪਿਆਰ ਦਾ ਪ੍ਰਗਟਾਵਾ ਕਰਨ ਵਾਲਾ ਪਰਸੰਗ ਵੀ ਸੂਰਜ ਪਰਕਾਸ਼ ਵਿੱਚੋਂ ਦਰਜ਼ ਕੀਤਾ ਹੈ। ਗੁਰੂ ਬਾਲਕ ਸਿੰਘ ਜੀ ਦੇ ਹਜ਼ੂਰ ਕੀਰਤਨ ਹੋਣ ਅਤੇ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ

ਪਰਤਾਪ ਸਿੰਘ ਜੀ ਦੇ ਸਮੇਂ ਦੇ ਤਕਰੀਬਨ ਸਾਰੇ ਕੀਰਤਨੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ। ਲੇਖ ਦਾ ਮਨੋਰਥ ਆਪ ਜੀ ਦੇ ਸ਼ਬਦਾਂ ਵਿੱਚ ਇਹ ਹੈ। ਇਹ ਸ਼ਤਰਾਂ ਇਸ ਲਈ ਲਿਖੀਆਂ ਹਨ ਕਿ ਜਿਹਨਾਂ ਦੇ ਅੰਦਰ ਕੀਰਤਨ ਦੀ ਲਗਨ ਹੈ, ਇਹ ਪੜ੍ਹ ਉਹਨਾਂ ਨੂੰ ਕੀਰਤਨ ਕਰਨ ਵਾਲਿਆਂ ਦੇ ਇਤਿਹਾਸ ਦੀ ਕੁਝ ਥੋਹੜੀ ਬਹੁਤ ਜਾਣਕਾਰੀ ਹੋਏਗੀ, ਜੋ ਅਤਿ ਜ਼ਰੂਰੀ ਹੈ। ਦੂਜੇ ਇਸ ਲੇਖ ਵਿੱਚ ਹਰਿ ਰਸ ਹਰਿ ਕੀਰਤਨ ਦੀ ਅਤੇ ਸਤਿਗੁਰੂ ਜੀ ਦਾ ਮਹਿਮਾ ਹੈ ਜੋ ਇਸ ਭਾਵਨਾ ਨਾਲ ਲਿਖੀ-

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੇ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥

ਸਤਿਜੁਗ ਦੇ ਇਕ ਬਸੰਤ ਅੰਕ ਵਿੱਚ, ਮਹਾਰਾਜ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਜੱਥੇਦਾਰ, ਜਿਹੜੀਆਂ ਧਾਰਨਾਂ ਪੜ੍ਹਿਆ ਕਰਦੇ ਸਨ ਉਹਨਾਂ ਨੂੰ ਦਰਜ ਕਰ ਕੇ, ਕੀਰਤਨੀ ਜੱਥਿਆਂ ਦੇ ਇਤਿਹਾਸ ਨੂੰ ਸਜੀਵ ਰੱਖਣ ਦਾ ਵੱਡਾ ਉਪਰਾਲਾ ਕੀਤਾ ਹੈ। ਮਹਾਰਾਜ ਜੀ ਦੀ ਲੇਖਣ ਕਲਾ ਤੋਂ ਪੰਜਾਬੀ ਮਾਸਿਕ ਪੱਤਰਾਂ ਦੇ ਕਈ ਸੰਪਾਦਕ ਵੀ ਪ੍ਰਭਾਵਿਤ ਸਨ। ਭਾਪਾ ਪ੍ਰੀਤਮ ਸਿੰਘ ਹੋਰਾਂ ਦੁਆਰਾ ਦਿੱਲੀ ਤੋਂ ਛਾਪੇ ਜਾਣ ਵਾਲੇ ਮਾਸਿਕ ਪੱਤਰ 'ਆਰਸੀ' ਵਿੱਚ ਪਿਛਲੀ ਸਦੀ ਦੇ ਨੌਵੇਂ ਦਹਾਕੇ ਵਿੱਚ ਮਹਾਰਾਜ ਜੀ ਦਾ ਇਕ ਲੇਖ ਛਪਿਆ ਸੀ- ਦੋ ਸਿੰਘ ਸਭਾਵਾਂ-ਇਕ ਰਾਜ ਭਗਤ, ਇਕ ਦੇਸ਼ ਭਗਤ।" ਇਸ ਲੇਖ ਵਿੱਚ ਬਰਤਾਨਵੀ ਹਕੂਮਤ ਪ੍ਰਤੀ ਉਹਨਾਂ ਵੱਲੋਂ ਸਹਿਯੋਗ ਜਾਂ ਟਕਰਾਅ ਦੀ ਨੀਤੀ ਕਾਰਨ, ਲਾਹੌਰ ਅਤੇ ਅੰਮ੍ਰਿਤਸਰ ਵਿੱਚ ਉਨ੍ਹੀਵੀਂ ਸਦੀ ਦੇ ਅੱਠਵੇਂ ਨੌਵੇਂ ਦਹਾਕੇ ਵਿੱਚ ਬਣੀਆਂ ਸਿੰਘ ਸਭਾਵਾਂ ਦੀ ਕਾਰਜ ਪ੍ਰਣਾਲੀ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਸੀ। ਇਸ ਸਮੇਂ ਬਾਵਾ ਨਿਹਾਲ ਸਿੰਘ ਕਲਸੀਆਂ (ਛਛਰੌਲੀ) ਵਾਲਿਆਂ ਨੇ 'ਖੁਰਸ਼ੀਦ ਖਾਲਸਾ' ਉਰਦੂ ਵਿੱਚ ਇਕ ਕਿਤਾਬ ਛਪਵਾਈ ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਅਤੇ ਦਿੱਲੀ ਦੇ ਤਖਤ ਨੂੰ ਅੰਗਰੇਜ਼ਾਂ ਤੋਂ ਖੋਹ ਕੇ ਉੱਥੇ ਲਾਹੌਰ ਦੇ ਆਖਰੀ ਸਿੱਖ ਮਹਾਰਾਜੇ ਦਲੀਪ ਸਿੰਘ ਦੇ ਮੁੜ ਕਾਬਜ਼ ਹੋਣ ਦੀ ਭਵਿੱਖ ਬਾਣੀ, ਸੌ ਸਾਖੀ ਦੇ ਆਧਾਰ ਤੇ ਕੀਤੀ ਗਈ ਸੀ। ਲਾਹੌਰ ਵਾਲੀ ਸਿੰਘ ਸਭਾ ਨੇ ਇਸ ਕਿਤਾਬ ਦੇ ਵਿਰੁੱਧ ਪ੍ਰਸਤਾਵ ਪਾਸ ਕੀਤਾ ਜਦ ਕਿ ਅੰਮ੍ਰਿਤਸਰ ਵਾਲੀ ਸਭਾ ਦੇ ਬਾਬਾ ਖੇਮ ਸਿੰਘ ਬੇਦੀ, ਠਾਕੁਰ ਸਿੰਘ ਸੰਧਾਂਵਾਲੀਆ ਆਦਿ ਕਿਤਾਬ ਦੇ ਸਮਰਥਨ ਵਿੱਚ ਸਨ।

ਸੰਮਤ 2048 ਵਿੱਚ ਸ੍ਰੀ ਜੀਵਨ ਨਗਰ ਤੋਂ ਪ੍ਰਕਾਸ਼ਿਤ ਹੋਏ "ਨਾਮਧਾਰੀ ਨਿਤਨੇਮ" ਦੀ ਭੂਮਿਕਾ, ਸਤਿਗੁਰੂ ਜੀ ਦੇ ਹੁਕਮ ਕਰਨ ਤੇ ਮਹਾਰਾਜ ਬੀਰ ਸਿੰਘ ਜੀ ਨੇ ਲਿਖੀ ਸੀ। 93 ਸਫੇ ਤੇ ਫੈਲੀ ਬਾਰੀਕ ਟਾਈਪ ਵਿੱਚ ਛਪੀ ਇਹ ਭੂਮਿਕਾ ਹੀ ਇਕ ਕਿਤਾਬ ਜਿੱਡੀ ਹੈ। ਇਸ ਵਿੱਚ ਗੁਰਬਾਣੀ ਦੇ ਅਦਬ ਸਤਿਕਾਰ, ਸਿੱਖ ਰਹਿਤ ਮਰਿਆਦਾ, ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਮੁੱਢਲੀਆਂ ਬੀੜਾਂ ਰਚਣ ਬਾਰੇ ਜਾਣਕਾਰੀ, ਗੁਰਬਾਣੀ ਦੇ ਸ਼ੁੱਧ ਉਚਾਰਨ ਪ੍ਰਥਾਇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪਤਨ ਮੁਖੀ ਸਿੱਖੀ ਨੂੰ ਮੁੜ ਸੁਰਜੀਤ ਕਰਨਾ ਅਤੇ ਦੇਹਧਾਰੀ ਗੁਰੂ ਦੇ ਸਿਧਾਂਤ ਆਦਿਕ ਵਿਭਿੰਨ ਵਿਸ਼ਿਆਂ ਤੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਸ੍ਰੀ ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਸਿੱਖ ਜਗਤ ਦੀ ਵਿਆਪਕ ਏਕਤਾ ਲਈ ਕਿਤਨੇ ਚਿੰਤਾਤੁਰ ਸਨ ਇਸ ਦਾ ਵਰਨਣ ਹਵਾਲਿਆਂ ਸਹਿਤ ਮਿਲਦਾ ਹੈ।

"ਸਿਆਮ (ਥਾਈਲੈਂਡ) ਤੋਂ ਵਾਪਸ ਆਉਂਦੇ ਹੋਏ ਸੰਨ 1934 ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੁਝ ਚਿਰ ਰੰਗੂਨ (ਬਰਮਾਂ-ਮਿਆਂਮਾਰ) ਠਹਿਰੇ। ਉੱਥੇ ਗੁਰਦੁਆਰੇ ਨੂੰ ਤਾਲੇ ਲੱਗੇ ਹੋਏ ਦੇਖ ਕੇ ਪੁੱਛਿਆ ਤਾਂ ਪਤਾ ਲੱਗਾ ਕਿ ਇੱਥੋਂ ਦੇ ਸਿੱਖ ਇਸ ਬਿਨਾਂ ਤੇ ਲੜੇ ਹਨ ਕਿ ਗੁਰਦੁਆਰੇ ਦਾ ਪਰਧਾਨ ਸਿਵਲੀਅਨ ਹੋਵੇ ਜਾਂ ਫੌਜੀ। ਦੋਵੇਂ ਧਿਰਾਂ ਦੇ ਮੁਖੀ ਜੇਲ੍ਹ ਵਿੱਚ ਹਨ। ਇਹ ਦੋਵੇਂ ਧਿਰਾਂ ਨਾਮਧਾਰੀ ਨਹੀਂ ਸਨ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਸੋਚਿਆ ਕਿ ਆਖਰ ਇਹ ਸਿੱਖ ਹੈਨ। ਇਹ ਸਿੱਖ ਪੰਥ ਦੀ ਬਦਨਾਮੀ ਹੈ। ਸ੍ਰੀ ਭੈਣੀ ਸਾਹਿਬ ਆ ਕੇ ਆਪ ਜੀ ਨੇ ਇਸੇ ਸਾਲ ਅੱਸੂ ਦੇ ਮਹੀਨੇ, ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਬੁਲਾਈ। ਸਿੰਘ ਸਭਾ ਅਤੇ ਅਕਾਲੀ ਮੁਖੀਆਂ ਨੇ ਆਖਿਆ ਕਿ ਅਸੀਂ ਤਾਂ ਚਲਦੇ ਹਾਂ ਉੱਥੇ ਪਾਤਸ਼ਾਹੀ ੧੦ ਆਖ ਕੇ ਅਰਦਾਸ ਹੋਵੇ। ਸਤਿਗੁਰੂ ਜੀ ਨੇ ਪਰਵਾਨ ਕਰਦੇ ਹੋਏ ਆਖਿਆ ਤੁਸੀਂ ਚਲੋ, ਜਿਸ ਤਰ੍ਹਾਂ ਭੀ ਹੋ ਸਕੇ ਆਪਾਂ ਇਕੱਠੇ ਹੋ ਕੇ ਬੈਠੀਏ। ਸੋ ਇਹ ਕਾਨਫਰੰਸ ਹੋਈ। ਪਾਤਸ਼ਾਹੀ ੧੦ ਆਖ ਕੇ ਅਰਦਾਸਾ ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਵਾਲੇ ਕਰਦੇ, ਸ਼ਾਮ ਦੇ ਦੀਵਾਨ ਵਿੱਚ। ਸਵੇਰੇ ਆਸਾ ਦੀ ਵਾਰ ਵਿੱਚ ਨਾਮਧਾਰੀ ਅਰਦਾਸ ਹੁੰਦੀ। ਇੱਥੇ ਇਹ ਪ੍ਰਸਤਾਵ ਪਾਸ ਕੀਤਾ ਗਿਆ ਕਿ ਆਪਣੇ ਸਿਧਾਂਤ ਦੀ ਸਿਫ਼ਤ ਕਰੋ, ਕਿਸੇ ਦੇ

ਸਿਧਾਂਤ ਨੂੰ ਮਾੜਾ ਨਾ ਆਖੋ। ਕੁਝ ਚਿਰ ਵਾਸਤੇ ਅਮਲ ਹੁੰਦਾ ਰਿਹਾ। ਬਾਅਦ ਵਿੱਚ ਕੁਝ ਸਵਾਰਥੀਆਂ ਨੇ ਇਹ ਅਮਲ ਚਲਣ ਨਾ ਦਿੱਤਾ। ਤਾਂ ਭੀ ਨਾਮਧਾਰੀਆਂ ਵਾਸਤੇ ਸਤਿਗੁਰੂ ਜੀ ਵੱਲੋਂ ਪਾਬੰਦੀ ਰਹੀ ਕਿ ਇਸ ਕੀਤੇ ਹੋਏ ਫੈਸਲੇ ਤੋਂ ਆਪਾਂ ਨਹੀਂ ਹਿਲਣਾ।"

(ਨਾਮਧਾਰੀ ਨਿੱਤਨੇਮ, ਸੰਬਤ 2048, ਸਫਾ 90-91) ਆਪ ਦੁਆਰਾ ਲਿਖੀ ਪੁਸਤਕ "ਗੁਰੂ ਗ੍ਰੰਥ ਵਿਚਾਰ" ਵੀ ਚਰਚਿਤ ਰਹੀ। ਜਿਹੜੀ ਕਿਤਾਬ ਮਹਾਰਾਜ ਜੀ ਨੂੰ ਇਤਿਹਾਸਕਾਰਾਂ ਦੀ ਕਤਾਰ ਵਿੱਚ ਸ਼ਾਮਲ ਕਰਾਉਣ ਦੇ ਸਮਰੱਥ ਹੈ, ਉਹ ਹੈ ਸੰਬਤ 2046 (1989-90 ਈ.) ਵਿੱਚ ਛਪੀ- "ਨਾਮਧਾਰੀ ਅਤੇ ਕਾਂਗਰਸ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਦੋਹਾਂ ਛੋਟੇ ਭਾਈਆਂ, ਸ੍ਰੀ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਹੋਰ ਬਹੁਤ ਸਾਰੇ ਉੱਘੇ ਨਾਮਧਾਰੀਆਂ ਸਮੇਤ, ਕਾਂਗਰਸ ਦੇ ਸੁਤੰਤਰਤਾ ਸੰਗਰਾਮ ਵਿੱਚ, ਉਸ ਸਮੇਂ ਭਾਗ ਲਿਆ ਸੀ ਜਦੋਂ ਅੰਗਰੇਜ਼ ਸਰਕਾਰ ਦੀ ਕਰੋਪੀ ਕਾਰਨ, ਆਮ ਲੋਕੀਂ ਕਾਂਗਰਸੀਆਂ ਦੇ ਪਰਛਾਂਵੇਂ ਤੋਂ ਵੀ ਤਰਹਿੰਦੇ ਸਨ। ਸੰਨ 1929 ਈ. ਦੇ ਲਾਹੌਰ ਕਾਂਗਰਸ ਦੇ ਕੌਮੀ ਸੰਮੇਲਨ ਦੀ ਸਫ਼ਲਤਾ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ 'ਕਾਮਾਗਾਟਾਮਾਰੂ' ਅਨੁਸਾਰ, ਨਾਮਧਾਰੀਆਂ ਦੇ ਸਹਿਯੋਗ ਤੇ ਹੀ ਟਿਕੀ ਸੀ। ਪਰ ਆਜ਼ਾਦੀ ਪ੍ਰਾਪਤੀ ਤੋਂ ਪੰਜ ਸੱਤ ਸਾਲ ਬਾਅਦ ਹੀ ਕਾਂਗਰਸ ਦਾ ਨਾਮਧਾਰੀਆਂ ਪ੍ਰਥਾਇ ਰਵੱਈਆ ਦੋਸ਼ ਰਹਿਤ ਨਾ ਰਿਹਾ। ਨਾਭਾ ਦੇ ਮਹਾਰਾਜਾ ਵੱਲੋਂ ਮਿਲੇ ਬੀੜ ਨੂੰ ਕੂਕਿਆਂ ਤੋਂ ਖੋਹਣ ਲਈ ਉਸ ਸਮੇਂ ਦੇ ਪੈਪਸੂ ਦੇ ਕਾਂਗਰਸੀ ਮੁੱਖ ਮੰਤਰੀ ਸਰਗਰਮ ਰਹੇ। ਕੁਝ ਸਥਾਨਕ ਕਾਂਗਰਸੀਆਂ ਦੇ ਅੱਖੜ ਰਵੱਈਏ ਕਾਰਨ, ਇਲਾਕਾ ਜੀਵਨ ਨਗਰ ਵਿੱਚ, ਨਾਮਧਾਰੀਆਂ ਵਿੱਚ ਭੂਮੀ ਦੀ ਵੰਡ ਵੰਡਾਈ ਦੇ ਸੁਆਲ ਤੇ ਸ. ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਪੰਜਾਬ ਵੀ, ਨਾਮਧਾਰੀਆਂ ਖਿਲਾਫ਼ ਇਕ ਤਰਫਾ ਕਾਰਵਾਈ ਲਈ ਬਜ਼ਿਦ ਹੋ ਗਏ। ਸਤਿਗੁਰੂ ਪਰਤਾਪ ਸਿੰਘ ਜੀ ਦੇ ਖਿਲਾਫ਼ ਦੀਵਾਨੀ ਅਦਾਲਤਾਂ ਵਿੱਚ 14 ਮੁਕਦਮੇ ਦਾਇਰ ਹੋ ਗਏ। ਕਚਹਿਰੀ ਪੇਸ਼ ਨਾ ਹੋਣ ਦਾ ਪ੍ਰਣ ਨਿਬਾਹੁੰਦੇ ਸਤਿਗੁਰੂ ਜੀ ਦੇਹ ਦਾ ਓਹਲਾ ਕਰ ਗਏ। ਮਹਾਰਾਜ ਬੀਰ ਸਿੰਘ ਜੀ ਨੂੰ ਵੀ ਇਕ ਵੱਡੇ ਫ਼ੌਜਦਾਰੀ ਮੁਕਦਮੇ ਵਿੱਚ ਉਲਝਾਇਆ ਗਿਆ। ਬਾਅਦ ਵਿੱਚ ਸੈਸ਼ਨ ਕੋਰਟ ਤੋਂ ਬਰੀ ਹੋ ਗਏ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰ. ਤੇਜਾ ਸਿੰਘ ਐਮ.ਐਲ.ਸੀ. ਸਿਰਸਾ ਨਿਵਾਸੀ ਨੂੰ "ਨਾਮਧਾਰੀ ਤੇ ਕਾਂਗਰਸ ਕਿਤਾਬ ਲਿਖਣ ਲਈ ਹੁਕਮ ਕੀਤਾ ਸੀ। ਪਰ ਸਰਦਾਰ ਜੀ ਦਸਤਾਵੇਜ਼ ਤਾਂ ਇਕੱਠੇ ਕਰਦੇ ਰਹੇ, ਪਰ ਲਿਖ ਨਾ ਸਕੇ। ਉਹ ਕਾਰਜ ਬਾਅਦ ਵਿੱਚ ਮਹਾਰਾਜ ਜੀ ਨੇ ਸਿਰੇ ਚੜ੍ਹਾ ਕੇ ਸਤਿਗੁਰੂ ਜੀ ਦੀ ਇੱਛਾ ਦਾ ਸਤਕਾਰ ਕੀਤਾ। ਇਸ ਵਿੱਚ ਨਾ ਸਿਰਫ਼ ਨਾਮਧਾਰੀਆਂ ਨਾਲ ਸੰਬੰਧਿਤ ਮਸਲੇ ਹਨ, ਪੰਜਾਬ ਦੇ ਇਤਿਹਾਸ ਦੀਆਂ ਕਈ ਮਹੱਤਵਪੂਰਨ ਘਟਨਾਵਾਂ, ਵਿਸ਼ੇਸ਼ ਵਿਅਕਤੀਆਂ ਦਾ ਚਰਿੱਤਰ ਚਿਤਰਨ ਵੀ ਮਿਲਦਾ ਹੈ। ਭੂਮਿਕਾ ਲੇਖਕ, ਰਾਜਿੰਦਰ ਸਿੰਘ 'ਗੁਰੂ-ਸਰ' ਮੁਤਾਬਿਕ, "ਇਹ ਸਾਰੀ ਪੁਸਤਕ ਮਹਾਰਾਜ ਬੀਰ ਸਿੰਘ ਜੀ ਨੇ ਸਰਕਾਰੀ ਭ੍ਰਿਸ਼ਟਾਚਾਰ ਉੱਤੇ ਹੱਡ ਬੀਤੀ ਕਥਾ ਬਿਆਨ ਕੀਤੀ ਹੈ।"

ਮਹਾਰਾਜ ਜੀ ਬਹੁ ਪੱਖੀ ਸ਼ਖਸੀਅਤ ਦੇ ਸੁਆਮੀ ਸਨ। ਸਤਿਗੁਰੂ ਜੀ ਤੋਂ ਬਾਅਦ ਹਰ ਖੇਤਰ ਵਿੱਚ ਨਾਮਧਾਰੀ ਸਿੱਖ ਪੰਥ ਦੀ ਪ੍ਰਤੀਨਿਧਤਾ ਕਰਨ ਸਦਕਾ, ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਉਹਨਾਂ ਦਾ ਵੱਡਾ ਸਤਕਾਰ ਸੀ। ਉਹਨਾਂ ਦੀ ਪਹਿਲੀ ਜਨਮ ਸ਼ਤਾਬਦੀ, ਪ੍ਰੇਰਣਾਮਈ ਜੀਵਨ ਕਣੀਆਂ ਨਾਲ, ਆਪਾ ਰੁਸ਼ਨਾਉਣ ਦਾ ਕਾਰਜ ਕਰ ਸਕਦੀ ਹੈ।

## ਉਪਦੇਸ਼

ਇਕ ਹੁਕਮ ਮੈਂ ਫਿਰ ਸੱਚੇ ਪਾਤਸ਼ਾਹ ਦਾ ਯਾਦ ਕਰਵਾਉਂਦਾ ਹਾਂ ਭਾਂਵੇ ਅਸੀਂ ਇਸ ਹੁਕਮ ਤੋਂ ਦੂਰ ਹੋ ਗਏ ਆਂ ਪਰ ਫਿਰ ਉਸ ਨੂੰ ਯਾਦ ਕਰੀਏ। ਇਕ ਪਾਠ ਹਰ ਮਹੀਨੇ ਦਾ ਆਦਿ ਜਾਂ ਦਸਮ ਦਾ ਘਰ ਪ੍ਰਤੀ ਜ਼ਰੂਰ ਹੋਵੇ। ਇਕ ਮਹੀਨੇ 'ਚ ਨਹੀਂ ਹੁੰਦਾ ਤਾਂ ਦੋ, ਚਾਰ ਜਾਂ ਛੇ ਮਹੀਨਿਆਂ ਵਿੱਚ ਕਰ ਲਈਏ, ਕਰੀਏ ਜ਼ਰੂਰ। ਅਸੀਂ ਥੋੜਾ-ਥੋੜਾ ਇਸ ਪਾਸੇ ਤੁਰੀਏ। ਜੇ ਅਸੀਂ ਕੋਈ ਵੀ ਕੰਮ ਕਰਦੇ ਹਾਂ ਪੰਜ ਪੱਤਰੇ, ਦਸ ਪੱਤਰੇ ਪੜ੍ਹਦਿਆ ਬਹੁਤਾਂ ਸਮਾਂ ਨਹੀਂ ਲਗਦਾ। ਆਪਾਂ ਗੁਰਬਾਣੀ ਦੇ ਨਾਲ ਜੁੜੀਏ। ਪਹਿਲਾ ਹੈ ਗੁਰਬਾਣੀ ਪੜ੍ਹਣ ਲਗੀਏ, ਦੂਜਾ ਸਮਝਣ ਲੱਗੀਏ, ਤੀਜਾ ਬਖਸ਼ਿਸ਼ ਮੰਗੀਏ ਕਿ ਸੱਚੇ ਪਾਤਸ਼ਾਹ ਜੋ ਤੂੰ ਹੁਕਮ ਦਿੱਤੇ ਹਨ, ਅਸੀਂ ਉਹ ਹੁਕਮ ਮੰਨ ਸਕੀਏ।

⇨ **ਸ੍ਰੀ ਸਤਿਗੁਰੂ ਉਦੇ ਸਿੰਘ ਜੀ**

# ਗੁਰਮਤਿ ਵਿੱਚ ਪਰਾਧੀਨ: ਸਮੱਸਿਆ ਅਤੇ ਸਮਾਧਾਨ




**ਪ੍ਰੋ. ਅਵਤਾਰ ਸਿੰਘ**
ਉੱਘੇ ਵਿਦਵਾਨ, ਸਿੱਖ ਚਿੰਤਕ
9417518384


ਪ੍ਰਾਧੀਨ ਸ਼ਬਦ ਅੰਗਰੇਜੀ ਭਾਸ਼ਾ ਅਤੇ ਅਕਾਦਮਿਕਤਾ ਵਿੱਚ ਪ੍ਰਚੱਲਤ ਸਬਾਲਟਰਨ (Subaltern) ਦਾ ਪੰਜਾਬੀ ਅਨੁਵਾਦ ਹੈ। ਅੰਗਰੇਜ਼ੀ ਵਿੱਚ ਸਬਾਲਟਰਨ ਸ਼ਬਦ ਸਬ ਅਤੇ ਆਲਟਰਨ ਦਾ ਜੋੜ ਹੈ। ਸਬ ਦਾ ਅਰਥ ਅਧੀਨ ਅਤੇ ਆਲਟਰਨ ਦਾ ਅਰਥ ਹੈ ਹਰੇਕ ਹੋਰ। ਇਸ ਤਰਾਂ ਸਬਾਲ਼ਟਰਨ ਦਾ ਅਰਥ ਸਭ ਤੋਂ ਹੇਠਲੇ ਦਰਜੇ ਦਾ ਉਹ ਸ਼ਖਸ ਹੈ ਜੋ ਹੋਰ ਸਾਰਿਆਂ ਦੇ ਅਧੀਨ ਹੈ। ਆਪ ਤੋਂ ਉਪਰਲੇ ਦਰਜੇ ਦੇ ਸ਼ਖਸ ਦਾ ਹਰ ਹੁਕਮ ਬਿਨਾ ਸ਼ਰਤ ਮੰਨਣ ਦੀ ਪਿਰਤ ਕਿਸੇ ਵੀ ਸੈਨਾ ਵਿੱਚ ਹੁੰਦੀ ਹੈ, ਜਿਸ ਕਰਕੇ ਸਬਾਲ਼ਟਰਨ ਵੀ ਅਸਲ ਵਿੱਚ ਸੈਨਿਕ ਸ਼ਬਦ ਹੈ। ਪਰ ਅੱਜਕਲ ਇਸ ਸ਼ਬਦ ਦੀ ਵਰਤੋਂ ਹਰ ਉਸ ਸਮਾਜਿਕ ਵਰਗ ਲਈ ਕੀਤੀ ਜਾਂਦੀ ਹੈ, ਜਿਹੜਾ ਕਿਸੇ ਨਾ ਕਿਸੇ ਕਾਰਣ ਦੂਸਰਿਆਂ ਦੇ ਅਧੀਨ ਅਰਥਾਤ ਪਰਾਧੀਨ ਜੀਵਨ ਬਸਰ ਕਰਦਾ ਹੈ। ਇਹ ਕੋਈ ਸਰਕਾਰੀ ਦਰਜਾ ਨਹੀਂ, ਬਲਕਿ ਹੁਣ ਇਹ ਗ਼ੈਰ ਸੰਵਿਧਾਨਕ ਅਤੇ ਗ਼ੈਰ ਸਰਕਾਰੀ ਕਿਸਮ ਦਾ ਦੁਰਗਮ ਅਤੇ ਹੀਣ-ਭਾਵ ਭਰਿਆ ਸਮਾਜਿਕ ਪ੍ਰਚਲਣ ਹੈ। ਇਸ ਸੰਤਾਪਜਨਕ ਰੁਝਾਨ ਵਜੋਂ ਕਿਤੇ ਕੋਈ ਜਾਤੀ ਕਾਰਣ, ਕੋਈ ਆਰਥਿਕ ਪਛੜੇਵੇਂ ਕਾਰਣ, ਕੋਈ ਰੰਗ ਕਾਰਣ, ਕੋਈ ਲਿੰਗ (Gender) ਕਾਰਣ ਤੇ ਕੋਈ ਕਿਸੇ ਦੈਹਿਕ ਅਯੋਗਤਾ (Physical Disability) ਕਾਰਣ ਪਰਾਧੀਨ ਹੈ।

ਸਬਾਲਟਰਨ ਸਟੱਡੀ ਗਰੁੱਪ ਦੀ ਮੈਂਬਰ, ਭਾਰਤੀ ਚਿੰਤਕ ਅਤੇ ਸਿਧਾਂਤਕਾਰ ਗਾਇਤਰੀ ਸਪਾਇਵੈਕ ਨੇ "Can the Subaltern Speak ?" ਸਿਰਲੇਖ ਹੇਠ ਇਕ ਲੇਖ ਲਿਖਿਆ ਸੀ, ਜਿਹਦਾ ਪੰਜਾਬੀ ਵਿੱਚ ਇਸ ਤਰਾਂ ਅਨੁਵਾਦ ਹੋ ਸਕਦਾ ਹੈ: ਕੀ ਪਰਾਧੀਨ ਬੋਲ ਸਕਦੇ ਹਨ? ਅਸਲ ਵਿੱਚ ਇਹ

ਕੋਈ ਸਵਾਲ ਨਹੀਂ ਹੈ, ਬਲਕਿ ਸਵਾਲ ਦੇ ਰੂਪ ਵਿਚ ਦਿੱਤਾ ਗਿਆ ਜਵਾਬ ਹੈ, ਜਿਹਦਾ ਮਰਮ ਇਹ ਹੈ ਕਿ ਪਰਧੀਨ ਲੋਕ ਆਪਣੀ ਜ਼ਿੰਦਗੀ ਦੀ ਯਾਤਨਾ ਦੱਸ ਵੀ ਨਹੀਂ ਸਕਦੇ। ਦੱਸ ਵੀ ਕਿਹਨੂੰ ਸਕਦੇ ਹਨ? ਹਰ ਕੋਈ ਸਮਾਜਿਕ ਦਰਜੇ ਵਿਚ ਉਨ੍ਹਾਂ ਦੇ ਉੱਪਰ ਹੈ ਤੇ ਉੱਪਰ ਵਾਲੇ ਇਸੇ ਕਾਰਣ ਉੱਪਰ ਹਨ, ਕਿਉਂਕਿ ਕੋਈ ਉਨ੍ਹਾਂ ਦੇ ਅਧੀਨ ਹੈ। ਉਹ ਨਹੀਂ ਚਾਹੁਣਗੇ ਕਿ ਉਨ੍ਹਾਂ ਦੇ ਉੱਪਰ ਹੋਣ ਦਾ ਦਰਜਾ ਬਦਲ ਜਾਵੇ। ਇਸ ਕਰਕੇ ਉਹ ਕਿਸੇ ਪਰਾਧੀਨ ਦੇ ਦੁੱਖ ਦਰਦ ਦੀ ਵੇਦਨਾ ਸੁਣਨ ਲਈ ਤਿਆਰ ਹੀ ਨਹੀਂ ਹੁੰਦੇ। ਇਸੇ ਕਰਕੇ ਗਾਇਤਰੀ ਸਪਾਇਵੈਕ ਦਾ ਇਹ ਮੰਨਣਾ ਹੈ ਕਿ ਪਰਾਧੀਨ ਬੋਲ ਨਹੀਂ ਸਕਦੇ।

ਗਾਇਤਰੀ ਜਿਸ ਸਬਾਲਟਰਨ ਸਟੱਡੀ ਗਰੁੱਪ ਦੀ ਮੈਂਬਰ ਸੀ, ਉਸੇ ਨੇ ਇਤਿਹਾਸ ਨੂੰ ਹੇਠਾਂ ਤੋਂ (History from the below) ਦੇਖਣ ਦੀ ਪਿਰਤ ਸ਼ੁਰੂ ਕੀਤੀ ਸੀ, ਜਿਹਦੇ ਤਹਿਤ ਇਤਿਹਾਸਕਾਰ ਪਰਾਧੀਨ ਲੋਕਾਂ ਦੇ ਨੁਕਤੇ 'ਤੋਂ ਇਤਿਹਾਸ ਵਾਚਣ ਅਤੇ ਲਿਖਣ ਲੱਗੇ। ਦੇਖਦੇ ਹੀ ਦੇਖਦੇ ਵਿਸ਼ਵ ਦੇ ਤਮਾਮ ਅਕਾਦਮਿਕ ਅਦਾਰਿਆਂ ਵਿੱਚ ਪਰਾਧੀਨ ਲੋਕਾਂ ਦੇ ਸੰਤਾਪ ਖੋਜ ਚਰਚਾ ਦੇ ਵਿਸ਼ੇ ਵਜੋਂ ਪ੍ਰਚੱਲਤ ਹੋਏ ਤੇ ਪਰਾਧੀਨ ਲੋਕਾਂ ਦੇ ਹਵਾਲੇ ਅਤੇ ਜ਼ਿਕਰ ਲੱਭਣ ਲਈ ਸਥਾਨਕ ਸੰਸਥਾਵਾਂ ਅਤੇ ਪਰੰਪਰਾਵਾਂ ਦੇ ਮੁਲਾਂਕਣ ਹੋਣ ਲੱਗੇ। ਇਸ ਕਰਕੇ ਮਹੱਤਵਪੂਰਨ ਹੈ ਕਿ ਦੇਖਿਆ ਜਾਵੇ ਗੁਰਮਤਿ ਵਿੱਚ ਪਰਾਧੀਨ ਦਾ ਜ਼ਿਕਰ ਕਿਸ ਤਰਾਂ ਆਇਆ ਹੈ ਤੇ ਇਹਦੇ ਸਮਾਧਾਨ ਦੀ ਕੀ ਦਸ਼ਾ ਹੈ।

ਗੁਰਮਤਿ ਦਾ ਇਕ ਅੰਗ ਗੁਰਮਤਿ ਸਾਹਿਤ ਹੈ ਤੇ ਦੂਸਰਾ ਸਿੱਖ ਇਤਿਹਾਸ। ਬਿਹਤਰ ਹੋਵੇਗਾ ਕਿ ਪਹਿਲਾਂ ਗੁਰਮਤਿ ਸਾਹਿਤ ਵਿੱਚ ਪ੍ਰਧੀਨ ਦੇ ਹਵਾਲੇ ਵਾਚੇ ਜਾਣ ਤੇ ਬਾਦ ਵਿੱਚ ਇਤਿਹਾਸ ਵੱਲ ਰੁੱਖ ਕੀਤਾ ਜਾਵੇ। ਗੁਰਮਤਿ ਸਾਹਿਤ ਦੇ ਆਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਅਤੇ ਸੰਕਲਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਭਾਰਤੀ ਜਾਤੀ ਪ੍ਰਥਾ ਅਤੇ ਵਰਣ ਵਿਵਸਥਾ ਮੁਤਾਬਕ ਪਰਾਧੀਨ ਜਾਤੀਆਂ ਨਾਲ ਸਬੰਧਤ ਭਗਤ ਸਾਹਿਬਾਨ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨਿੱਖੜ ਅੰਗ ਬਣਾਇਆ। ਇਨ੍ਹਾਂ ਵਿਚ ਭਗਤ ਕਬੀਰ, ਰਵਿਦਾਸ, ਨਾਮਦੇਵ, ਧੰਨਾ ਅਤੇ ਸਧਨਾ ਜੀ ਦੇ ਨਾਮ ਵਿਸ਼ੇਸ਼ ਤੌਰ ਪਰ ਲਏ ਜਾ ਸਕਦੇ ਹਨ।

ਭਾਰਤ ਵਿਚ ਕਿਸੇ ਵੇਲੇ ਨਿਮਨ ਅਤੇ ਪਰਾਧੀਨ ਜਾਤੀਆਂ ਦੇ ਲੋਕਾਂ ਨੂੰ ਨਾ ਸੰਸਕ੍ਰਿਤ ਪੜ੍ਹਨ ਦਾ ਅਧਿਕਾਰ ਸੀ ਤੇ ਨਾ ਹੀ ਵੇਦ ਬਾਣੀ ਸੁਣਨ ਦਾ ਹੱਕ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਉੱਤਰ ਅਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਭਾਰਤੀ ਲਿੱਪੀਆਂ ਦੀ ਖੋਜ ਅਤੇ ਸੋਧ ਸੁਧਾਈ ਕਰਕੇ ਇਕ ਨਵੀਂ ਲਿੱਪੀ ਤਿਆਰ ਕਰਨ ਦਾ ਆਦੇਸ਼ ਦਿੱਤਾ, ਜਿਹਦੇ ਵਿਚ, ਸੰਸਕ੍ਰਿਤ ਦੀ ਬਜਾਏ, ਵੱਖ-ਵੱਖ ਥਾਵਾਂ ਦੇ ਮਹਾਂ ਪੁਰਖਾਂ ਦੀ ਬਾਣੀ ਦਾ ਸੰਕਲਨ ਕੀਤਾ ਜਾ ਸਕੇ। ਗੁਰੂ ਨਾਨਕ ਦੇਵ ਜੀ ਦੇ ਇਸੇ ਆਦੇਸ਼ ਅਧੀਨ ਗੁਰਮੁਖੀ ਲਿੱਪੀ ਦਾ ਨਿਰਮਾਣ ਕੀਤਾ ਗਿਆ, ਜਿਹਦੇ ਵਿੱਚ ਉਕਤ ਭਗਤ ਸਾਹਿਬਾਨ ਦੀ ਬਾਣੀ ਨੂੰ ਲਿੱਪੀਅੰਤਰਣ ਕਰਕੇ ਸਾਂਭ ਲਿਆ ਗਿਆ। ਭਾਰਤ ਦੇ ਸਾਹਿਤਕ ਇਤਿਹਾਸ ਵਿੱਚ ਗੁਰਮਤਿ ਸਾਹਿਤ ਦਾ ਇਹ ਅਜਿਹਾ ਯਤਨ ਸੀ, ਜਿਸ ਵਿੱਚ ਲੋਕ ਭਾਸ਼ਾ ਨੂੰ ਤਰਜੀਹ ਦਿੱਤੀ ਗਈ। ਇਸ ਯਤਨ ਦਾ ਸਲਾਹੁਣਯੋਗ ਪਹਿਲੂ ਇਹ ਸੀ ਕਿ ਗੁਰੂ ਸਾਹਿਬਾਨ ਨੇ ਪਰਾਧੀਨ ਅਤੇ ਪਰਮੁੱਖ ਵਰਗਾਂ ਵਿਚਲੇ ਪੱਖਪਾਤ ਨੂੰ ਪਲਟਾਉਣ ਦੀ ਬਜਾਏ ਮੇਟਣ ਦਾ ਯਤਨ ਕੀਤਾ। ਸ਼ਾਸਤਰੀ (Classical) ਪਰੰਪਰਾ ਵਿੱਚ, ਜਾਤੀ ਅਤੇ ਵਰਣ-ਵਿਵਸਥਾ ਅਨੁਸਾਰ ਸ਼ੂਦਰ ਕਹੇ ਜਾਂਦੇ ਪਰਾਧੀਨ ਨੂੰ ਮਹਾਂਕਾਵਿ ਦੇ ਨਾਇਕਤਵ ਤੋਂ ਵੰਚਿਤ ਰੱਖਿਆ ਗਿਆ ਸੀ। ਪਰ ਗੁਰਮਤਿ ਪਰੰਪਰਾ ਵਿੱਚ ਪਰਮੁੱਖ ਵਰਗ ਨੂੰ ਵੰਚਿਤ ਕਰਨ ਦੀ ਬਜਾਏ, ਪਰਾਧੀਨ ਅਤੇ ਪਰਮੁੱਖ ਵਰਗਾਂ ਵਿਚਲਾ ਪੱਖਪਾਤੀ ਅੰਤਰ ਸਮੇਟ ਕੇ ਮੇਟ ਦਿੱਤਾ ਗਿਆ। ਭਾਰਤੀ ਵਰਣ ਵਿਵਸਥਾ ਅਤੇ ਜਾਤੀ ਪ੍ਰਥਾ ਮੁਤਾਬਕ ਪ੍ਰਮੁੱਖ ਵਰਗਾਂ ਨਾਲ ਸਬੰਧਤ ਗੁਰੂ ਸਾਹਿਬਾਨ, ਭਗਤ ਅਤੇ ਭੱਟ ਸਾਹਿਬਾਨ ਦੀ ਬਾਣੀ ਅਤੇ ਪਰਾਧੀਨ ਵਰਗਾਂ ਨਾਲ ਸਬੰਧਤ ਭਗਤ ਸਾਹਿਬਾਨ ਦੀ ਬਾਣੀ ਨੂੰ ਇਕਸਾਰ ਰੱਖਿਆ ਗਿਆ। ਸਮਾਜਿਕ ਦਰਜਾਬੰਦੀ ਜਾਂ ਤਰਤੀਬ ਨੂੰ ਉਲਟਾ ਕਰ ਦੇਣ ਦੀ ਬਜਾਏ, ਇਸ ਫਰਕ ਨੂੰ ਸਮੇਟ ਕੇ ਮੇਟ ਦੇਣਾ ਹੀ ਸਮਾਧਾਨ ਹੈ।

ਬਾਣੀ ਅੰਦਰ ਪ੍ਰਭੂ ਦੀ ਪਰਮ ਹਸਤੀ ਨੂੰ ਦਇਆਵਾਨ ਦੇ ਰੂਪ ਵਿੱਚ ਚਿਤਵਿਆ ਗਿਆ ਹੈ। ਬੇਸ਼ੱਕ ਉਹ ਹਰ ਪ੍ਰਾਣੀ ਪ੍ਰਤੀ ਦਇਆਵਾਨ ਹੈ ਤੇ ਦਇਆ-ਭਾਵ ਉਹਦੀ ਪਛਾਣ ਵੀ ਹੈ, ਫਿਰ ਵੀ, ਉਹਦੀ ਦਇਆ ਦੇ ਵਿਸ਼ੇਸ਼ ਪਾਤਰ ਉਹ ਲੋਕ ਹਨ, ਜਿਹੜੇ ਕਿਸੇ ਨਾ ਕਿਸੇ ਤਰਾਂ ਦੀਨ ਅਤੇ ਪਰਾਧੀਨ ਹਨ। ਬਾਣੀ ਵਿੱਚ ਪ੍ਰਭੂ ਨੂੰ ਅਨੇਕ ਥਾਵਾਂ 'ਤੇ

'ਦੀਨ ਦਇਆਲ' ਵਜੋਂ ਚਿਤਵਿਆ ਅਤੇ ਮੁਖਾਤਿਬ ਹੋਇਆ ਗਿਆ ਹੈ- ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ॥

ਜਾਤੀ ਅਤੇ ਵਰਣ ਵਿਵਸਥਾ ਅਨੁਸਾਰ ਸ਼ੂਦਰ ਜਾਤੀ ਦੇ ਲੋਕਾਂ ਨੂੰ ਨੀਚ ਕਿਹਾ ਜਾਂਦਾ ਸੀ। ਬਾਣੀ ਵਿੱਚ ਭਗਤ ਕਬੀਰ ਜੀ ਨੂੰ ਉਸ ਵੇਲੇ ਦੇ ਸਮਾਜਿਕ ਮੁਹਾਵਰੇ ਵਜੋਂ "ਨੀਚ ਕੁਲਾ ਜੁਲਾਹਰਾ" ਅਤੇ ਭਗਤ ਨਾਮ ਦੇਵ ਜੀ ਨੂੰ "ਆਢ ਦਾਮ ਕੋ ਛੀਪਰੋ" ਕਿਹਾ ਗਿਆ। ਅੱਜ ਵੀ ਕਿਸੇ ਨੂੰ ਛੁਟਿਆਉਣ ਲਈ 'ਟਕੇ ਦਾ', 'ਕੌਡੀ ਦਾ' ਜਾਂ 'ਧੇਲੇ ਦਾ' ਕਹਿ ਦਿੱਤਾ ਜਾਂਦਾ ਹੈ। ਪਰ ਭਗਤ ਨਾਮਦੇਵ ਜੀ ਨੂੰ ਇਹਤੋਂ ਵੀ ਹੇਠਾਂ "ਆਢ ਦਾਮ ਕੋ" ਕਿਹਾ ਜਾਂਦਾ ਹੋਵੇਗਾ। ਸ਼ਾਇਦ ਇਸੇ ਲਈ ਭਗਤ ਨਾਮਦੇਵ ਜੀ ਨੇ "ਏ ਪੰਡੀਆ ਮੋ ਕਉ ਢੇਢ ਕਹਤ" ਸ਼ਿਕਾਇਤ ਦਰਜ ਕਰਵਾਈ। ਭਗਤ ਰਵਿਦਾਸ ਜੀ ਨੇ ਆਪਣੇ ਆਪ ਬਾਬਤ ਖੁਦ ਹੀ "ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ" ਲਿਖਿਆ। ਉਸ ਵੇਲੇ ਨਿਮਨ ਜਾਤੀ ਪਰਾਧੀਨ ਲੋਕਾਂ ਨੂੰ ਪ੍ਰਚੱਲਤ ਲੋਕ ਮੁਹਾਵਰੇ ਵਿਚ ਇਸੇ ਤਰਾਂ ਬੁਲਾਇਆ ਜਾਂਦਾ ਹੋਵੇਗਾ। ਬੇਸ਼ੱਕ ਗੁਰੂ ਸਾਹਿਬ ਨੇ ਨਿਮਨ ਜਾਤੀ ਨਾਲ ਸਬੰਧਤ ਭਗਤਾਂ ਲਈ ਅਜਿਹਾ ਲੋਕ ਮੁਹਾਵਰਾ ਵਰਤਣ ਤੋਂ ਪ੍ਰਹੇਜ਼ ਨਹੀਂ ਕੀਤਾ, ਫਿਰ ਵੀ ਉਨ੍ਹਾਂ ਨੇ ਸਾਫ ਸ਼ਬਦਾਂ ਵਿੱਚ ਦੱਸਿਆ ਕਿ ਗੁਰਮਤਿ ਅਨੁਸਾਰ ਭਗਤ ਜਨਾ ਵਿੱਚੋਂ ਕੋਈ ਵੀ ਆਪਣੀ ਜਾਤੀ ਅਤੇ ਵਰਣ ਕਾਰਣ ਵਿਸ਼ੇਸ਼ ਅਤੇ ਨਿਰਵਿਸ਼ੇਸ਼ ਨਹੀਂ ਹੈ। ਬੇਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਬਰਾਬਰੀ ਦਾ ਆਦੇਸ਼ ਅਤੇ ਸੰਦੇਸ਼ ਦਿੱਤਾ ਗਿਆ ਹੈ, ਪਰ ਜਾਤੀ ਅਤੇ ਵਰਣ-ਵਿਵਸਥਾ ਅਧਾਰਤ ਹੋ ਰਹੇ ਵਿਤਕਰੇ ਨੂੰ ਮੁਖਾਤਿਬ ਹੁੰਦਿਆਂ ਗੁਰੂ ਨਾਨਕ ਨੇ ਉੱਚੀ ਅਤੇ ਸੰਵੇਦਨਸ਼ੀਲ ਸੁਰ ਵਿਚ ਐਲਾਨ ਕੀਤਾ: ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਹੋਰ ਅੱਗੇ ਵਧਦਿਆਂ ਦੱਸਿਆ ਗਿਆ ਕਿ ਜਿੱਥੇ ਕਿਤੇ ਵੀ ਜਾਤੀ ਅਤੇ ਵਰਣ-ਵਿਵਸਥਾ ਤਹਿਤ ਤ੍ਰਿਸਕਾਰੇ ਗਏ ਲੋਕਾਂ ਦੇ ਵਸੇਬੇ ਅਤੇ ਸਾਂਭ ਸੰਭਾਲ਼ ਦੇ ਯਤਨ ਕੀਤੇ ਜਾਂਦੇ ਹਨ, ਉੱਥੇ ਹਮੇਸ਼ਾ ਹੀ ਪ੍ਰਭੂ ਦੀ ਕਿਰਪਾ ਹੁੰਦੀ ਹੈ। ਬਾਣੀ ਵਿਚ ਦੱਸਿਆ ਗਿਆ: ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਬੀਰ ਜੀ ਦਾ ਅਜਿਹਾ ਸ਼ਬਦ ਦਰਜ ਹੈ, ਜਿਹਦੇ ਵਿੱਚ ਮਨੁੱਖੀ ਏਕਤਾ ਅਤੇ ਬਰਾਬਰੀ ਦੀ ਗੱਲ ਇਸ ਅੰਦਾਜ਼ ਵਿੱਚ ਕੀਤੀ ਗਈ, ਜਿਹਦੇ ਨਾਲ ਮਨੁੱਖੀ ਊਚ ਨੀਚ ਦੇ ਸਭ ਮਾਨਸਿਕ ਢਾਂਚੇ ਤਹਿਸ ਨਹਿਸ ਹੋ ਜਾਂਦੇ ਹਨ। ਮਨੁੱਖੀ ਬਰਾਬਰੀ ਦੀ ਗੱਲ ਇਹਤੋਂ ਵੱਧ ਕਾਰਗਰ ਅਤੇ ਅਸਰਦਾਰ ਤਰੀਕੇ ਨਾਲ ਸ਼ਾਇਦ ਹੀ ਕਿਸੇ ਨੇ ਕੀਤੀ ਹੋਵੇ: ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਮਨੁੱਖਤਾ ਵਿੱਚ ਜਾਤੀ ਅਤੇ ਵਰਣ ਵਿਵਸਥਾ ਕਾਰਣ ਪਿਆ ਪਾੜਾ ਭਾਰਤੀ ਸਮਾਜ ਦਾ ਕਰੂਰ ਲੱਛਣ ਹੈ। ਪਰ ਆਰਥਿਕ ਅਧਾਰ ਉੱਤੇ ਮਨੁੱਖਤਾ ਵਿੱਚ ਪਿਆ ਅਮੀਰ ਗਰੀਬ ਦਾ ਪਾੜਾ ਸਮੁੱਚੇ ਵਿਸ਼ਵ ਵਿਚ ਦੇਖਿਆ ਜਾ ਸਕਦਾ ਹੈ। ਆਰਥਿਕ ਤੌਰ ਪਰ ਉੱਚੇ ਉੱਠੇ ਅਮੀਰ ਵਰਗ ਦੇ ਲੋਕ ਪਛੜੇ ਹੋਏ ਗਰੀਬ ਵਰਗ ਦੇ ਲੋਕਾਂ ਉੱਤੇ ਅਕਸਰ ਅਨੇਕ ਤਰਾਂ ਦੇ ਅਤਿਆਚਾਰ ਕਰਦੇ ਹਨ। ਸਮੁੱਚੀ ਧਰਤੀ ਉੱਤੇ ਗਰੀਬ ਲੋਕਾਂ ਦਾ ਜੀਵਨ ਬੇਹੱਦ ਅਣਮਨੁੱਖੀ ਕਿਸਮ ਦਾ ਦੇਖਿਆ ਜਾਂਦਾ ਹੈ। ਇਹਦੇ ਇਲਾਵਾ ਅਮੀਰ ਵਰਗ ਦੇ ਲੋਕਾਂ ਵੱਲੋਂ ਗਰੀਬ ਲੋਕਾਂ ਨਾਲ ਕੀਤੇ ਜਾਂਦੇ ਧੱਕੇ ਦੀਆਂ ਕਹਾਣੀਆਂ ਨਾਲ ਹਰੇਕ ਨੇਕ ਦਿਲ ਦਿਲ ਦਹਿਲ ਜਾਂਦਾ ਹੈ।

ਭਾਰਤੀ ਸਮਾਜ ਵਿੱਚ ਕਿਸੇ ਨੂੰ ਦੇਖ ਕੇ ਮੁੱਛ ਨੂੰ ਵੱਟ ਦੇਣਾ ਜਾਂ ਆਪਣੀ ਦਾਹੜੀ 'ਤੇ ਹੱਥ ਫੇਰਨਾ ਗਰੂਰ ਦਾ ਸੰਕੇਤਕ ਮੰਨਿਆ ਜਾਂਦਾ ਹੈ। ਖ਼ਾਸ ਤੌਰ ਪਰ ਕਿਸੇ ਦੀਨ, ਅਧੀਨ, ਪਰਾਧੀਨ, ਕਮਜ਼ੋਰ ਅਤੇ ਗਰੀਬ ਨੂੰ ਦੇਖ ਕੇ ਤਾਂ ਜ਼ੋਰਾਵਰ ਲੋਕ ਅਕਸਰ ਇਸ ਤਰਾਂ ਘੂਰਦੇ ਦੇਖੇ ਜਾ ਸਕਦੇ ਹਨ। ਗੁਰੂ ਅਰਜਨ ਦੇਵ ਜੀ ਨੇ ਇਸ ਅਮਾਨਵੀ ਰਵੱਈਏ ਨੂੰ ਗੰਭੀਰਤਾ ਨਾਲ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹਦਾ ਵਿਰੋਧ ਦਰਜ ਕੀਤਾ: ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥

ਮਨੁੱਖਤਾ ਦੇ ਇਤਿਹਾਸ ਵਿਚ ਮਾਨਵੀ ਰੰਗਾਂ ਦਾ ਵਿਸ਼ੇਸ਼ ਮਹੱਤਵ ਹੈ। ਭਾਰਤੀ ਪਰੰਪਰਾ ਅਨੁਸਾਰ ਵਰਣ-ਵਿਵਸਥਾ ਦਾ ਅਧਾਰ ਰੰਗ ਨੂੰ ਬਣਾਇਆ ਗਿਆ। ਚਿੱਟੇ ਰੰਗ ਵਾਲੇ ਬ੍ਰਾਹਮਣ, ਲਾਲ ਖੱਤਰੀ, ਪੀਲੇ ਵੈਸ਼ ਅਤੇ ਕਾਲ਼ੇ ਸ਼ੂਦਰ ਕਹੇ ਗਏ। ਪੀਲੇ, ਲਾਲ ਅਤੇ ਚਿੱਟੇ ਲੋਕ ਇਕ ਪਾਸੇ ਤੇ ਕਾਲੇ ਲੋਕ ਇਕ ਪਾਸੇ ਕਰ ਦਿੱਤੇ ਗਏ ਤੇ ਇਹੀ ਮਾਨਵੀ ਵਿਤਕਰੇ ਦਾ ਅਰੰਭ ਬਿੰਦੂ ਹੈ। ਕਾਲ਼ੇ ਗੋਰੇ ਦੇ ਰੂਪ ਵਿੱਚ ਛੂਤ, ਅਛੂਤ ਅਤੇ ਊਚ ਨੀਚ ਦੇ ਇਸ ਸੰਕਟ ਨੂੰ ਬੇਸ਼ੱਕ ਕਾਨੂੰਨ ਦੇ ਆਸਰੇ ਨਜਿੱਠਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਕਾਨੂੰਨ

ਕਿਸੇ ਵੀ ਸੰਕਟ ਅਤੇ ਸਮੱਸਿਆ ਦਾ ਸਮਾਧਾਨ ਨਹੀਂ ਹੁੰਦਾ ਤੇ ਕਾਨੂੰਨ ਕਦੇ ਦਿਲ 'ਤੇ ਲਾਗੂ ਨਹੀਂ ਹੁੰਦਾ। ਕਾਨੂੰਨ ਕਿਸੇ ਨੂੰ ਕੁਝ ਗਲਤ ਕਰਨੋ ਰੋਕ ਸਕਦਾ ਹੈ, ਗਲਤ ਸੋਚਣ ਤੋਂ ਨਹੀਂ ਰੋਕ ਸਕਦਾ। ਕਾਲੇ ਗੋਰੇ ਦਾ ਫਰਕ ਅਸਲ ਵਿੱਚ ਸਾਡੀ ਸੋਚ ਵਿੱਚ ਹੈ, ਜੋ ਸਾਡੇ ਵਿਵਹਾਰ ਦਾ ਕਾਰਣ ਬਣਦਾ ਹੈ। ਇਹਦੇ ਸਮਾਧਾਨ ਲਈ ਇਸ ਸੋਚ ਦਾ ਖ਼ਾਰਜ਼ ਹੋਣਾ ਜ਼ਰੂਰੀ ਹੈ।

ਭਾਰਤੀ ਲੋਕਾਚਾਰ ਵਿੱਚ ਅਗਰ ਕਿਸੇ ਸੁਵਰਣ ਦਾ ਰੰਗ ਕਾਲਾ ਹੋਵੇ ਤਾਂ ਉਹਨੂੰ ਬਦਸ਼ਗਨ ਸਮਝਿਆ ਜਾਂਦਾ ਹੈ। ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿੱਚ ਕਿਹਾ ਜਾਂਦਾ ਹੈ ਕਿ ਘਰੋਂ ਨਿਕਲਦੇ ਮਿਰਜ਼ੇ ਨੂੰ ਕਾਲੇ ਰੰਗ ਦਾ ਬ੍ਰਾਹਮਣ ਮੱਥੇ ਲੱਗਿਆ ਸੀ, ਜਿਸ ਕਰਕੇ ਮਿਰਜ਼ਾ ਜਿਉਂਦਾ ਵਾਪਸ ਨਾ ਆ ਸਕਿਆ। ਆਪਣੇ ਬੱਚਿਆਂ ਦੇ ਰਿਸ਼ਤੇ ਕਰਨ ਲੱਗਿਆਂ ਹਰ ਕਿਸੇ ਦੀ ਕੋਸ਼ਿਸ਼ ਹੁੰਦੀ ਹੈ ਕਿ ਲੜਕੇ ਜਾਂ ਲੜਕੀ ਦਾ ਰੰਗ ਗੋਰਾ ਹੋਵੇ। ਵਿਆਹ ਸ਼ਾਦੀ ਨਾਲ ਸਬੰਧਤ ਮੀਡੀਆ ਵਿਚ ਛਾਇਆ ਹੁੰਦੇ ਇਸ਼ਤਿਹਾਰ ਦੱਸਦੇ ਹਨ ਕਿ ਸਾਡੀ ਮਾਨਸਿਕਤਾ ਵਿਚ ਕਾਲੇ ਗੋਰੇ ਦਾ ਭੇਦ-ਭਾਵ ਕਿਸ ਕਦਰ ਘਰ ਕਰ ਚੁੱਕਾ ਹੈ। ਅਜਿਹੇ ਭਿੰਨ-ਭੇਦ ਦਾ ਸੰਕੇਤ ਇਹਤੋਂ ਵੱਧ ਕੀ ਹੋ ਸਕਦਾ ਹੈ ਕਿ ਸ੍ਰੀ ਕ੍ਰਿਸ਼ਨ ਵੀ ਆਪਣੀ ਪਾਲਿਕ ਮਾਂ ਯਸ਼ੋਧਾ ਨੂੰ ਸਵਾਲ ਕਰਦੇ ਹਨ: ਰਾਧਾ ਕਿਉਂ ਗੋਰੀ ਮੈਂ ਕਿਉਂ ਕਾਲ਼ਾ। ਰੰਗ ਭੇਦ ਸਾਡੇ ਸਮਾਜ ਨੇ ਇਸ ਕਦਰ ਮੰਨ ਲਿਆ ਹੋਇਆ ਹੈ ਕਿ ਇਹ ਹੁਣ ਕਿਸੇ ਸੰਕਟ ਜਾਂ ਸਮੱਸਿਆ ਵਜੋਂ ਕਿਸੇ ਨੂੰ ਅੱਖੜਦਾ ਹੀ ਨਹੀਂ।

ਸਬਾਲ਼ਟਰਨ ਅਧਿਐਨ ਦੇ ਅਧੀਨ ਜਿਹੜੇ ਮਸਲੇ ਵਿਚਾਰੇ ਜਾਂਦੇ ਹਨ, ਉਨ੍ਹਾਂ ਵਿੱਚੋਂ ਇਕ ਆਰਥਿਕ ਪਾੜੇ ਦਾ ਮਸਲਾ ਹੈ, ਜਿਹਦੇ ਕਾਰਣ ਮੁੱਦਤਾਂ ਤੋਂ ਮਨੁੱਖ ਮਨੁੱਖ ਦਾ ਸ਼ੋਸ਼ਣ ਕਰਦਾ ਆ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਆਰਥਿਕ ਤੌਰ ਪਰ ਕੋਈ ਤੰਗ ਅਤੇ ਪੱਛੜਿਆ ਵਿਅਕਤੀ ਮਿਹਨਤ ਮੁਸ਼ੱਕਤ ਜਾ ਕਿਸੇ ਹੋਰ ਹੀਲੇ ਆਪਣੇ ਪਛੜੇਪਨ ਤੋਂ ਨਿਜਾਤ ਪਾ ਸਕਦਾ ਹੈ। ਭਾਵੇਂ ਇਹ ਸਦੀਵੀ ਮਸਲਾ ਹੈ, ਪਰ ਕੋਈ ਨਿਜੀ ਤੌਰ ਪਰ ਇਸ ਸਮੱਸਿਆ ਦਾ ਸਮਾਧਾਨ ਕਰ ਸਕਦਾ ਹੈ।

ਪਰ ਇਸ ਰੰਗ ਭੇਦ ਦਾ ਆਰਥਿਕ ਪਾੜੇ ਜਾਂ ਪਛੜੇਵੇਂ ਦੀ ਤਰਾਂ ਕੋਈ ਸਮਾਧਾਨ ਨਹੀਂ। ਕਾਲੇ ਰੰਗ ਨੂੰ, ਹਾਲੇ ਤੱਕ, ਕਿਸੇ ਵੀ ਤਰੀਕੇ ਨਾਲ, ਗੋਰੇ ਵਿੱਚ ਨਹੀਂ ਬਦਲਿਆ ਜਾ ਸਕਦਾ, ਜਿਸ ਕਰਕੇ, ਇਸ ਮਸਲੇ ਦਾ ਹੱਲ ਵਧੇਰੇ ਦੁਰਗਮ ਸਮਝਿਆ ਜਾਂਦਾ ਹੈ। ਗੁਰਮਤਿ ਵਿੱਚ ਰੰਗ ਭੇਦ ਨੂੰ ਮੇਟਣ ਲਈ ਸੁਹਜ ਦਾ ਅਧਾਰ, ਦੈਹਿਕ ਨਕਸ਼ ਦੀ ਬਜਾਏ, ਮਾਨਸਿਕ ਸਹਿਜ ਵਿੱਚ ਪ੍ਰਯੁਕਤ ਕੀਤਾ ਗਿਆ ਹੈ। ਗੁਰਮਤਿ ਵਿੱਚ ਪ੍ਰੀਤ ਦੇ ਅਧਾਰ ਸੁਹਜ ਨੂੰ ਸਹਿਜ ਵਿੱਚ ਤਬਦੀਲ ਕਰ ਦਿੱਤਾ ਗਿਆ। ਜਦ ਕਿਸੇ ਦੀ ਸ਼ਕਲੋ-ਸੂਰਤ ਨਿਮਰ ਸਹਿਜ ਦੀ ਲਖਾਇਕ ਹੋ ਜਾਵੇ, ਮਨ ਸਹਿਣਸ਼ੀਲਤਾ ਦਾ ਧਾਮ ਅਤੇ ਜ਼ੁਬਾਨ ਸ਼ਹਿਦ ਦੀ ਨਿਆਈਂ ਹੋ ਜਾਵੇ ਤਾਂ ਪ੍ਰੀਤਵਾਨ ਆਪੇ ਖਿੱਚਿਆ ਆਉਂਦਾ ਹੈ। ਬਾਬੇ ਫਰੀਦ ਦਾ ਕਥਨ ਹੈ: ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

ਗੁਰਮਤਿ ਲੋਰ ਵਿੱਚ ਗੁਰੂ ਨੂੰ ਵੀਹ ਵਿਸਵੇ ਤੇ ਸੰਗਤ ਨੂੰ ਇੱਕੀ ਵਿਸਵੇ ਕਿਹਾ ਗਿਆ। ਦੈਹਿਕ ਗੁਰੂ ਸਦੀਵੀ ਨਹੀਂ ਹੈ। ਪਰ ਸ਼ਬਦ ਗੁਰੂ ਸੰਗਤ ਵਿੱਚ ਸਦੈਵ ਵਰਤਦਾ ਹੈ। ਇਸ ਲਈ ਉੱਪਰ ਦੱਸੇ ਹੁਸਨੋ ਇਖ਼ਲਾਕ ਦੇ ਤਿੰਨ ਗੁਣ ਸਿੱਧ ਪੁਰਸ਼ਾਂ ਦੀ ਸੰਗਤ ਵਿੱਚ ਸੰਚਾਰਿਤ ਹੁੰਦੇ ਹਨ। ਇਸੇ ਲਈ ਗੁਰੂ ਅਰਜਨ ਦੇਵ ਫ਼ਰਮਾਨ ਕਰਦੇ ਹਨ: ਸੇਈ ਸੁੰਦਰ ਸੋਹਣੇ॥ ਸਾਧ ਸੰਗਿ ਜਿਨ ਬੈਹਣੇ॥

ਸ਼ਾਸਤਰੀ ਪਰੰਪਰਾ ਵਿੱਚ ਮਹਾਂਕਾਵਿ ਦੀ ਨਾਇਕਾ ਦੈਹਿਕ ਸੁਹਜ ਦਾ ਮੁਜੱਸਮਾ ਹੋਣੀ ਜ਼ਰੂਰੀ ਸਮਝੀ ਜਾਂਦੀ ਹੈ। ਇੱਥੋਂ ਤੱਕ ਕਿ ਰਾਮਾਇਣ ਵਿੱਚ ਵੀ ਸੀਤਾ ਜੀ ਦੀ ਦੈਹਿਕ ਸੁਡੌਲਤਾ, ਕੋਮਲਤਾ, ਉਭਾਰ ਅਤੇ ਗੋਲਾਈਆਂ ਦੇ ਅਨੁਪਾਤ ਬੜੀ ਉਤਕ੍ਰਿਸ਼ਟ ਅਤੇ ਸ਼ਾਲੀਨ ਭਾਸ਼ਾ ਵਿੱਚ ਚਿਤਰੇ ਗਏ ਹਨ। ਇਸੇ ਲਹਿਜ਼ੇ ਵਿੱਚ ਵਾਰਿਸ ਸ਼ਾਹ ਨੇ ਵੀ ਆਪਣੇ ਕਿੱਸੇ ਦੀ ਨਾਇਕਾ ਹੀਰ ਦੇ ਅੰਗ ਅੰਗ ਦੇ ਹੁਸਨ ਨੂੰ ਇਸ ਤਰਾਂ ਚਿਤਰਿਆ ਹੈ ਕਿ ਪੜ੍ਹਨ ਵਾਲੇ ਦਾ ਵਿਲਾਸ ਮੰਡਲ ਵਿੱਚ ਵਿਸਰਜਣ ਹੋ ਜਾਂਦਾ ਹੈ। ਅਸਲ ਵਿਚ ਹਰ ਸਾਹਿਤਕਾਰ ਆਪਣੀ ਰਚਨਾ ਦੇ ਇਸਤਰੀ ਚਰਿੱਤਰ ਨੂੰ ਪੇਸ਼ ਕਰਨ ਲੱਗਿਆਂ ਉਹਦੇ ਅੰਗਾਂ ਵਿਚ ਹੇਠਾਂ ਤੱਕ ਉੱਤਰ ਜਾਂਦਾ ਹੈ ਤੇ ਉਹਦੇ ਹੁਸਨ ਦੇ ਮੋਤੀ ਲੱਭ ਲੱਭ ਆਪਣੀ ਰਚਨਾ ਨੂੰ ਸ਼ਿੰਗਾਰਦਾ ਹੈ। ਸਾਡੀ ਸਾਹਿਤ ਰਚਨਾ ਇਸਤਰੀ ਦੇ ਚਿੱਤਰ ਵਿੱਚੋਂ ਹੀ ਉਹਦੇ ਚਰਿੱਤਰ ਨੂੰ ਨਾਪਣ ਦੀ ਆਦੀ ਹੈ।

ਔਰਤ ਦਾ ਅਕਸ ਉਹਦੇ ਚਰਿੱਤਰ ਦੀ ਬਜਾਏ ਚਿੱਤਰ ਵਿੱਚੋਂ ਲੱਭਣਾ ਸਾਹਿਤਕ ਦੋਸ਼ ਹੈ, ਜਿਸ ਕਰਕੇ ਇਸਤਰੀ ਦੇ ਦੈਹਿਕ ਸੁਹਜ ਦੀ ਵਧੇਰੇ ਨਿਸਬਤ ਉਹਦੇ ਉਭਾਰਾਂ ਦੀ ਸਡੌਲਤਾ ਵਿੱਚ ਦੇਖੀ ਜਾਂਦੀ ਹੈ। ਇਸੇ ਕਰਕੇ

ਉਹਦੇ ਉਭਾਰ ਅਕਸਰ ਸੂਖਮ ਗੁਮਾਨ ਦੇ ਸਬੱਬ ਬਣ ਜਾਂਦੇ ਹਨ। ਗੁਰਮਤਿ ਮੁਤਾਬਕ ਦੈਹਿਕ ਸੁਹਜ ਮਨੋ ਹੰਕਾਰ ਜਹੇ ਵਿਕਾਰ ਨੂੰ ਜਨਮ ਦਿੰਦਾ ਹੈ। ਕੋਈ ਇਸਤਰੀ ਕਿਸੇ ਅੱਗੇ ਨਮਨ ਕਰਨੋ ਇਸ ਕਰਕੇ ਇਨਕਾਰੀ ਹੈ ਕਿ ਉਹਦੇ ਉਭਾਰਾਂ ਦੀ ਸਡੌਲਤਾ ਰੁਕਾਵਟ ਬਣਦੀ ਹੈ। ਸੁਡੌਲਤਾ ਦੇ ਇਸ ਗੁਮਾਨ ਨੂੰ ਗੁਰੂ ਨਾਨਕ ਇਵੇਂ ਪੇਸ਼ ਕਰਦੇ ਹਨ: ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥ ਪਰ ਉਹ ਅਜਿਹੀ ਇਸਤਰੀ ਦਾ ਗੁਮਾਨ ਤੋੜਦੇ ਹੋਏ ਦੱਸਦੇ ਹਨ ਕਿ ਸੀਮਿੰਟ ਨਾਲ ਬਣਾਈਆਂ ਪਰਬਤ ਜਹੀਆਂ ਇਮਾਰਤਾਂ ਵੀ ਢਹਿ ਢੇਰੀ ਹੋ ਜਾਂਦੀਆਂ ਹਨ, ਜਿਨ੍ਹਾਂ ਸਾਹਮਣੇ ਉਹਦੇ ਉਭਾਰਾਂ ਦੀ ਸਡੌਲਤਾ ਕੋਈ ਅਰਥ ਨਹੀਂ ਰੱਖਦੀ। ਗੁਰੂ ਨਾਨਕ ਨੇ ਕਿਹਾ:

ਗਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥

ਦੈਹਿਕ ਹੁਸਨ ਜਾਂ ਜੋਬਨ ਨੂੰ ਯੁਵਕ ਅਵਸਥਾ ਜਾਂ ਭਰ ਜੁਆਨੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸੇ ਲਈ ਇਸ ਅਵਸਥਾ ਵਿੱਚ ਪੁਰਸ਼ ਨੂੰ ਜੁਆਨ ਅਤੇ ਇਸਤਰੀ ਨੂੰ ਮੁਟਿਆਰ ਕਿਹਾ ਜਾਂਦਾ ਹੈ। ਸਾਡੇ ਸਮਾਜ ਵਿਚ ਉਮਰ ਵਿਹਾ ਚੁੱਕੇ ਬੁੱਢੇ ਇਸਤਰੀ ਪੁਰਸ਼ ਸਿਆਣੇ ਤਾਂ ਸਮਝੇ ਜਾਂਦੇ ਹਨ, ਸੋਹਣੇ ਨਹੀਂ। ਇਸੇ ਕਰਕੇ ਉਮਰ ਦੇ ਬੀਤਣ ਨਾਲ ਜੁਆਨੀ ਦੇ ਗੁਜ਼ਰਨ ਦਾ ਫਿਕਰ ਵੱਢ-ਵੱਢ ਖਾਣ ਲੱਗ ਪੈਂਦਾ ਹੈ। ਇਸ ਲਈ ਕਿਸੇ ਅਜਿਹੇ ਮਨੁੱਖ ਨੂੰ ਬਾਣੀ ਇਸ ਤਰਾਂ ਮੁਖਾਤਿਬ ਹੈ: ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥ ਬਾਣੀ ਵਿੱਚ ਆਏ ਅਜਿਹੇ ਅਨੇਕ ਆਦਰਸ਼ਾਂ ਅਤੇ ਆਦੇਸ਼ਾਂ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਵਿੱਚ ਦੈਹਿਕ ਸੁਹਜ ਨੂੰ ਮਾਨਸਿਕ ਸਹਿਜ ਵਿਚ ਤਬਦੀਲ ਕਰਕੇ ਗੋਰੇ ਕਾਲੇ ਦੇ ਰੰਗ ਭੇਦ ਨੂੰ ਅਸੰਗਤ ਕਰ ਦਿੱਤਾ ਗਿਆ।

ਰੰਗ ਭੇਦ ਦੀ ਤਰਾਂ ਲਿੰਗ ਭੇਦ ਵੀ ਤਵੱਜੋ ਦੀ ਮੰਗ ਕਰਦਾ ਹੈ। ਵਿਸ਼ਵ ਪ੍ਰਸਿੱਧ ਮਨੋ ਭਾਸ਼ਾ-ਵਿਗਿਆਨੀ ਅਤੇ ਨਾਰੀਵਾਦੀ ਚਿੰਤਕ ਲੂਸ ਇਰੀਗੈਰੇ ਦਾ ਮੰਨਣਾ ਹੈ ਕਿ ਵਿਸ਼ਵ ਦੀਆਂ ਮਹੱਤਵਪੂਰਣ ਸੰਸਥਾਵਾਂ ਦੀ ਰਚਨਾ ਪੁਰਸ਼ਵਾਚੀ ਹੈ। ਅਗਰ ਅਸੀਂ ਇਨ੍ਹਾਂ ਦਾ ਲਿੰਗਕ ਸੰਤੁਲਨ ਸਮਾਨ ਕਰਨਾ ਹੈ ਤਾਂ ਸਾਨੂੰ ਭਾਸ਼ਾਈ ਪੱਧਰ 'ਤੇ ਚੇਤੰਨ ਯਤਨ ਕਰਨੇ ਪੈਣਗੇ। ਉਹਦਾ ਕਹਿਣਾ ਹੈ ਕਿ ਰੱਬ ਸਾਡੇ ਸਮਾਜ ਦਾ ਸਭ ਤੋਂ ਵਧੇਰੇ ਮਹੱਤਵਪੂਰਣ ਅਤੇ ਸ਼ਕਤੀਸ਼ਾਲੀ ਸੰਕਲਪ ਹੈ, ਜੋ ਹਰ ਭਾਸ਼ਾ ਵਿੱਚ ਪੁਰਸ਼ਵਾਚੀ ਹੈ, ਜਿਸ ਕਰਕੇ ਇੱਥੋਂ ਹੀ ਇਸਤਰੀ ਲਈ ਪੱਖਪਾਤ ਅਤੇ ਤ੍ਰਿਸਕਾਰ ਅਰੰਭ ਹੁੰਦਾ ਹੈ।

ਗੁਰਮਤਿ ਵਿੱਚ ਰੱਬ ਨੂੰ ਬੇਸ਼ੱਕ ਪੁਰਖ ਕਿਹਾ ਗਿਆ, ਪਰ ਇਹ ਲਿੰਗ ਦੇ ਨੁਕਤੇ ਤੋਂ ਪੁਰਸ਼ਵਾਚਕ ਨਹੀਂ। ਗੁਰਬਾਣੀ ਦੀ ਭਾਸ਼ਾ ਦੇ ਮੁਤਾਬਕ ਬੇਸ਼ੱਕ ਰੱਬ ਨੂੰ ਪੁਰਸ਼ ਵਾਚਕ ਕਿਹਾ ਜਾ ਸਕਦਾ ਹੈ, ਪਰ, ਬਾਣੀ ਦੇ ਵਿਚਾਰ, ਖਿਆਲ ਜਾਂ ਸਿਧਾਂਤ ਅਨੁਸਾਰ ਰੱਬ ਲਿੰਗ ਤੋਂ ਪਰੇ ਅਲਿੰਗ ਹੈ। ਬਾਣੀ ਵਿੱਚ ਬੇਸ਼ੱਕ ਉਸ ਪਰਮ ਹਸਤੀ ਨੂੰ ਪੁਰਖ ਕਿਹਾ ਗਿਆ, ਪਰ ਉਹ ਨਿਰਾਕਾਰ, ਅਕਾਲ ਅਤੇ ਅਜੂਨੀ ਹੈ। ਉਹਨੂੰ ਨਿਰਾਕਾਰ ਕਹਿਣ ਨਾਲ ਇਸਤਰੀ ਪੁਰਸ਼ ਦੀ ਪ੍ਰਾਥਮਿਕਤਾ ਦਾ ਮਸਲਾ ਹੱਲ ਹੋ ਜਾਂਦਾ ਹੈ। ਪ੍ਰਭੂ ਨੂੰ ਅਕਾਲ ਅਤੇ ਅਜੂਨੀ ਕਹਿਣ ਨਾਲ ਕੋਈ ਗੁੰਜਾਇਸ਼ ਨਹੀਂ ਬਚਦੀ ਕਿ ਉਸ ਪਰਮ ਹਸਤੀ ਨੂੰ ਲਿੰਗ ਦੇ ਦ੍ਵੰਧ ਵਿਚ ਰੱਖ ਕੇ ਦੇਖਿਆ ਜਾਵੇ। ਗੁਰੂ ਅਰਜਣ ਦੇਵ ਜੀ ਨੇ ਉਸ ਪਰਮ ਹਸਤੀ ਨੂੰ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਕਹਿ ਕੇ ਉਹਦਾ ਲਿੰਗਕ ਦ੍ਵੰਧ ਮੇਟ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਵੀ ਉਸ ਪਰਮ ਹਸਤੀ ਨੂੰ "ਆਪੇ ਪੁਰਖ ਆਪੇ ਹੀ ਨਾਰੀ" ਦੱਸ ਕੇ ਇਸ ਦ੍ਵੰਧ ਦਾ ਸੰਸਾ ਮੇਟ ਦਿੱਤਾ ਹੈ।

ਅੱਜ ਸਬਾਲਟਰਨ ਅਧਿਐਨ ਵਿੱਚ ਕਿੰਨਰ (third Gender) ਅਤੇ ਦੈਹਿਕ ਸਮਰੱਥਾਵਾਦ (ableism) ਦੀ ਵੀ ਵਿਚਾਰ ਕੀਤੀ ਜਾਂਦੀ ਹੈ। ਗੁਰਮਤਿ ਦੇ ਉਪਰੋਕਤ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਦੈਹਿਕ ਸਮਰੱਥਾ ਦੀ ਬਜਾਏ ਅਧਿਆਤਮਿਕ ਮਨੋਬਲ ਦੇ ਅਧਾਰਿਤ ਕਰਨ ਵਿਚ ਕਿੰਨਰ ਅਤੇ ਦੈਹਿਕ ਸਮਰੱਥਾ ਦਾ ਸਮਾਧਾਨ ਵੀ ਨਿਹਿਤ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦ ਉਹ ਪਰਮ ਹਸਤੀ ਨਰ ਨਾਰੀ ਦੇ ਦ੍ਵੰਧ ਅਤੇ ਵਿਵਾਦ ਤੋਂ ਨਿਰਲੇਪ ਹੈ ਫਿਰ ਲਿੰਗ ਅਲਿੰਗ, ਸਮਰੱਥਾ ਅਸਮਰੱਥਾ ਦਾ ਕੋਈ ਮਸਲਾ ਹੀ ਨਹੀਂ ਬਚਦਾ।

ਬੇਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਦਰਸ਼ਨ ਦਾ ਸਾਰ ਹੈ। ਪਰ ਇਹ ਦਰਸ਼ਨ ਸੰਕਲਪਿਕ ਬੋਧ ਜਾਂ ਸੰਬੋਧ ਤੱਕ ਸੀਮਤ ਹੋਣ ਦੀ ਬਜਾਏ ਅਭਿਆਸੀ ਦਰਸ਼ਨ ਹੈ। ਇਸੇ ਕਰਕੇ ਅਭਿਆਸ ਬਿਨਾ ਗੁਰਮਤਿ ਦਾ ਮਹੱਤਵ ਅਧੂਰਾ ਰਹਿ ਜਾਂਦਾ ਹੈ। ਗੁਰੂ ਨਾਨਕ ਨੇ ਆਦੇਸ਼ ਕੀਤਾ: ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ਗੁਰਮਤਿ ਦੇ ਪਹਿਲੇ

ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਇਸ ਆਦੇਸ਼ ਨੂੰ ਪੁਨਰ-ਉਕਤ ਕੀਤਾ: ਸਚਹੁੰ ਓਰੈ ਸਭ ਕਿਛੁ ਉਪਰਿ ਗੁਰਮੁਖਿ ਸਚੁ ਆਚਾਰਾ॥

ਬੇਸ਼ੱਕ ਦਰਸ਼ਨ ਅਤੇ ਅਭਿਆਸ ਵਿੱਚ ਹਮੇਸ਼ਾ ਫਰਕ ਰਹਿੰਦਾ ਹੈ ਤੇ ਅਭਿਆਸ ਹਮੇਸ਼ਾ ਦਰਸ਼ਨ ਦੇ ਪਿੱਛੇ ਪਿੱਛੇ ਆਉਂਦਾ ਹੈ। ਫਿਰ ਵੀ ਇਹ ਦੇਖਣਾ ਦਿਲਚਸਪ ਰਹੇਗਾ ਕਿ ਗੁਰਮਤਿ ਅਭਿਆਸ ਵਿੱਚ ਸਬਾਲ਼ਟਰਨ ਅਧਿਐਨ ਅਧੀਨ ਵਿਚਾਰੇ ਜਾਂਦੇ ਉਪਰੋਕਤ ਮਸਲੇ ਕਿਵੇਂ ਅਤੇ ਕਿਸ ਹੱਦ ਤੱਕ ਅਭਿਆਸ ਪ੍ਰਯੁਕਤ ਹੋਏ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਜੀਵਨ ਪ੍ਰਯੰਤ ਕਦੇ ਵੀ ਕਿਸੇ ਵਿਅਕਤੀ ਨੂੰ ਜਾਤੀ ਜਾਂ ਵਰਣ-ਵਿਵਸਥਾ ਦੇ ਅਧਾਰਤ ਪਸੰਦ ਜਾਂ ਨਾਪਸੰਦ ਨਹੀਂ ਕੀਤਾ। ਹਰ ਜਾਤੀ ਦੇ ਲੋਕ ਗੁਰੂ ਨਾਨਕ ਦੇ ਸਾਥ ਅਤੇ ਸਹਿਯੋਗ ਵਿੱਚ ਰਹੇ। ਭਾਈ ਬਾਲਾ ਭਾਰਤੀ ਵਰਣ-ਵਿਵਸਥਾ ਮੁਤਾਬਕ ਸ਼ੂਦਰ ਜਾਤੀ ਨਾਲ ਸਬੰਧਤ ਸੀ ਤੇ ਮਰਦਾਨਾ ਵੀ ਇਸਲਾਮਿਕ ਸਮਾਜ ਵਿੱਚ ਪਛੜੀ ਹੋਏ ਨਿਮਨ ਵਰਗ ਨਾਲ ਸਬੰਧਤ ਸੀ। ਕਸ਼ਮੀਰ ਯਾਤਰਾ ਦੌਰਾਨ ਉਨ੍ਹਾਂ ਨਾਲ ਲਿਖਾਰੀ ਦੀ ਸੇਵਾ ਕਰਨ ਵਾਲੇ ਭਾਈ ਹੱਸੂ ਅਤੇ ਭਾਈ ਸ਼ੀਹਾਂ ਵੀ ਸ਼ੂਦਰ ਵਰਣ ਨਾਲ ਸਬੰਧਤ ਸਨ।

ਇਸੇ ਸਦਕਾ ਸੀ ਕਿ ਜਿਸ ਵਕਤ ਗੁਰੂ ਹਰਗੋਬਿੰਦ ਜੀ ਨੇ ਗੁਰਮਤਿ ਦੀ ਸਹਿਜ ਚੇਤਨਾ ਵਿਚ, ਜ਼ਾਹਿਰਾ ਤੌਰ ਪਰ, ਰਾਜਸੀ ਚੇਤਨਾ ਪ੍ਰਯੁਕਤ ਕੀਤੀ ਤਾਂ ਉਸ ਵੇਲੇ ਉੱਚ ਵਰਗ ਸਮੇਤ ਨਿਮਨ ਜਾਤੀ ਲੋਕ ਵੀ ਗੁਰਮਤਿ ਦੇ ਉਸ ਅਭਿਆਨ ਵਿਚ ਸ਼ਾਮਿਲ ਹੋਏ। 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਅੰਕਤ ਹੈ: ਛੀਪੇ ਝੀਵਰ ਔਰ ਤਖਾਨ। ਨਾਈ ਗ੍ਰਿਹ ਉਤਰੇ ਸਭਿ ਆਨਿ॥

ਕਸ਼ਮੀਰ ਦੀਆਂ ਝਾੜੀਆਂ ਵਿਚ ਕਿਸੇ ਬੱਚੇ ਦੇ ਰੋਣ ਦੀ ਅਵਾਜ਼ ਆਈ ਤਾਂ ਗੁਰੂ ਹਰਗੋਬਿੰਦ ਜੀ ਨੇ ਸਿੱਖਾਂ ਨੂੰ ਜਾ ਕੇ ਦੇਖਣ ਲਈ ਕਿਹਾ। ਸਿੱਖਾਂ ਨੇ ਆ ਕੇ ਦੱਸਿਆ ਕਿ ਝਾੜੀਆਂ ਵਿਚ ਕਿਸੇ ਨੇ ਆਪਣਾ ਨਵਜੰਮਿਆਂ ਬੱਚਾ ਸੁੱਟਿਆ ਹੋਇਆ ਹੈ, ਜੋ ਗੰਦਗੀ ਨਾਲ ਲਿੱਬੜਿਆ ਹੈ ਤੇ ਜਿਹਦੇ ਮੂੰਹ ਵਿਚ ਜਨਮ ਸਮੇਂ ਹੀ ਦੰਦ ਹੋਣ ਕਾਰਨ, ਬਦਸ਼ਗਨਾ ਸਮਝਕੇ ਸੁੱਟਿਆ ਹੋਇਆ ਸੀ। ਗੁਰੂ ਜੀ ਨੇ ਸਿੱਖਾਂ ਨੂੰ ਬੱਚਾ ਚੁੱਕ ਲਿਆਉਣ ਲਈ ਕਿਹਾ ਤਾਂ ਉਹਨੂੰ ਨੁਹਾ ਧੁਆ ਕੇ ਨਵੇਂ ਵਸਤਰ ਪਾਏ ਗਏ ਤਾਂ ਉਹਦਾ ਨਾਂ ਸੁਥਰਾ ਰੱਖਿਆ। ਵੱਡਾ ਹੋਣ 'ਤੇ ਉਹਦੇ ਨਾਂ ਦੀ ਸੁਥਰੇਸ਼ਾਹੀ ਪਰੰਪਰਾ ਦਾ ਪ੍ਰਚਲਣ ਹੋਇਆ। ਗੁਰੂ ਜੀ ਨੇ ਸ਼ਗਨ ਅਪਸ਼ਗਨ ਤੋਂ ਪਾਰ ਜਾ ਕੇ ਸੁਥਰੇ ਹੋਣ ਦਾ ਅਭਿਆਸ ਯੁਕਤ ਸੰਕਲਪ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਸਮੇਂ ਇਕ ਸੁਵਰਣ ਜਾਤੀ ਸਿੱਖ ਦੇ ਸਮੇਤ ਸ਼ੂਦਰ ਵਰਣ ਨਾਲ ਸਬੰਧਤ ਚਾਰ ਸਿੱਖਾਂ ਨੂੰ ਆਪਣੇ ਪੰਜ ਪਿਆਰੇ ਹੋਣ ਦਾ ਮਾਣ, ਸਤਿਕਾਰ ਅਤੇ ਪਿਆਰ ਦਿੱਤਾ। ਗੁਰੂ ਜੀ ਨੇ ਜੀਵਨ ਪ੍ਰਯੰਤ ਕਿਸੇ ਨਾਲ, ਕਦੇ ਵੀ ਅਤੇ ਕਿਤੇ ਵੀ ਜਾਤੀ ਜਾਂ ਵਰਣ-ਵਿਵਸਥਾ ਅਧਾਰਤ ਵਿਤਕਰਾ, ਪੱਖ-ਪਾਤ ਜਾਂ ਭੇਦ-ਭਾਵ ਨਹੀਂ ਕੀਤਾ।

ਗੁਰ ਇਤਿਹਾਸ ਉਪਰੰਤ ਸਿੱਖ ਸਮਾਜ ਕੁਝ ਦੇਰ ਤੱਕ ਗੁਰਮਤਿ ਦਰਸ਼ਨ ਵਿਚ ਦਰਸਾਏ ਆਦਰਸ਼ਾਂ ਨੂੰ ਸਨਮੁਖ ਰੱਖ ਕੇ ਅਭਿਆਸ ਵਿਚ ਉੱਤਰਿਆ। ਇਸ ਉਪਲਕਸ਼ ਵਿੱਚ ਗੁਰਦੁਆਰੇ ਦੀ ਸੰਸਥਾ ਹੋਂਦ ਵਿੱਚ ਆਈ, ਜਿੱਥੇ ਬਿਨਾ ਜਾਤੀ, ਲਿੰਗ, ਰੰਗ, ਰੁਤਬਾ, ਸਮਰੱਥਾ ਅਤੇ ਅਸਮਰੱਥਾ ਵਿਚਾਰੇ ਦੇ ਹਰ ਕਿਸੇ ਲਈ ਮੁਫ਼ਤ ਵਿੱਦਿਆ, ਹਸਪਤਾਲ, ਵਿਸਰਾਮ ਅਤੇ ਲੰਗਰ ਦਾ ਅਟੁੱਟ ਪ੍ਰਬੰਧ ਹੋਣਾ ਲਾਜ਼ਮੀ ਕੀਤਾ ਗਿਆ। ਇਹਦੇ ਇਲਾਵਾ ਪਿੰਗਲਵਾੜੇ, ਯਤੀਮਖ਼ਾਨੇ ਤੇ ਬਿਰਧ ਆਸ਼ਰਮ ਹੋਂਦ ਵਿੱਚ ਆਏ। ਬੇਸ਼ੱਕ ਇਨ੍ਹਾਂ ਉੱਤੇ ਸਵਾਲ ਵੀ ਕੀਤਾ ਜਾ ਸਕਦਾ ਹੈ। ਕਿਉਂਕਿ ਅਜਿਹੇ ਆਸ਼ਰਮ, ਖਾਨੇ ਅਤੇ ਵਾੜੇ ਦੱਸਦੇ ਹਨ ਕਿ ਬਿਰਧ, ਯਤੀਮ ਅਤੇ ਅਪੰਗ ਲੋਕਾਂ ਲਈ ਸਮਾਜ ਦੀ ਮੁੱਖਧਾਰਾ ਵਿਚ ਕੋਈ ਥਾਂ ਨਹੀਂ ਹੈ। ਸਮਾਜ ਦੀ ਮੁੱਖਧਾਰਾ ਵਿਚ ਵਧ ਰਹੀ ਤੰਗੀ ਕਾਰਣ ਹੋਰ ਵਾੜੇ ਅਤੇ ਖਾਨੇ ਬਣਨ ਦੀ ਆਸ਼ੰਕਾ ਹੈ। ਸਬਾਲਟਰਨ ਅਧਿਐਨ ਅਧੀਨ ਆਉਂਦੇ ਲੋਕ ਸਾਡੇ ਸਮਾਜ ਵਿਚ ਅਦਿੱਖ ਕੁਰਾਟੀਨ ਦੀ ਤਰਾਂ ਰਹਿੰਦੇ ਹਨ। ਇਸ ਲਈ ਦਿਖਦੇ ਖਾਨੇ, ਵਾੜੇ ਅਤੇ ਆਸ਼ਰਮ ਨਿਰਮਤ ਕਰਨ ਦੀ ਬਜਾਏ ਅਦਿੱਖ ਮਾਨਸਿਕ ਖਾਨੇ ਹਟਾ ਕੇ ਹੀ ਗੁਰਮਤਿ ਆਦਰਸ਼ ਵੱਲ ਵਧਿਆ ਜਾ ਸਕਦਾ ਹੈ। ਸ਼ਾਇਦ ਗੁਰੂ ਨਾਨਕ ਨੇ 'ਜਪੁਜੀ' ਦੇ ਅਰੰਭ ਵਿੱਚ ਕੂੜ ਦੀ ਅਜਿਹੀ ਕੰਧ ਤੋੜਨ ਲਈ ਹੀ ਸਵਾਲ ਪਾਇਆ ਸੀ- ਕਿਵ ਕੂੜੈ ਤੁਟੈ ਪਾਲਿ॥

ਅਸਲ ਵਿੱਚ ਇਹ ਕੂੜ ਦੀ ਕੰਧ ਆਤਮ ਅਤੇ ਪਰਮਾਤਮ ਵਿੱਚ ਹੈ। ਗੁਰੂ ਨਾਨਕ ਦਾ ਕਥਨ ਹੈ: ਆਤਮਾ ਪਰਾਤਮਾ ਏਕੋ ਕਰੈ॥ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕ ਇੱਕ ਤੋਂ

ਅਰੰਭ ਹੁੰਦਾ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਆਦਿ ਅੰਕ ਵੀ ਈੜੀ ਨੂੰ ਸਿਹਾਰੀ ਕੱਕਾ ਇਕ ਲਿਖਣ ਦੀ ਬਜਾਏ ਏਕਾ ਪਾਇਆ ਗਿਆ ਹੈ, ਜਿਸ ਤੋਂ ਅੱਗੇ ਸਾਰੀ ਬਾਣੀ ਲੜੀਵਾਰ ਲਿਖੀ ਹੋਈ ਹੈ। ਏਕਾ ਇਕੱਲਾ ਅਲੱਗ ਹੈ ਤੇ ਓਂਕਾਰ ਜੁੜਿਆ ਹੋਇਆ ਹੈ। ਇੱਥੋਂ ਸੰਕੇਤ ਮਿਲਦਾ ਹੈ ਕਿ ਏਕੇ ਤੋਂ ਉਪਰੰਤ ਜੋ ਵੀ ਗੁਰਮੁਖੀ ਲਿੱਪੀ ਵਿੱਚ ਲਿਖਿਆ ਗਿਆ ਹੈ, ਉਹ ਸਭ ਇਸ ਏਕੇ ਦੀ ਵਿਆਖਿਆ ਅਤੇ ਵਿਸਥਾਰ ਹੈ। ਏਕਾ ਅਸਲ ਵਿੱਚ ਪਰਮ ਸੱਚ ਦਾ ਸੂਚਕ ਅਤੇ ਸੰਕੇਤਕ ਹੈ। ਸਬਾਲਟਰਨ ਅਧਿਐਨ ਪਰਾਧੀਨ ਦਾ ਅਧਿਐਨ ਹੈ, ਜਿਸ ਵਿੱਚ ਪਰਾ ਅਤੇ ਅਧੀਨ ਦੋ ਤੱਤ ਮੰਨੇ ਗਏ ਹਨ। ਪਰ ਜਦ ਅਸਲੀਅਤ ਹੈ ਹੀ ਇਕ, ਫਿਰ ਪਰਾ ਅਤੇ ਅਧੀਨ ਦਾ ਫਰਕ ਵੀ ਮਹਿਜ਼ ਕੂੜ ਦੀ ਕੰਧ ਹੈ। ਇਸ ਲਈ ਹਰ ਤਰਾਂ ਦੇ ਪਰਾਧੀਨ ਦੇ ਸੰਤਾਪ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਬਿੰਦੂ ਅੰਕ ਇਕ ਵਿੱਚ ਹੀ ਨਿਹਿਤ ਹੈ।

ਸਿੱਖ ਸਮਾਜ ਨੇ ਆਪਣੇ ਉਨ੍ਹਾਂ ਆਦਰਸ਼ਾਂ ਨੂੰ ਹੁਣ ਬਹੁਤ ਹੱਦ ਤੱਕ ਵਿਸਾਰ ਦਿੱਤਾ ਹੈ, ਜਿਨ੍ਹਾਂ ਲਈ ਗੁਰੂ ਸਾਹਿਬਾਨ ਨੇ ਜਾਨ ਹੂਲ ਕੇ ਪਹਿਰਾ ਦੇਣ ਲਈ ਆਦੇਸ਼ ਕੀਤਾ ਸੀ। ਸਿੱਖ ਸਮਾਜ ਨੇ "ਲਰੈ ਦੀਨ ਕੇ ਹੇਤ" ਦਾ ਉੱਚ ਆਦਰਸ਼ ਤਜ ਕੇ ਨਿੱਜ ਨਾਲ ਸਬੰਧਤ ਮੁਫ਼ਾਦ ਸਾਹਮਣੇ ਰੱਖ ਲਏ ਹਨ। ਸਿੱਖ ਸਮਾਜ ਅੱਜ ਜਾਤੀਵਾਦ ਤੇ ਵਰਣ-ਵਿਵਸਥਾ ਦਾ ਸ਼ਿਕਾਰ ਹੈ। ਆਰਥਿਕ ਪਛੜੇਵੇਂ ਮੇਟਣ ਦਾ ਕਿਸੇ ਦਾ ਵਿਚਾਰ ਨਹੀਂ ਹੈ। ਸਿੱਖ ਸਮਾਜ ਵਿਚ ਵੀ ਲਿੰਗ ਭੇਦ ਉਸੇ ਤਰਾਂ ਕਾਇਮ ਹੈ, ਜਿਵੇਂ ਹੋਰ ਸਮਾਜਿਕ ਸਮੂਹਾਂ ਵਿੱਚ ਹੈ। ਹਾਲੇ ਤੱਕ ਸਿੱਖ ਔਰਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੀਆਂ ਤੇ ਨਾ ਹੀ ਅੰਮ੍ਰਿਤ ਸੰਚਾਰ ਵਿੱਚ ਭਾਗ ਲੈ ਸਕਦੀਆਂ ਹਨ। ਦੈਹਿਕ ਤੌਰ ਪਰ ਅਸਮਰੱਥ, ਅੰਗਹੀਣ ਜਾਂ ਅਪੰਗ ਵਿਆਕਤੀ ਪੰਜ ਪਿਆਰਿਆਂ ਵਿੱਚ ਸ਼ਾਮਿਲ ਨਹੀਂ ਹੋ ਸਕਦੇ। ਕਿਸੇ ਕਿੰਨਰ (third Gender) ਲਈ ਕਿਸੇ ਵੀ ਸਰੋਵਰ ਵਿੱਚ ਇਸ਼ਨਾਨ ਤੱਕ ਕਰਨ ਲਈ ਕੋਈ ਬੰਦੋਬਸਤ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਸਮਾਜ ਦੀ ਮੁਖ਼ ਧਾਰਾ ਵਿੱਚ ਲਿਆਉਣ ਦਾ ਕੋਈ ਵਿਚਾਰ ਹੈ। ਫਿਰ ਵੀ ਅਜੋਕੇ ਸਬਾਲ਼ਟਰਨ ਅਧਿਐਨ ਅਧੀਨ ਆਉਂਦੇ ਵਿਸ਼ੇ, ਗੁਰਮਤਿ ਦਰਸ਼ਨ ਅਤੇ ਅਭਿਆਸ ਵੱਲ, ਸਮਾਧਾਨ ਲਈ ਆਸਵੰਦ ਨਜ਼ਰਾਂ ਨਾਲ ਦੇਖ ਰਹੇ ਹਨ। ਸਮਾਜ ਦੀ ਮੁੱਖਧਾਰਾ ਵਿਚ ਬਰਾਬਰੀ ਦੇ ਅਧਾਰ ਉੱਤੇ ਹਰ ਮਨੁੱਖ ਦਾ ਰਹਿਣ ਸਹਿਣ ਗੁਰਮਤਿ ਦਾ ਆਸ਼ਾ ਅਤੇ ਆਦੇਸ਼ ਹੈ। ਇਸ ਦਿਸ਼ਾ ਵਿਚ ਅੱਗੇ ਵਧਣਾ ਵਿਕਾਸ ਹੈ ਤੇ ਪਿੱਛੇ ਹਟਣਾ ਵਿਨਾਸ਼ ਹੈ।

## ਉਪਦੇਸ਼

ਧਰਮ ਦੀ ਸ਼ੁਰੂਆਤ ਕਰਨ ਲਈ ਦਇਆ ਬਹੁਤ ਜ਼ਰੂਰੀ ਹੈ। ਸੱਚੇ ਪਾਤਸ਼ਾਹ ਇਥੋਂ ਤੱਕ ਬਚਨ ਕਰਦੇ ਹਨ- 'ਅਠਸਠਿ ਤੀਰਥਿ ਸਗਲ ਪੁੰਨੁ ਜੀਅ ਦਇਆ ਪਰਵਾਣੁ' ਤੈਨੂੰ 68 ਤੀਰਥਾਂ ਦਾ ਫਲ ਘਰੇ ਬੈਠਿਆਂ ਹੀ ਮਿਲ ਸਕਦਾ ਹੈ ਜੇ ਤੇਰੇ ਅੰਦਰ ਦਇਆ ਹੈ। ਸੋ ਮੈਂ ਇਕ ਅਰਜ਼ ਬੇਨਤੀ ਕਰਦਾ ਅਸੀਂ ਸਾਰੇ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਹੁੰਦੇ ਹੋਏ ਉਹੀ ਸਤਿਕਾਰ ਭਗਵਾਨ ਰਾਮ ਨੂੰ ਦਿੰਦੇ ਹਾਂ, ਭਗਵਾਨ ਕ੍ਰਿਸ਼ਨ ਨੂੰ ਦੇਂਦੇ ਹਾਂ, ਗੁਰੂ ਨਾਨਕ ਦੇਵ ਜੀ ਦਾ ਸ਼ੰਦੇਸ਼ ਵਖਰਾ ਨਹੀਂ। ਮੈਂ ਅਕਸਰ ਇਹ ਕਹਿੰਦਾ ਹਾਂ ਕਿ ਜੇ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦੇ ਹੋ ਤਾਂ ਉਹ ਕਿਸੇ ਵਿਸ਼ੇਸ਼ ਸੰਪਰਦਾ ਵਾਸਤੇ ਨਹੀਂ ਲਿਖਿਆ। ਉਹ ਤਾਂ ਸਾਰੇ ਮਨੁੱਖਤਾ ਵਾਸਤੇ ਲਿਖਿਆ ਹੈ ਕਿ ਗਿਆਨ ਦੀ ਪ੍ਰਾਪਤੀ ਮਨੁੱਖਾ ਜਨਮ ਵਿੱਚ ਹੀ ਹੋ ਸਕਦੀ ਹੈ, ਕਿਸੇ ਹੋਰ ਜਨਮ ਵਿੱਚ ਗਿਆਨ ਦੀ ਪ੍ਰਾਪਤੀ ਨਹੀਂ। ਸੋ ਸਾਰੇ ਇਕ ਪ੍ਰਭੂ ਦਾ ਨਾਮ ਜਪਣ ਸਾਡੇ ਅੰਦਰੋ ਉਹ ਈਰਖਾ ਮੁੱਕ ਜਾਵੇ।

**➯ ਸ੍ਰੀ ਸਤਿਗੁਰੂ ਉਦੇ ਸਿੰਘ ਜੀ**

**ਉਪਦੇਸ਼**

ਅਸੀਂ ਇਕ ਹਾਂ ਸਾਡਾ ਆਪਣਾ ਜੀਵਨ ਏਨਾ ਉੱਚਾ ਹੋਵੇ ਕਿ ਅਸੀਂ ਕਿਸੇ ਨੂੰ ਬੁਰਾ ਨਾ ਆਖੀਏ। ਅਸੀਂ ਕਿਸੇ ਦੇ ਹੱਕ ਦੀ ਰਾਖੀ ਕਰੀਏ। ਅਸੀਂ ਕਿਸੇ ਦੀ ਸੇਵਾ ਕਰੀਏ। ਸੇਵਾ ਕਰਕੇ ਕਿਸੇ ਦਾ ਧੰਨਵਾਦ ਕਰੀਏ। ਗੁਰੂ ਨਾਨਕ ਦੇ ਰਸਤੇ ਤੇ ਚਲਾਂਗੇ ਤੇ ਸਾਰੇ ਸਾਡੇ ਆਪਣੇ ਹੋ ਜਾਣਗੇ। ਉਹ ਰਸਤਾ, ਰੌਸ਼ਨੀ ਅਸੀਂ ਦੂਜਿਆਂ ਨੂੰ ਵੀ ਦਿਖਾ ਸਕਦੇ ਹਾਂ।

**➯ ਸ੍ਰੀ ਸਤਿਗੁਰੂ ਉਦੇ ਸਿੰਘ ਜੀ**

# ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋ ਕੇ...

(ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ 240 ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ)




**– ਡਾ ਲਖਵੀਰ ਸਿੰਘ (ਰਾਮਪੁਰਾ ਫੂਲ)**
ਨਾਮਧਾਰੀ ਇਤਿਹਾਸ ਲੇਖਕ,
ਮਾਲਵਾ ਪੰਜਾਬੀ ਸੱਥ ਦੇ ਕਨਵੀਨਰ
98768-50680


ਜੁਗਾ ਜੁਗੰਤਰ ਸਤਿਗੁਰੂ ਦੂਸਰ ਹੋਆ ਨਾ ਹੋਗ
ਚਉਰਾਸੀ ਜਾਮੇ ਪਹਿਰ ਕੇ ਪਾਛੇ ਹੋਯਾ ਅਲੋਪ॥
ਸੱਤਰ ਜਾਮੇ ਭਗਤਿ ਜਨ ਚਉਦਹ ਸਤਿਗੁਰੂ ਰਾਇ
ਗੁਰਮੁਖ ਹੋਇ ਸੋ ਮਿਲ ਰਹੈ ਮਨਮੁਖ ਮਿਲਹਿ ਸਜਾਇ॥

ਇਹ ਪਾਵਨ ਪਵਿੱਤਰ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚੋਂ ਹਨ। ਜਿਸ ਵਿੱਚ ਗੁਰੂ ਨਾਨਕ ਦੇਵ ਜੀ ਭਾਈ ਅਜਿੱਤੇ ਰੰਧਾਵੇ ਨਾਲ ਗੋਸ਼ਟਿ ਕਰਦੇ ਹਨ। ਗੁਰੂ ਜੀ ਦਾ ਸ਼ਰਧਾਲੂ ਸਿੱਖ ਗੁਰੂ ਨਾਨਕ ਦੇਵ ਜੀ ਅੱਗੇ ਹੱਥ ਜੋੜ, ਗੁਰੂ ਸ਼ਬਦ, ਗੁਰੂ ਬਾਣੀ ਅਤੇ ਆਉਣ ਵਾਲੇ ਸਮੇਂ ਬਾਰੇ ਅਰਜ਼ ਬੇਨਤੀ ਕਰਦਾ ਹੈ ਅਤੇ ਗੁਰੂ ਜੀ ਇਸ ਸ਼ਬਦ ਦਾ ਉਚਾਰਨ ਕਰਦੇ ਹੋਏ ਫ਼ਰਮਾਉਂਦੇ ਹਨ-

'ਬੱਚਿਆ ਅਜਿੱਤਿਆ ਜੁਗਹੁ ਜੁਗੰਤਰ ਸਤਿਗੁਰੂ ਅਟੱਲ ਹੈ। ਦੂਸਰਾ ਹੋਰ ਨਾ ਕੋਈ ਹੋਇਆ ਹੈ ਅਤੇ ਨਾ ਹੀ ਹੋਏਗਾ। ਜੋ ਕੋਈ ਗੁਰ ਕਉ ਮਿਲਕਰ ਲੜ ਪਕੜੇਗਾ ਸੋਈ ਉਧਰੇਗਾ। ਜੋ ਗੁਰੂ ਕੇ ਸ਼ਬਦ ਪਰ ਪਰਤੀਤ ਰਖੇਗਾ ਸੋ ਬਿਨਾ ਕਮਾਈ ਤਰ ਜਾਵੇਗਾ ਨਾਲੇ ਕੁਟੰਬ ਵੀ ਉਧਰ ਜਾਵੇਗਾ ਤੇ ਜੋ ਬੇਮੁਖ ਹੋਵੇਗਾ ਸੋ ਤੁੱਟੇਗਾ ਤੇ ਸਜਾਇ ਵੀ ਪਾਵੇਗਾ। ਬੱਚਾ ਅਜਿੱਤਿਆ ਜੋ ਗੁਰੂ ਕੇ ਲੜ ਲੱਗੇਗਾ ਸੋ ਮੁਕਤ ਹੋਵੇਗਾ'।

ਇਸ ਗੋਸ਼ਟਿ ਵਿੱਚ ਗੁਰੂ ਨਾਨਕ ਦੇਵ ਜੀ ਗੁਰੂ ਦੀ ਮਹੱਤਤਾ, ਗੁਰੂ ਦੇ ਅਕਾਲ ਪੁਰਖ ਨਿਰੰਕਾਰ ਦੇ ਸਰੂਪ ਹੋਣ ਅਤੇ ਦਸਵੇਂ ਜਾਮੇ ਬਾਰੇ ਫ਼ਰਮਾਉਂਦਿਆਂ ਅੱਗੋਂ ਪਾਵਨ ਬਚਨ ਕਰਦੇ ਹਨ ਕਿ-

"ਤੇ ਬੱਚਿਆ ਜੋ ਤੈ ਪੁੱਛਿਆ ਹੈ ਕਿ ਕਿਉਂ ਕਰ ਵਰਤਾਰਾ ਵਰਤੇਗਾ, ਸੋ ਭਾਈ ਜਬ ਦਸਵਾ ਜਾਮਾ ਹੋਵੇਗਾ ਤੇ ਯਾਰਵਾਂ ਗੁਪਤ ਵਰਤੇਗਾ। ਭਾਈ ਅਜਿੱਤਿਆ ਬਾਰਵਾਂ ਜਦ

ਗੁਰੂ ਹੋਵੇਗਾ ਨਿਰਲੰਭ, ਸਭ ਤੇ ਨਿਆਰਾ ਤੇ ਨਿਰਲੇਪ। ਆਸਰਾ ਜੋ ਲਵੇਗਾ ਇਕ ਅਕਾਲ ਪੁਰਖ ਕਾ ਲਵੇਗਾ ਤੇ ਤਿਸਕੋ ਕੋਈ ਲਖ ਨਾ ਸਕੇਗਾ। ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਕਮਾਈਐਗਾ। ਅਰ ਜੋ ਸਿੱਖ ਹੋਵਨਗੇ ਤਿਨ ਕੋ ਭੀ ਸ਼ਬਦ ਹੀ ਦੱਸੇਗਾ ਅਰ ਤਿਸਕੇ ਆਸਰੇ ਮਾਰਗ ਚੱਲੇਗਾ। "

ਗੁਰੂ ਨਾਨਕ ਦੇਵ ਜੀ ਦੇ ਇਸ ਗੋਸ਼ਟਿ ਵਿੱਚ ਕੀਤੇ ਬਚਨਾਂ ਅਨੁਸਾਰ ਹੀ ਗੁਰੂ ਬਾਲਕ ਸਿੰਘ ਜੀ ਦਾ ਗਿਆਰਵੇਂ ਨਾਨਕ ਰੂਪ ਵਿੱਚ ਹੀ ਪ੍ਰਕਾਸ਼ ਹੋਇਆ। ਗੁਰੂ ਗੋਬਿੰਦ ਸਿੰਘ ਜੀ ਵਲੋਂ ਆਉਣ ਵਾਲੇ ਸਮੇਂ ਬਾਰੇ ਕੀਤੇ ਭਵਿੱਖਤ ਬਚਨਾਂ ਬਾਰੇ ਸਿੱਖ ਸੰਪਰਦਾ ਦੇ ਮਹਾਨ ਗ੍ਰੰਥ ਸੂਰਜ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਜੀ ਵੀ 52 ਵੇਂ ਸਲੋਕ ਵਿੱਚ ਲਿਖਦੇ ਹਨ-

ਬੇਰ ਗਿਆਰਵੀਂ ਜਬ ਹਮ ਆਵਹਿ
ਤਿਸਤੇ ਕੋਇਕ ਹਮ ਲਖ ਪਵਾਹਿ॥
ਪੰਥ ਖਾਲਸਾ ਖੇਤੀ ਮੇਰੀ
ਕਰੌ ਸੰਭਾਲਨ ਮੈ ਤਿਸ ਬੇਰੀ॥

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਬਚਨ ਅਤੇ ਪੁਰਾਤਨ ਗ੍ਰੰਥਾਂ ਵਿੱਚ ਕੀਤੇ ਭਵਿੱਖਤ ਵਾਕਾਂ ਅਨੁਸਾਰ ਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪੁਰਾਤਨ ਪੰਜਾਬ ਦੇ ਪੱਛਮੀ ਭਾਗ ਪੋਠੋਹਾਰ ਦੇ ਇਲਾਕੇ ਵਿੱਚ ਜਿਲ੍ਹਾ ਅਟਕ ਦੇ ਪਿੰਡ ਸਰਵਾਲਾ ਵਿਖੇ ਅਰੋੜਾ ਵੰਸ਼, ਬਤਰਾ ਗੋਤ ਦੇ ਬਾਬਾ ਦਿਆਲ ਸਿੰਘ ਜੀ ਦੇ ਘਰ ਮਾਤਾ ਭਾਗ ਭਰੀ ਜੀ ਦੀ ਪਵਿੱਤਰ ਕੁੱਖੋਂ 24 ਫਰਵਰੀ 1785 ਈਸਵੀ ਨੂੰ ਹੋਇਆ।

**ਬਚਪਨ-** ਬਾਲਕ ਰੂਪ ਵਿੱਚ ਗੁਰੂ ਬਾਲਕ ਸਿੰਘ ਜੀ ਦੀ ਮੋਹਨੀ ਮੂਰਤ, ਚਮਕ ਦਮਕ ਵਾਲਾ ਮੁਖਾਰਬਿੰਦ ਅਤੇ ਮੱਥੇ ਦਾ ਤੇਜ ਦੇਖ ਕੇ ਉਸ ਸਮੇਂ ਦੇ ਪ੍ਰਚਲਿਤ ਸਮਾਜਿਕ ਰਿਵਾਜਾਂ ਅਨੁਸਾਰ ਜੋਤਸ਼ੀਆਂ ਅਤੇ ਪੰਡਿਤਾਂ ਨੇ ਬਾਬਾ ਦਿਆਲ ਸਿੰਘ ਜੀ ਨੂੰ ਆਖਿਆ ਸੀ ਕਿ ਇਹ ਬਾਲਕ ਕੋਈ ਆਮ ਸਾਧਾਰਨ ਬਾਲਕ ਨਹੀਂ ਸਗੋਂ ਇਹ ਕੋਈ ਈਸ਼ਵਰੀ ਅਵਤਾਰ ਹੈ। ਬਾਬਾ ਦਿਆਲ ਸਿੰਘ ਅਤੇ ਸਾਰੇ ਪਰਿਵਾਰ ਨੇ ਧਰਮਸ਼ਾਲਾ ਵਿੱਚ ਕੜਾਹ ਪ੍ਰਸ਼ਾਦ ਕਰਵਾਕੇ ਅਕਾਲ ਪੁਰਖ ਸਤਿਗੁਰੂ ਸਾਹਿਬਾਨਾਂ ਅੱਗੇ ਅਰਦਾਸਾ ਕਰਕੇ ਆਪਣੇ ਸਪੁੱਤਰ ਦਾ ਨਾਮ ਕਰਨ ਕੀਤਾ। ਗੁਰਬਾਣੀ ਦੇ ਸ਼ਬਦ-

'ਬਿਸਰਿ ਗਈ ਸਭ ਤਾਤਿ ਪਰਾਈ' ਦੇ ਪਹਿਲੇ ਅੱਖਰ 'ਬ' ਤੇ ਬਾਲਕ ਸਿੰਘ ਨਾਮ ਰੱਖਿਆ ਗਿਆ। ਗੁਰੂ ਬਾਲਕ ਸਿੰਘ ਜੀ ਦੇ ਵੱਡੇ ਭਰਾ ਭਾਈ ਮੰਨਾ ਸਿੰਘ ਜੀ ਸਨ ਅਤੇ ਇੱਕ ਭੈਣ ਬੀਬੀ ਦਾਤੋ ਜੀ ਸਨ। 7-8 ਸਾਲ ਦੀ ਉਮਰ ਵਿੱਚ ਹੀ ਆਪ ਜੀ ਨੇ ਉਸ ਵੇਲੇ ਦੀ ਸ਼ਾਹੂਕਾਰੀ ਭਾਸ਼ਾ 'ਲੰਡੇ' ਅਤੇ ' ਗੁਰਬਾਣੀ ਸਿੱਖ ਲਏ। ਪਰਿਵਾਰ ਵਿੱਚ ਬਾਬਾ ਦਿਆਲ ਸਿੰਘ ਅਤੇ ਮਾਤਾ ਭਾਗ ਭਰੀ ਬਚਪਨ ਤੋਂ ਹੀ ਬੱਚਿਆਂ ਨੂੰ ਗੁਰੂ ਪਰੰਪਰਾ, ਪ੍ਰਭੂ ਭਗਤੀ , ਸ਼ਰਧਾਲੂ ਪ੍ਰੇਮੀਆਂ ਦੀਆਂ ਸਾਖੀਆਂ ਸੁਣਾਉਂਦੇ ਰਹਿੰਦੇ ਜਿਸ ਨਾਲ ਬਚਪਨ ਤੋਂ ਹੀ ਆਪ ਜੀ ਨੂੰ ਨਾਮ- ਸਿਮਰਨ, ਗੁਰਬਾਣੀ ਅਤੇ ਪ੍ਰਭੂ ਭਗਤੀ ਦੀ ਲਗਨ ਲੱਗ ਗਈ।

ਆਪਣੀ ਉਮਰ ਦੇ ਛੋਟੇ ਬੱਚਿਆਂ ਨਾਲ ਆਪ ਸ਼ਬਦ ਪੜ੍ਹਦੇ ਅਤੇ ਉਹਨਾਂ ਨੂੰ ਆਪਣੀ ਮਾਤਾ ਤੋਂ ਸੁਣੀਆਂ ਸਾਖੀਆਂ ਵੀ ਸੁਣਾਉਂਦੇ। ਆਪਣੀਆਂ ਚੀਜਾਂ ਅਤੇ ਖਾਣ ਲਈ ਮਾਤਾ ਤੋਂ ਮਿਲੇ ਪਦਾਰਥ ਵੀ ਆਪ ਬੱਚਿਆਂ ਵਿੱਚ ਵੰਡ ਦਿੰਦੇ। ਕਈ ਵਾਰ ਸਮਾਧੀ ਲਾ ਆਪ ਭਜਨ ਕਰਦੇ ਅਤੇ ਕਦੀ-ਕਦੀ ਲੰਮਾ ਸਮਾਂ ਸਮਾਧੀ ਵਿੱਚ ਲੀਨ ਵੀ ਰਹਿੰਦੇ ਤਾਂ ਮਾਤਾ ਭਾਗਭਰੀ ਜੀ ਘਬਰਾ ਜਾਂਦੇ ਅਤੇ ਆਪਣੇ ਡਰ ਨੂੰ ਆਪਣੇ ਸਪੁੱਤਰ ਕੋਲ ਜਣਾਉਂਦੇ ਤਾਂ ਆਪ ਜੀ (ਗੁਰੂ ਬਾਲਕ ਸਿੰਘ ਜੀ) ਆਖਦੇ ਮਾਤਾ ਜੀ ਘਬਰਾਇਆ ਨਾ ਕਰੋ, ਇਹ ਨਾਨਕ ਨਿਰੰਕਾਰ ਦਾ ਆਪਣਾ ਵਰਤਾਰਾ ਹੈ, ਉਸ ਪ੍ਰਭੂ ਦੇ ਆਪਣੇ ਚੋਜ਼ ਹਨ, ਮੈਂ ਤਾਂ ਉਸ ਪ੍ਰਮੇਸ਼ਵਰ ਸਤਿਗੁਰੂ ਦੀ ਅਰਾਧਨਾ ਕਰਦਾ ਹਾਂ। ਆਪ ਜੀ ਮਾਤਾ ਦੀਆਂ ਸੁਣਾਈਆਂ ਗੁਰੂ ਸਾਹਿਬਾਨ, ਪ੍ਰਹਿਲਾਦ, ਨਾਮਦੇਵ, ਧੰਨਾ ਭਗਤ ਅਤੇ ਧਰੂ ਭਗਤ ਆਦਿ ਦੀਆਂ ਸੁਣਾਈਆਂ ਸਾਖੀਆਂ ਦਾ ਹਵਾਲਾ ਦੇ ਮਾਤਾ ਨੂੰ ਡਰ ਤੋਂ ਮੁਕਤੀ ਦਵਾਉਂਦੇ।

ਬਾਲਕ ਰੂਪ ਗੁਰੂ ਜੀ ਦੇ ਇਸ ਤਰ੍ਹਾਂ ਰੱਬੀ ਰੰਗ ਵਿੱਚ ਰੰਗੇ ਅਤੇ ਵੈਰਾਗੀ ਸਰੂਪ ਨੂੰ ਵੇਖਕੇ ਸਰਵਾਲਾ ਪਿੰਡ ਵਿੱਚ ਘਰ-ਘਰ ਗੱਲਾਂ ਹੋਣ ਲੱਗੀਆਂ। ਬਾਬਾ ਦਿਆਲ ਸਿੰਘ ਨਾਲ ਲੋਕੀਂ ਆਪ ਜੀ ਦੇ ਦੈਵੀ ਗੁਣਾ ਦੀ ਚਰਚਾ ਕਰਦੇ ਆਖਦੇ ਤੁਸੀਂ ਧੰਨ ਹੋ ਗਏ ਹੋ ਤੁਹਾਡੇ ਘਰ ਵੱਡੇ ਗਿਆਨ ਵਾਲਾ ਰੱਬ ਰੂਪੀ ਭਗਤ ਪੈਦਾ ਹੋਇਆ ਹੈ।

**ਕਾਰੋਬਾਰ:** ਪੁੱਤਰ ਨੂੰ ਜਵਾਨ ਹੁੰਦਾ ਵੇਖ ਬਾਬਾ ਦਯਾਲ ਸਿੰਘ ਜੀ ਨੇ ਪਰਿਵਾਰ ਨਾਲ ਅਤੇ ਆਪਣੇ ਸਪੁੱਤਰ ਭਾਈ ਬਾਲਕ ਸਿੰਘ ਨਾਲ ਵਿਚਾਰ ਵਟਾਂਦਰਾ ਕਰਕੇ ਸਰਵਾਲਾ ਪਿੰਡ ਦੇ ਹੀ ਨੇੜੇ ਛੋਈ ਪਿੰਡ ਵਿੱਚ ਦੁਕਾਨ ਪਾ ਲਈ। ਜਿਥੇ ਬਾਬਾ ਦਯਾਲ ਸਿੰਘ ਆਪ ਬੈਠਦੇ ਅਤੇ ਪੁੱਤਰ ਨੂੰ ਜਾਚ ਸਿਖਾਉਣ ਲਈ ਨਾਲ ਬਿਠਾਉਂਦੇ। ਗੁਰੂ ਜੀ ਪਿਤਾ ਨਾਲ ਦੁਕਾਨ ਤੇ ਜਾਂਦੇ ਪਰ ਉਹਨਾਂ ਦਾ ਮਨ ਬਹੁਤਾ ਪ੍ਰਭੂ

ਰੰਗਣ ਵਿੱਚ ਹੀ ਰੰਗਿਆ ਰਹਿੰਦਾ। ਬਚਪਨ ਵਿੱਚ ਆਪ ਘਰ ਇਕਾਂਤ ਵਿੱਚ ਬੈਠਕੇ ਭਜਨ ਕਰਦੇ ਪਰ ਹੁਣ ਘਰ ਤੋਂ ਬਾਹਰ, ਅੰਮ੍ਰਿਤ ਵੇਲੇ ਸਰਵਾਲਾ ਤੋਂ ਛੋਈ ਦੁਕਾਨ ਤੇ ਜਾਣ ਸਮੇਂ ਪਹਾੜਾਂ ਉੱਪਰ ਅਤੇ ਨਦੀਆਂ ਕਿਨਾਰੇ ਇਕਾਗਰ ਚਿੱਤ ਹੋ ਸਿਮਰਨ ਕਰਦੇ। ਦੁਕਾਨ ਤੇ ਵੀ ਜਾਂਦੇ। ਆਪ ਜੀ ਨੇ ਗੁਰੂ ਦੀ ਲੋੜ:- ਆਪ ਜੀ (ਗੁਰੂ ਬਾਲਕ ਸਿੰਘ ਜੀ) ਨੇ ਪੁਰਾਤਨ ਧਰਮ ਗ੍ਰੰਥਾਂ, ਪੋਥੀਆਂ ਅਤੇ ਗੁਰਬਾਣੀ ਦਾ ਅਧਿਐਨ ਕੀਤਾ, ਗੁਰੂ ਸਾਹਿਬ ਦੀ ਬਖ਼ਸ਼ਿਸ਼ ਕੀਤੀ, ਗੁਰਬਾਣੀ ਨੂੰ ਅਤੇ ਗੁਰਬਾਣੀ ਦੇ ਭਾਵ ਅਰਥਾਂ ਨੂੰ ਸਮਝਿਆ। ਆਪ ਜੀ ਆਪਣੇ ਭਾਈਚਾਰਕ ਇਕੱਠਾਂ ਵਿੱਚ ਗੁਰਬਾਣੀ ਅਤੇ ਰੱਬੀ ਗਿਆਨ ਦੇ ਅਜਿਹੇ ਵਾਰਤਾਲਾਪ ਬਚਨ ਬਿਲਾਸ ਵੀ ਕਰਦੇ ਜਿਸ ਨਾਲ ਲੋਕੀਂ ਭਾਈ ਬਾਲਕ ਸਿੰਘ ਜੀ ਦੇ ਅਨੰਤ ਗਿਆਨ, ਨਿਮਰਤਾ, ਸਾਦਗੀ ਅਤੇ ਮਿੱਠੇ ਮਿੱਠੇ ਰੂਹ ਵਿੱਚ ਉਤਰਨ ਵਾਲੇ ਬਚਨ ਸੁਣਕੇ ਪ੍ਰੇਮ ਨਾਲ ਲੁਟ ਭੋਰੇ ਹੋ ਜਾਂਦੇ। ਪੁਰਾਤਨ ਗ੍ਰੰਥਾਂ ਅਤੇ ਗੁਰਬਾਣੀ ਦੇ ਅਰਥਾਂ ਨੂੰ ਸਮਝਦਿਆਂ, ਪੁਰਾਤਨ ਪ੍ਰੰਪਰਾਵਾਂ ਅਤੇ ਭਗਤਾਂ ਦੇ ਜੀਵਨ ਵਾਚਦਿਆਂ ਆਪ ਜੀ ਨੂੰ ਅੰਦਰੋਂ ਇਹ ਅਹਿਸਾਸ ਆਉਣ ਲੱਗਾ ਕਿ ਗੁਰੂ ਧਾਰਨ ਕਰਨਾ ਅਤੀ ਜ਼ਰੂਰੀ ਹੈ। ਆਪ ਜੀ ਨੇ ਅਜੇ ਤੱਕ ਗੁਰੂ ਧਾਰਨ ਨਹੀਂ ਸੀ ਕੀਤਾ। ਗੁਰਮਤਿ ਅਤੇ ਗੁਰਬਾਣੀ ਮੁਤਾਬਕ ਆਪ ਚਹੁ ਅੱਖਰੇ ਦਾ ਜਾਪ ਹੀ ਕਰਦੇ ਸਨ। ਆਪ ਜੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਅਰਾਧਨਾ ਕਰਦੇ, ਸਮਾਧੀ ਲਾ ਸਿਮਰਨ ਭਜਨ, ਬੰਦਗੀ ਕਰਦੇ। ਭਗਤੀ ਕਰਦਿਆਂ ਉਹਨਾਂ ਨੂੰ ਆਪਣੇ ਪ੍ਰਭੂ ਪ੍ਰਮੇਸ਼ਰ, ਗੁਰੂ ਨਾਨਕ ਦੇ ਬਖ਼ਸ਼ੇ ਸ਼ਬਦ ਤੇ ਅਟੱਲ ਅਤੇ ਅਤੁੱਟ ਵਿਸਵਾਸ਼ ਸੀ ਕਿ ਪ੍ਰਭੂ ਪ੍ਰਮੇਸ਼ਵਰ ਉਹਨਾਂ ਨੂੰ ਗੁਰੂ ਧਾਰਨ ਲਈ ਕੋਈ ਰਾਇ ਸੁਝਾਉਣਗੇ ਉਹਨਾਂ ਦੀ ਭਗਤੀ ਭਾਵਨਾ ਮੁਤਾਬਕ ਪ੍ਰਮੇਸ਼ਰ ਆਪੇ ਜਣਾਏਗਾ ਕਿ ਗੁਰੂ ਦਰਸ਼ਨਾਂ ਦਾ ਸੁਭਾਗੀ ਅਤੇ ਗੁਰੂ ਚਰਨਾਂ ਦਾ ਪਿਆਰ ਕਦੋਂ ਮਿਲੇ ਅਤੇ ਕਦੋਂ ਆਤਮਾ ਪ੍ਰਮਾਤਮਾ ਦਾ ਮਿਲਾਪ ਹੋਵੇ।

**ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਤੇ ਗੁਰਿਆਈ–** ਇਤਿਹਾਸਕ ਤੱਥਾਂ ਮੁਤਾਬਕ 7 ਅਕਤੂਬਰ 1708 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨਾਦੇੜ ਵਿਖੇ ਜੋਤੀ ਜੋਤ ਨਹੀਂ ਸਮਾਏ। ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਚਿਖਾ ਬਣਾਉਣ ਦਾ ਹੁਕਮ ਦੇ ਕੇ ਨਰ ਨਾਟਕ ਕਰਕੇ ਕਵੈਤ ਘੋੜੇ ਤੇ ਸਵਾਰ ਹੋ ਕੇ ਬਾਲਾ ਰਾਉ, ਰੁਸਤਮ ਰਾਉ ਦੀ ਸਤਾਰੇ ਦੇ ਕਿਲੇ ਵਿਚੋਂ ਬੰਦ ਖਲਾਸੀ ਕਰਵਾਈ। ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜ ਤੋਂ ਬਾਅਦ ਦਾ ਵੀ ਭਰਭੂਰ ਜੀਵਨ ਹੈ ਜਿਸ ਬਾਰੇ ਪੁਰਾਤਨ ਗੈਰ ਨਾਮਧਾਰੀ ਪ੍ਰਸਿੱਧ ਇਤਿਹਾਸਕਾਰਾਂ ਨੇ ਆਪਣੇ ਗ੍ਰੰਥਾਂ ਵਿੱਚ ਗੁਰੂ ਜੀ ਦੇ ਇਸ ਜੀਵਨ ਦੀ ਪੁਸ਼ਟੀ ਕੀਤੀ ਹੈ। ਇਹ ਪ੍ਰਸਿੱਧ ਇਤਿਹਾਸਕਾਰ ਅਤੇ ਉਹਨਾਂ ਦੇ ਗ੍ਰੰਥਾਂ ਦੀ ਇਹ ਹਵਾਲਾ ਸੂਚੀ ਹੈ–

| **ਇਤਿਹਾਸਕਾਰ ਦਾ ਨਾਮ** | **ਗ੍ਰੰਥ ਦਾ ਨਾਮ** |
|---|---|
| ਕਵੀ ਸੁੱਖਾ ਸਿੰਘ | ਗੁਰੂ ਬਿਲਾਸ |
| ਭਾਈ ਸੰਤੋਖ ਸਿੰਘ | ਗੁਰੂ ਪ੍ਰਤਾਪ ਸੂਰਜ |
| ਗਿਆਨੀ ਗਿਆਨ ਸਿੰਘ | ਸ੍ਰੀ ਗੁਰੂ ਪੰਥ ਪ੍ਰਕਾਸ਼ |
| ਮਹੰਤ ਸੁਮੇਰ ਸਿੰਘ | ਗੁਰੂ ਬਿਲਾਸ |
| ਕਵੀ ਸੈਨਾਪਤਿ | ਗੁਰੂ ਸੋਭਾ |
| ਭਾਈ ਕਾਨ੍ਹ ਸਿੰਘ ਨਾਭਾ | ਇਤਿਹਾਸ ਦੇ ਅਣ ਲਿਖੇ ਪੱਤਰੇ |

ਪੁਰਾਤਨ ਇਤਿਹਾਸਕ ਗ੍ਰੰਥਾਂ ਮੁਤਾਬਕ ਇਕ ਦਿਨ ਆਪ ਜੀ (ਗੁਰੂ ਬਾਲਕ ਸਿੰਘ ਜੀ) ਸਰਵਾਲੇ ਪਿੰਡ ਤੋਂ ਪਿੰਡ ਛੋਈ ਜਾ ਰਹੇ ਸਨ ਤਾਂ ਰਸਤੇ ਵਿੱਚ ਜਿਥੇ ਹਰੋਂ ਨਦੀ ਅਤੇ ਦਰਿਆ ਸਿੰਧ ਦਾ ਮਿਲਾਪ ਹੁੰਦਾ ਹੈ, ਜਿਥੇ ਬਹੁਤ ਹੀ ਰਮਣੀਕ ਸੁੰਦਰ ਦ੍ਰਿਸ਼ ਸੀ, ਛੋਈ ਪਿੰਡ ਦੇ ਪਹਾੜ ਰੁੱਖ, ਫੁੱਲ, ਬੂਟੇ ਅਤੇ ਕੁਦਰਤ ਦੀ ਅਦਭੁੱਤ ਪੇਸ਼ਕਾਰੀ ਸੀ। ਆਪ ਜੀ ਗੁਰੂ ਦਰਸ਼ਨਾਂ ਦੇ ਵੈਰਾਗ ਵਿਚ ਚੌਂਕੜਾ ਮਾਰ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਆਪ ਜੀ ਦੀ ਬਿਰਤੀ ਗੁਰੂ ਚਰਨਾਂ ਨਾਲ ਤਾਂ ਜੁੜੀ ਹੀ ਰਹਿੰਦੀ ਸੀ, ਰੱਬੀ ਰੰਗਣ ਵਿੱਚ ਰੰਗੇ ਹੀ ਰਹਿੰਦੇ ਸਨ। ਹੋਰ ਨਦੀ ਦੇ ਇਸ ਪਾਵਨ ਪਵਿੱਤਰ ਸਥਾਨ ਤੇ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਸਮੇਤ ਆ ਦਰਸ਼ਨ ਦਿੱਤੇ। ਗੁਰੂ ਜੀ ਦੇ ਦਰਸ਼ਨ ਕਰਕੇ ਭਾਈ ਬਾਲਕ ਸਿੰਘ ਅਚੰਭਿਤ ਹੋ ਗਏ, ਨੂਰੋ-ਨੂਰ ਹੋ ਗਏ, ਚਰਨਾਂ ਤੇ ਢਹਿ ਪਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਬਾਲਕ ਸਿੰਘ ਨੂੰ ਅਸ਼ੀਰਵਾਦ ਦਿੱਤਾ ਅਤੇ ਆਪਣੇ ਗੁਪਤ ਜੀਵਨ ਬਾਰੇ ਦੱਸਿਆ। ਇਸੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਬਾਲਕ ਸਿੰਘ ਨੂੰ ਗੁਰਗੱਦੀ ਅਰਪਣ ਕੀਤੀ ਅਤੇ ਲੋਕਾਈ ਨੂੰ ਗੁਰਮਤਿ ਅਰਪਣ ਕੀਤੀ ਅਤੇ ਲੋਕਾਈ ਨੂੰ ਗੁਰਮਤਿ ਨਾਲ ਜੋੜਨ ਦਾ ਸਦ ਉਪਦੇਸ਼ ਦਿੱਤਾ ਅਤੇ ਫ਼ਰਮਾਇਆ ਅਗਲੇ ਜਾਮੇਂ ਵਿੱਚ ਆ ਕੇ ਮੈਂ ਆਪਣੀ ਅਮਾਨਤ ਵਾਪਸ ਲੈ ਲਵਾਂਗਾ। ਜਿਸ ਬਾਰੇ ਸਿੱਖ ਪੰਥ ਦੇ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਆਪਣੇ ਗ੍ਰੰਥ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਇੰਞ ਕਲਮ ਬੱਧ ਕਰਦੇ ਹਨ–

ਅਟਕ ਦਰਯਾਓ ਤਟ ਛੋਈ ਨਾਮ ਗ੍ਰਾਮ ਆਂਹਿ,
ਪੋਠੋਹਾਰ ਦੇਸ ਮਾਂਹਿ ਸਮ ਅਮਰਾਵਤੈਂ।
ਸੰਗਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ
ਭਯੋ ਅਵਤਾਰ ਤਹਿ ਈਸ਼ ਅੰਸ ਭਾਵਤੈਂ॥ (206)

**ਹਜ਼ਰੋਂ ਵਿਖੇ ਆਉਣਾ–** ਪਿੰਡ ਛੋਈ ਵਿਖੇ ਆਪ ਜੀ ਨੇ 16 ਸਾਲ ਦੁਕਾਨ ਕੀਤੀ। ਬਾਬਾ ਦਯਾਲ ਸਿੰਘ ਜੀ ਦਾ ਸਹਿਯੋਗ ਰਿਹਾ। ਗੁਰੂ ਬਾਲਕ ਸਿੰਘ ਜੀ ਨੇ ਪਿੰਡ ਸਰਵਾਲਾ ਤੇ ਛੋਟੀ ਵਿਖੇ ਸੰਗਤ ਨੂੰ ਨਾਮ, ਬਾਣੀ ਅਤੇ ਗੁਰਸਿਖੀ ਨਾਲ ਜੋੜਿਆ। ਆਪਣੀ ਉਪਜੀਵਕਾ ਨੂੰ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਗੁਰੂ ਜੀ ਦੇ ਵੱਡੇ ਭਰਾਤਾ ਭਾਈ ਮੰਨਾ ਸਿੰਘ ਨੇ ਹਜ਼ਰੋਂ ਸ਼ਹਿਰ ਵਿਖੇ ਦੁਕਾਨ ਪਾ ਕੇ ਆਪਣਾ ਕਾਰੋਬਾਰ ਕਰ ਲਿਆ। ਕਾਰੋਬਾਰ ਚੋਖਾ ਚੱਲ ਪਿਆ ਅਤੇ ਸਾਰੇ ਪਰਿਵਾਰ ਨੇ ਹਜ਼ਰੋਂ ਵਿਖੇ ਨਿਵਾਸ ਕਰ ਲਿਆ। ਗੁਰੂ ਬਾਲਕ ਸਿੰਘ ਜੀ ਵੀ ਹਜਰੋਂ ਆ ਕੇ ਵਸ ਗਏ ਅਤੇ ਇਥੇ ਹੀ ਗੁਰੂ ਜੀ ਨੇ ਸਰਾਫੀ ਦੀ ਦੁਕਾਨ ਕਰ ਲਈ। ਆਪ ਜੀ ਦਾ ਵਿਆਹ ਮਾਤਾ ਤੋਤੀ ਜੀ ਨਾਲ ਹੋਇਆ। ਦੁਕਾਨ ਤੇ ਗੁਰੂ ਜੀ ਨੇ ਸੱਚ ਦਾ ਵਪਾਰ ਕੀਤਾ। ਸਰਾਫੇ ਦੀ ਖਰੀਦੋ ਫਰੋਖ਼ਤ ਲਈ ਆਏ ਲੋਕਾਂ ਨੂੰ ਸਭ ਸੱਚੋ-ਸੱਚ ਦੱਸਕੇ ਕੰਮਕਾਰ ਕਰਨਾ। ਵਪਾਰ ਵਿੱਚ ਪਾਰਦਰਸ਼ਤਾ ਹੋਣ ਕਰਕੇ ਕਾਰੋਬਾਰ ਵਧੀਆ ਚੱਲ ਪਿਆ ਪਰ ਜੋ ਕਮਾਈ ਹੁੰਦੀ ਗੁਰੂ ਜੀ ਉਸ ਕਮਾਈ ਨੂੰ ਲੋੜਵੰਦਾਂ, ਟੁੱਟਿਆਂ ਭੱਜਿਆਂ ਅਤੇ ਗਰੀਬ ਲੋਕਾਂ ਵਿੱਚ ਵੰਡ ਦਿੰਦੇ। ਜਰੂਰੀ ਲੋੜਵੰਦਾਂ ਨੂੰ ਗੁਰੂ ਜੀ ਘਰਾਂ ਵਿੱਚ ਜਾ ਕੇ ਵੀ ਪੈਸੇ ਦੇ ਆਉਂਦੇ। ਭਾਈ ਮੰਨਾਂ ਸਿੰਘ ਅਤੇ ਹਜ਼ਰੋਂ ਦਾ ਰਤਨ ਭਾਈ ਜਵਾਹਰ ਮੱਲ ਗੁਰੂ ਜੀ ਦਾ ਖਿਆਲ ਰੱਖਦੇ। ਇਕ ਵਾਰ ਗੁਰੂ ਜੀ ਨੇ ਲੋੜਵੰਦਾਂ ਵਿੱਚ ਮਾਇਆ ਵੰਡ ਦਿੱਤੀ ਤੇ ਭਾਈ ਮੰਨਾ ਸਿੰਘ ਅਤੇ ਸਾਈਂ ਜਵਾਹਰ ਮੱਲ ਲੋੜਵੰਦਾਂ ਨੂੰ ਆਨੀ ਦੁਆਨੀ ਛੱਡਕੇ ਪੈਸੇ ਮੁੜਵਾ ਲਿਆਏ ਅਤੇ ਗੁਰੂ ਜੀ ਨੂੰ ਮੱਥਾ ਟੇਕੇ ਤਾਂ ਗੁਰੂ ਬਾਲਕ ਸਿੰਘ ਜੀ ਨੇ ਆਖਿਆ ਭਾਈ ਮੈਂ ਇਹ ਪੈਸੇ ਨਹੀਂ ਲੈਣੇ। ਮੇਰੀ ਕਮਾਈ ਧਰਮ ਕਰਮ ਲਈ ਹੀ ਹੈ ਇਸਨੂੰ ਧਰਮ ਕਰਮ ਤੇ ਹੀ ਲਾਉ।

**ਜੀਵਨ ਪਰਿਵਰਤਨ –** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਾਪ ਅਤੇ ਗੁਰਗੱਦੀ ਦੀ ਬਖਸ਼ਿਸ਼ ਨਾਲ ਗੁਰੂ ਬਾਲਕ ਸਿੰਘ ਜੀ ਦੇ ਭਗਤੀ ਜੀਵਨ ਵਿੱਚ ਹੋਰ ਵੱਡਾ ਪਰਿਵਰਤਨ ਆ ਗਿਆ। ਗੁਰੂ ਜੀ ਸਵਾ ਪਹਿਰ ਰਾਤ ਰਹਿੰਦੀ ਉਠਕੇ ਇਸ਼ਨਾਨ ਕਰਦੇ, ਸਿਮਰਨ ਕਰਦੇ, ਗੁਰਬਾਣੀ ਦਾ ਨਿਤਨੇਮ ਕਰਦੇ। ਗੁਰੂ ਬਾਲਕ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਕੀਤੀ ਗੁਰਸਿੱਖੀ ਅਤੇ ਹੁਕਮ ਮੁਤਾਬਕ ਹਜ਼ਰੋਂ ਵਿਖੇ ਨਾਮ ਬਾਣੀ ਦੇ ਭੰਡਾਰੇ ਖੋਲ੍ਹ ਦਿੱਤੇ। ਗੁਰੂ ਜੀ ਦੀ ਮਹਿਮਾ ਦੂਰ-ਦੂਰ ਤੱਕ ਫੈਲ ਗਈ। ਗੁਰੂ ਜੀ ਦੀ ਮਹਿਮਾ ਸੁਣਕੇ ਲੋਕਾਂ ਨੇ ਹਜ਼ਰੋਂ ਵੱਲ ਵਹੀਰਾਂ ਘੱਤ ਲਈਆਂ। ਗੁਰੂ ਬਾਲਕ ਸਿੰਘ ਜੀ ਚੋ ਅੱਖਰੇ ਜਾਪ ਕਰਨ ਲਈ ਕਈ ਸ਼ਰਧਾਲੂਆਂ ਨੂੰ ਕੰਨ ਵਿੱਚ ਗੁਰਮੰਤਰ ਦਿੰਦੇ, ਕਈ ਸ਼ਰਧਾਲੂਆਂ ਨੂੰ ਇਕਾਂਤ ਵਿੱਚ ਲਿਜਾਕੇ ਵਿਚਾਰ ਚਰਚਾ ਕਰਕੇ ਚੋ ਅੱਖਰਾ ਸ਼ਬਦ ਬੋਲਕੇ ਭਜਨ ਦੱਸਦੇ, ਕਦੀ-ਕਦੀ ਕਥਾ ਵਿੱਚ ਮੰਤਰ ਮੁਗਧ ਹੋਈ ਸੰਗਤ ਨੂੰ ਖੁੱਲ੍ਹੇ ਤੌਰ ਤੇ ਬੋਲਕੇ ਹੀ ਚੋ ਅੱਖਰੇ ਸ਼ਬਦ ਦਾ ਜਾਪ ਕਰਨ ਦੀ ਤਰਤੀਬ ਦੱਸਦੇ। ਮੁਸਲਮਾਨ ਵੀਰਾਂ ਨੂੰ ਹਮੇਸ਼ਾਂ ਇਸ ਤਰ੍ਹਾਂ ਹੁਕਮ ਕਰਦੇ ਕਿ ਸਵੇਰੇ ਉਠਕੇ ਸਣੇ-ਕੇਸੀ ਇਸ਼ਨਾਨ ਕਰਕੇ, ਸੁੱਚੇ ਬਸਤਰ ਪਹਿਨਕੇ ਘਰ ਤੋਂ ਬਾਹਰ ਜਾ ਕੇ ਇਕੰਤ ਚੌਕੜਾ ਮਾਰ ਕੇ ਬੈਠਕੇ ਪ੍ਰਭੂ ਨੂੰ ਯਾਦ ਕਰੋ। ਤੁਹਾਨੂੰ ਆਪੇ ਹੀ ਸੱਚ ਦੇ ਨਾਮ ਦੀ ਪ੍ਰਾਪਤੀ ਹੋਵੇਗੀ। ਗੁਰੂ ਜੀ ਦਰਸ਼ਨਾਂ ਲਈ ਆਈ ਸੰਗਤ ਨੂੰ ਜੋ ਉਪਦੇਸ਼ ਦਿੰਦੇ ਉਸਦੇ ਮੂਲ ਸਿਧਾਂਤਾਂ ਨੂੰ ਸਾਡੇ ਪੁਰਾਤਨ ਮਹਾਨ ਵਿਦਵਾਨ ਇਤਿਹਾਸਕਾਰਾਂ ਨੇ ਇੰਞ ਕਲਮਬੱਧ ਕੀਤਾ ਹੈ-

1. ਝੂਠ ਨਹੀਂ ਬੋਲਣਾ, 2. ਪਰਾਇਆ ਹੱਕ ਨਹੀਂ ਖਾਣਾ, 3. ਹਰ ਸਮੇਂ ਬਹਿੰਦੇ ਉਠਦੇ ਅਤੇ ਸਮਾਂ ਕੱਢਕੇ ਇਕਾਂਤ ਬੈਠ ਭਜਨ ਕਰਨਾ, 4. ਵਿਭਚਾਰ (ਪਰਾਈ ਇਸਤਰੀ ਦਾ ਸੰਗ) ਨਾ ਕਰਨਾ, 5. ਲੋਭ ਨਹੀਂ ਕਰਨਾ, 6. ਭਜਨ ਉਚੀ ਨਹੀਂ ਕਰਨਾ, ਗੁਪਤ ਜਪਣਾ, 7. ਵੱਡਿਆਂ ਦੇ ਚਰਨੀਂ ਹੱਥ ਲਾ ਕੇ ਸਤਿਕਾਰ ਕਰਨਾ, 8. ਹਰ ਰੋਜ਼ ਗੁਰਬਾਣੀ ਦਾ ਪਾਠ ਕਰਨਾ, 9. ਗੁਰੂ ਸਾਹਿਬਾਨ ਤੇ ਪ੍ਰਤੀਤ ਰੱਖਣਾ, 10. ਧਰਮ ਦੀ ਕਿਰਤ ਕਰਨੀ, 11. ਕਿਰਤ ਕਰਨੀ, ਵੰਡ ਕੇ ਛਕਣਾ, 12. ਮਾਸ, ਸ਼ਰਾਬ, ਤੰਬਾਕੂ ਜਾਂ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਨਹੀਂ ਕਰਨੀ ਆਦਿ।

**ਸਤਿਗੁਰੂ ਬਾਲਕ ਸਿੰਘ ਜੀ ਮਹਿਮਾ ਅਤੇ ਯਸ–** ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਦਾ ਵਿਸ਼ਲੇਸ਼ਣ ਕੀਤਿਆਂ ਇਹ ਅਹਿਸਾਸ ਪ੍ਰਤੱਖ ਹੋ ਜਾਂਦਾ ਹੈ ਕਿ ਸਤਿਗੁਰੂ ਬਾਲਕ ਸਿੰਘ ਜੀ ਬਾਲ ਅਵਸਥਾ ਤੋਂ ਹੀ ਪ੍ਰਭੂ ਰੰਗਣ ਵਿੱਚ ਰੰਗੇ ਹੋਏ ਸਨ। ਗੁਰੂ ਜੀ ਦੇ ਜੀਵਨ ਦਾ ਹਰ ਪਲ, ਸਿਮਰਨ, ਭਜਨ , ਬੰਦਗੀ ਅਤੇ ਪ੍ਰਭੂ ਵਡਿਆਈ ਵਿੱਚ ਬੀਤਦਾ ਸੀ। ਗੁਰੂ ਜੀ ਦੁਨਿਆਵੀ ਵਰਤਾਰੇ ਤੋਂ ਨਿਰਲੇਪ ਜਿਆਦਾ ਸਮਾਂ ਭਗਤੀ ਵਿੱਚ ਲੀਨ ਰਹਿੰਦੇ ਸਨ। ਹਰ ਜੀਵ ਜੰਤੂ , ਲੋੜਵੰਦ,

ਗਰੀਬ ਅਤੇ ਅਮੀਰ ਬਨਸਪਤੀ ਦੇ ਕਣ-ਕਣ ਵਿੱਚੋਂ ਪ੍ਰਭੂ ਨੂੰ ਦੇਖਦੇ ਅਤੇ ਪ੍ਰਭੂ ਦੀ ਕਿਰਤ ਨੂੰ ਦੇਖਦੇ। ਭੁੱਲੇ ਭਟਕੇ ਲੋਕਾਂ ਨੂੰ ਆਪ ਜੀ ਨੇ ਸਿਮਰਨ ਨਾਲ ਜੋੜਿਆ, ਗੁਰਬਾਣੀ ਨਾਲ ਜੋੜਿਆ ਅਤੇ ਸਦ ਉਪਦੇਸ਼ ਦਿੱਤਾ। ਸੈਂਕੜੇ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਲਈ ਹਜ਼ਰੋਂ ਆਉਂਦੇ ਪੁਰਾਤਨ ਗ੍ਰੰਥਾਂ ਅਤੇ ਗੁਰਬਾਣੀ ਦੀ ਕਥਾ ਸੁਣ ਗਦ-ਗਦ ਹੋ ਉੱਠਦੇ, ਭਜਨ, ਬੰਦਗੀ ਅਤੇ ਸਿਮਰਨ ਨਾਲ ਜੁੜਦੇ। ਗੁਰੂ ਜੀ ਮਨੁੱਖਤਾ ਨੂੰ ਇਕ ਪਾਵਨ ਪਵਿੱਤਰ ਜੀਵਨ ਦੀ ਜਾਂਚ ਸਿਖਾਉਂਦੇ। ਗੁਰੂ ਜੀ ਦੇ ਜੀਵਨ ਦਾ ਪਲ-ਪਲ ਪ੍ਰਭੂ ਰੰਗਣ ਵਿੱਚ ਰੰਗੇ ਹੋਣ ਕਾਰਨ ਗੁਰੂ ਜੀ ਦੇ ਰੋਮ-ਰੋਮ ਵਿੱਚ ਪ੍ਰਭੂ ਵੱਸਦਾ ਹੈ। ਗੁਰੂ ਜੀ ਦਾ ਸਰੀਰ ਸਿਮਰਨ ਦਾ ਹੀ ਰੂਪ ਹੋ ਗਿਆ ਸੀ, ਸ਼ਬਦ ਦਾ ਹੀ ਰੂਪ ਹੋ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੇ ਇਸ ਸ਼ਬਦ ਅਨੁਸਾਰ ਗੁਰੂ ਜੀ ਭਗਵਾਨ ਰੂਪ ਹੋ ਗਏ ਸਨ-

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ ॥

ਗੁਰੂ ਜੀ ਦੀ ਰਸਨਾਂ ਤੇ ਪ੍ਰਭੂ ਵੱਸਦਾ ਸੀ ਇਸ ਲਈ ਜੋ ਵੀ ਗੁਰੂ ਜੀ ਪ੍ਰਤੀ ਸ਼ਰਧਾ ਭਾਵਨਾ ਰੱਖ ਕੇ ਕਿਸੇ ਵੀ ਕਾਰਜ ਲਈ ਅਰਦਾਸ ਕਰਦਾ ਸੀ ਉਸ ਦੀਆਂ ਸਮੱਸਿਆਵਾਂ ਦਾ ਸਮਾਧਾਨ ਹੋ ਜਾਂਦਾ। ਕੋਈ ਸ਼ਰਧਾਲੂ ਪ੍ਰਾਣੀ ਗੁਰੂ ਜੀ ਅੱਗੇ ਅਰਜ ਬੇਨਤੀ ਕਰਦਾ, ਗੁਰੂ ਜੀ ਜੋ ਬਚਨ ਕਰਦੇ ਓਸੇ ਤਰ੍ਹਾਂ ਹੀ ਉਸ ਸ਼ਰਧਾਲੂ ਦੀਆਂ ਮਨ ਦੀਆਂ ਮੁਰਾਦਾਂ ਪੂਰਨ ਹੋ ਜਾਂਦੀਆਂ। ਕੋਈ ਦੁਖਾਂ, ਕਲੇਸ਼ਾਂ, ਸਮੱਸਿਆਵਾਂ ਤੋਂ ਛੁਟਕਾਰੇ ਲਈ ਅਰਜ਼ ਕਰਦਾ, ਕੋਈ ਪੁੱਤਰ ਦੀ ਦਾਤ ਮੰਗ ਲੈਂਦਾ ਗੁਰੂ ਜੀ ਦੇ ਸੁਭਾਵਕ ਕਹੇ ਬਚਨ ਫਲੀ ਭੂਤ ਹੋ ਜਾਂਦੇ। ਗੁਰੂ ਬਾਲਕ ਸਿੰਘ ਜੀ ਦਾ ਜੀਵਨ ਪੜ੍ਹਦੇ ਹਾਂ ਤਾਂ ਕਈ ਵਾਰ ਇੰਞ ਭੁਲੇਖਾ ਵੀ ਪੈਂਦਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਪੜ੍ਹਦੇ ਹੋਈਏ। ਗੁਰੂ ਜੀ ਦੇ ਮੁਖਾਰਬਿੰਦ ਤੋਂ ਆਖੇ ਬਚਨ ਪੂਰਨ ਹੋ ਜਾਣ ਤੇ ਲੋਕਾਂ ਲਈ ਕਰਾਮਾਤ ਬਣ ਜਾਂਦੀ। ਗੁਰੂ ਬਾਲਕ ਸਿੰਘ ਜੀ ਦੀ ਪ੍ਰਭੂ ਪ੍ਰਮੇਸ਼ਵਰ ਨਾਲ ਇਕ ਮਿਕਤਾ ਬਾਰੇ ਜਾਂ ਭਗਵਾਨ ਰੂਪ ਹੋ ਜਾਣ ਬਾਰੇ ਸਿੱਖ ਜਗਤ ਦੇ ਮਹਾਨ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਇੰਞ ਫ਼ਰਮਾਉਂਦੇ ਹਨ-

ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ।
ਥਾਲਕ ਰਖੈ ਹੈਂ ਏਕ ਖਾਲਕ ਸੈਂ ਮਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ,
ਸਜ ਮਤ ਭਗਤਿ ਵਿਰਕਤਿ ਅਦਾਗੀ ਹੈਂ।
ਕੀਰਤਨ ਕਥਾ ਸਤ ਸੰਗ, ਜਥਾ ਜੋਗ ਤਥਾ ਰਾਖਤ ਥਾ,
ਭਾਖਤ ਥਾ ਭਜਨ ਸਜਾਗੀ ਹੈਂ।

**ਬਗੀਚੀ ਦੀ ਉਸਾਰੀ-** ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਦੇ ਘਰਾਂ ਕੋਲ ਇਕ ਖੁੱਲੀ ਸੁੰਦਰ ਬਗੀਚੀ ਸੀ। ਗੁਰੂ ਜੀ ਇਸ ਬਗੀਚੀ ਵਿੱਚ ਬੈਠ ਭਜਨ ਬੰਦਗੀ ਕਰਿਆ ਕਰਦੇ ਸਨ। ਨੀਮ ਪਹਾੜੀ ਇਲਾਕੇ ਵਿੱਚ ਸੁੰਦਰ ਬ੍ਰਿਛ ਅਤੇ ਫੁੱਲ ਬੂਟਿਆਂ ਨਾਲ ਸਜੀ ਇਸ ਬਗੀਚੀ ਵਿੱਚ ਹੀ ਸ਼ਰਧਾਲੂਆਂ ਦੀ ਭੀੜ ਜੁੜ ਜਾਂਦੀ ਅਤੇ ਇਥੇ ਹੀ ਗੁਰੂ ਜੀ ਪੁਰਾਤਨ ਗ੍ਰੰਥਾਂ ਦੀ ਕਥਾ, ਸਿਮਰਨ ਅਤੇ ਗੁਰਮਤਿ ਦੀ ਵਿਚਾਰ ਚਰਚਾ ਕਰਿਆ ਕਰਦੇ ਸਨ। ਇਹ ਬਗੀਚੀ ਗੁਰੂ ਜੀ ਦੇ ਸ਼ਰਧਾਲੂ ਇਕ ਸੁਨਿਆਰੇ ਸਿੱਖ ਦੀ ਸੀ। ਇਕ ਦਿਨ ਸੰਗਤ ਵਿੱਚ ਬਿਰਾਜਮਾਨ ਸਤਿਗੁਰੂ ਜੀ ਨੂੰ ਇਸ ਸੁਨਿਆਰੇ ਸਿੱਖ ਨੇ ਅਰਜ ਬੇਨਤੀ ਕੀਤੀ "ਗੁਰੂ ਜੀ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਬਗੀਚੀ ਵਿੱਚ ਇਕ ਖੂਹੀ ਬਣਾ ਦਿੰਦਾ ਹਾਂ ਸੰਗਤ ਨੂੰ ਜਲ ਪਾਣੀ ਦੀ ਵਰਤੋਂ ਲਈ ਸਹੂਲਤ ਹੋ ਜਾਵੇਗੀ। ਗੁਰੂ ਜੀ ਨੇ ਆਖਿਆ ਭਾਈ ਸਾਨੂੰ ਤਾਂ ਜਰੂਰਤ ਨਹੀਂ ਮੈਂ ਤਾਂ ਸਿਮਰਨ ਹੀ ਕਰਨਾ ਹੈ ਜੇਕਰ ਸਾਧ ਸੰਗਤ ਚਾਹੁੰਦੀ ਹੈ ਤਾਂ ਮੈਨੂੰ ਖੁਸ਼ੀ ਹੈ। ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਇਸ ਸਿੰਘ ਵੱਲੋਂ ਇਥੇ ਖੂਹੀ ਲਗਾ ਦਿੱਤੀ ਗਈ, ਇਕ ਬਾਰਾਂਦਰੀ ਵੀ ਬਣਾ ਦਿੱਤੀ ਗਈ ਅਤੇ ਸਤਿਗੁਰੂ ਜੀ ਲਈ ਇਕ ਥੜਾ ਵੀ ਬਣਵਾ ਦਿੱਤਾ ਗਿਆ ਜਿਥੇ ਸ਼ਸੋਭਿਤ ਹੋ ਕੇ ਸਤਿਗੁਰੂ ਜੀ ਕਥਾ ਕਰਦੇ ਅਤੇ ਸੰਗਤ ਨੂੰ ਸਦ ਉਪਦੇਸ਼ ਬਖ਼ਸ਼ਦੇ।

**ਧਰਮਸ਼ਾਲਾ ਨੂੰ ਭਾਗ-** ਸਮੇਂ ਨਾਲ ਸੰਗਤਾਂ ਦਾ ਇਕੱਠ ਵੀ ਵੱਧਦਾ ਗਿਆ ਅਤੇ ਕਈ ਵਾਰ ਮੌਸਮ ਦੀ ਖਰਾਬੀ ਅਤੇ ਸਰਦੀ ਦੀ ਠੰਡੀ ਰੁੱਤ ਵਿੱਚ ਸੰਗਤ ਨੂੰ ਕਈ ਵਾਰ ਕੁਦਰਤੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ। ਇਕ ਦਿਨ ਬਗੀਚੀ ਵਿੱਚ ਭਾਰੀ ਇਕੱਠ ਸੀ। ਸੰਗਤ ਦੇ ਕੁਝ ਪ੍ਰਮੁੱਖ ਸ਼ਰਧਾਲੂਆਂ ਵਲੋਂ ਗੁਰੂ ਜੀ ਨੂੰ ਅਰਜ ਬੇਨਤੀ ਕੀਤੀ ਗਈ ਕਿ ਆਪ ਜੀ ਦੀ ਬਖ਼ਸ਼ਿਸ਼ ਹੋਵੇ ਤਾਂ ਆਪ ਜੀ ਦੀ ਰਜ਼ਾ ਹੋਵੇ ਤਾਂ ਕਥਾ, ਕੀਰਤਨ ਅਤੇ ਸਿਮਰਨ ਇਥੋਂ ਦੀ ਧਰਮਸ਼ਾਲਾ ਵਿੱਚ ਕਰ ਲਿਆ ਕਰੀਏ ਜਿਥੇ ਇਮਾਰਤ ਵੀ ਬਣੀ ਹੋਈ ਹੈ ਥਾਂ ਵੀ ਖੁੱਲ੍ਹੀ ਹੈ। ਗੁਰੂ ਜੀ ਪ੍ਰਵਾਨਗੀ ਮਿਲਣ

ਤੇ ਸੰਗਤ ਨੇ ਖੁਸ਼ੀ ਮਨਾਈ ਅਤੇ ਉਸੇ ਦਿਨ ਹੀ ਕੀਰਤਨ ਕਰਦਿਆਂ ਸ਼ਬਦ ਪੜ੍ਹਦਿਆਂ ਸੰਗਤ ਨੇ ਧਰਮਸ਼ਾਲਾ ਵੱਲ ਚਾਲੇ ਪਾ ਦਿੱਤੇ। ਸਤਿਗੁਰੂ ਜੀ ਸਿੱਖਾਂ ਨਾਲ ਅੱਗੇ-ਅੱਗੇ ਅਤੇ ਪਿਛੇ ਸੰਗਤਾਂ ਦਾ ਬਗੀਚੀ ਤੋਂ ਲੈ ਕੇ ਧਰਮਸ਼ਾਲਾ ਤੱਕ ਭਾਰੀ ਇਕੱਠ ਇਕ ਮਨਮੋਹਨ, ਸਵਰਗੀ ਸਮੇਂ ਸਤਿਜੁਗੀ ਦ੍ਰਿਸ਼ ਪੇਸ਼ ਕਰ ਰਿਹਾ ਸੀ। ਇਸੇ ਦਿਨ ਤੋਂ ਸਵੇਰ ਦਾ ਕੀਰਤਨ ਅਤੇ ਕਥਾ ਧਰਮਸ਼ਾਲਾ ਵਿੱਚ ਹੁੰਦੀ ਅਤੇ ਸ਼ਾਮ ਦੀ ਕਥਾ ਬਗੀਚੀ ਵਿਚੋਂ। ਗੁਰੂ ਜੀ ਦੀ ਛੋਹ ਅਤੇ ਕਥਾ ਕੀਰਤਨ ਦੇ ਪ੍ਰਵਾਹ ਨਾਲ ਇਹ ਸਥਾਨ ਇਕ ਪਾਵਨ ਪਵਿੱਤਰ ਸਥਾਨ ਬਣ ਗਿਆ ਜਿਥੋਂ ਪੋਠੋਹਾਰ ਤੋਂ ਇਲਾਵਾ ਮਾਝੇ, ਮੈਣ, ਦੁਆਬੇ ਅਤੇ ਕਦੀ-ਕਦੀ ਮਾਲਵੇ ਤੱਕ ਦੀਆਂ ਸੰਗਤਾਂ ਗੁਰੂ ਦਰਸ਼ਨਾਂ ਲਈ ਹਜ਼ਰੋਂ ਵਿਖੇ ਪਹੁੰਚਦੀਆਂ। ਦੂਰ-ਦੂਰ ਤੱਕ ਇਹ ਚਰਚਾ ਫੈਲ ਗਈ ਕਿ ਧਰਮ ਅਵਤਾਰ ਗੁਰੂ ਬਾਲਕ ਸਿੰਘ ਜੀ ਪ੍ਰਗਟ ਹੋਏ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਬਖਸ਼ਿਸ਼ ਕੀਤੇ ਨਾਮ ਦਾ ਜਾਪ ਕਰਾਉਂਦੇ ਹਨ ਅਤੇ ਅੰਧ ਵਿਸਵਾਸ਼ਾਂ, ਟੂਣੇ ਟਾਮਣਿਆਂ ਅਤੇ ਸਮਾਜ ਲਈ ਮਾਰੂ ਨੀਤੀਆਂ ਦਾ ਤਿਆਗ ਕਰਵਾਕੇ ਰਾਖਸ਼ ਬੁੱਧੀ ਲੋਕਾਂ ਨੂੰ ਕਥਾ ਕੀਰਤਨ ਰਾਹੀਂ ਦੇਵਤੇ ਬਣਾ ਦਿੰਦੇ ਹਨ।

**ਗੁਰੂ ਬਾਲਕ ਸਿੰਘ ਜੀ ਵੇਲੇ ਗੁਰਸਿੱਖੀ ਦੇ ਹਾਲਾਤ–** ਅਠਾਰਵੀਂ ਸਮੇਂ ਦੇ ਆਖਰੀ ਸਾਲਾਂ ਵਿੱਚ ਸਰਦਾਰ, ਰਜਵਾੜੇ, ਹਕੂਮਤਾਂ ਤੇ ਆਪ ਹੁਦਰੀਆਂ ਦੇ ਨਸ਼ੇ ਵਿੱਚ ਗਲਤਾਨ ਹੋ ਗਏ। ਧਰਮਸ਼ਾਲਾਵਾਂ ਅਤੇ ਗੁਰਦੁਆਰਿਆਂ ਵਿੱਚ ਪੜ੍ਹੀ ਜਾਂਦੀ ਗੁਰਬਾਣੀ ਅਤੇ ਨਾਮ ਤੋਂ ਲੋਕੀ ਦੂਰ ਹੋ ਗਏ। ਗੁਰਸਿੱਖੀ ਅਤੇ ਗੁਰਮਤਿ ਨੂੰ ਆਮ ਲੋਕੀ ਭੁੱਲ ਬੈਠੇ। ਮਾਲਵੇ ਅਤੇ ਮਾਝੇ ਵਿੱਚ ਬਾਬਾ ਨੈਣਾ ਸਿੰਘ ਨਿਹੰਗ , ਬਾਬਾ ਫੂਲਾ ਸਿੰਘ ਨਿਹੰਗ, ਬਾਬਾ ਸਾਹਿਬ ਸਿੰਘ ਬੇਦੀ, ਅੱਡਣਸ਼ਾਹੀ ਮਹਾਂਪੁਰਸ਼ਾ ਨੇ ਭਾਵੇਂ ਆਪਣੇ ਸਥਾਨਕ ਥਾਵਾਂ ਤੱਕ ਕੁਝ ਪ੍ਰਚਾਰ ਕੀਤਾ ਪਰ ਲੋਕੀਂ ਸਿੱਖੀ ਤੋਂ ਦੂਰ ਹੁੰਦੇ ਗਏ। ਸਮਾਜ ਵਿੱਚ ਪੰਡਿਤ, ਪੁਰੋਹਿਤ, ਆਪਣੀ ਪੂਜਾ ਕਰਾਉਣ ਵਾਲੇ ਸੰਤ ਅਤੇ ਹੰਕਾਰੀ ਅਖੌਤੀ ਪਰਚਾਰਕਾਂ ਦਾ ਹੀ ਬੋਲ ਬਾਲਾ ਸੀ ਜੋ ਆਪਣੇ ਆਪਣੇ ਇਲਾਕਿਆਂ ਵਿੱਚ ਲੋਕਾਂ ਨੂੰ ਧਰਮ ਦੇ ਨਾਮ ਤੇ ਅੰਧ ਸੰਭਾਲਣ, ਲੋਕਾਂ ਨੂੰ ਗੁਰਸਿੱਖੀ ਨਾਲ ਜੋੜਨ ਦੀ ਜੇਕਰ ਇਹ ਰੌਸ਼ਨੀ ਸੀ ਤਾਂ ਉਹ ਪ੍ਰਤੱਖ ਰੂਪ ਵਿੱਚ ਜਿਲ੍ਹਾ ਅਟਕ ਦੇ ਪੋਠੋਹਾਰ ਦੇ ਇਲਾਕੇ ਵਿੱਚ ਗੁਰੂ ਬਾਲਕ ਸਿੰਘ ਜੀ ਸਨ। ਪੋਠੋਹਾਰ ਦੇ ਇਸ ਇਲਾਕੇ ਵਿੱਚ ਲੋਕੀਂ ਸਿੱਖੀ ਦੇ ਇਸ ਮੰਡਲ ਵੱਲ ਖਿੱਚੇ ਚਲੇ ਆਏ। ਭੁੱਲੇ ਭਟਕੇ ਲੋਕ ਗੁਰਮਤਿ ਨਾਲ ਜੋੜੇ ਅਤੇ ਅਖੌਤੀ ਅਤੇ ਹੰਕਾਰੀ ਸੰਤਾਂ ਨੇ ਵੀ ਗੁਰੂ ਬਾਲਕ ਸਿੰਘ ਜੀ ਦੇ ਦਰਬਾਰ ਵਿੱਚ ਆ ਕੇ ਗੁਰਮਤਿ ਦਾ ਰਾਹ ਅਖਤਿਆਰ ਕੀਤਾ। ਇਸ ਆਰਟੀਕਲ ਵਿੱਚ ਮੈਂ ਟੂਕ ਮਾਤਰ ਹੀ ਵਰਨਣ ਕਰ ਰਿਹਾ ਹਾਂ-

**ਸੁਆਮੀ ਜਵਾਹਰ ਮੱਲ ਜੀ ਦਾ ਗੁਰੂ ਜੀ ਨਾਲ ਮਿਲਾਪ–** ਸਾਈਂ ਜਵਾਹਰ ਮੱਲ ਜੀ ਆਹਲੂਵਾਲੀਆ ਜਾਤੀ ਦੇ ਰਤਨ ਸਨ, ਜੋ ਸ਼ਰਾਬ ਦੀ ਦੁਕਾਨ ਕਰਦੇ ਸਨ ਪਰ ਲੁਕਵੇਂ ਰੂਪ ਵਿੱਚ ਉਹ ਰੱਬੀਂ ਰੰਗਾਂ ਵਿੱਚ ਰੰਗੀ ਹੋਈ ਰੂਹ ਸਨ। ਗੁਰੂ ਜੀ ਨੇ ਸਾਂਈ ਜੀ ਦੀ ਅੰਤਰ ਆਤਮਾ ਨੂੰ ਪਹਿਚਾਣ ਲਿਆ ਸੀ। ਸੁਆਮੀ ਜਵਾਹਰ ਮੱਲ ਜੀ ਗੁਰੂ ਬਾਲਕ ਸਿੰਘ ਜੀ ਦੇ ਪ੍ਰਮੁੱਖ ਸ਼ਰਧਾਲੂ ਸਿੱਖਾਂ ਵਿੱਚੋਂ ਸਨ ਜੋ ਗੁਰਮਤਿ ਅਤੇ ਨਾਮ ਨਾਲ ਜੁੜੇ ਅਤੇ ਪੂਰਾ ਜੀਵਨ ਗੁਰੂ ਜੀ ਨਾਲ ਵਿਚਰਦੇ ਰਹੇ।

**ਜੈਦੇ ਪਿੰਡ ਦੇ ਭਾਈ ਧਨੀ ਰਾਮ ਦਾ ਉਧਾਰ–** ਜੈਦੇ ਪਿੰਡ ਦੇ ਭਾਈ ਧਨੀ ਰਾਮ ਨੂੰ ਗੁਰੂ ਬਾਲਕ ਸਿੰਘ ਜੀ ਦੇ ਸੁਪਨ ਦਰਸ਼ਨ ਹੋਏ ਜੋ ਠਾਕਰਾਂ ਦੀ ਪੂਜਾ ਕਰਦਾ ਸੀ। ਭਾਈ ਧਨੀ ਰਾਮ ਗੁਰੂ ਜੀ ਦੇ ਚਰਨਾਂ ਵਿੱਚ ਆਇਆ ਅਤੇ ਗੁਰੂ ਜੀ ਫੁਰਮਾਇਆ ਭਾਈ ਤੈਨੂੰ ਅਟਕੋਂ ਪਾਰ ਲੱਭਿਆ ਹੈ। ਭਾਈ ਧਨੀ ਰਾਮ ਦਾ ਪਰਿਵਾਰ ਅਤੇ ਭਾਈ ਧਨੀ ਰਾਮ ਦੇ ਸ਼ਰਧਾਲੂ ਗੁਰੂ ਬਾਲਕ ਸਿੰਘ ਜੀ ਦੇ ਸਿੱਖ ਬਣੇ। ਭਾਈ ਧਨੀ ਰਾਮ ਜੀ ਨੇ ਹਜਰੋਂ ਦੇ ਇਲਾਕੇ ਵਿੱਚ ਨਾਮ ਬਾਣੀ ਤੋਂ ਸੱਖਣੀ ਲੋਕਾਈ ਨੂੰ ਗੁਰੂ ਚਰਨਾਂ ਨਾਲ ਜੋੜਿਆ।

**ਉਡੇ ਨਗਰ ਦੇ ਭਾਈ ਰਾਮ ਸਹਾਇ–** ਉਡੇ ਨਗਰ ਦੇ ਭਾਈ ਰਾਮ ਸਹਾਇ ਨੇ ਗੁਰੂ ਬਾਲਕ ਸਿੰਘ ਜੀ ਦੀ ਉਪਮਾ ਸੁਣ ਕੇ ਹਜਰੋਂ ਲਈ ਕਮਰ ਕੱਸੇ ਕੱਸ ਲਏ। ਓਡੇ ਤੇ ਹਜਰੋਂ ਵਿਚਕਾਰ ਇੱਕ ਦਰਿਆ ਪੈਂਦਾ ਸੀ। ਗੁਰੂ ਦਰਸ਼ਨਾਂ ਦੀ ਭਾਈ ਰਾਮ ਸਹਾਇ ਦੇ ਅੰਦਰ ਏਨੀ ਤਾਂਘ ਸੀ ਕਿ ਉਹ ਚੜੇ ਹੋਏ ਦਰਿਆ ਵਿੱਚ ਹੀ ਚੱਲ ਪਿਆ। ਗੁਰੂ ਜੀ ਦਾ ਮਹਾਨ ਸਿੱਖ ਬਣਿਆ। ਗੁਰੂ ਜੀ ਦੇ ਕੋਲ ਕੁਝ ਸਮਾਂ ਹਜਰੋਂ ਰਿਹਾ। ਗੁਰੂ ਜੀ ਨੇ ਭਾਈ ਰਾਮ ਸਹਾਇ ਜੀ ਨੂੰ ਪ੍ਰਤੱਖ ਰੂਪ ਵਿੱਚ ਜਣਾਇਆ ਕਿ ਪ੍ਰਭੂ ਪ੍ਰਮੇਸ਼ਰ ਕਣ-ਕਣ ਵਿੱਚ ਕਿਵੇਂ ਵੱਸਦਾ ਹੈ ਜਿਸਦੀਆਂ ਅਚੰਭਿਤ ਕਰਨ ਵਾਲੀਆਂ ਕਥਾਵਾਂ ਹਨ-

**ਭਾਈ ਸੰਤ ਸਿੰਘ ਜੀ ਹੋਤੀ ਮਰਦਾਨ ਵਾਲੇ ਗੁਰੂ ਚਰਨਾਂ ਵਿੱਚ –** ਭਾਈ ਸੰਤ ਸਿੰਘ ਜੀ ਹੋਤੀ ਮਰਦਾਨ ਵਾਲੇ ਗੁਰੂ ਚਰਨਾਂ ਦਾ ਯਸ ਸੁਣ ਕੇ ਹਜਰੋਂ ਪੁੱਜੇ ਅਤੇ ਭਜਨ ਸੁਣ ਕੇ ਗੁਰੂ ਜੀ ਦੇ ਸਿੱਖ ਬਣੇ। ਗੁਰੂ ਜੀ ਨੇ ਸਦ ਉਪਦੇਸ਼ ਦਿੱਤਾ ਅਤੇ ਭਜਨ ਕਰਨ ਦੀ ਜੁਗਤੀ ਦੱਸੀ। ਭਾਈ ਸੰਤ ਸਿੰਘ ਜੀ ਹੋਤੀ ਮਰਦਾਨ ਨੂੰ ਗੁਰੂ ਜੀ ਨੇ ਉਸਦੇ ਆਪਣੇ ਇਲਾਕੇ ਵਿੱਚ

ਧਰਮਸ਼ਾਲਾ ਬਣਵਾਕੇ, ਗੁਰਬਾਣੀ ਦਾ ਪ੍ਰਕਾਸ਼ ਕਰਕੇ ਸਿਮਰਨ ਕਰਨ, ਬਾਣੀ ਪੜ੍ਹਣ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦਾ ਹੁਕਮ ਦਿੱਤਾ।

**ਬਾਬਾ ਹੁਕਮ ਸਿੰਘ ਸੋਢੀ–** ਬਾਬਾ ਹੁਕਮ ਸਿੰਘ ਸੋਢੀ ਪੋਠੋਹਾਰ ਦੇ ਇਲਾਕੇ ਦੇ ਮਸ਼ਹੂਰ ਸੰਤ ਸਨ। ਜਦੋਂ ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਦੂਰ-ਦੂਰ ਤੱਕ ਫੈਲੀ ਤਾਂ ਬਾਬਾ ਹੁਕਮ ਸਿੰਘ ਸੋਢੀ ਦੇ ਚੇਲੇ ਗੁਰੂ ਬਾਲਕ ਸਿੰਘ ਜੀ ਦੇ ਸ਼ਰਧਾਲੂ ਬਣ ਗਏ। ਸੋਢੀ ਹੰਕਾਰ ਨਾਲ ਗੁਰੂ ਜੀ ਕੋਲ ਆਇਆ ਕਿ ਉਹ ਗੁਰਬਾਣੀ ਦੀ ਚਰਚਾ ਕਰਕੇ ਗੁਰੂ ਜੀ ਨੂੰ ਲਾ ਜਵਾਬ ਕਰ ਦੇਵੇਗਾ। ਗੁਰੂ ਬਾਲਕ ਸਿੰਘ ਜੀ ਦੇ ਭਰੇ ਦਰਬਾਰ ਵਿੱਚ ਬਾਬਾ ਸੋਢੀ ਦਾ ਕਥਾਕਾਰ ਭਾਈ ਕਥਾ ਕਰਨ ਲੱਗਿਆ। ਗੁਰਬਾਣੀ ਦੀ ਸਹੀ ਕਥਾ ਕਰਨ ਦੀ ਥਾਂ ਕਥਾਕਾਰ ਸੋਢੀ ਸਾਹਿਬ ਨੂੰ ਖੁਸ਼ ਕਰਨ ਲਈ ਸੋਚ ਦਾ ਥਿੜਕ ਗਿਆ ਅਤੇ ਗੁਰਬਾਣੀ ਦੇ ਗਲਤ ਅਰਥ ਕਰਨ ਲੱਗਿਆ। ਸੋਢੀ ਸਾਹਿਬ ਸ਼ਰਮਿੰਦਾ ਹੋ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਅਤੇ ਗੁਰੂ ਬਾਲਕ ਸਿੰਘ ਜੀ ਦਾ ਸਿੱਖ ਬਣ ਗਿਆ।

**ਬਾਵਾ ਭੋਜ ਸਿੰਘ ਬੇਦੀ–** ਬਾਵਾ ਭੋਜ ਸਿੰਘ ਬੇਦੀ ਗੁਰੂ ਨਾਨਕ ਦੇਵ ਜੀ ਦੀ ਅੰਸ਼-ਬੰਸ਼ ਵਿੱਚੋਂ ਸਨ। ਇੱਕ ਦਿਨ ਬਾਵਾ ਭੋਜ ਸਿੰਘ ਬੇਦੀ ਹਜਰੋਂ ਵਿਖੇ ਆਏ। ਉਹਨਾਂ ਦੇ ਵੀ ਇਸ ਇਲਾਕੇ ਵਿੱਚ ਅਨੇਕਾਂ ਸ਼ਰਧਾਲੂ ਸਨ ਜੋ ਗੁਰੂ ਬਾਲਕ ਸਿੰਘ ਜੀ ਦੇ ਸਿੱਖ ਬਣੇ ਅਤੇ ਗੁਰਮਤਿ ਅਤੇ ਗੁਰਬਾਣੀ ਦੇ ਨਾਲ ਜੁੜ ਗਏ। ਬਾਵਾ ਬੇਦੀ ਨੂੰ ਬਹੁਤ ਦੁੱਖ ਹੋਇਆ। ਉਸਨੂੰ ਹੰਕਾਰ ਹੋ ਗਿਆ ਕਿ ਉਹ ਗੁਰੂ ਬਾਲਕ ਸਿੰਘ ਜੀ ਨਾਲ ਗੋਸ਼ਟਿ ਕਰੇਗਾ। ਹਜਰੋਂ ਵਿੱਚ ਵੀ ਚਰਚਾ ਫੈਲ ਗਈ। ਉਸ ਦਿਨ ਧਰਮਸ਼ਾਲਾ ਵਿੱਚ ਪਹਿਲਾਂ ਨਾਲੋਂ ਵੱਧ ਇਕੱਠ ਹੋਇਆ। ਬਾਵਾ ਬੇਦੀ ਦਾ ਗੁਰੂ ਬਾਲਕ ਸਿੰਘ ਜੀ ਨੇ ਨਿਮਰਤਾ ਸਾਹਿਤ ਸਤਿਕਾਰ ਕੀਤਾ। ਬਾਵਾ ਬੇਦੀ ਨੂੰ ਗੁਰੂ ਨਾਨਕ ਦੇਵ ਜੀ ਦੀ ਵੰਸ਼ ਵਿੱਚੋਂ ਹੋਣ ਦਾ ਬਹੁਤ ਸਤਿਕਾਰ ਦਿੱਤਾ। ਗੁਰੂ ਬਾਲਕ ਸਿੰਘ ਜੀ ਦੀ ਗੁਰਬਾਣੀ ਦੀ ਕਥਾ ਸੁਣ ਕੇ ਉਸਦਾ ਹੰਕਾਰ ਢਲ ਗਿਆ ਅਤੇ ਨਿਮਰਤਾ ਸਾਹਿਤ ਗੁਰਬਾਣੀ, ਸਿਧਾਂਤ ਤੇ ਮਰਿਯਾਦਾ ਬਾਰੇ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਕੇ ਆਪਣੇ ਚੇਲਿਆਂ ਸਮੇਤ ਗੁਰੂ ਜੀ ਦਾ ਸਿੱਖ ਬਣ ਗਿਆ।

**ਸੰਨਿਆਸੀ ਭਾਈ ਗੁਮਾਨੀ ਦਾ ਉਧਾਰ–** ਸੰਨਿਆਸੀ ਭਾਈ ਗੁਮਾਨੀ ਰਾਗ ਆਪ ਠਾਕੁਰ ਪੂਜਾ ਕਰਦਾ ਸੀ ਅਤੇ ਲੋਕਾਂ ਵਿੱਚ ਠਾਕੁਰ ਪੂਜਾ ਦਾ ਪ੍ਰਚਾਰ ਕਰਦਾ ਸੀ। ਉਸਦੇ ਅਨੇਕਾਂ ਚੇਲੇ ਠਾਕੁਰ ਪੂਜਾ ਵਿੱਚ ਵਿਸ਼ਵਾਸ ਰੱਖਦੇ ਸਨ। ਗੁਰੂ ਜੀ ਨਾਲ ਚਰਚਾ ਕਰਨ ਆਇਆ ਗੁਰੂ ਜੀ ਦੀ ਨਿਮਰਤਾ, ਸਾਦਗੀ ਅਤੇ ਮਿੱਠੇ ਮਿੱਠੇ ਰੂਹ ਨੂੰ ਧੂਹ ਪਾਉਣ ਵਾਲੇ ਬਚਨ ਸੁਣ ਕੇ ਚੇਲਿਆਂ ਸਮੇਤ ਗੁਰੂ ਜੀ ਦਾ ਸਿੱਖ ਹੋ ਗਿਆ। ਗੁਰੂ ਜੀ ਨੇ ਮੁਲਤਾਨੀ ਸਿੱਖ ਭਾਈ ਸਾਂਈ ਦਿੱਤਾ, ਭਾਈ ਬੂੜਾ, ਬਾਬਾ ਸਾਂਈ ਸਾਹਿਬ ਸਿੰਘ ਸੰਗਤਾ, ਭਾਈ ਬੱਲੋ, ਭਾਈ ਗੰਡਾ, ਭਾਈ ਸੁੱਖਾ, ਭਾਈ ਬੈਂਕਾ, ਬਾਬਾ ਜਮੀਅਤ ਸਿੰਘ ਵਰਗੇ ਆ ਕੇ ਸੰਨਿਆਸੀ ਸਾਧਾਂ ਅਤੇ ਭੁੱਲੇ ਭਟਕੇ ਲੋਕਾਂ, ਸੋਹੰ ਦਾ ਜਾਪ ਕਰਨ ਵਾਲੇ ਅਭਿਆਸੀਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੋੜਿਆ।

**ਸਤਿਗੁਰੂ ਰਾਮ ਸਿੰਘ ਜੀ ਦਾ ਹਜਰੋਂ ਵਿਖੇ ਆਉਣਾ–** 1841 ਈ. ਵਿੱਚ ਲਾਹੌਰ, ਕੰਵਰ ਨੌ ਨਿਹਾਲ ਦੀ ਫ਼ੌਜ ਸਰਕਾਰੀ ਖ਼ਜਾਨਾ ਲੈਣ ਵਾਸਤੇ ਪਿਸ਼ੌਰ ਵੱਲ ਆਈ। ਇਹਨਾਂ ਫ਼ੌਜੀ ਸਿਪਾਹੀਆਂ ਹਜਰੋਂ ਦੇ ਕਿਲੇ ਵਿੱਚ ਨਿਵਾਸ ਕੀਤਾ। ਇਹਨਾਂ ਫ਼ੌਜੀ ਸਿਪਾਹੀਆਂ ਨੇ ਇਸ ਇਲਾਕੇ ਵਿੱਚ ਗੁਰੂ ਬਾਲਕ ਸਿੰਘ ਜੀ ਦੇ ਵੱਡੇ ਪ੍ਰਤਾਪ ਬਾਰੇ ਚਰਚਾ ਸੁਣੀ। ਇਸ ਫ਼ੌਜੀ ਟੁਕੜੀ ਦਾ ਨਾਮ ਭਗਤਾਂ ਵਾਲੀ ਪਲਟਨ ਵੀ ਪਿਆ ਹੋਇਆ ਸੀ ਕਿਉਂਕਿ ਇਸ ਫ਼ੌਜ ਦੀ ਟੁਕੜੀ ਵਿੱਚ ਭਗਤੀ ਅਤੇ ਸਿਮਰਨ ਦੀ ਮੂਰਤੀ ਭਾਈ ਗੁਰੂ ਰਾਮ ਸਿੰਘ ਜੀ ਸਨ ਜੋ ਗੁਰਬਾਣੀ ਦਾ ਜਾਪ ਕਰਦੇ ਅਤੇ ਆਪਣੇ ਫ਼ੌਜੀ ਭਾਈਆਂ ਨੂੰ ਗੁਰਮਤਿ ਬੋਧ ਅਤੇ ਸਿਮਰਨ ਨਾਲ ਜੋੜਦੇ। ਇੱਕ ਦਿਨ ਇੰਨ੍ਹਾਂ ਫ਼ੌਜੀ ਸਿਪਾਹੀਆਂ ਦੀ ਟੁਕੜੀ ਵਿੱਚੋਂ ਬਾਬਾ ਰਾਮ ਸਿੰਘ, ਪਿੰਡ ਰਾਈਆਂ, ਸੂਬੇਦਾਰ ਕਾਹਨ ਸਿੰਘ ਚੱਕ ਕਲਾਂ, ਸਿਪਾਹੀ ਮਤਾਬ ਸਿੰਘ ਜੀ, ਦੁੱਲਾ ਸਿੰਘ ਰਾਜੇ ਆਈਆਂ , ਅਨੋਖ ਸਿੰਘ ਬਿੱਲੀਆਂ, ਬਘੇਲ ਸਿੰਘ ਰਾਜਾ ਜੰਗ, ਜੋਤਾ ਸਿੰਘ ਢੈਪਈ , ਮਤਾਬ ਸਿੰਘ ਹਠੂਰ, ਕਾਹਨ ਸਿੰਘ ਫ਼ਿਰੋਜਪੁਰ, ਹਰਸਾ ਸਿੰਘ ਕੰਗਨਪੁਰ ਸਮੇਤ 25 ਸ਼ਿਪਾਹੀ ਗੁਰੂ ਬਾਲਕ ਸਿਘ ਜੀ ਦੇ ਦਰਸ਼ਨ ਕਰਨ ਆਏ। ਇਹ 25 ਸ਼ਿਪਾਹੀ ਅਤਿ ਸ਼ਰਧਾ ਭਾਵਨਾ, ਨਿਮਰਤਾ ਅਤੇ ਸਾਦਗੀ ਨਾਲ ਜਦੋਂ ਗੁਰੂ ਘਰ ਪਹੁੰਚੇ ਤਾਂ ਗੁਰੂ ਬਾਲਕ ਸਿੰਘ ਜੀ ਕਥਾ ਕਰ ਰਹੇ ਸਨ। ਫ਼ੌਜੀ ਸਿਪਾਹੀਆਂ ਨੇ ਇੱਕ ਇੱਕ ਕਰਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਜਦੋਂ ਭਾਈ (ਗੁਰੂ) ਰਾਮ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਸਿਰ ਨਿਵਾ ਕੇ ਨਮਸਕਾਰ ਕੀਤੀ ਤਾਂ ਗੁਰੂ ਜੀ ਇਹ ਸ਼ਬਦ ਉਚਾਰਨ ਕਰ ਰਹੇ ਸਨ- 'ਠਾਕੁਰ ਤੁਮ ਸਰਣਾਈ ਆਇਆ' ਉਤਰਿ

ਵਡ-ਪ੍ਰਤਾਪੀ ਮਾਤ ਭੁਪਿੰਦਰ ਦੇ ਅੱਖੀਆਂ ਦੇ ਤਾਰੇ।
ਕਿੰਨੇ ਉੱਚੇ, ਸੁੱਚੇ, ਪਿਆਰੇ, ਜਗ ਤੋਂ ਸਦਾ ਨਿਆਰੇ।
ਇੱਕ ਸਤਿਗੁਰ ਤੇ ਇੱਕ ਹੈ ਸੇਵਕ ਵੀਰ ਬੀਰ ਗੰਭੀਰ;
ਗਿਆਨ, ਤਿਆਗ ਵੈਰਾਗੀ ਦੀ ਮੂਰਤ, ਪ੍ਰੇਮ ਭਗਤਿ ਭੰਡਾਰੇ-







# ਯਾਦਾਂ ਦੇ ਝਰੋਖੇ ਵਿਚੋਂ







ਬੋਲ, ਨਜ਼ਰ ਛੂਹ ਇੱਕ ਤੋਂ ਅਸੀਂ ਸਭੇ ਹੀ ਹਾਂ ਪ੍ਰਭਾਵਤ
ਜਿਸ ਨੂੰ ਇਹ ਤਿੰਨੇ ਨੇ ਮਿਲਦੇ, ਉਸਤੇ ਤੇਰੀ ਮਿਹਰ ਅਪਾਰ







ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਨਾਲ
ਮਹਾਰਾਜ ਬੀਰ ਸਿੰਘ ਜੀ
ਅਤੇ
ਹੋਰ ਸਿੱਖ ਸੇਵਕ ।





ਮਹਾਰਾਜ ਬੀਰ ਸਿੰਘ ਜੀ
ਨਾਲ
ਹਜ਼ੂਰ ਸਤਿਗੁਰੂ ਜੀ
ਦੀ
ਯਾਦਗਾਰੀ ਤਸਵੀਰ

ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ।

ਅੰਬਰਾਂ ਦੇ ਮਾਲਕ, ਪੈਗੰਬਰਾਂ ਦੇ ਪਾਲਕ ਗੁਰੂ ਬਾਲਕ ਸਿੰਘ ਜੀ ਨੇ ਕਥਾ ਕਰਦਿਆਂ ਸਿਰ ਉੱਪਰ ਚੁੱਕ ਭਾਈ ਰਾਮ ਸਿੰਘ ਜੀ ਵੱਲ ਤੱਕਿਆ। ਨੇਤਰਾਂ ਨਾਲ ਨੇਤਰ ਮਿਲੇ ਤਾਂ ਦੋਹਾਂ ਅਧਿਆਤਮਕ ਰੂਹਾਂ ਨੇ ਇੱਕ ਦੂਜੇ ਨੂੰ ਪਛਾਣ ਲਿਆ। ਪ੍ਰਤੱਖ ਰੂਪ ਵਿੱਚ ਦੋਹਾਂ ਰੱਬੀ ਰੂਹਾਂ ਦੇ ਇੱਕ ਦੂਜੇ ਵੱਲ ਤੱਕਣ ਦੇ ਦ੍ਰਿਸ਼ਯ ਨੂੰ ਦੇਖਕੇ ਸੰਗਤ ਵੀ ਅਨੰਦਿਤ ਹੋ ਗਈ। ਇਸ ਮਨਮੋਹਕ ਦ੍ਰਿਸ਼ਯ ਨੂੰ ਸੰਤ ਸਿੰਘ ਸੋਹਲ ਨੇ ਆਪਣੇ ਮਹਾਂ ਕਾਵਿ ਸੁਤੰਤਰਤਾ ਸੰਗਰਾਮ ਦੇ ਮਹਾਂ ਨਾਇਕ ਪੁਸਤਕ ਸੁੰਦਰ ਸ਼ਬਦਾਂ ਵਿੱਚ ਇੰਝ ਬਿਆਨ ਕੀਤਾ–

ਨੈਣਾਂ ਨਾਲ ਨੈਣ ਮਿਲੇ, ਨਜ਼ਰਾਂ ਚ ਬਾਤ ਹੋਈ
ਚਿਹਰੇ ਤੇ ਇਲਾਹੀ ਨੂਰ, ਵਾਂਗੂੰ ਪ੍ਰਭਾਤ ਸੀ।
ਖੜੇ ਨੇ ਅਡੋਲ ਸਾਹਵੇਂ ਇੱਕ ਦੂਜੇ ਸਾਂਤ ਚਿੱਤ
ਦੇਖਕੇ ਅਚੰਭੇ ਵਿੱਚ, ਮਾਨਸ ਦੀ ਜਾਤ ਸੀ।
ਛਾ ਗਿਆ ਛੰਨਾਟਾ ਸਾਰੇ, ਪੱਤਾ ਵੀ ਨਾ ਹਿੱਲਦਾ ਏ
ਥੰਮਿਆਂ ਵਕਤ ਜਿਉਂ ਸ਼ਾਂਤ ਕਾਇਨਾਤ ਸੀ।
ਭੁੱਲੀ ਮੁਸਕਾਨ ਛਾਈ ਹੈ ਸੀ ਗੁਰੂ ਬਾਲਕ ਦੇ
ਜਾਪਦਾ ਖੁਦਾ ਨੇ ਕੋਈ ਭੇਜੀ ਸੁਗਾਤ ਸੀ।

ਇਸ ਨੂਰੋ ਨੂਰ ਹੋਏ ਦੋਵੇਂ ਚਿਹਰਿਆਂ ਦੀ ਇਲਾਹੀ ਤੱਕਣੀ ਨੂੰ ਵੇਖਕੇ ਸੰਗਤ ਵੀ ਅਸਚਰਜ ਹੋ ਗਈ। ਇਸ ਮਿਲਣੀ ਨੂੰ ਦੇਖ ਕੇ ਫ਼ੌਜ ਵਿੱਚ ਭਾਈ ਰਾਮ ਸਿੰਘ ਜੀ ਦੇ ਨਾਲ ਆਏ ਸਾਥੀ ਫ਼ੌਜੀ ਸਿਪਾਹੀਆਂ ਦੇ ਚਿਹਰੇ ਤੇ ਵੀ ਨੂਰ ਅਤੇ ਜਲਾਲ ਸੀ। ਗੁਰੂ ਬਾਲਕ ਸਿੰਘ ਜੀ ਨੇ ਆਪਣੇ ਪਾਵਨ ਸੁੰਦਰ ਮਿੱਠੜੇ ਬੋਲਾਂ ਨਾਲ ਭਾਈ ਰਾਮ ਸਿੰਘ ਜੀ ਵੱਲ ਤੱਕਦਿਆਂ ਆਖਿਆ 'ਆਓ ਠਾਕੁਰ ਜੀ ਬੜੇ ਚਿਰਾਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਸਾਂ'। ਸਾਰੀ ਸੰਗਤ ਗੁਰੂ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਅਨੰਦਿਤ ਹੋ ਗਈ। ਗੁਰੂ ਬਾਲਕ ਸਿੰਘ ਜੀ ਨੇ ਇਸ ਅਗੰਮੀ ਰੂਹ ਨੂੰ ਆਪਣੇ ਕੋਲ ਬੈਠਾ ਲਿਆ ਅਤੇ ਫ਼ਰਮਾਇਆ ਕਿ ਭਾਈ ਇਹ ਉਹੋ ਹੀ ਠਾਕੁਰ ਹਨ ਅਸੀਂ ਜਿੰਨਾ ਦੀ ਉਡੀਕ ਬੜੇ ਚਿਰਾਂ ਤੋ ਕਰ ਰਹੇ ਸਾਂ। ਸੰਤ ਸਿੰਘ ਸੋਹਲ ਜੀ ਇਸ ਸਮੇਂ ਦੀ ਤਸਵੀਰ ਨੂੰ ਇਹਨਾ ਸ਼ਬਦਾਂ ਵਿੱਚ ਬਿਆਨ ਕਰ ਰਹੇ ਹਨ–

ਪਲ ਲਈ ਖੋਲ, ਅੱਖਾਂ ਤੱਕਿਆ ਗੁਰਾਂ ਦੇ ਵੱਲ
ਕਰਕੇ ਇਸ਼ਾਰਾ ਉਹਨਾਂ ਕੋਲ ਹੈ ਬੁਲਾ ਲਿਆ।
ਨੀਝ ਨਾਲ ਤੱਕਿਆ ਹੈ, ਮੁੱਖੜਾ ਉਹਨਾਂ ਨੇ ਫਿਰ
ਠਾਕੁਰ ਜੀ ਆਓ ਆਖ ਸੀਨੇ ਨਾਲ ਲਾ ਲਿਆ।
ਧੰਨ ਧੰਨ ਧੰਨ ਗੁਰੂ ਬਾਲਕ ਲੋਕਾਈ ਆਖੇ
ਆਖ ਕੇ ਗੁਰਾਂ ਦੇ ਤਾਈਂ ਨਾਲ ਹੂ ਬੈਠਾ ਲਿਆ।
ਸੰਗਤ ਦੇ ਵੱਲ ਤੱਕ ਕਰਕੇ ਇਸ਼ਾਰਾ
ਜਿਸ ਦੀ ਉਡੀਕ ਹੈ ਸੀ ਅੱਜ ਉਹ ਪਾ ਲਿਆ।

ਇਸ ਅੱਸੂ ਮਹੀਨੇ ਦੀ ਸੰਗਰਾਂਦ ਸਤੰਬਰ 1841 ਈਸਵੀ ਵਾਲੇ ਦਿਨ ਗੁਰੂ ਬਾਲਕ ਸਿੰਘ ਜੀ ਨੇ ਭਗਤੀ ਅਤੇ ਸਿਮਰਨ ਦੇ ਸਰੂਪ ਸਿੱਖ ਸੈਨਿਕ ਭਾਈ ਰਾਮ ਸਿੰਘ ਜੀ ਨੂੰ 5 ਪੈਸੇ ਤੇ ਨਾਰੀਅਲ ਰੱਖ ਕੇ ਗੁਰੂਤਾ ਅਰਪਣ ਕੀਤੀ। ਗੁਰਮੰਤਰ ਦਿੱਤਾ ਅਤੇ ਭਾਈ ਰਾਮ ਸਿੰਘ ਜੀ ਨੂੰ ਇਲਾਹੀ ਨੂਰ ਬਖਸ਼ ਕੇ ਗੁਰੂ, ਸਤਿਗੁਰੂ ਦਾ ਰੂਪ ਬਣਾ ਦਿੱਤਾ। ਸਾਰੇ ਫ਼ੌਜੀ ਸਾਥੀਆਂ ਨੇ ਵੀ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਅਰਪਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦਾ ਪ੍ਰਚਾਰ ਕਰਨ ਦਾ ਹੁਕਮ ਦਿੱਤਾ ਅਤੇ ਆਖਿਆ ਕਿ ਠਾਕੁਰ ਜੀ ਅਸੀਂ ਤਾਂ ਤੁਹਾਡੀ ਅਮਾਨਤ ਦੇ ਰਾਖੇ ਹਾਂ। ਇਹ ਗੱਫੇ ਤੁਸਾਂ ਹੀ ਵਰਤਾਉਣੇ ਹਨ। ਜੇ ਤੁਸੀਂ ਪੱਥਰ ਵਿੱਚ ਵੀ ਇਸ ਨਾਮ ਦਾ ਬੀਜ ਬੀਜੋਗੇ ਤਾਂ ਉੱਥੇ ਵੀ ਜੰਮੇਗਾ। ਇਸਦਾ ਅਭਿਆਸ ਕਰੋ ਅਤੇ ਸੰਗਤਾਂ ਨੂੰ ਕਰਵਾਉ। ਇਸ ਸੰਬੰਧੀ ਸਮਕਾਲੀ ਉੱਘੇ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਇਹਨਾਂ ਸ਼ਬਦਾਂ ਵਿੱਚ ਬਿਆਨ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਸੌਂਪਣ ਵੇਲੇ ਫ਼ਰਮਾਇਆ ਸੀ ਕਿ ਰਾਮ ਸਿੰਘ ਮੇਰਾ ਹੀ ਅਵਤਾਰ ਹੋਵੇਗਾ–

ਐਪੇ ਗੁਰ ਦਸਮ ਦਰਸ ਦੈ ਜੋ ਕਹਿਓ ਤਾਂਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ।
ਯਾਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤ ਰਖਾਈ, ਗੁਰ ਵਾਕ ਦਿੜ ਥੇ ਕਰੇ।

**ਲੰਗਰ ਪ੍ਰਥਾ ਵਿੱਚ ਪਰਿਵਰਤਨ–** ਗੁਰੂ ਬਾਲਕ ਸਿੰਘ ਜੀ ਕਿਸੇ ਵੀ ਸ਼ਰਧਾਲੂ ਦੀ ਪੂਜਾ ਗ੍ਰਹਿਣ ਨਹੀਂ ਕਰਦੇ ਸਨ। ਗੁਰੂ ਜੀ ਹੁਕਮ ਕਰਦੇ ਸਨ ਕਿ ਇਹਨਾਂ ਪੈਸਿਆਂ ਦੀ ਰਸਦ ਲੈ ਕੇ ਲੰਗਰ ਬਣਾ ਕੇ ਸੰਗਤ ਨੂੰ ਛਕਾਉ। ਗੁਰੂ ਬਾਲਕ ਸਿੰਘ ਜੀ ਕਿਸੇ ਵੀ ਘਰੋਂ ਕੋਈ ਪਦਾਰਥ ਨਹੀਂ ਸਨ ਛੱਕਦੇ। ਕਈ ਵਾਰ ਸਿੱਖਾਂ ਗੁਰੂ ਜੀ ਨੂੰ ਬੇਨਤੀ ਕਰਨੀ ਕਿ ਸਾਡੇ ਘਰ ਪ੍ਰਸ਼ਾਦਾ ਛਕੋ ਤਾਂ ਗੁਰੂ ਬਾਲਕ ਸਿੰਘ ਜੀ ਆਖਣਾ– ਭਾਈ ਜੀ ਜਦੋਂ ਠਾਕੁਰ ਜੀ ਆਉਣਗੇ ਉਦੋਂ ਛਕਾਂਗੇ। ਜਦੋਂ ਗੁਰੂ ਬਾਲਕ

ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਦੀ ਦਾਤ ਬਖ਼ਸ਼ੀ ਤਾਂ ਉਸ ਤੋਂ ਬਾਅਦ ਸੰਗਤ ਦੀ ਅਰਜ਼ ਪ੍ਰਵਾਨ ਕਰਕੇ ਗੁਰੂ ਬਾਲਕ ਸਿੰਘ, ਗੁਰੂ ਰਾਮ ਸਿੰਘ ਜੀ ਨੂੰ ਨਾਲ ਲੈ ਕੇ ਸ਼ਰਧਾਲੂ ਸਿੱਖਾਂ ਦੇ ਘਰ ਜਾਂ ਪ੍ਰਸ਼ਾਦਾ ਛਕਿਆ ਅਤੇ ਸਿੱਖਾਂ ਦੀਆਂ ਮਨੋਕਾਮਨਾਵਾਂ ਪੂਰਨ ਕੀਤੀਆਂ। ਹਜ਼ਰੋਂ ਵਿਖੇ ਗੁਰੂ ਰਾਮ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਅਤੁੱਟ ਸਦਾ ਵਰਤ ਲੰਗਰ ਲਈ ਬੇਨਤੀ ਕੀਤੀ ਤਾਂ ਗੁਰੂ ਬਾਲਕ ਸਿੰਘ ਜੀ ਆਖਿਆ "ਠਾਕੁਰ ਜੀ ਮੈਨੂੰ ਜਿਵੇਂ ਅਕਾਲ ਪੁਰਖ ਦਾ ਹੁਕਮ ਸੀ ਵਰਤਾਰਾ ਉਵੇਂ ਵਰਤਦਾ ਰਿਹਾ ਹੈ। ਹੁਣ ਅੱਗੋਂ ਵਰਤਾਰਾ ਤੁਹਾਡੀ ਮਰਜੀ ਦਾ ਵਰਤਣਾ ਹੈ। ਇਸ ਸਮੇਂ ਤੋਂ ਬਾਅਦ ਹਜ਼ਰੋਂ ਵਿਖੇ ਅਤੁੱਟ ਲੰਗਰ ਦੇ ਵਰਤਾਰੇ ਦੀ ਸ਼ੁਰੂਆਤ ਹੋਈ।

**ਮੰਜੀਆਂ ਦੀ ਸਥਾਪਨਾ–** ਪੁਰਾਤਨ ਇਤਿਹਾਸ ਪੜ੍ਹੀਏ ਤਾਂ ਜਿਸ ਤਰ੍ਹਾਂ ਆਦਿ ਗੁਰੂ ਸਾਹਿਬਾਨ ਗੁਰੂ ਅਮਰਦਾਸ ਜੀ ਤੋਂ ਲੈ ਕੇ ਵੱਖ-ਵੱਖ ਗੁਰੂ ਸਾਹਿਬਾਨ ਨੇ ਮੰਜੀ ਪ੍ਰਥਾ ਦਾ ਅਰੰਭ ਕੀਤਾ। ਆਪਣੇ ਸ਼ਰਧਾਲੂ ਸਿੱਖਾਂ ਨੂੰ ਜੁੰਮੇਵਾਰੀਆਂ ਸੌਂਪ ਕੇ ਮੰਜੀਆਂ ਦੀ ਬਖਸ਼ਿਸ਼ ਕੀਤੀ ਅਤੇ ਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਵਿੱਚ 22 ਸੂਬਿਆਂ ਦੀ ਸਥਾਪਨਾ ਕੀਤੀ ਇਸੇ ਤਰ੍ਹਾਂ ਹੀ ਗੁਰੂ ਬਾਲਕ ਸਿੰਘ ਜੀ ਨੇ ਵੀ ਆਪਣੇ ਬਹੁਤ ਹੀ ਨਜ਼ਦੀਕੀ ਸ਼ਰਧਾਲੂ ਸਿੱਖਾਂ ਨੂੰ ਮੰਜ਼ੀਆਂ ਬਖ਼ਸ਼ਿਸ਼ ਕੀਤੀਆਂ।

**ਭਾਈ ਧਨੀ ਰਾਮ ਜੀ–** ਭਾਈ ਧਨੀ ਰਾਮ ਗੁਰੂ ਜੀ ਦਾ ਸ਼ਰਧਾਲੂ ਸਿੱਖ ਸੀ, ਲੰਮਾਂ ਸਮਾਂ ਗੁਰੂ ਜੀ ਦੇ ਨਾਲ ਰਿਹਾ। ਗੁਰੂ ਜੀ ਨੇ ਭਾਈ ਧਨੀ ਰਾਮ ਨੂੰ ਜੈਦੇ ਦਾ ਮਹੰਤ ਥਾਪਿਆ ਅਤੇ ਸੰਗਤ ਨੂੰ ਹੁਕਮ ਕੀਤਾ ਭਾਈ ਇਹ ਨਾਮ ਦਾ ਰੂਪ ਹੈ, ਰੱਬੀ ਰੰਗ ਵਿੱਚ ਰੰਗੀ ਹੋਈ ਰੂਹ ਹੈ।

**ਸਾਈਂ ਜਵਾਹਰ ਮੱਲ ਜੀ–** ਸਾਈਂ ਜਵਾਹਰ ਮੱਲ ਗੁਰੂ ਬਾਲਕ ਸਿੰਘ ਜੀ ਦਾ ਉਸ ਸਮੇਂ ਦਾ ਸ਼ਰਧਾਲੂ ਸਿੱਖ ਸੀ। ਜਦੋਂ ਗੁਰੂ ਬਾਲਕ ਸਿੰਘ ਜੀ ਨੇ ਹਜ਼ਰੋਂ ਵਿਖੇ ਆਪਣਾ ਸਰਾਫੇ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਗੁਰੂ ਬਾਲਕ ਸਿੰਘ ਜੀ ਨੇ ਸਾਈਂ ਜਵਾਹਰ ਮੱਲ ਜੀ ਨੂੰ ਵੀ ਮੰਜੀ ਬਖਸ਼ੀ। ਇਨ੍ਹਾਂ ਦਾ ਸਥਾਨ ਹਜ਼ਰੋਂ ਵਿਖੇ ਸੈਦਪੁਰੀ ਮੁਹੱਲੇ ਵਿੱਚ ਹੈ। ਸਾਈਂ ਜਵਾਹਰ ਮੱਲ ਜੀ ਦੇ ਸਪੁੱਤਰ ਭਗਤ ਹੀਰਾ ਨੰਦ ਜੀ ਨੂੰ ਗੁਰੂ ਰਾਮ ਸਿੰਘ ਜੀ ਨੇ ਸੂਬਾ ਥਾਪਿਆ।

**ਬਾਬਾ ਸੰਗਤਾ ਜੀ–** ਬਾਬ ਸੰਗਤਾ ਜੀ ਦੇ ਹਜਰੋਂ ਵਿਖੇ ਵਿਆਹੇ ਹੋਏ ਸਨ। ਆਪਣੇ ਸਹੁਰਾ ਪਰਿਵਾਰ ਨਾਲ ਉਹ ਗੁਰੂ ਬਾਲਕ ਸਿੰਘ ਜੀ ਦੇ ਦਿਵਾਨ ਵਿੱਚ ਕਥਾ ਸੁਨਣ ਜਾਇਆ ਕਰਦੇ ਸਨ। ਇਹ ਗੁਰੂ ਜੀ ਦੇ ਹੁਕਮ ਨੂੰ ਅਕਾਲ ਪੁਰਖ ਦਾ ਹੁਕਮ ਮੰਨਣ ਵਾਲੇ ਸ਼ਰਧਾਲੂ ਸਿੱਖ ਹੋਏ ਹਨ। ਗੁਰੂ ਬਾਲਕ ਸਿੰਘ ਜੀ ਨੇ ਬਾਬਾ ਸੰਗਤਾ ਪ੍ਰਤੀ ਆਖਿਆ ਕਿ ਭਾਈ ਇਹ ਸਿੱਧ ਪੁਰਖ ਹੈ। ਗੁਰੂ ਬਾਲਕ ਸਿੰਘ ਜੀ ਨੇ ਬਾਬਾ ਸੰਗਤਾਂ ਨੂੰ ਵੀ ਮੰਜ਼ੀ ਬਖਸ਼ੀ। ਬਾਬਾ ਸੰਗਤਾ ਜੀ ਦਾ ਕੈਮਲਪੁਰ ਵਿਖੇ ਪ੍ਰਸਿੱਧ ਅਸਥਾਨ ਹੈ। ਆਪ ਜੀ ਦੇ ਪੜਪੋਤਰੇ ਬਾਬਾ ਭਗਵਾਨ ਦਾਸ ਜੀ ਵੀ ਲੋਕਾਂ ਨੂੰ ਨਾਮ ਨਾਲ ਜੋੜਦੇ ਰਹੇ।

**ਭਾਈ ਮੰਨਾ ਸਿੰਘ–** ਭਾਈ ਮੰਨਾ ਸਿੰਘ ਗੁਰੂ ਬਾਲਕ ਸਿੰਘ ਜੀ ਦੇ ਵੱਡੇ ਭਰਾਤਾ ਸਨ। ਭਾਈ ਮੰਨਾ ਸਿੰਘ ਨੂੰ ਗੁਰੂ ਬਾਲਕ ਸਿੰਘ ਜੀ ਨੇ ਪੂਰਨ ਗੁਰ ਸਿੱਖ ਦਾ ਦਰਜਾ ਦਿੱਤਾ।

**ਹਜਰੋਂ ਆਉਣ ਵਾਲੇ ਦਰਸ਼ਨਾਂ ਤੇ ਪਾਬੰਦੀਆਂ–** ਹਜਰੋਂ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਦੂਰ-ਦੂਰ ਤੋਂ ਸੰਗਤਾਂ ਇਸ ਪਵਿੱਤਰ ਨਗਰੀ ਵੱਲ ਆਉਂਦੀਆਂ ਸਨ। 29 ਮਾਰਚ 1849 ਈ. ਨੂੰ ਖਾਲਸਾ ਹਕੂਮਤ ਦਾ ਰਾਜ ਚਲਿਆ ਗਿਆ ਅਤੇ ਅੰਗਰੇਜ਼ ਦਾ ਰਾਜ ਸਥਾਪਤ ਹੋ ਗਿਆ। ਅੰਗਰੇਜ਼ ਨੇ ਆਪਣੇ ਰਾਜ ਭਾਗ ਅਤੇ ਇਸਾਈ ਧਰਮ ਦੇ ਫੈਲਾਅ ਲਈ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਪ੍ਰਚਾਰ ਪ੍ਰਸਾਰ ਲਈ ਅੰਗਰੇਜ਼ ਦੇ ਰਾਜ ਵਿੱਚ ਜੋ ਸਮੱਸਿਆਵਾਂ ਸਨ ਉਹਨਾਂ ਨੂੰ ਉਨ੍ਹਾਂ ਹਟਾਉਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ ਹਕੂਮਤ ਨੇ ਹਜ਼ਰੋਂ ਵਿਖੇ ਗੁਰੂ ਬਾਲਕ ਸਿੰਘ ਜੀ ਤੇ ਵੀ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਹਜਰੋਂ ਦੇ ਸਾਰੇ ਰਸਤਿਆਂ ਤੇ ਪੁਲਿਸ ਚੌਂਕੀਆਂ ਬੈਠਾ ਦਿੱਤੀਆਂ ਪਰ ਗੁਰੂ ਦੇ ਸਿੱਖ ਆਪਣੇ ਗੁਰੂ ਜੀ ਦੇ ਗੁਪਤ ਰਸਤਿਆਂ ਰਾਹੀਂ ਆ ਦਰਸ਼ਨ ਕਰਦੇ। ਇਕ ਦਿਨ ਭਾਈ ਧਨੀ ਰਾਮ ਜੀ ਅਤੇ ਭਾਈ ਰਾਮ ਰਾਇ ਜੀ ਓਢੇ ਵਾਲੇ ਚੌਂਕੀਆਂ ਵਾਲੇ ਰਸਤਿਆਂ ਨੂੰ ਛੱਡਕੇ ਹੋਰਾਂ ਰਸਤਿਆਂ ਰਾਹੀਂ ਗੁਰੂ ਜੀ ਦੇ ਦਰਸ਼ਨਾਂ ਲਈ ਹਜ਼ਰੋਂ ਵਿਖੇ ਪਹੁੰਚ ਗਏ। ਥਾਣੇਦਾਰ ਨੂੰ ਛੋਹ ਮਿਲ ਗਈ। ਥਾਣੇਦਾਰ ਨੇ ਭਾਈ ਧਨੀ ਰਾਮ ਅਤੇ ਭਾਈ ਰਾਮ ਰਾਏ ਨੂੰ ਥਾਣੇ ਬੁਲਾ ਲਿਆ। ਗੁਰੂ ਜੀ ਦੀ ਆਗਿਆ ਲੈ ਕੇ ਜਦੋਂ ਇਹ ਨਾਮੀ ਪੁਰਸ਼ ਥਾਣੇ ਪਹੁੰਚੇ ਤਾਂ ਥਾਣੇਦਾਰ ਇਕ ਵੀ ਗੱਲ ਨਾ ਕਰ ਸਕਿਆ ਨਾਂ ਹੀ ਕੁਝ ਆਖ ਸਕਿਆ। ਗੁਰੂ ਜੀ ਦੀ ਮਹਿਮਾ ਅਤੇ ਸੰਗਤ ਦੀ ਸ਼ਰਧਾ ਵੇਖਕੇ ਦੰਗ ਰਹਿ ਗਿਆ। ਅੱਗੇ ਤੋਂ ਹਜਰੋਂ ਆਉਣ ਵਾਲੇ ਸਾਧਾਂ ਸੰਤਾਂ ਤੇ ਪਾਬੰਦੀਆਂ ਹਟਾ ਦਿੱਤੀਆਂ। ਇਹ ਗੁਰੂ ਬਾਲਕ ਸਿੰਘ ਜੀ ਦੀ ਵੱਡੀ

ਵਡਿਆਈ ਸੀ ਜੋ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਉਹਨਾਂ ਦਾ ਹੀ ਹੋ ਗਿਆ ਅਤੇ ਜਿਸ ਨੇ ਵੀ ਗੁਰੂ ਸਾਹਿਬ ਅਤੇ ਸੰਗਤ ਦੇ ਰਾਅ ਵਿੱਚ ਅੜਿੱਕਾ ਡਾਹਿਆ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਸਨੂੰ ਕੁਝ ਨਹੀਂ ਆਖਿਆ ਸਗੋਂ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਉਨ੍ਹਾਂ ਲੋਕਾਂ ਨੂੰ ਅਜਿਹੀਆਂ ਉਲਝਣਾਂ ਦਾ ਸਾਹਮਣਾ ਕਰਨਾ ਪਿਆ ਕਿ ਇਹ ਆਪਣੇ-ਆਪ ਆਪਣੀ ਗਲਤੀ ਦਾ ਅਹਿਸਾਸ ਕਰਕੇ ਗੁਰੂ ਚਰਨਾਂ ਵਿੱਚ ਆ ਗਏ।

**ਗੁਰੂ ਰਾਮ ਸਿੰਘ ਜੀ ਦਾ ਦੂਸਰੀ ਵਾਰ ਹਜਰੋਂ ਆਉਣਾ–** ਗੁਰੂ ਰਾਮ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਤੋਂ 1841 ਈ. ਵਿੱਚ ਗੁਰਤਾ ਦੀ ਦਾਤ ਪ੍ਰਾਪਤ ਕਰਕੇ ਭੈਣੀ ਸਾਹਿਬ ਵਿਖੇ 12 ਅਪ੍ਰੈਲ 1857 ਈ. ਨੂੰ 5 ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਸੰਤ ਖਾਲਸੇ ਦੀ ਸਾਜਨਾ ਕੀਤੀ। ਗੁਰੂ ਬਾਲਕ ਸਿੰਘ ਜੀ ਨੇ ਗੁਪਤ ਰੂਪ ਵਿੱਚ ਹਜ਼ਰੋਂ ਵਿਖੇ ਨਿਵਾਸ ਰੱਖਕੇ ਗੁਰਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਨਾ ਕਰਕੇ ਮਾਝੇ, ਮਾਲਵੇ, ਦੁਆਬੇ, ਪੋਠੋਹਾਰ ਤੋਂ ਪਾਰ ਪੁਰਾਤਨ ਪੰਜਾਬ ਦੇ ਕੋਨੇ-ਕੋਨੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਮਰਿਯਾਦਾ ਅਨੁਸਾਰ ਲੋਕਾਈ ਨੂੰ ਗੁਰਮਤਿ ਗੁਰਬਾਣੀ ਅਤੇ ਪੰਜ ਕਕਾਰਾਂ ਦੀ ਪੂਰਨ ਗੁਰਸਿੱਖੀ ਨਾਲ ਜੋੜਿਆ। ਗੁਰੂ ਰਾਮ ਸਿੰਘ ਜੀ ਪੰਜਾਬ ਵਿੱਚ ਪ੍ਰਚਾਰ ਕਰਦੇ ਹੋਏ ਦੂਸਰੀ ਵਾਰ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਸੈਂਕੜੇ ਸਿੰਘਾਂ ਦੇ ਜੱਥਿਆਂ ਸਮੇਤ ਹਜਰੋਂ ਵਿਖੇ ਪਧਾਰੇ। ਗੁਰੂ ਬਾਲਕ ਸਿੰਘ ਜੀ ਨੇ ਅਨੰਤ ਪਿਆਰ ਦੇ ਅਤੇ ਰੂਹਾਨੀਅਤ ਦੇ ਗੱਫੇ ਬਖਸ਼ੇ। ਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਸਿੰਘਾਸ਼ਨ ਤੇ ਬਿਰਾਜਮਾਨ ਕੀਤਾ। ਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਤੋਂ ਨਾਲ ਆਈ ਸੰਗਤ ਸਮੇਤ ਹਜ਼ਰੋਂ ਵਿਖੇ ਕੁਝ ਦਿਨ ਨਿਵਾਸ ਰੱਖਿਆ ਅਤੇ ਇਸ ਇਲਾਕੇ ਵਿੱਚ ਕਥਾ, ਕੀਰਤਨ ਅਤੇ ਦੀਵਾਨ ਦਾ ਪ੍ਰਵਾਹ ਚੱਲਦਾ ਰਿਹਾ।

**ਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ–** ਆਦਿ ਅੰਤ ਏਕੈ ਅਵਤਾਰਾ ਦੇ ਰੱਬੀ ਸਵਰੂਪ ਗੁਰੂ ਬਾਲਕ ਸਿੰਘ ਜੀ ਨੇ ਆਪਣਾ ਮਾਤਲੋਕ ਤੋਂ ਜਾਣ ਦਾ ਅੰਤਿਮ ਸਮਾਂ ਨੇੜੇ ਆਇਆ ਜਾਣ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਜੀ ਨੂੰ ਸੁਨੇਹਾਂ ਭੇਜਿਆ। ਗੁਰੂ ਬਾਲਕ ਸਿੰਘ ਜੀ 6 ਦਸੰਬਰ 1862 ਈ. ਨੂੰ ਬ੍ਰਹਮਲੀਨ ਹੋ ਗਏ। ਗੁਰੂ ਜੀ ਦਾ ਹਜ਼ਰੋਂ ਵਿਖੇ ਹੀ ਅੰਤਿਮ ਸੰਸਕਾਰ ਹੋਇਆ। ਉਹਨਾਂ ਸਮਿਆਂ ਵਿੱਚ ਆਵਾਜਾਈ ਦੇ ਸਾਧਨ ਨਹੀਂ ਸਨ। ਗੁਰੂ ਬਾਲਕ ਸਿੰਘ ਜੀ ਦਾ ਗੁਰੂ ਰਾਮ ਸਿੰਘ ਜੀ ਵੱਲ ਭੇਜਿਆ ਸੁਨੇਹਾਂ ਸਿੱਖਾਂ ਵੱਲੋਂ ਪੈਦਲ ਜਾ ਕੇ ਹੀ ਪਹੁੰਚਾਇਆ ਗਿਆ ਹੋਵੇਗਾ। ਸੁਨੇਹਾਂ ਮਿਲਣ ਤੇ ਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੰਘਾਂ ਸਮੇਤ ਹਜ਼ਰੋਂ ਨੂੰ ਚਾਲੇ ਪਾ ਦਿੱਤੇ। ਉਸ ਸਮੇਂ ਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਦੇ ਸਾਹ ਅਸਵਾਰ ਸਨ। ਹਜ਼ਰੋਂ ਤੋਂ 17-18 ਕਿਲੋਮੀਟਰ ਦੂਰ ਅਟਕ ਦਰਿਆ ਤੇ ਪਹੁੰਚੇ ਤਾਂ ਹਜਰੋਂ ਦੀ ਸੰਗਤ ਗੁਰੂ ਬਾਲਕ ਸਿੰਘ ਜੀ ਦੇ ਫੁੱਲ (ਅਸਥੀਆਂ) ਲੈ ਕੇ ਹਰਿਦੁਆਰ ਨੂੰ ਆ ਰਹੇ ਸਨ। ਅਟਕ ਦਰਿਆ ਤੇ ਹੀ ਹਜਰੋਂ ਦੀ ਸੰਗਤ ਅਤੇ ਗੁਰੂ ਰਾਮ ਸਿੰਘ ਜੀ ਦਾ ਮਿਲਾਪ ਹੋਇਆ ਅਤੇ ਗੁਰੂ ਬਾਲਕ ਸਿੰਘ ਜੀ ਬਾਰੇ ਬਚਨ ਬਿਲਾਸ ਹੋਏ। ਅਸਥੀਆਂ ਦੇ ਨਾਲ ਹੀ ਗੁਰੂ ਰਾਮ ਸਿੰਘ ਜੀ ਵੀ ਵਾਪਸ ਆ ਗਏ। ਲੋਹੜੀ ਦੇ ਦਿਨਾਂ ਦੇ ਨਜ਼ਦੀਕ ਇਹ ਸਾਰੀ ਸੰਗਤ ਬਾਬਾ ਜਮੀਤ ਸਿੰਘ ਜੀ ਦੇ ਪਿੰਡ ਗਿਲੀਂ ਪਹੁੰਚੀ।

**ਗੁਰੂ ਰਾਮ ਸਿੰਘ ਜੀ ਦੀ ਦਸਤਾਰ ਬੰਦੀ–** ਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਵਿਚੋਂ ਪੂਰਨ ਰੂਪ ਵਿੱਚ ਢਾਈ ਸਿੱਖ ਹੀ ਮਿਲੇ ਸਨ ਤੇ ਬਾਬਾ ਜਮੀਤ ਸਿੰਘ ਗਿੱਲ ਉਨ੍ਹਾਂ ਢਾਈ ਪੂਰਨ ਗੁਰਸਿਖਾਂ ਵਿਚੋਂ ਇਕ ਸਨ। ਬਾਬਾ ਜਮੀਤ ਸਿੰਘ ਨੇ ਵੀ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ ਇਸ ਲਈ ਬਾਬ ਜਮੀਤ ਸਿੰਘ ਗੁਰੂ ਰਾਮ ਸਿੰਘ ਜੀ ਦੇ ਗੁਰਭਾਈ ਵੀ ਸਨ ਤੇ ਗੁਰੂ ਰਾਮ ਸਿੰਘ ਜੀ ਤੇ ਅਤੁੱਟ ਸ਼ਰਧਾ ਵੀ ਰੱਖਦੇ ਸਨ। ਪਿੰਡ ਗਿਲੀਂ ਬਾਬਾ ਜਮੀਤ ਸਿੰਘ ਜੀ ਦਾ ਵੱਡਾ ਗੁਰਦੁਆਰਾ ਹੈ। ਜਿਥੇ ਨਾਮ ਦਾ ਜਾਪ ਅਤੇ ਗੁਰਬਾਣੀ ਦਾ ਪ੍ਰਵਾਹ ਚੱਲਦਾ ਰਹਿੰਦਾ। ਇਸ ਸਥਾਨ ਤੇ ਗੁਰੂ ਰਾਮ ਸਿੰਘ ਜੀ ਨਾਲ ਪਹੁੰਚੀ ਹੋਈ ਭੈਣੀ ਸਾਹਿਬ ਦੀ ਸੰਗਤ, ਹਜਰੋਂ ਤੋਂ ਗੁਰੂ ਬਾਲਕ ਸਿੰਘ ਦੀਆਂ ਅਲਥੀਆਂ ਕੈ ਕੇ ਆਉਣ ਵਾਲੀ ਸੰਗਤ ਤੋਂ ਇਲਾਵਾ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼ਾਂ ਦੀਆਂ ਮੰਡਲੀਆਂ ਪਹੁੰਚੀਆਂ ਹੋਈਆਂ ਸਨ। ਇਸ ਸਥਾਨ ਤੇ ਮਾਘੀ ਦੇ ਮੇਲੇ ਸਮੇਂ 1863 ਈ. ਨੂੰ ਗੁਰੂ ਬਾਲਕ ਸਿੰਘ ਜੀ ਨਮਿੱਤ ਪਾਠਾਂ ਦੇ ਭੋਗ ਪਾਏ ਗਏ। ਭੋਗ ਦੀ ਸਮਾਪਤੀ ਉਪਰੰਤ ਗੁਰੂ ਬਾਲਕ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਜਮੀਤ ਸਿੰਘ ਜੀ ਦੁਆਰਾ ਗੁਰੂ ਰਾਮ ਸਿੰਘ ਜੀ ਨੂੰ ਦਸਤਾਰ ਸਜਾਈ ਗਈ ਅਤੇ ਸੰਗਤ ਵੱਲੋਂ ਗੁਰੂ ਰਾਮ ਸਿੰਘ ਜੀ ਨੂੰ ਭੇਟਾਵਾਂ ਧਰ ਨਮਸਕਾਰ ਕੀਤੀ ਅਤੇ ਗੁਰੂ ਬਾਲਕ ਸਿੰਘ ਜੀ

ਦੇ ਉਤਰਾਧਿਕਾਰੀ ਹੋਣ ਦਾ ਮਾਣ ਦਿੱਤਾ ਗਿਆ।

**ਡੇਰਾ ਗੁਰੂ ਬਾਲਕ ਸਿੰਘ ਜੀ ਹਜ਼ਰੋਂ–** ਗੁਰੂ ਬਾਲਕ ਸਿੰਘ ਜੀ ਦੀ ਪਵਿੱਤਰ ਬਗੀਚੀ ਅਤੇ ਖੂਹ ਵਾਲੇ ਸਥਾਨ ਤੇ ਡੇਰਾ ਗੁਰੂ ਬਾਲਕ ਸਿੰਘ ਜੀ ਸਥਾਪਿਤ ਹੋਇਆ ਹੈ। ਇਸ ਪਾਵਨ ਪਵਿੱਤਰ ਸਥਾਨ ਤੇ ਹੀ ਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਗੁਰਤਾ ਗੱਦੀ ਦੀ ਦਾਤ ਬਖਸ਼ੀ। ਇਸ ਸਥਾਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਅਤੇ ਸਤਿਕਾਰ ਨਾਲ ਸੀਸ ਝੁਕਾਉਂਦੀਆਂ ਹਨ। 1947 ਈ. ਦੀ ਦੇਸ਼ ਵੰਡ ਤੋਂ ਬਾਅਦ ਇਹ ਸਥਾਨ ਸਾਡੇ ਤੋਂ ਦੂਰ ਪਾਕਿਸਤਾਨ ਵਾਲੇ ਪਾਸੇ ਰਹਿ ਗਿਆ। ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੀ 1965 ਈ. ਵਿੱਚ ਛਪੀ ਪੁਸਤਕ 'ਨਾਮਧਾਰੀ ਇਤਿਹਾਸ ਭਾਗ ਪਹਿਲ' ਵਿੱਚ ਲਿਖਿਆ ਹੈ ਕਿ ਦਿਲੀ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਡੇਰਾ ਸਾਹਿਬ ਦੀ ਅਵਸਥਾ ਚੰਗੀ ਨਹੀਂ ਹੈ।

**ਗੁਰਦੁਆਰਾ ਬਾਬਾ ਜਮੀਤ ਸਿੰਘ ਗਿੱਲ–** ਦੜਪ ਇਲਾਕੇ ਵਿਚੋਂ ਜਿਸ ਸਥਾਨ ਤੇ ਗੁਰੂ ਬਾਲਕ ਸਿੰਘ ਜੀ ਨਮਿੱਤ ਪਾਠਾਂ ਦੇ ਭੋਗ ਪਏ ਹਨ ਅਤੇ ਅੰਤਮ ਅਰਦਾਸ ਸਮੇਂ ਗੁਰੂ ਰਾਮ ਸਿੰਘ ਜੀ ਦੀ ਦਸਤਾਰਬੰਦੀ ਹੋਈ ਹੈ। ਉਸ ਸਥਾਨ ਤੇ ਵੀ ਵੱਡਾ ਗੁਰਦੁਆਰਾ ਸਥਾਪਤ ਹੈ ਜੋ ਵੱਡੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਹੈ। ਇਸ ਸਥਾਨ ਤੇ ਨਾਮਧਾਰੀ ਸੰਪ੍ਰਦਾ ਦਾ ਮਾਘੀ ਦਾ ਭਾਰੀ ਮੇਲਾ ਭਰਦਾ ਰਿਹਾ ਹੈ। ਇਸ ਮਾਘੀ ਦੇ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਹਰ ਵਰ੍ਹੇ ਦਰਸ਼ਨ ਦਿਆਂ ਕਰਦੇ ਸਨ। ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਲੇ ਤੇ ਨਹੀਂ ਜਾ ਸਕੇ ਸਨ ਤਾਂ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਮਾਘੀ ਦੇ ਮੇਲੇ ਤੇ ਦਰਸ਼ਨ ਦਿੱਤੇ ਸਨ। ਕੁਝ ਸਮਾਂ ਪਹਿਲਾਂ ਇਸ ਗੁਰਦੁਆਰੇ ਦੀ ਖਸਤਾ ਹਾਲਤ ਵਿੱਚ ਵੀਡੀਓ ਵਾਇਰਲ ਹੋਈ ਸੀ। ਗੁਰਦੁਆਰੇ ਦੀ ਇਮਾਰਤ ਖਸਤਾ ਹਾਲਤ ਵਿੱਚ ਹੈ ਅਤੇ ਛੱਤਾਂ ਡਿੱਗ ਰਹੀਆਂ ਹਨ। ਕਰਤਾਰਪੁਰ ਵਿਖੇ ਵੀ ਨਾਮਧਾਰੀਆਂ ਦਾ ਵੱਡਾ ਗੁਰਦੁਆਰਾ ਸੀ।

**ਹਜਰੋਂ ਸ਼ਹਿਰ ਦੀ ਮੌਜੂਦਾ ਸਥਿਤੀ–** ਅੰਮ੍ਰਿਤਸਰ ਦੇ ਉਘੇ ਪੱਤਰਕਾਰ 4 ਕੁ ਵਰ੍ਹੇ ਪਹਿਲਾਂ ਪਾਕਿਸਤਾਨ ਗਏ ਅਤੇ ਉਨ੍ਹਾਂ ਹਜਰੋਂ ਸ਼ਹਿਰ ਬਾਰੇ ਆਪਣੇ ਖੋਜ ਭਰਭੂਰ ਆਰਟੀਕਲ ਵਿੱਚ ਲਿਖਿਆ ਜੋ ਅਜੀਤ ਅਖ਼ਬਾਰ ਵਿੱਚ ਛਪਿਆ ਸੀ 'ਹਜਰੋਂ ਸ਼ਹਿਰ ਵਿੱਚ ਧਾਰਮਿਕ ਅਤੇ ਵਿਰਾਸਤੀ ਸਮਾਰਕ ਭਾਵੇਂ ਅੱਜ ਵੀ ਕਾਇਮ ਰੱਖੇ ਹੋਏ ਹਨ ਪਰ ਇਨ੍ਹਾਂ ਦੀ ਉਹ ਸ਼ਾਨ, ਸਨਮਾਨ ਤੇ ਰੁਤਬਾ ਬਹਾਲ ਨਹੀਂ ਰਹਿ ਸਕਿਆ ਜੋ ਚਾਹੀਦਾ ਸੀ। ਸਰਕਾਰ ਨਾਲ ਗੱਲਬਾਤ ਚੱਲ ਰਹੀ ਹੈ। ਅੱਗੋਂ ਹਜ਼ੂਰ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਨਾਲ ਪ੍ਰਾਪਤੀਆਂ ਹੋਣੀਆਂ ਹਨ। ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥ ਭਾਰਤ ਪਾਕਿਸਤਾਨ ਦੇ ਬਟਵਾਰੇ ਨਾਲ ਭਾਵੇਂ ਅਸੀਂ ਆਪਣੀਆਂ ਯਾਦਗਾਰਾਂ ਦੇ ਖੁੱਲ੍ਹੇ, ਦਰਸ਼ਨ ਦੀਦਾਰੇ ਨਹੀਂ ਕਰ ਸਕਦੇ, ਨਤਮਸਤਕ ਨਹੀਂ ਹੋ ਸਕਦੇ, ਆਪਣੀਆਂ ਯਾਦਗਾਰਾਂ ਦੀ ਹੱਥੀਂ ਸੰਭਾਲ ਤੇ ਸੇਵਾ ਨਹੀਂ ਕਰ ਸਕਦੇ। ਪਰ ਗੁਰੂ ਦਾ ਬਖ਼ਸ਼ਿਆ ਨਾਮ ਅਤੇ ਨਾਮ ਦਾ ਅਨੰਤ ਪ੍ਰਕਾਸ਼ ਤਾਂ ਸਾਡੇ ਕੋਲ ਹੈ। ਗੁਰੂ ਜੀ ਦੇ ਉਪਦੇਸ਼, ਗੁਰੂ ਜੀ ਦੇ ਸਿਧਾਂਤ, ਗੁਰੂ ਜੀ ਦੀ ਮਰਿਯਾਦਾ, ਗੁਰੂ ਜੀ ਦੀ ਬਖ਼ਸ਼ਿਆ ਗਿਆਨ ਤਾਂ ਸਾਡੇ ਕੋਲ ਹੈ। ਆਦਿ ਕਾਲ ਤੋਂ ਲੈ ਕੇ ਗੁਰੂ ਦੀ ਪੀੜ੍ਹੀ ਚੱਲੀ ਆਉਂਦੀ ਹੈ। ਨਾਦੀ ਸੰਤਾਨ ਦੇ ਰੂਪ ਵਿੱਚ ਹਰੇਕ ਯੁਗ ਵਿੱਚ ਗੁਰੂ ਦੀ ਪੀੜ੍ਹੀ ਚੱਲਦੀ ਹੈ। ਆਦਿ ਤੋਂ ਅੰਤ ਤੱਕ ਇਕ ਹੀ ਵਰਤਾਰਾ ਵਰਤਦਾ ਹੈ। ਗੁਰੂ ਆਪਣੀ ਨਾਦੀ ਸੰਤਾਨ ਨੂੰ ਸਦਾ ਦਾਤਾਂ ਬਖ਼ਸ਼ਦਾ ਹੈ। ਉਸਦੀ ਦਾਤ ਸਦਾ ਵਧਦੀ ਹੀ ਰਹਿੰਦੀ ਹੈ। ਇਸੇ ਤਰ੍ਹਾਂ ਹੀ ਗੁਰੂ ਬਾਲਕ ਸਿੰਘ ਜੀ ਦੀਆਂ ਯਾਦਗਾਰਾਂ ਦੀ ਦਾਤ ਭਾਵੇਂ ਅਸੀਂ ਅੱਜ ਅੱਖਾਂ ਨਾਲ ਨਹੀਂ ਵੇਖ ਸਕਦੇ ਪਰ ਉਨ੍ਹਾਂ ਦੇ ਬਖਸ਼ੇ ਨਾਮ ਦੀ ਦਾਤ ਨਾਲ ਅਸੀਂ ਅੱਜ ਵੀ ਭਰਭੂਰ ਹਾਂ। ਗੁਰੂ ਦੀ ਇਸ ਦਾਤ ਸਬੰਧੀ ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ–

ਹਰਿ ਜੁਗਹ ਜੁਗੋ ਜੁਗ ਜੁਗਹ
ਜੁਗੋ ਸਦ ਪੀੜੀ ਗੁਰੂ ਚਲੰਦੀ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ
ਜਿਨੀ ਗੁਰਮੁਖਿ ਨਾਮੁ ਧਿਆਇਆ॥

ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣਾ ਅਤੇ ਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸਾ ਸਾਜਣਾ ਵਿਚਕਾਰ ਗੁਰੂ ਬਾਲਕ ਸਿੰਘ ਜੀ ਗਿਆਰਵੇਂ ਨਾਨਕ ਰੂਪ ਵਿੱਚ ਪ੍ਰਗਟ ਹੋਏ। ਗੁਰੂ ਬਾਲਕ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨੂੰ ਨਾਮ ਦੀ ਅਜਿਹੀ ਦਾਤ ਬਖ਼ਸ਼ੀ ਜਿਸਦੇ ਡੰਕੇ ਅੱਜ ਦੁਨੀਆਂ ਭਰ ਵਿੱਚ ਵੱਜਦੇ ਹਨ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਬਾਲਕ ਸਿੰਘ ਅਤੇ ਗੁਰੂ ਰਾਮ ਸਿੰਘ ਜੀ ਦੀ ਬਖ਼ਸ਼ੀ ਨਾਮ ਦੀ ਦਾਤ ਦਾ ਪਵਿੱਤੱਰ ਝੰਡਾ ਅੱਜ ਦੁਨੀਆਂ ਵਿੱਚ ਝੁਲਦਾ ਹੈ। ਜਿਸਦਾ ਕੇਂਦਰ ਅੱਜ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਅਤੇ ਹਜ਼ੂਰ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਪ੍ਰਤੱਖ ਵਰਤਾਰਾ ਹੈ।

..............................................

# ਸੰਤ ਸੰਤੋਖ ਸਿੰਘ ਬਾਹੋਵਾਲ ਬਾਰੇ ਨਵੀਂ ਇਤਿਹਾਸਿਕ ਖੋਜ



**– ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
ਸਿੱਖ ਇਤਿਹਾਸ ਦੇ ਖੋਜੀ ਅਤੇ ਵਿਦਵਾਨ
94177-69103

ਸੰਤ ਬਾਬਾ ਸੰਤੋਖ ਸਿੰਘ ਜੀ ਪਿੰਡ ਬਾਹੋਵਾਲ ਦੇ ਵਸਨੀਕ ਸਨ, ਜਿੰਨ੍ਹਾਂ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਜਦੋਂ ਅੰਗਰੇਜ ਸਰਕਾਰ ਦੀ ਕਰੋਪੀ ਨਾਮਧਾਰੀ ਪੰਥ 'ਤੇ ਨਾਜਲ ਹੋ ਰਹੀ ਸੀ, ਉਹਨਾਂ ਨੇ ਜਗਿਆਸੂ ਬੁੱਧੀ ਦੇ ਮਾਲਕ ਹੋਣ ਕਾਰਨ ਨਾਮਧਾਰੀ ਇਤਿਹਾਸ ਦੀ ਰਚਨਾ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਚੇਚੇ ਤੌਰ ਤੇ ਦਰਸ਼ਨ ਕਰਕੇ ਆਏ ਰੰਗੂਨ। ਰੰਗੂਨ ਵਿੱਚ ਉਹਨਾਂ ਨੇ ਜੋ ਕੁਝ ਦੇਖਿਆ ਸਤਿਗੁਰੂ ਜੀ ਨੇ ਜੋ ਕੁਝ ਦੱਸਿਆ ਉਹ ਸਾਰਾ ਅੱਖੀਂ ਡਿੱਠਾ ਇਤਿਹਾਸ ਉਹਨਾਂ ਨੇ ਆਪਣੇ ਗਰੰਥ ਸਤਿਗੁਰੂ ਬਿਲਾਸ ਵਿੱਚ ਸਾਂਭਿਆ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਆਇਆ ਜੋ ਕਿ ਨਾਮਧਾਰੀ ਪੰਥ ਦਾ ਸੁਨਹਿਰੀ ਯੁਗ ਦਾ ਸਮਾਂ ਮੰਨਿਆ ਗਿਆ ਹੈ। ਉਸ ਸਮੇਂ ਨਾਮਧਾਰੀ ਇਤਿਹਾਸ ਦੀ ਸੰਭਾਲ ਕੀਤੀ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਬਿਲਾਸ ਗ੍ਰੰਥ ਦੀ ਪ੍ਰਮਾਣਿਕਤਾ ਨੂੰ ਪਛਾਣਿਆ ਅਤੇ ਉਹਨਾਂ ਨੇ ਇਸ ਗ੍ਰੰਥ ਦੀ ਲਿਖਤ ਨੂੰ ਟਾਈਪ ਕਰਵਾਇਆ ਜੋ ਅਨੇਕ ਸਾਲ ਦੀਵਾਨਾਂ ਵਿੱਚ, ਦੇਸਾਂ-ਪ੍ਰਦੇਸਾਂ ਵਿੱਚ ਇਸ ਗ੍ਰੰਥ ਦੀ ਕਥਾ ਹੁੰਦੀ ਰਹੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ, ਪੁਰਾਤਨ ਸਰੋਤ ਸਮੱਗਰੀ ਮੁੜ ਪ੍ਰਕਾਸ਼ਤ ਕਰਨੀ ਸ਼ੁਰੂ ਕੀਤੀ।

ਸਤਿਜੁਗ ਅਖ਼ਬਾਰ ਨੂੰ ਦਿੱਲੀ ਲਿਜਾ ਕੇ ਵਧੀਆ ਪੇਪਰ ਤੇ ਪ੍ਰਕਾਸ਼ਤ ਕਰਨਾ ਸ਼ੁਰੂ ਕਰਵਾਇਆ। ਸਤਿਗੁਰੂ ਬਿਲਾਸ ਦੀ ਸਮੱਗਰੀ ਨੂੰ ਇੱਕ ਸਾਰ ਕਰਨ ਲਈ ਸਮੇਂ-ਸਮੇਂ ਨਾਮਧਾਰੀ ਵਿਦਵਾਨਾਂ ਦੀਆਂ ਬੈਠਕਾਂ ਕੀਤੀਆਂ ਗਈਆਂ ਅਤੇ ਫੇਰ ਉਚੇਚੇ ਤੌਰ 'ਤੇ ਜਸਵਿੰਦਰ ਸਿੰਘ ਹਿਸਟੋਰੀਅਨ ਦੀ ਸੰਪਾਦਕੀ ਮਿਹਨਤ ਸਦਕਾ 2002 ਈ. ਵਿੱਚ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਹਰਵਿੰਦਰ ਸਿੰਘ

ਹੰਸਪਾਲ ਜੀ ਨੇ ਉਚੇਚੇ ਤੌਰ 'ਤੇ ਦੁਰਲਭ ਗਰੰਥ ਦਾ ਪਹਿਲਾ ਹਿੱਸਾ ਪ੍ਰਕਾਸ਼ਤ ਕਰਕੇ ਸਤਿਗੁਰੂ ਜਗਜੀਤ ਜੀ ਅਤੇ ਸੰਗਤ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਇਸ ਪ੍ਰਕਾਰ ਇਸਦਾ ਦੂਜਾ ਹਿੱਸਾ ਵੀ ਪ੍ਰਕਾਸ਼ਤ ਹੋਇਆ।

**ਸੰਤ ਸੰਤੋਖ ਸਿੰਘ ਜੀ ਕੌਣ ਸਨ–** ਸੰਤ ਸੰਤੋਖ ਸਿੰਘ ਜੀ ਕੌਣ ਸਨ? ਆਪਣੇ ਬਾਰੇ ਉਸਨੇ ਸਤਿਗੁਰੂ ਬਿਲਾਸ ਵਿੱਚ ਕੁਝ ਵੀ ਲਿਖਿਆ ਨਹੀਂ ਹੈ। ਇਹ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਹੋਈ ਹੈ ਕਿ ਸਤਿਗੁਰੂ ਬਿਲਾਸ ਨੂੰ ਦੋ ਹਿੱਸਿਆਂ ਵਿੱਚ ਪ੍ਰਕਾਸ਼ਤ ਕਰਕੇ ਅਪਾਰ ਮਾਇਆ ਖਰਚ ਕੇ ਵਧੀਆ ਕਾਗਜ ਤੇ ਪ੍ਰਿੰਟ ਕਰਵਾ ਕੇ ਉਸਨੂੰ ਸਦਾ ਲਈ ਅਮਰ ਕਰ ਦਿੱਤਾ ਹੈ। ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸ੍ਰੀ ਭੈਣੀ ਸਾਹਿਬ ਦੇ ਬਜ਼ੁਰਗ ਸੰਤ ਹਰਦੇਵ ਸਿੰਘ ਬਖਸ਼ੀ ਤੋਂ ਸੁਣ ਉਹਨਾਂ ਬਾਰੇ ਕੁਝ ਵੇਰਵੇ ਸਾਂਝੇ ਕੀਤੇ ਹਨ। (ਜੋ ਸ੍ਰੀ ਭੈਣੀ ਸਾਹਿਬ ਸੌ ਸਾਲ ਉਮਰ ਭੋਗ ਕੇ ਸੁਰਗਵਾਸ ਹੋਏ ਸਨ ਨੇ ਸੰਤ ਸੰਤੋਖ ਸਿੰਘ ਜੀ ਦੇ ਚੰਗੀ ਤਰ੍ਹਾਂ ਦਰਸ਼ਨ ਕੀਤੇ ਸਨ ਅਤੇ ਸੰਤ ਹਰਦੇਵ ਸਿੰਘ ਬਖਸ਼ੀ ਜੀ ਨੇ ਨਾਮ ਦੀ ਪ੍ਰਾਪਤੀ ਸੰਤ ਸੰਤੋਖ ਸਿੰਘ ਜੀ ਤੋਂ ਕੀਤੀ ਸੀ।) ਸੰਤ ਸੰਤੋਖ ਸਿੰਘ ਜੀ ਦਾ ਜਨਮ 1845 ਈ. ਦਾ ਸੀ ਅਤੇ ਉਹ 1882 ਈ. ਮਾਰਚ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਆਏ ਸਨ। ਕਈ ਭੇਖਾਂ ਵਿੱਚ ਵਿਚਰਦਿਆਂ ਜਿਵੇਂ ਨਾਂਗੇ ਪਰਮ ਹੰਸ, ਉਦਾਸੀ, ਨਿਰਮਲੇ ਅਤੇ ਨਿਹੰਗ ਭੇਖਾਂ ਵਿੱਚ ਰਹਿਕੇ ਅਖੀਰ ਨਾਮਧਾਰੀ ਸਿੱਖ ਬਣੇ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਆਏ ਤਾਂ ਮਨ ਨੂੰ ਟਿਕਾਅ ਆ ਗਿਆ ਅਤੇ ਨਾਮ ਦੀ ਪ੍ਰਾਪਤੀ ਕਰਕੇ ਨਾਮ ਜਪਣ ਲੱਗੇ। ਉਹ ਦਿਨ ਸਮੇਂ ਗੋਹੇ ਕੂੜੇ ਦੀ ਸੇਵਾ ਕਰਦੇ ਅਤੇ ਲੰਗਰ ਲਈ ਬਾਹਰੋਂ ਬਾਲਣ ਲਿਆਉਂਦੇ ਅਤੇ ਪਾਠੀਆਂ ਨੂੰ ਪਾਠ ਦੀ ਸੰਥਿਆਂ ਦੇ ਕੇ ਪਾਠ ਸ਼ੁੱਧ ਕਰਵਾਉਂਦੇ ਅਤੇ ਫਿਰ ਪੁਲਿਸ ਦੀ ਚੌਂਕੀ ਵਾਲਿਆਂ ਤੋਂ ਅੱਖ ਬਚਾ ਕੇ ਬਾਹਰੋਂ ਆਏ ਨਾਮਧਾਰੀ ਸਿੱਖਾਂ ਦੇ ਦਰਸ਼ਨ ਕਰਕੇ ਮੌਖਿਕ ਸੀਨਾ ਬਸੀਨਾ ਚੱਲ ਰਹੇ ਇਤਿਹਾਸ ਨੂੰ ਕਲਮ ਦੀ ਨੋਕ ਹੇਠ ਲਿਆ ਕੇ ਰਾਤ ਸਮੇਂ ਆਪਣੀ ਝੁੱਲੀ ਵਿੱਚ ਬੈਠਕੇ ਇਤਿਹਾਸ ਨੂੰ ਲਿਖਿਆ ਕਰਦੇ ਸਨ ਅਤੇ ਫਿਰ ਸਤਿਗੁਰੂ ਹਰੀ ਸਿੰਘ ਜੀ ਨੂੰ ਦਿਖਾ ਕੇ ਸਵੀਕ੍ਰਿਤੀ ਲਿਆ ਸਕਦੇ ਸਨ। ਕਿਹਾ ਜਾਂਦਾ ਹੈ ਕਿ ਇਕ ਵਾਰ ਅੰਗਰੇਜ਼ ਪੁਲਿਸ ਨੂੰ ਪਤਾ ਲੱਗਣ ਤੇ ਸੰਤ ਸੰਤੋਖ ਸਿੰਘ ਜੀ ਦੀ ਕੁੱਲੀ ਨੂੰ ਅੱਗ ਲਗਾ ਦਿੱਤੀ ਅਤੇ ਸਭ ਕੁਝ ਸੜ ਗਿਆ ਪ੍ਰੰਤੂ ਗੁਰੂ ਕਿਰਪਾ ਨਾਲ ਉਸ ਰਚ ਰਹੇ ਗ੍ਰੰਥ ਸਤਿਗੁਰੂ ਬਿਲਾਸ ਦੇ ਹਾਸ਼ੀਏ ਨੂੰ ਮਾਮੂਲੀ ਜਿਹਾ ਨੁਕਸਾਨ ਹੋਇਆ ਜੋ ਸੰਤਾਂ ਨੇ ਬਾਅਦ ਵਿੱਚ ਮੁਰੰਮਤ ਕਰ ਲਿਆ ਸੀ। ਸੰਤਾਂ ਦਾ ਕਦ ਲਗਪਗ 5 ਫੁੱਟ 6 ਇੰਚ ਰੰਗ ਸਾਫ਼, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ ਸੀ। ਉਹ ਜੱਟਾਂ ਦੇ ਗੋਤ ਬੈਂਸ ਨਾਲ ਸੰਬੰਧ ਰਖਦੇ ਸਨ। ਭਾਵ ਬੈਂਸ ਗੋਤ ਦੇ ਜੱਟ ਸਨ, ਉਹਨਾਂ ਬਾਰੇ ਮੈਂ ਅੱਗੇ ਜਾ ਕੇ ਵੇਰਵੇ ਸਹਿਤ ਜ਼ਿਕਰ ਕਰਾਂਗਾ।

**ਸੰਤ ਸੰਤੋਖ ਸਿੰਘ ਬਾਰੇ ਨਵੀਂ ਖੋਜ– ਭਾਗ ਪਹਿਲਾ–** ਸੰਤ ਸੰਤੋਖ ਸਿੰਘ ਜੀ ਬਾਰੇ ਖੋਜ ਦੀ ਮੇਰੇ ਵਲੋਂ ਅਰੰਭਤਾ 2007 ਈ. ਵਿੱਚ ਸ਼ੁਰੂ ਹੋਈ ਸੀ ਕਿਉਂਕਿ 1857 ਈ. ਵਿੱਚ ਸ਼ੁਰੂ ਕੀਤੀ 'ਸੰਤ ਖਾਲਸਾ ਦੀ ਅਰੰਭਤਾ' ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਦੀ ਸਾਜਨਾ ਕਰਕੇ ਅਰੰਭ ਕੀਤੀ ਸੀ ਅਤੇ ਸਰਕਾਰ ਵਿਰੁੱਧ ਸੰਘਰਸ਼ ਅਰੰਭਿਆ ਸੀ ਜਿਸਦੀ 150 ਸਾਲ ਸ਼ਤਾਬਦੀ 2007 ਈ. ਵਿੱਚ ਪੰਜਾਬ ਦੀ ਸਰਕਾਰ ਨੇ ਸਰਕਾਰੀ ਪੱਧਰ ਤੇ ਮਨਾਉਣੀ ਸ਼ੁਰੂ ਕੀਤੀ। ਜ਼ਿਲ੍ਹਾ ਪੱਧਰ ਤੇ ਪੰਜਾਬ ਵਿੱਚ ਕਮੇਟੀਆਂ ਬਣਾਈਆਂ ਗਈਆਂ, ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਕੰਮ ਸ਼ੁਰੂ ਹੋ ਗਏ। ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਤਿਵਾੜੀ ਸਾਹਿਬ ਵਲੋਂ ਕਮੇਟੀ ਬਣਾਈ ਗਈ ਸੀ, ਉਸਦਾ ਮੈਂ ਵੀ ਮੈਂਬਰ ਨਿਯੁਕਤ ਹੋਇਆ ਸੀ।

ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ; ਸ੍ਰੀ ਤਿਵਾੜੀ ਨਾਲ ਕਈ ਮੀਟਿੰਗਾਂ ਹੋਈਆਂ, ਪਰੰਤੂ ਸਾਡੇ ਜ਼ਿਲ੍ਹੇ ਵਿੱਚ ਨਾ ਤਾਂ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਕੋਈ ਸ਼ਹੀਦ ਹੋਇਆ ਅਤੇ ਨਾ ਹੀ ਕੋਈ ਹੋਰ ਇਤਿਹਾਸਕ ਥਾਂ ਸੀ। ਅਸੀਂ ਸਾਰੇ ਮੈਬਰਾਂ ਨੇ ਸਲਾਹ ਕੀਤੀ ਕਿ ਕਸਬਾ ਬਾਹੋਵਾਲ ਬਾਰੇ ਵਿਕਾਸ ਕਰਵਾਇਆ ਜਾਵੇ, ਪਰੰਤੂ ਉਸਦੀ ਹੋਂਦ ਕਿੱਥੇ ਹੈ, ਇਸਦਾ ਕਿਸੇ ਨੂੰ ਨਹੀਂ ਸੀ ਪਤਾ। ਖੈਰ ਪ੍ਰਾਪਤ ਸਰੋਤਾਂ ਅਨੁਸਾਰ ਅਸੀਂ ਕਸਬੇ ਦੀ ਹੋਂਦ ਲੱਭੀ ਜਿਸ ਬਾਰੇ ਕਸਬਾ ਨਿਵਾਸੀ ਅਨਜਾਣ ਸਨ। ਜੋ ਅਸੀਂ ਖੋਜ ਕੀਤੀ ਜਾਂ ਕਰਨ ਦੇ ਯਤਨ ਕੀਤੇ, ਉਹ ਸਭ ਕੁਝ ਸਤਿਜੁਗ ਅਖਬਾਰ ਦੇ 29 ਅਪਰੈਲ ਤੋਂ 5 ਮਈ 2010 ਦੇ ਅੰਕ ਵਿੱਚ ਪ੍ਰਕਾਸ਼ਤ ਕਰਵਾ ਦਿੱਤੇ ਅਤੇ ਮੀਟਿੰਗਾਂ ਸਮੇਂ ਡਿਪਟੀ ਕਮਿਸ਼ਨਰ ਤਿਵਾੜੀ ਸਾਹਿਬ ਨੂੰ ਦੱਸਿਆ ਕਿ ਬਾਹੋਵਾਲ ਪਿੰਡ ਹੁਸ਼ਿਆਰਪੁਰ ਤੋਂ ਗੜਸ਼ੰਕਰ ਰੋਡ ਤੇ ਸਥਿਤ ਹੈ। ਉੱਥੇ ਸੰਤ ਸੰਤੋਖ ਸਿੰਘ ਜੀ ਬਾਰੇ ਕੋਈ ਯਾਦਗਾਰ ਉਸਾਰਨ ਲਈ ਕਿਹਾ ਗਿਆ। ਅੱਗੋਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਕੋਲ ਕੋਈ ਮਾਇਆ ਨਹੀਂ ਹੈ। ਸਾਰਾ ਮਾਮਲਾ ਠੰਡਾ ਪੈ ਗਿਆ।

**ਸੰਤ ਸੰਤੋਖ ਸਿੰਘ ਜੀ ਬਾਰੇ ਹੋਰ ਕੁਝ–** 2009 ਈ. ਵਿੱਚ ਜਦੋਂ ਪਹਿਲੀ ਵਾਰ ਮੈਂ ਤੇ ਜਥੇਦਾਰ ਪ੍ਰਭਜੀਤ

ਸਿੰਘ, ਸੂਬਾ ਜੀ ਅਤੇ ਹੋਰ ਸਾਥੀਆਂ ਨਾਲ ਅਸੀਂ ਪੁੱਛਦੇ ਪੁਛਾਂਦੇ ਕਸਬਾ ਬਾਹੋਵਾਲ ਗਏ ਸਾਂ ਤਾਂ ਸੰਤ ਸੰਤੋਖ ਸਿੰਘ (ਜਿੰਨ੍ਹਾਂ ਦਾ ਬਚਪਨ ਦਾ ਨਾਮ ਸੁਰਜਨ ਸਿੰਘ ਜੀ) ਦੇ ਤੀਜੀ ਪੀੜੀ ਦੇ ਵਾਰਿਸ ਸ੍ਰ. ਕੁਲਦੀਪ ਸਿੰਘ 28-3-2009 ਈ. ਨੂੰ ਮਿਲੇ ਸਨ ਜੋ ਸਰੀਰ ਤੋਂ ਬਹੁਤ ਕਮਜੋਰ ਸਨ ਅਤੇ ਉਹਨਾਂ ਨੇ ਅੱਖਾਂ ਦਾ ਓਪਰੇਸ਼ਨ ਕਰਵਾਇਆ ਹੋਇਆ ਸੀ। ਉਹਨਾਂ ਦਾ ਸਰੀਰ ਕਮਜੋਰ ਹੋ ਗਿਆ ਸੀ। ਬਹੁਤ ਮੱਧਮ ਬੋਲਦੇ ਸਨ। ਉਹਨਾਂ ਨਾਲ ਗੱਲ ਕਰਦੇ, ਜਥੇਦਾਰ ਪ੍ਰਭਜੀਤ ਸਿੰਘ ਜੀ ਨੇ ਉਸ ਨੂੰ ਆਪਣੀਆਂ ਗੱਲਾਂ ਵਿੱਚ ਉਲਝਾ ਲਿਆ। ਉਹ ਕਮਜੋਰੀ ਮਹਿਸੂਸ ਕਰਨ ਲੱਗ ਪਏ। ਕੁਝ ਜਰੂਰੀ ਪੁਛ ਗਿੱਛ ਕਰਨ ਤੋਂ ਬਾਅਦ ਕੁਝ ਨੋਟ ਤਿਆਰ ਕਰਨ ਤੋਂ ਬਾਅਦ ਵੀਚਾਰ ਕੀਤੀ ਕਿ ਛੇਤੀ ਵਾਪਿਸ ਆ ਕੇ ਮੈਂ ਪੁਛ ਗਿੱਛ ਕਰਾਂਗਾ, ਪਰੰਤੂ ਮੈਂ ਮੁੜ ਨਹੀਂ ਜਾ ਸਕਿਆ।

ਅਚਾਨਕ ਮੈਂ ਸਤਿਜੁਗ ਅਖਬਾਰ ਦੇ ਮੁਖ ਸੰਪਾਦਕ ਗੁਰਲਾਲ ਸਿੰਘ ਨਾਲ ਫੋਨ ਤੇ ਗੱਲ ਕਰ ਰਿਹਾ ਸਾਂ ਉਹਨਾਂ ਦੱਸਿਆ ਕਿ ਸਤਿਗੁਰੂ ਬਿਲਾਸ ਗ੍ਰੰਥ ਮੁੜ ਪ੍ਰਕਾਸ਼ਤ ਕਰ ਰਹੇ ਹਾਂ ਤਾਂ ਪੁਰਾਣੀਆਂ ਯਾਦਾਂ ਮੁੜ ਤਾਜਾ ਹੋ ਗਈਆ, ਮੈਂ ਕਿਹਾ ਕਿ ਜੇ ਮੈਂ ਬਾਹੋਵਾਲ ਮੁੜ ਜਾ ਆਵਾਂ ਤਾਂ ਸ਼ਾਇਦ ਕੁਝ ਹੋਰ ਇਤਿਹਾਸਕ ਸਮੱਗਰੀ ਮਿਲ ਜਾਵੇ। ਗੁਰਲਾਲ ਸਿੰਘ ਨੇ ਮੈਨੂੰ ਬਾਹੋਵਾਲ ਜਾਣ ਲਈ ਮੇਰਾ ਹੌਂਸਲਾ ਵਧਾਇਆ ਤਾਂ ਮੈਂ ਆਪਣੇ ਨੇੜੇ ਪਿੰਡ ਦੇ ਪ੍ਰਿੰਸੀਪਲ ਤ੍ਰਿਲੋਕ ਸਿੰਘ (ਜੋ ਮੇਰੇ ਲੇਖ ਅਤੇ ਪੁਸਤਕਾਂ ਦੇ ਕਦਰਦਾਨ ਹਨ) ਮੇਰੇ ਕਹਿਣ ਤੇ ਬਾਹੋਵਾਲ ਜਾਣ ਲਈ ਤਿਆਰ ਹੋ ਗਏ। ਅਸੀਂ ਬਸ ਰਾਹੀਂ 31-7-2023 ਈ. ਨੂੰ ਹੁਸ਼ਿਆਰਪੁਰ ਹੁੰਦੇ ਹੋਏ ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਜਾਣ ਲਈ ਬੱਸ ਪਕੜੀ ਪਿੰਡ ਭੂੰਨੋ ਦੇ ਬਸ ਅੱਡੇ 'ਤੇ ਜਾ ਉਤਰੇ, ਇਹੋ ਬਸ ਅੱਡਾ ਸੀ ਜੋ ਬਾਹੋਵਾਲ ਦੀ ਪਹੁੰਚ ਦਾ ਸਾਧਨ ਹੈ। ਬੱਸ ਤੋਂ ਉਤਰ ਕੇ ਭੂੰਨੋ ਦੇ ਬਸ ਅੱਡੇ ਤੋਂ ਦੋ ਕਿਲੋਮੀਟਰ ਚੱਲ ਕੇ ਬਾਹੋਵਾਲ ਪਹੁੰਚੀਦਾ ਹੈ।

ਅਸੀਂ ਦੋਵੇਂ ਪੈਦਲ ਚਲਕੇ ਦੋ ਕਿਲੋਮੀਟਰ ਦੂਰ ਤੁਰ ਕੇ ਕਸਬਾ ਬਾਹੋਵਾਲ ਦੇ ਬਸੀਮੇ ਉਪਰ ਪੁਜੇ ਜਿਥੇ ਜਥੇਦਾਰ ਮੂਲਾ ਸਿੰਘ ਬਾਹੋਵਾਲ ਸੁਤੰਤਰਤਾ ਸੰਗ੍ਰਾਮੀ ਦੀ ਯਾਦ ਵਿੱਚ ਗੇਟ ਵਿਸ਼ਾਲ ਆਕਾਰ ਵਿਚ ਉਸਾਰਿਆ ਗਿਆ ਹੈ। ਪ੍ਰਿੰਸੀਪਲ ਤ੍ਰਿਲੋਕ ਸਿੰਘ ਨੇ ਉਸ ਗੇਟ ਦੀ ਕੈਮਰੇ ਨਾਲ ਫੋਟੋ ਖਿੱਚ ਕੇ ਸਾਂਭ ਲਈ। ਮੈਂ 14 ਸਾਲ ਪਹਿਲਾਂ ਸੰਤ ਸੰਤੋਖ ਸਿੰਘ ਜੀ ਦੇ ਘਰ ਨੂੰ ਦੇਖੇ ਹੋਏ ਯਾਦਗਾਰੀ ਪਲ ਯਾਦ ਕਰਦੇ ਹੋਏ ਪਛਾਣ ਘਰ ਦੀ ਘੰਟੀ ਵਜਾਈ ਤਾਂ ਅੱਗੋਂ ਇਕ ਹਸਮੁਖ ਨੌਜਵਾਨ ਮੁਸਕਰਾਉਂਦਾ ਹੋਇਆ ਬਾਹਰ ਨਿਕਲਿਆ। ਅਸੀਂ ਆਪਣੇ ਆਉਣ ਦਾ ਕਾਰਨ ਦੱਸਿਆ ਅਤੇ ਇਹ ਵੀ ਕਿਹਾ ਮੈਂ 14 ਸਾਲ ਬਾਅਦ ਘਰ ਦੀ ਕਾਇਆ ਕਲਪ ਹੋ ਚੁਕੀ ਦੇਖਕੇ ਹੈਰਾਨੀ ਮੰਨ ਦਾ ਹੋਇਆ ਸ. ਕੁਲਦੀਪ ਸਿੰਘ (ਪੋਤਰਾ ਸੰਤ ਸੰਤੋਖ ਸਿੰਘ ਜੀ) ਬਾਰੇ 2009 ਈ. ਵਿੱਚ ਹੋਏ ਮਿਲਾਪ ਅਤੇ ਇਤਿਹਾਸ ਬਾਰੇ ਪੁਛ ਪੜਤਾਲ ਕਰਨ ਬਾਰੇ ਦੱਸਿਆ। ਘਰ ਵਿੱਚ ਵਧੀਆ ਕਾਰ ਅਤੇ ਘਰ ਤੋਂ ਬਾਹਰ ਦੋ ਤਿੰਨ ਜੇ ਸੀ ਬੀ ਮਸ਼ੀਨਾਂ ਖੜੀਆਂ, ਘਰ ਦੀ ਖੁਸ਼ਹਾਲੀ ਦੱਸ ਰਹੀਆਂ ਸਨ। ਉਸ ਨੌਜਵਾਨ ਨੇ ਦੱਸਿਆ ਕਿ ਕੁਲਦੀਪ ਸਿੰਘ 29 ਦਸੰਬਰ 2018 ਈ. ਨੂੰ ਸੁਰਗਵਾਸ ਹੋ ਗਏ ਸਨ।

ਛੇਤੀ ਹੀ ਉਹਨਾਂ ਨੇ ਸੰਤ ਸੰਤੋਖ ਸਿੰਘ ਜੀ ਦੇ ਪਰਿਵਾਰ ਦੇ ਜਿੰਨੇ ਕੁ ਮੈਂਬਰ ਪਿੰਡ ਵਿੱਚ ਹਾਜ਼ਰ ਸਨ, ਉਹ ਘਰ ਬੁਲ੍ਹਾ ਗਏ ਅਤੇ ਆਦਿ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਫੈਲੇ ਪਰਿਵਾਰ ਬਾਰੇ ਦੱਸਿਆ ਜੋ ਮੈਂ ਉਹਨਾਂ ਤੋਂ ਵੇਰਵੇ ਸਹਿਤ ਬੰਸਾਵਲੀ ਤਿਆਰ ਕੀਤੀ ਜੋ ਇਸ ਲੇਖ ਨਾਲ ਨੱਥੀ ਕੀਤੀ ਹੋਈ ਹੈ। ਉਸ ਪਰਿਵਾਰ ਵਿਚੋਂ ਸ. ਕੁਲਦੀਪ ਸਿੰਘ ਦਾ ਚਾਚਾ ਜਾਂ ਤਾਇਆ ਬਲਵੰਤ ਸਿੰਘ ਜੋ ਨਿਰਸੰਤਾਨ ਰਿਹਾ ਕਿਧਰੇ ਘਰ ਦਾ ਤਿਆਗ ਕਰਕੇ ਉੜੀਸਾ ਵੱਲ ਚਲਾ ਗਿਆ ਸੀ, ਮੁੜਕੇ ਵਾਪਸ ਨਹੀਂ ਆਇਆ, ਉਹ ਸੰਤੋਖ ਸਿੰਘ ਵਾਂਗ ਜ਼ਹੀਨ ਬੁੱਧੀ ਵਾਲਾ ਵਿਦਵਾਨ ਲੇਖਕ ਸੀ ਪ੍ਰੰਤੂ ਉਸ ਦੀ ਕੋਈ ਵੀ ਰਚਨਾ ਅੱਜ ਨਹੀਂ ਮਿਲਦੀ। ਸੰਤ ਸੰਤੋਖ ਸਿੰਘ ਜੀ ਦੇ ਪ੍ਰਵਾਰ ਮੈਬਰਾਂ ਦੇ ਦੱਸਣ ਅਨੁਸਾਰ ਤਿੰਨ ਪੁੱਤਰ ਕਰਨੈਲ ਸਿੰਘ, ਬਲਵੰਤ ਸਿੰਘ ਅਤੇ ਤਾਰਾ ਸਿੰਘ ਹੋਏ ਹਨ। ਕਰਨੈਲ ਸਿੰਘ ਦੀ ਫੋਟੋ ਉਹਨਾਂ ਦੇ ਪ੍ਰਵਾਰ ਨੇ ਸਾਨੂੰ ਦਿਖਾਈ ਜਿਸਦੀ ਫੋਟੋ ਮੇਰੇ ਸਾਥੀ ਪ੍ਰਿੰਸੀਪਲ ਤ੍ਰਿਲੋਕ ਸਿੰਘ ਨੇ ਆਪਣੇ ਕੈਮਰੇ ਵਿੱਚ ਸੰਭਾਲ ਲਈ। ਫੋਟੋ ਲੇਖ ਵਿੱਚ ਦਿੱਤੀ ਜਾ ਰਹੀ ਹੈ। ਮਨਵੀਰ ਸਿੰਘ ਨੌਜਵਾਨ ਆਪਣੇ ਪਰਿਵਾਰ ਦਾ ਇਤਿਹਾਸ ਦੱਸ ਰਿਹਾ ਸੀ। ਉਸ ਨੇ ਕੁਝ ਇਹੋ ਜਿਹਾ ਦੱਸ ਕੇ ਅਚੰਭਿਤ ਕਰ ਦਿੱਤਾ, ਉਸ ਨੇ ਕਿਹਾ ਕਿ ਅਸੀਂ ਬੈਂਸ ਜੱਟ ਹਾਂ। ਕਲਾਲ ਨਹੀਂ ਹਾਂ। (ਜਸਵਿੰਦਰ ਸਿੰਘ ਹੁਰਾ ਨੇ ਹਰਦੇਵ ਸਿੰਘ ਬਖ਼ਸ਼ੀ ਦੇ ਦੱਸਣ ਮੁਤਾਬਿਕ ਕਲਾਲ ਲਿਖਿਆ ਹੈ) ਮੈਂ ਉਸ ਸਮੇਂ ਨਾਮਧਾਰੀ ਵਿਦਵਾਨ ਸ. ਸੁਵਰਨ ਸਿੰਘ ਵਿਰਕ ਨਾਲ ਗੱਲ ਬਾਤ ਕੀਤੀ ਕਿ ਇਸ ਵੇਲੇ ਮੈਂ ਬਾਹੋਵਾਲ ਬੈਠਾ ਹਾਂ। ਸੰਤ ਸੰਤੋਖ ਜੀ ਦੇ ਘਰ, ਜੇ ਤੁਸੀਂ ਸੰਤਾਂ ਬਾਰੇ ਉਹਨਾਂ ਦੇ ਪ੍ਰਵਾਰਕ ਮੈਬਰਾਂ ਤੋਂ ਕੁਝ ਪੁੱਛਣਾ ਹੈ ਤਾਂ ਪੁੱਛ ਲਉ। ਉਹਨਾਂ ਵੀ ਫ਼ੋਨ ਤੇ ਗੱਲ ਬਾਤ ਕੀਤੀ ਪਰਿਵਾਰ ਨਾਲ ਇਤਿਹਾਸਕ ਡੂੰਘੀ ਵਿਚਾਰ ਕੀਤੀ ਪਰਿਵਾਰ ਨੇ ਆਪਣਾ ਗੋਤ ਬੈਂਸ ਜੱਟ ਦੱਸਿਆ ਅਤੇ ਕਿਹਾ ਕਿ ਸੰਤ ਸੰਤੋਖ ਸਿੰਘ ਜੀ ਕਲਾਲ ਤਾਂ

ਬਿਲਕੁਲ ਹੀ ਨਹੀਂ ਸਨ।

**ਬੈਂਸ ਗੋਤ ਬਾਰੇ ਇਤਿਹਾਸਿਕ ਸਰੋਤਾਂ ਨਾਲ ਵਿਚਾਰ –**

ਬੈਂਸ ਜੱਟਾਂ ਦਾ ਮੁੱਢ ਮਹਿਲਪੁਰ, ਜਲੰਧਰ ਆਦਿਕ ਦੋਆਬੇ ਦਾ ਖੇਤਰ ਹੈ। ਉੱਥੋਂ ਹੀ ਮਾਲਵਾ ਅਤੇ ਮਾਝੇ ਵੱਲ ਫੈਲ ਗਏ ਅਤੇ ਦੇਸ਼ ਵਿਦੇਸ਼ ਤੱਕ ਚਲੇ ਗਏ।

1. ਕਿਰਪਾਲ ਸਿੰਘ ਦਰਦੀ ਪੁਸਤਕ " ਪੰਜਾਬ ਦੀ ਜਾਤਾਂ ਤੇ ਗੋਤ ਦੇ ਪੰਨਾ 81 ਤੇ ਲਿਖਦੇ ਹਨ- ਬੈਂਸ, ਜੱਟਾਂ ਦਾ ਇੱਕ ਗੋਤ ਜਿਹੜਾ ਬਹੁਤਾ ਹੁਸ਼ਿਆਰਪੁਰ ਜ਼ਿਲ੍ਹੇ ਮਿਲਦਾ ਹੈ। ਪਰ ਇਹ ਲੋਕ ਅੰਬਾਲਾ, ਪਟਿਆਲਾ ਅਤੇ ਸੰਗਰੂਰ ਤੱਕ ਫੈਲਿਆ ਸੀ।

2. ਹੁਸ਼ਿਆਰ ਸਿੰਘ ਦੁਲੇਹ ਪੁਸਤਕ " ਜੱਟਾਂ ਦਾ ਇਤਿਹਾਸ" ਪੰਨਾ 130 ਤੇ ਬੈਂਸ ਦੀ ਐਂਟਰੀ ਵਿੱਚ ਲਿਖਦੇ ਹਨ- ਬੈਂਸ ਵੀ ਜੱਟਾਂ ਦਾ ਬਹੁਤ ਪੁਰਾਣਾ ਕਬੀਲਾ ਹੈ। ਬੈਂਸ ਗੋਤ ਦਾ ਵੱਡਾ ਵਡੇਰਾ ਬੈਂਸ ਹੀ ਸੀ। ਬੈਂਸਾਂ ਦਾ ਪਿੰਡ ਮਹਿਲਪੁਰ ਹੀ ਸੀ। ਇਸ ਪਿੰਡ ਦਾ ਪਹਿਲਾਂ ਨਾਮ, ਮਾਲਪੁਰ ਹੀ ਸੀ।

**ਇਤਿਹਾਸ ਦੀ ਪੈੜ ਵਿੱਚ ਪਿੰਡ ਬਾਹੋਵਾਲ–**

ਵਰਤਮਾਨ ਸਮੇਂ ਬਾਹੋਵਾਲ ਕਸਬਾ ਹੁਸ਼ਿਆਰਪੁਰ ਜ਼ਿਲ੍ਹਾ, ਬਲਾਕ ਮਾਹਿਲਪੁਰ ਵਿਖੇ ਘੁੱਗ ਵੱਸਦਾ ਸੁਤੰਤਰਤਾ ਸੰਗਰਾਮੀਆਂ ਦਾ ਪਿੰਡ ਹੈ। ਇਹ ਪਿੰਡ ਹੁਸ਼ਿਆਰਪੁਰ ਤੋਂ 15 ਕਿਲੋਮੀਟਰ, ਝੱਬੇਵਾਲ ਤੋਂ 7 ਕਿਲੋਮੀਟਰ, ਰੂਪਨਗਰ ਤੋਂ 15 ਕਿਲੋਮੀਟਰ ਅਤੇ ਮਾਹਿਲਪੁਰ ਤੋਂ 4 ਕਿਲੋਮੀਟਰ ਦੂਰ ਹੈ ਜੋ ਮੈਲੀ ਚੋਅ ਦੇ ਕੰਡੇ ਤੇ ਸਥਿਤ ਹੈ।

ਇਹ ਕਸਬਾ ਹੁਸ਼ਿਆਰਪੁਰ ਚੰਡੀਗੜ੍ਹ ਰੋੜ ਤੇ ਸਥਿਤ ਹੈ। ਪ੍ਰਸਿੱਧ ਲੇਖਕ ਸ੍ਰੀ ਵਿਜੇ ਬੰਬੇਲੀ ਅਨੁਸਾਰ ਇਸ ਪਿੰਡ ਦਾ ਨਾਮ ਬਾਗਾ ਵਾਲਾ ਸੀ। ਉਸਦਾ ਹੱਦ ਬਸਤ ਨੰਬਰ 39, ਇਸਦੀ ਕੁਲ ਮਾਲਕੀ ਕੁੱਲ 15- 16 ਏਕੜ ਹੈ। ਪਿੰਡ ਬਾਹੋਵਾਲ, ਮਾਹਿਲਪੁਰ ਦੀ ਇੱਕ ਪੱਤੀ ਹੀ ਸੀ। ਮਾਹਿਲਪੁਰ ਕਸਬੇ ਦਾ ਵਜੂਦ 7 ਪੱਤੀਆਂ ਵਿੱਚ ਵੰਡਿਆ ਹੋਇਆ ਸੀ। ਜੋ ਇਸ ਪ੍ਰਕਾਰ ਸੀ- 1. ਪੱਤੀ ਚੱਕ ਵਾਲੀ, 2. ਪੱਤੀ ਦਾਸੋਵਾਲ, 3. ਪੱਤੀ ਚਰਨਪੁਰ, 4. ਪੱਤੀ ਲੱਧੇਵਾਲ, 5. ਪੱਤੀ ਫਾਗੋ, 6. ਪੱਤੀ ਹਵੇਲੀ, 7. ਪੱਤੀ ਹਾਸਣੀਆਂ। ਪੱਤੀ ਦਾਸੋਵਾਲ ਤੋਂ ਕੁਝ ਬਜੁਰਗ ਪਿੰਡ ਬਾਹੋਵਾਲ ਆਏ ਤੇ ਇੱਕ ਕਸਬੇ ਬਾਹੋਵਾਲ ਦੀ ਨੀਂਹ ਰੱਖੀ। 18 ਵੀਂ ਸਦੀ ਵਿੱਚ ਜਸਵਾਲ ਦੇ ਰਾਜਿਆਂ ਦਾ ਇੱਥੇ ਕਬਜਾ ਰਿਹਾ। ਜਿੰਨ੍ਹਾਂ ਨੂੰ ਰਾਜੇ ਸੰਧਾਰ ਚੰਦ ਕਟੋਚ ਦੀ ਹਮਾਇਤ ਹਾਸਲ ਸੀ।

1857 ਈਸਵੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਵਿਸਾਖੀ ਦੇ ਦਿਹਾੜੇ ਸੰਤ ਖਾਲਸਾ ਦੀ ਸਾਜਨਾ ਕਰਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਲੋਪ ਹੋ ਰਹੀ ਸਿੱਖੀ ਵਿੱਚ ਜਾਨ ਪਾਈ। ਅੰਗਰੇਜ ਸਰਕਾਰ ਦੇ ਖਿਲਾਫ਼ ਨਾ ਮਿਲਵਰਤਨ ਲਹਿਰ ਸ਼ੁਰੂ ਕਰਕੇ ਲੋਕਾਈ ਵਿੱਚ ਜਾਗ੍ਰਤੀ ਲਿਆਂਦੀ। ਸਤਿਗੁਰੂ ਜੀ ਨੇ 22 ਸੂਬਿਆਂ ਦੀ ਸਥਾਪਨਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਮੁੜ ਪ੍ਰਚੰਡ ਕਰ ਦਿੱਤਾ। ਨੇਪਾਲ, ਅਫ਼ਗਾਨਿਸਤਾਨ, ਝਾਂਸੀ ਅਤੇ ਜੰਮੂ ਕਸ਼ਮੀਰ ਅਤੇ ਇੱਥੋਂ ਤੱਕ ਉਸ ਸਮੇਂ ਦੇ ਰੂਸ ਦੇ ਸ਼ਾਸਕਾਂ ਨਾਲ ਸੰਬੰਧ ਕਾਇਮ ਕਰ ਲਏ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਮੇਂ-ਸਮੇਂ ਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਸੂਬਾ ਲੱਖਾ ਸਿੰਘ, ਸੂਬਾ ਕਾਹਨ ਸਿੰਘ ਤੇ ਮਾਈ ਹੁਕਮੀ ਨੇ ਦੌਰੇ ਕੀਤੇ। ਉਪਰੋਕਤ ਮਹਾਪੁਰਸ਼ਾ ਤੋਂ ਬਿਨਾਂ ਸੰਤ ਬਾਬਾ ਹਰਨਾਮ ਸਿੰਘ ਗੜਦੀਵਾਲਿਆਂ ਦਾ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਧਰਮ ਪ੍ਰਚਾਰ ਵਿੱਚ ਯੋਗਦਾਨ ਰਿਹਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਤੋਂ ਪਹਿਲਾਂ ਅਤੇ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਪਿੰਡ ਨਾਮਧਾਰੀ ਪ੍ਰਚਾਰ ਦੇ ਗੜ੍ਹ ਬਣ ਚੁੱਕੇ ਸਨ। ਜਸਵਿੰਦਰ ਸਿੰਘ ਹਿਸਟੋਰੀਅਨ ਦੀ ਪੁਸਤਕ "ਕੂਕਾਜ ਆਫ ਨੋਟ ਇਨ ਦੀ ਪੰਜਾਬ (1881)" ਦੇ ਪੰਨਾ 5 ਅਤੇ 6 ਦੇ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਅਰਥਾਤ ਮਾਹਿਲਪੁਰ ਤੇ ਬਾਹੋਵਾਲ ਦੇ ਇਲਾਕੇ ਹੁਸ਼ਿਆਰਪਰ ਥਾਣੇ ਦੇ ਇਹ ਪਿੰਡ ਸ਼ੰਮੀਖੇਲ, ਚਗਾਰਾਂ, ਫੁਗਲਾਨਾਂ, ਬਡਾਲਾ ਸ਼ਾਹੀ, ਹੁਸ਼ਿਆਰਪੁਰ, ਪੁਰ ਹੀਰਾ, ਖਾਨਪੁਰ, ਕਪਾਹਟ ਤੇ ਚਬਾਸਪੁਰ ਨਾਮਧਾਰੀਆਂ ਦੇ ਗੜ ਬਣ ਚੁਕੇ ਸਨ। ਇਸੇ ਤਰ੍ਹਾਂ ਮਾਹਿਲਪੁਰ ਥਾਣੇ ਦੇ ਇਹ ਪਿੰਡ ਮਾਹਿਲਪੁਰ, ਸਿੰਘ ਪੁਰ, ਬੰਬੇਲੀ , ਨੰਗਲ ਕਲਾਂ, ਟੂਟੋ ਮਜਾਰਾ, ਗੰਗੋਵਾਲ, ਹਕੂਮਤਪੁਰ, ਬਹਿਬਲਪੁਰ ਅਤੇ ਈਸਪੁਰ ਆਦਿਕ ਨਾਮਧਾਰੀਆਂ ਦੇ ਪਿੰਡ ਸਨ।

ਮੈਂ ਸੁਰਜਨ ਸਿੰਘ ਜੀ ਜਿੰਨ੍ਹਾ ਦਾ ਬਾਅਦ ਵਿੱਚ ਨਾਮ ਸੰਤੋਖ ਸਿੰਘ ਹੋਇਆ, ਉਨ੍ਹਾਂ ਦਾ ਵੰਸ਼ ਪਰਿਵਾਰ ਬਹੁਤ ਵੱਡਾ ਸੀ। ਉਹਨਾਂ ਪਰਿਵਾਰ ਛੱਡ ਕੇ ਘਰੋਂ ਚਲੇ ਜਾਣਾ, ਕਦੇ ਨਾਗਾ ਸੰਤ, ਕਦੇ ਉਦਾਸੀ ਸੰਤ ਅਤੇ ਹਜੂਰ ਸਾਹਿਬ ਜਾ ਕੇ ਨਿਹੰਗ ਸਿੰਘ ਸੱਜ ਜਾਣਾ। ਪਰੰਤੂ ਫਿਰ ਵੀ ਮਨ ਨਾ ਟਿਕਣਾ। ਹੋ ਸਕਦਾ ਹੈ ਕਿ ਕੋਈ ਮਾਨਸਿਕ ਹਾਦਸਾ ਹੋਇਆ ਹੋਵੇ। ਨਿਹੰਗ ਸਿੰਘ ਬਣ ਜਾਣ ਬਾਰੇ ਜਾਣਕਾਰੀ ਮੈਨੂੰ ਉਨ੍ਹਾਂ ਦੇ ਪੋਤਰੇ ਸ. ਕੁਲਦੀਪ ਸਿੰਘ ਨੇ 2009 ਈ. ਵਿੱਚ ਕੀਤੀ ਸੀ। ਫਿਰ ਉੱਥੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ

ਸ਼ਰਨ ਵਿੱਚ ਸੰਤ ਸੰਤੋਖ ਸਿੰਘ ਜੀ ਦੇ ਆਉਣ ਦਾ ਜਿਕਰ ਸਤਿਗੁਰੂ ਬਿਲਾਸ ਆਰੰਭ ਵਿੱਚ ਆਓਂਦਾ ਹੈ। ਪਰੰਤੂ ਉਸਦਾ ਵੰਸ਼ ਪਰਿਵਾਰ ਇਸ ਬਾਰੇ ਬਿਲਕੁਲ ਚੁਪ ਅਤੇ ਅਣਜਾਣ ਹੈ। ਭਾਵੇਂ ਇਹ ਜਾਣਕਾਰੀ ਬੜੀ ਅਨੋਖੀ ਹੈ ਪਰੰਤੂ ਬਹੁਤ ਦਿਲਚਸੀ ਵਾਲੀ ਹੈ। ਸੰਤ ਸੰਤੋਖ ਸਿੰਘ ਜੀ ਦਾ ਪੁੱਤਰ ਹਰਬੰਸ ਸਿੰਘ ਅਤੇ



S. HARBANS SINGH
ELDER BROTHER OF KARNAIL SINGH



S. KARNAIL SINGH S/O S. SURJAN SINGH
F/O KULDEEP SINGH

ਕਰਨੈਲ ਸਿੰਘ ਜੀ ਦੀਆਂ ਫੋਟੋਆਂ ਉਹਨਾਂ ਦੇ ਪਰਿਵਾਰ ਤੋਂ ਪ੍ਰਾਪਤ ਕਰਕੇ ਇਸ ਲੇਖ ਦੇ ਅੰਤ ਵਿੱਚ ਛਪਾਉਣ ਦਾ ਯਤਨ ਕੀਤਾ ਹੈ। ਇਸ ਵਿੱਚ ਪ੍ਰਿੰਸੀਪਲ ਤਰਲੋਕ ਸਿੰਘ ਨਿਵਾਸੀ ਖੁੱਡਾ ਨੇ ਮੈਨੂੰ ਸਾਥ ਦਿੱਤਾ ਹੈ। ਮੈਂ ਉਹਨਾਂ ਦਾ ਧੰਨਵਾਦੀ ਹਾਂ। ਮੈਂ ਇੱਥੇ ਹੀ ਲੇਖ ਦੀ ਸਮਾਪਤੀ ਕਰ ਰਿਹਾ ਹਾਂ।

**ਸਹਾਇਕ ਪੁਸਤਕ ਸੂਚੀ**


1. ਸ੍ਰੀ ਵਿਜੈ ਬੰਬੇਲੀ; ਧਰਤੀ ਪੁੱਤਰ ਜੀਵਨੀ ਜਰਨੈਲ ਮੂਲਾ ਸਿੰਘ ਬਾਹੋਵਾਲ
2. ਹੁਸ਼ਿਆਰ ਸਿੰਘ ਦੁਲੇਹ
3. ਕਿਰਪਾਲ ਸਿੰਘ ਦਰਦੀ
4. ਜਸਵਿੰਦਰ ਸਿੰਘ ਹਿਸਟੋਰੀਅਨ- ਕੂਕਾਜ ਆਫ ਨੋਟ ਇਨ ਦੀ ਪੰਜਾਬ
5. ਜਸਵਿੰਦਰ ਸਿੰਘ ਹਿਸਟੋਰੀਅਨ-ਸਤਿਗੁਰੂ ਬਿਲਾਸ
6. ਅਮਰਜੋਤ- ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ


__ਸੰਤ ਸੰਤੋਖ ਸਿੰਘ ਜੀ ਬੰਸਾਵਲੀ__

**ਹਮੀਰਾ**

- ਸੁਰਜਨ ਸਿੰਘ ਉਰਫ (ਸੰਤ ਸੰਤੋਖ ਸਿੰਘ ਜੀ ਹੋਏ)
  - ਕਰਨੈਲ ਸਿੰਘ
    - ਕੁਲਦੀਪ ਸਿੰਘ (ਇਹ ਮੈਨੂੰ 28-3-2009 ਈ. ਨੂੰ ਪਿੰਡ ਬਾਹੋਵਾਲ ਵਿੱਚ ਮਿਲੇ ਸਨ ਜੋ 29 ਦਸੰਬਰ 2018 ਨੂੰ ਸੁਰਗਵਾਸ ਹੋਏ)
      - ਗੋਬਿੰਦਰ ਸਿੰਘ
        - ਮਨਵੀਰ ਸਿੰਘ
        - ਮਨੀਤ ਸਿੰਘ
      - ਬਲਵਿੰਦਰ ਸਿੰਘ
        - ਨਵਰੂਪ ਸਿੰਘ
          - ਇਸਾਨਵੀਰ ਸਿੰਘ
      - ਬਲਰਾਜ ਸਿੰਘ
        - ਪਰਨੀਤ ਸਿੰਘ
          - ਦਮਨਦੀਪ ਸਿੰਘ
          - ਮਹਿਤਾਬ ਸਿੰਘ
  - ਹਰਬੰਸ ਸਿੰਘ
  - ਬਲਵੰਤ ਸਿੰਘ (ਨਿਰਸੰਤਾਨ ਰਿਹਾ ਜੋ ਉੜੀਸਾ ਵਲ ਚਲਾ ਗਿਆ)
  - ਤਾਰਾ ਸਿੰਘ
    - ਜਗਜੀਤ ਸਿੰਘ
    - ਦਲਜੀਤ ਸਿੰਘ
    - ਕੁਲਤਾਰ ਸਿੰਘ
    - ਸੁਰਜੀਤ ਸਿੰਘ
- ਅਮਰ ਸਿੰਘ
- ਬਸੰਤ ਸਿੰਘ

# ਨਾਮਧਾਰੀ ਲਹਿਰ ਅਤੇ ਬਾਬਾ ਰਾਮ ਸਿੰਘ ਜੀ

ਗਿਆਨੀ ਹੀਰਾ ਸਿੰਘ ਦੀ ਸੰਪਾਦਕੀ ਹੇਠ ਛਪਦੀ ਮਾਸਿਕ ਪੱਤ੍ਰਿਕਾ 'ਫੁਲਵਾੜੀ' ਦੇ ਪੋਹ ਮਾਘ 1986 ਬਿ. ਮੁਤਾਬਿਕ (ਜਨਵਰੀ 1930 ਈ.) ਨੂੰ ਸਿੱਖ ਇਹਿਤਾਸ ਵਿਸ਼ੇਸ਼ ਅੰਕ ਵਿੱਚ ਇਹ ਲੇਖ ਛਪਿਆ ਸੀ। ਉਸ ਵਿਸ਼ੇਸ਼ ਅੰਕ ਦਾ ਸੰਪਾਦਕ ਸ. ਕਰਮ ਸਿੰਘ ਹਿਸਟੋਰੀਅਨ ਸੀ। ਸਾਨੂੰ ਇਸ ਲੇਖ ਦੀ ਪ੍ਰਾਪਤੀ ਸਿੱਖ ਇਤਿਹਾਸ ਖੋਜੀ ਦਵਿੰਦਰ ਸਿੰਘ ਗਿੱਲ (ਜੀਆ ਨੱਥਾ) ਤੋਂ ਹੋਈ ਹੈ।

**ਸ. ਗੁਰਪਾਲ ਸਿੰਘ ਲੰਡਨ**

(ਸ. ਗੁਰਪਾਲ ਸਿੰਘ ਜੀ ਨੇ ਨਾਮਧਾਰੀ ਲਹਿਰ ਬਾਬਤ ਜੋ ਵੀ ਲਿਖਿਆ ਹੈ, ਬੜੀ ਮਿਹਨਤ ਤੇ ਪੜਚੋਲ ਨਾਲ ਲਿਖਿਆ ਹੈ। ਇਹ ਗਲਾਂ ਭਾਵੇ ਕੱਲ ਦੀਆਂ ਹਨ ਪਰ ਸਾਨੂੰ ਭੁਲਦੀਆਂ ਜਾ ਰਹੀਆਂ ਹਨ। ਇਹ ਸਾਡੀ ਬੇਸਮਝੀ ਹੈ, ਕਿ ਅਸੀਂ ਨਾਮਧਾਰੀ ਭਰਾਵਾਂ ਨੂੰ ਆਪਣੇ ਤੋਂ ਅੱਡ ਸਮਝਦੇ ਹਾਂ। ਸਿੱਖੀ ਦੇ ਸਮੁੰਦਰ ਵਿੱਚ ਅਨੇਕਾਂ ਲਹਿਰਾਂ ਉਠੀਆ ਹਨ, ਤੇ ਅਨੇਕਾਂ ਅਗਾਹਾਂ ਨੂੰ ਉਠਣਗੀਆਂ ਪਰ ਵਾਸਤਵ ਵਿੱਚ ਇਹ ਸਿੱਖੀ ਸਪਿਰਟ ਦੀਆਂ ਝਲਕਾਂ ਹਨ। ਅਸੀਂ ਆਪਣਾ ਪੁਰਾਣਾ ਇਤਿਹਾਸ ਤਾਂ ਛੱਡ ਛੱਡਿਆ ਹੈ ਨਵਾਂ ਵੀ ਨਹੀਂ ਸਾਂਭ ਰਹੇ। ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਅਕਾਲੀ ਲਹਿਰ ਇਹ ਪੁਰਾਣੀਆਂ ਗੱਲਾਂ ਨਹੀਂ ਹਨ ਪਰ ਅਸੀਂ ਇਹਨਾਂ ਲਹਿਰਾਂ ਦੇ ਠੀਕ ਠਾਕ ਹਾਲ ਇਕੱਠੇ ਕਰਨ ਦਾ ਯਤਨ ਨਹੀਂ ਕੀਤਾ। ਅਜੇ ਤੀਕ ਬਹੁਤ ਨਾਮਧਾਰੀ ਮਿਲ ਸਕਦੇ ਹਨ, ਜੋ ਬਹੁਤ ਕੁਝ ਦੱਸ ਸਕਦੇ ਹਨ। ਮੈਂ ਜਦ ਰੜ ਤੇ ਸ਼ੇਰਪੁਰ ਤੇ ਕੋਟਲੇ ਜਾਕੇ ਹਾਲ ਇਕੱਠੇ ਕੀਤੇ ਸਨ, ਤਾਂ ਬਹੁਤ ਦਰਦਨਾਕ ਕਹਾਣੀਆਂ ਸੁਣੀਆਂ ਸਨ। ਇਹ ਕਹਾਣੀਆਂ ਹੀ ਸਾਡਾ ਸ਼ਾਨਦਾਰ ਇਤਿਹਾਸ ਹਨ। ਕਰਤਾਰ ਸਾਨੂੰ ਸੁਮੱਤ ਦੇਵੇ, ਅਸੀਂ ਸਾਡੇ ਸੂਰਮਿਆਂ ਤੇ ਸ਼ਹੀਦਾਂ ਦੇ ਹਾਲ ਇਕੱਠੇ ਕਰਨ ਜੋਗੇ ਹੋ ਜਾਈਏ। ਸਰਦਾਰ ਗੁਰਪਾਲ ਸਿੰਘ ਜੀ ਨੇ ਨਾਮਧਾਰੀ ਇਤਿਹਾਸ ਦੀ ਇੱਕ ਝਾਕੀ ਵਿਖਾਈ ਹੈ। ਜੇਕਰ ਯਤਨ ਕੀਤਾ ਜਾਵੇ ਤਾਂ ਐਸੀਆਂ ਅਨੇਕਾਂ ਝਾਕੀਆਂ ਸਾਡੇ ਸਾਮਣੇ ਆ ਸਕਦੀਆਂ ਹਨ। ਲੋੜ ਕੇਵਲ ਉਦਮ ਦੀ ਹੈ। ਅੰਗਰੇਜੀ ਪੁਸਤਕਾਂ ਵਿੱਚ ਨਾਮਧਾਰੀ ਲਹਿਰ ਨੂੰ ਕੂਕਾ ਲਹਿਰ ਕਰਕੇ ਲਿਖਿਆ ਹੈ, ਸੋ ਸਰਦਾਰ ਜੀ ਨੇ ਵੀ ਉਹੋ ਹੀ ਪਦ ਵਰਤਿਆ ਹੈ।) ਕਰਮ ਸਿੰਘ ਹਿਸਟੋਰੀਅਨ ਅੱਜ ਕੱਲ੍ਹ ਪੰਜਾਬ ਅਤੇ

ਪੰਜਾਬ ਤੋਂ ਬਾਹਰ ਮਾਰਸ਼ਲ ਲਾਅ ਦੇ ਸਾਕੇ ਬੱਚੇ-ਬੱਚੇ ਦੀ ਜੁਬਾਨ ਉੱਤੇ ਹੈ, ਜਿਸਦਾ ਕਾਰਨ ਇਹ ਹੈ ਕਿ ਸਾਡੀ ਅੱਜ ਕਲ ਆਵਾਜ਼ ਬੜੀ ਜਬਰਦਸਤ ਹੈ, ਪ੍ਰੈਸ ਸਾਡੇ ਹੱਥ ਵਿੱਚ ਹੈ ਸੂਬਿਆਂ ਦੀਆਂ ਹੱਦਾਂ ਟੁੱਟ ਚੁਕੀਆਂ ਹਨ ਅਤੇ ਸਾਡੇ ਵਿੱਚ ਹਿੰਦੁਸਤਾਨੀ ਹੋਣ ਦੀ ਸਪਿਰਟ ਆ ਗਈ ਹੈ ਪਰ ਅੱਜ ਤੋਂ 57 ਸਾਲ ਪਹਿਲਾਂ ਵੀ ਪੰਜਾਬ ਦੀ ਜਮੀਨ ਉੱਤੇ ਡਾਇਰ ਤੇ ਉਡਵਾਇਰ ਦੇ ਮੁਕਾਬਲੇ ਦੇ ਆਦਮੀ ਪੈਦਾ ਹੋ ਚੁਕੇ ਹਨ। ਉਹਨਾਂ ਦੇ ਨਾਮ ਅਤੇ ਕਾਰਨਾਮੇ ਆਮ ਪਬਲਿਕ ਨੂੰ ਨਹੀਂ ਪਤਾ। ਜਿਸਦਾ ਕਾਰਨ ਸਿੱਖ ਇਤਿਹਾਸਕਾਰਾਂ ਦੀ ਅਣਗਹਿਲੀ ਹੈ। ਉਨ੍ਹਾਂ ਦੋ ਸਜਨਾਂ ਦੇ ਨਾਮ ਸਰ ਡਗਲਸ ਫੋਰਸਿਥ ਅਤੇ ਮਿਸਟਰ ਐਲ ਕਾਵਨ ਹਨ। ਪਹਿਲਾ ਅੰਬਾਲਾ ਡਵੀਜਨ ਦਾ ਕਮਿਸ਼ਨਰ ਅਤੇ ਦੂਜਾ ਜ਼ਿਲ੍ਹਾ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਸੀ। ਜੋ ਕੁਝ ਇੰਨ੍ਹਾਂ ਕੀਤਾ ਉਹ ਆਮ ਲੋਕਾਂ ਨੂੰ ਨਹੀਂ ਪਤਾ। ਉਸ ਸਮੇਂ ਵੀ ਸਾਰੇ ਹਾਲ ਆਮ ਦੇਸ਼ ਵਾਸੀਆਂ ਪਾਸ ਨਹੀਂ ਪੁੱਜੇ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਪਬਲਿਕ ਦੀ ਕੋਈ ਆਵਾਜ਼ ਨਹੀਂ ਸੀ ਅਤੇ ਅੱਜ ਵਾਂਗ ਪ੍ਰੈਸ ਤਗੜਾ ਨਹੀ ਸੀ। ਇੰਨ੍ਹਾਂ ਦੋਵਾਂ ਸੱਜਣਾ ਦਾ ਸੰਬੰਧ ਨਾਮਧਾਰੀ ਲਹਿਰ ਨਾਲ ਹੈ। ਨਾਮਧਾਰੀ ਲਹਿਰ ਦੇ ਹਾਲ ਕਿਸੇ ਕਿਤਾਬ ਵਿੱਚ ਛਪੇ ਨਹੀਂ ਦੇਖੇ, ਹਾਂ ਇੱਕ ਦੋ ਅਖਬਾਰਾਂ ਵਿੱਚ ਬਹੁਤ ਥੋੜਾ ਹਾਲ ਦਿੱਤਾ, ਦੇਖਿਆ ਗਿਆ ਹੈ ਜਿਹੜਾ ਕਿ ਇਤਿਹਾਸਕ ਮੁਲ ਨਹੀਂ ਰੱਖਦਾ। ਇਹ ਹਾਲ ਦੇਖਕੇ ਜੋ ਕੁਝ ਮੈਨੂੰ ਇੱਥੋਂ ਹੱਥ ਲੱਗਾ, ਉਹ ਫੁਲਵਾੜੀ ਦੇ ਪਾਠਕਾਂ ਅੱਗੇ ਰੱਖਦਾ ਹਾਂ। ਜਿਤਨਾ ਕੁਝ ਹੇਠਾਂ ਦਰਜ ਹੈ, ਉਹ ਸਾਰੇ ਦਾ ਸਾਰਾ ਅੰਗ੍ਰੇਜੀ ਅਖਬਾਰਾਂ ਵਿੱਚੋਂ ਇਕੱਠਾ ਕੀਤਾ ਗਿਆ ਹੈ। ਕਿਸੇ ਸਿੱਖ ਵਿਦਵਾਨ ਦੀ ਕੋਈ ਅਜਿਹੀ ਪੁਸਤਕ ਨਹੀਂ ਮਿਲੀ ਜਿਸ ਵਿੱਚ ਨਾਮਧਾਰੀ ਲਹਿਰ ਦੇ ਹਾਲ ਦਰਜ ਹੋਣ। ਆਸ਼ਾ ਹੈ ਕਿ ਜੇ ਕਿਸੇ ਵਿਦਵਾਨ ਨੂੰ ਵਧੇਰੇ ਪਤਾ ਹੋਵੇ ਜਾਂ ਇਸ ਲੇਖ ਵਿੱਚ ਕੋਈ ਗਲਤੀ ਦਿਸੇ ਤਾਂ ਉਹ ਫੁਲਵਾੜੀ ਰਾਹੀਂ ਗਿਆਤ ਕਰ ਦੇਵੇਗਾ।

ਸਿੱਖ ਰਾਜ ਦੇ ਡਿੱਗ ਪੈਣ ਦੇ ਮਗਰੋਂ ਸਿੱਖ ਇਤਿਹਾਸ ਦਾ ਨਵਾਂ ਹਿੱਸਾ ਆਰੰਭ ਹੁੰਦਾ ਹੈ ਜਿਸਦਾ ਅੰਤ ਅਕਾਲੀ ਲਹਿਰ ਦੇ ਸ਼ੁਰੂ ਹੋਣ ਨਾਲ ਹੁੰਦਾ ਹੈ। ਇੰਨ੍ਹਾਂ 70 ਸਾਲਾਂ ਵਿੱਚ ਸਭ ਤੋਂ ਉੱਘੇ ਸਿੱਖ ਬਾਬਾ ਰਾਮ ਸਿੰਘ ਜੀ ਹਨ ਅਤੇ ਉਹ ਇਤਿਹਾਸ ਦੀ ਚੋਟੀ ਉੱਤੇ ਹਨ। ਉਨ੍ਹਾਂ ਨੇ ਸਿੱਖ ਧਰਮ ਦੀ ਜੋ ਸੇਵਾ ਕੀਤੀ ਹੈ, ਉਸ ਨੂੰ ਸਮਝਣ ਲਈ ਜਰੂਰੀ ਹੈ ਕਿ ਉਸ ਸਮੇਂ ਦੇ ਹਾਲਾਂ ਨੂੰ ਪੰਥਕ ਨੁਕਤਿਆਂ ਰਾਹੀ ਦੇਖਿਆ ਜਾਵੇ। ਸਿੱਖ ਪੰਜਾਬ ਉੱਤੇ ਰਾਜ ਕਰ ਚੁਕੇ ਸਨ। ਇਸ ਲਈ ਜਦੋਂ ਸਿੱਖ ਰਾਜ ਦਾ ਖਾਤਮਾ ਹੋਇਆ ਤਾਂ ਜਰੂਰੀ ਸੀ ਕਿ ਸਿੱਖਾਂ ਵਿੱਚ ਕੁਝ ਤਬਦੀਲੀਆਂ ਆਉਂਦੀਆਂ। ਆਪਣਾ ਰਾਜ ਹਰ ਇੱਕ ਕੌਮ ਵਿੱਚ ਸਵੈਮਾਨ, ਆਕੜ, ਦੇਸ਼ ਭਗਤੀ ਅਤੇ ਆਜ਼ਾਦੀ ਦੀ ਰੂਹ ਪੈਦਾ ਕਰ ਦਿੰਦਾ ਹੈ। ਸਵੈਰਾਜ ਖੁਸ ਜਾਣ ਨਾਲ ਹੌਲੀ-ਹੌਲੀ ਇਹ ਸਾਰੇ ਗੁਣ ਵਿਦਾ ਹੋ ਜਾਂਦੇ ਹਨ। ਜਿਸ ਵੇਲੇ ਅਠਾਰਾਂ ਸੌ ਸਤਵੰਜਾ ਦਾ ਗਦਰ ਸ਼ੁਰੂ ਹੋਇਆ ਤਾਂ ਲੋਕਾਂ ਨੂੰ ਖਿਆਲ ਸੀ ਕਿ ਸਿੱਖਾਂ ਨੂੰ ਲਾਰਡ ਡਲਹੌਜੀ ਯਾਦ ਹੋਵੇਗਾ। ਪਰ ਸਿੱਖਾਂ ਨੇ ਲੋਕਾਂ ਦੀ ਆਸ਼ਾ ਵਿਰੁੱਧ ਕੰਮ ਕੀਤਾ। ਸਿੱਖਾਂ ਨੂੰ ਹੌਲੀ-ਹੌਲੀ ਪਤਾ ਲੱਗ ਗਿਆ ਕਿ ਆਜ਼ਾਦੀ ਅਤੇ ਗੁਲਾਮੀ ਦੇ ਜੀਵਣ ਵਿੱਚ ਬੜਾ ਫਰਕ ਹੈ ਅਤੇ ਜਿਹੜੀ ਉਨ੍ਹਾਂ ਦੀ ਸ਼ਾਨ ਆਪਣੇ ਰਾਜ ਵਿੱਚ ਸੀ ਉਹ ਅਲੋਪ ਹੋ ਗਈ ਹੈ। ਰਾਜਸੀ ਤਬਦੀਲੀ ਦਾ ਅਸਰ ਸਿੱਖਾਂ ਦੀ ਗਿਣਤੀ ਉੱਤੇ ਵੀ ਪੈਣਾ ਸੀ। ਕਿਸੇ ਇੱਕ ਕੌਮ ਦਾ ਦੂਜੀਆਂ ਕੌਮਾਂ ਉੱਤੇ ਰਾਜ ਉਸ ਕੌਮ ਦੀ ਗਿਣਤੀ ਵਧਾਉਣ ਵਿੱਚ ਬੜੀ ਸਹਾਇਤਾ ਕਰਦਾ ਹੈ ਕਿਉਂਕਿ ਆਮ ਲੋਕ ਮਾਲਕਾਂ ਦੇ ਫੈਸ਼ਨ ਪਿੱਛੇ ਲੱਗ ਜਾਂਦੇ ਹਨ। ਇਸ ਕਰਕੇ ਸਿੱਖ ਰਾਜ ਦੇ ਸਮੇਂ ਸਿੱਖਾਂ ਦਾ ਨੰਬਰ ਕਾਫੀ ਵੱਧ ਚੁੱਕਾ ਸੀ। ਸੰਮਤ ਅਠਾਰਾਂ ਸੋ ਪਚਵੰਜਾ ਵਿੱਚ ਅੰਗਰੇਜਾਂ ਨੇ ਪੰਜਾਬ ਦੀ ਪਹਿਲੀ ਵਾਰ ਮਰਦਮ ਸ਼ੁਮਾਰੀ ਕੀਤੀ ਭਾਵੇਂ ਸਿੱਖ ਰਾਜ ਸਮੇਂ ਕਦੇ ਮਰਦਮ ਸੁਮਾਰੀ ਨਹੀਂ ਹੋਈ ਤਦ ਵੀ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਅਠਾਰਾਂ ਸੌਂ ਪਚਵੰਜਾ ਵਿੱਚ ਸਿੱਖਾਂ ਦੀ ਗਿਣਤੀ ਕਾਫ਼ੀ ਘੱਟ ਗਈ ਸੀ ਇਸ ਦਾ ਕਾਰਨ ਸਰ ਲੇਪਲ ਗਰਿਫਨ ਹੇਠ ਲਿਖਿਆ ਦਸਦੇ ਸਨ-

"ਖਾਲਸਾ ਸਦਾ ਲਈ ਡਿੱਗ ਚੁੱਕਾ ਸੀ ਸਿੱਖਾਂ ਨੂੰ ਪਤਾ ਨਹੀਂ ਸੀ ਕਿ ਆਪਣੇ ਨਵੇਂ ਮਾਲਕਾਂ ਜਿੰਨ੍ਹਾਂ ਨਾਲ ਸਿੱਖਾਂ ਨੇ ਦੋ ਲੜਾਈਆਂ ਕੀਤੀਆਂ ਸਨ ਅਤੇ ਇੰਨ੍ਹਾਂ ਦੋ ਲੜਾਈਆਂ ਦਾ ਖਰਚ ਉਨ੍ਹਾਂ ਉੱਤੇ ਪਾਇਆ ਸੀ- ਦੀ ਟੈਂਪਰਾਮੈਂਟ (ਤਬੀਅਤ) ਕਿਹੋ ਜਿਹੀ ਹੈ ਕਿਉਂਕਿ ਪਿੱਛੇ ਦਿੱਤੇ ਗਏ ਕਾਰਨਾਂ ਕਰਕੇ ਉਹ ਸਿੱਖਾਂ ਨੂੰ ਸ਼ਾਇਦ ਚੰਗੀ ਨਜਰ ਨਾਲ ਨਾ ਦੇਖਦੇ ਹੋਣ। ਇੰਨ੍ਹਾਂ ਕਾਰਨਾਂ ਕਰਕੇ ਹੀ ਸਿੱਖ ਨੀਵੇਂ ਰਹੇ ਅਤੇ ਉਨ੍ਹਾਂ ਨੇ ਆਪਣੀ ਔਲਾਦ ਨੂੰ ਕੁਝ ਸਮੇਂ ਅੰਮ੍ਰਿਤ ਛਕਾਉਣਾ ਬੰਦ ਕਰ ਦਿੱਤਾ। ਕਿਉਂਕਿ ਉਨ੍ਹਾਂ ਇਹ ਚੰਗਾ ਸਮਝਿਆ ਕਿ ਸਮੇਂ ਨੂੰ ਦੇਖਿਆ ਜਾਵੇ ਅਤੇ ਪਾਹੁਲ ਮੁਲਤਵੀ ਕਰ ਦਿੱਤੀ ਜਾਵੇ।" 1868 ਦੀ ਮਰਦਮ ਸ਼ੁਮਾਰੀ ਵਿੱਚ ਅੰਗਰੇਜੀ ਇਲਾਕੇ ਵਿੱਚ ਸਿੱਖਾਂ ਦੀ ਗਿਣਤੀ ਦੱਸ ਹਜ਼ਾਰ ਪਿੱਛੇ ਛੇ ਸੌ

ਪੰਜਾਹ ਸੀ। ਪਿਛਲੇ ਤੇਰਾਂ ਸਾਲਾਂ ਵਿੱਚ ਸਿੱਖਾਂ ਨੇ ਥੋੜੀ ਜਿਹੀ ਤਰੱਕੀ ਕੀਤੀ ਸੀ। 1881 ਵਿੱਚ ਛੇ ਸੌ ਪੰਜਾਹ ਤੋਂ ਪੰਜ ਸੌ ਪਚਾਨਵੇਂ ਤੱਕ ਆ ਗਿਆ ਸੀ ਇਸਦਾ ਕਾਰਨ ਹਿੰਦੂ ਧਰਮ ਦਾ ਅਸਰ ਸੀ। ਸਿੱਖ ਪਿਛਲੇ ਕਈ ਸਾਲ ਜੰਗਾਂ ਵਿੱਚ ਰੁਝੇ ਰਹੇ ਅਤੇ ਪਿੱਛੋਂ ਕੁਝ ਸਮਾਂ ਆਪਣੇ ਰਾਜ ਦੀ ਮਸਤੀ ਵਿੱਚ ਰਹੇ। ਇੰਨ੍ਹਾ ਕਾਰਨਾਂ ਕਰਕੇ ਸਿੱਖਾਂ ਦੀ ਆਤਮਿਕ ਸੁਤੰਤਰਤਾ ਵੱਲ ਏਡਾ ਖਿਆਲ ਨਹੀਂ ਸੀ ਰਿਹਾ। ਬਾਬਾ ਰਾਮ ਸਿੰਘ ਜੀ ਤੋਂ ਪਹਿਲਾਂ ਕਈਆਂ ਸਾਲਾਂ ਵਿੱਚ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਹੀ ਇੱਕ ਅਜਿਹੇ ਪੁਰਸ਼ ਸਨ ਜਿਹੜੇ ਕਿ ਆਤਮਿਕ ਜੀਵਨ ਨੂੰ ਉੱਚਾ ਚੁੱਕਣ ਲਈ ਪੰਜਾਬ ਦਾ ਚੱਕਰ ਲਾਂਦੇ ਰਹਿੰਦੇ ਸਨ। ਅੰਗਰੇਜੀ ਰਾਜ ਆਉਣ ਨਾਲ ਪਾਣੀ ਦੇ ਨਲਕੇ ਲਾਏ ਗਏ। ਜਿੱਥੋਂ ਹਰ ਇੱਕ ਕੌਮ ਦੇ ਆਦਮੀ ਨੌਕਰੀ ਕਰ ਸਕਦੇ ਸਨ। ਰੇਲਾਂ ਵਿੱਚ ਹਰ ਕੋਈ ਸਫਰ ਕਰ ਸਕਦਾ ਸੀ। ਗਊ ਬੱਧ ਲਈ ਬੁੱਚੜ ਖਾਨੇ ਕਈ ਜਗ੍ਹਾ ਤੇ ਖੁੱਲ ਚੁਕੇ ਸਨ। ਜਮੀਨਾਂ ਸਰਕਾਰ ਵੇਚ ਰਹੀ ਸੀ। ਇਹ ਸਾਰੀਆਂ ਗੱਲਾਂ ਦੇਖ ਕੇ ਲੋਕਾਂ ਨੂੰ ਖਿਆਲ ਹੁੰਦਾ ਜਾਂਦਾ ਸੀ ਕਿ ਉਨ੍ਹਾਂ ਦਾ ਨਵੇ ਰਾਜ ਵਿੱਚ ਗੁਜ਼ਾਰਾ ਨਹੀਂ ਹੋ ਸਕੇਗਾ। ਕਈਆਂ ਜੁੰਮੇਵਾਰ ਸੱਜਣਾਂ ਦੀਆਂ ਲਿਖਤਾਂ ਅਤੇ ਤਕਰੀਰਾਂ ਤੋਂ ਲੋਕਾਂ ਨੂੰ ਇਹ ਵੀ ਖਿਆਲ ਹੋ ਗਿਆ ਕਿ ਅੰਗਰੇਜ਼ੀ ਰਾਜ ਲੋਕਾਂ ਨੂੰ ਇਸਾਈ ਬਣਾਉਣ ਲਈ ਆਇਆ ਹੈ। ਇੰਨ੍ਹਾਂ ਸਾਰੀਆਂ ਗੱਲਾਂ ਦਾ ਅਸਰ ਸਿੱਖਾਂ ਉੱਤੇ ਸਭ ਤੋਂ ਵੱਧ ਅਤੇ ਪਹਿਲਾਂ ਹੋਇਆ ਸੀ। ਸਿੱਖ ਰਾਜ ਦੇ ਢਹਿਣ ਨਾਲ ਜਿਹੜੀਆਂ ਅਦਲਾ ਬਦਲੀਆਂ ਆਈਆਂ, ਉਹ ਉੱਤੇ ਦਿੱਤੀਆਂ ਜਾ ਚੁਕੀਆਂ ਹਨ, ਏਸ ਲਈ ਲੋੜ ਸੀ ਕਿ ਕੋਈ ਅਜਿਹਾ ਮਹਾਂ ਪੁਰਸ਼ ਪੈਦਾ ਹੋਵੇ ਜੋ ਸਿੱਖਾਂ ਦੀ ਰਾਜਸੀ, ਭਾਈਚਾਰਕ, ਸਮਾਜਕ ਅਤੇ ਆਤਮਕ ਅਵਸਥਾ ਨੂੰ ਉੱਚਿਆਂ ਕਰ ਦੇਵੇ।

ਆਖਰ ਅਜਿਹੇ ਮਹਾਂ ਪੁਰਸ਼ ਵੀ ਪੈਦਾ ਹੋ ਗਏ, ਇੰਨ੍ਹਾਂ ਦਾ ਪਵਿੱਤਰ ਨਾਮ ਬਾਬਾ ਰਾਮ ਸਿੰਘ ਸੀ। ਆਪ ਜੀ ਨੇ ਰਾਮਗੜ੍ਹੀਆ ਘਰਾਣੇ ਵਿੱਚ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ ਵਿੱਚ ਸੰਮਤ ਅਠਾਰਾਂ ਸੋ ਬਹੱਤਰ ਵਿੱਚ ਪੈਦਾ ਹੋਏ। ਖਾਲਸਾ ਫ਼ੌਜ ਵਿੱਚ ਨੌਕਰੀ ਕੀਤੀ। ਡੋਗਰਾ ਸ਼ਾਹੀ ਅਤੇ ਡਲਹੋਜ਼ੀ ਸ਼ਾਹੀ ਆਪ ਜੀ ਨੇ ਅੱਖੀ ਦੇਖੀ। ਆਪ ਜੀ ਦੀ ਭਗਤੀ ਵੱਲ ਬਹੁਤ ਰੁਚੀ ਸੀ। ਅਕਾਲ ਪੁਰਖ ਨੂੰ ਮਨਜੂਰ ਸੀ ਕਿ ਆਪ ਜੀ ਹਜਾਰਾਂ ਆਦਮੀਆਂ ਦੀ ਅਗਵਾਈ ਕਰੋ। ਸੋ ਆਪ ਜੀ ਫ਼ੌਜ ਵਿੱਚੋਂ ਨੌਕਰੀ ਛੱਡ ਕੇ ਪਿੰਡ ਆ ਗਏ। ਪਿੱਛੋਂ 1857 ਦਾ ਗ਼ਦਰ ਵੀ ਆਪ ਜੀ ਨੇ ਆਪਣੀ ਅੱਖੀ ਡਿੱਠਾ। ਸਵੈਧੀਨਤਾ ਅਤੇ ਪ੍ਰਧਾਨੀਤਾ ਦਾ ਜੀਵਨ ਦਾ ਆਪ ਜੀ ਫਰਕ ਵੇਖ ਚੁਕੇ ਸਨ ਅਤੇ ਪੰਥ ਦੀ ਢਹਿੰਦੀ ਕਲਾ ਵੀ ਆਪ ਜੀ ਦੇ ਸਾਹਮਣੇ ਸੀ। ਬਾਬਾ ਜੀ ਨੇ ਪਿੰਡ ਆ ਕੇ ਇਲਾਕੇ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਆਪ ਜੀ ਪੱਛਮੀ ਤਹਿਜੀਬ ਤੋਂ ਪੰਜਾਬ ਨੂੰ ਬਚਾਉਣਾ ਚਾਹੁੰਦੇ ਸਨ। ਆਪ ਨੇ ਇਸ ਮਤਲਬ ਲਈ ਸਿੱਖਾਂ ਦੀ ਜਥੇਬੰਦੀ ਕਰਨੀ ਸ਼ੁਰੂ ਕਰ ਦਿੱਤੀ। ਆਪ ਦੇ ਪ੍ਰੋਗਰਾਮ ਵਿੱਚ ਧਰਮ, ਰਾਜਨੀਤੀ ਅਤੇ ਸਮਾਜਕ ਰਹੁ ਰੀਤਾਂ ਮਿਲੀਆਂ ਹੋਈਆਂ ਹਨ। ਆਪਨੇ ਪੰਜਾਬ ਨੂੰ ਬਾਈ ਵਖਰੇ ਵਖਰੇ ਹਿੱਸਿਆਂ ਵਿਚ ਵੰਡਿਆ ਅਤੇ ਹਰ ਇੱਕ ਹਿੱਸੇ ਦੇ ਜਥੇਦਾਰ ਨੂੰ ਸੂਬੇ ਦਾ ਨਾਮ ਦਿੱਤਾ। ਸਿੱਖ ਰਹਿਤ ਨਾਮਿਆਂ ਨੂੰ ਮੁੜ ਸੁਰਜੀਤ ਕੀਤਾ ਅਤੇ ਸਿੱਖਾਂ ਵਿੱਚ ਸਿੱਖੀ ਜੀਵਨ ਪੈਦਾ ਕੀਤਾ। ਬਾਲ ਵਿਆਹ, ਸ਼ਰਾਬ, ਵਿਆਹਾਂ ਤੇ ਨਜਾਇਜ਼ ਖਰਚ, ਕੁੜੀਆਂ ਦਾ ਮਾਰਨਾ ਅਤੇ ਕੁੜੀਆਂ ਵੇਚਣ ਆਦਿ ਦੇ ਵਿਰੁੱਧ ਪੰਜਾਬ ਵਿੱਚ ਫਿਰ ਕੇ ਵਖਿਆਨ ਕਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਨੂੰ ਜਿਸਮਾਨੀ ਅਤੇ ਘਰੋਗੀ ਸਫ਼ਾਈ ਦੇ ਵੱਲ ਖਿਆਲ ਦੇਣ ਲਈ ਕਿਹਾ। ਗੁਰਬਾਣੀ ਤੋਂ ਬਿਨਾਂ ਹੋਰ ਹਰ ਇੱਕ ਮੰਤਰਾਂ ਦਾ ਪੜਨਾ ਬੰਦ ਕਰ ਦਿੱਤਾ ਅਤੇ ਪਖੰਡੀਆਂ ਸਾਧਾਂ ਸੰਤਾਂ ਦੀ ਪੂਜਾ ਛੁੱਡਾ ਕੇ ਸਿੱਖਾਂ ਨੂੰ ਸਿੱਧੇ ਰਸਤੇ ਪਾਇਆ। ਆਪ ਜੀ ਗਊ ਬੱਧ ਦੇ ਸਖਤ ਖਿਲਾਫ਼ ਸਨ ਤੇ ਇਸਦੇ ਵਿਰੁੱਧ ਜੋਰ ਨਾਲ ਪ੍ਰਚਾਰ ਕਰਦੇ ਸਨ। ਕਪੜੇ ਪਹਿਨਣ ਦੇ ਰੰਗਾਂ ਵਿੱਚ ਵੀ ਭਾਰੀ ਤਬਦੀਲੀ ਕੀਤੀ। ਹਰ ਇੱਕ ਸਿੱਖ ਤੋਂ ਦਸਵੰਧ ਲੈਣਾ ਸ਼ੁਰੂ ਕੀਤਾ। ਆਪ ਜੀ ਦਾ ਪ੍ਰੋਗਰਾਮ ਵੀ ਬਾ ਸਖਤ ਸੀ। ਸਰਕਾਰ ਦੀਆਂ ਨੌਕਰੀਆਂ, ਸਰਕਾਰੀ ਕਚਹਿਰੀਆਂ, ਡਾਕਖਾਨੇ ,ਤਾਰ ਘਰ ਅਤੇ ਰੇਲਵੇ ਆਦਿ ਦਾ ਬਾਈਕਾਟ ਕੀਤਾ। ਬਦੇਸ਼ੀ ਕੱਪੜੇ ਅਤੇ ਬਦੇਸ਼ੀ ਚੀਜਾਂ ਨੂੰ ਵਰਤਣਾ ਬੰਦ ਕਰ ਦਿੱਤਾ। ਪਿੰਡਾਂ ਵਿੱਚ ਮੁਕਦਮਿਆਂ ਦਾ ਫੈਸਲਾ ਕਰਨ ਲਈ ਪੰਚਾਇਤਾਂ ਬਣਾਈਆਂ। ਹਰ ਇੱਕ ਨੂੰ ਹੱਥਾਂ ਦਾ ਕੱਤਿਆ ਹੋਇਆ ਅਤੇ ਬੁਣਿਆ ਹੋਇਆ ਖੱਦਰ ਦਾ ਲਿਬਾਸ ਪਾਣਾ ਪੈਂਦਾ ਸੀ। ਮਹਾਤਮਾ ਗਾਂਧੀ ਦਾ ਪ੍ਰੋਗਰਾਮ ਵੀ ਤਕਰੀਬਨ ਇਹੀ ਸੀ ਪਰ ਇਸ ਵਿੱਚ ਸਤਿਆਗ੍ਰਹਿ, ਸਿਵਲ ਨਾਫੁਰਮਾਨੀ ਅਤੇ ਛੂਤ ਛਾਤ ਨੂੰ ਦੂਰ ਕਰਨਾ ਆਦਿ ਵਾਧੂ ਦੀਆਂ ਗੱਲਾਂ ਸਨ। ਦੇਸੀ ਲਹਿਰ ਨੂੰ ਸਭ ਤੋਂ ਪਹਿਲਾਂ ਚਲਾਉਣ ਵਾਲੇ ਬਾਬਾ ਰਾਮ ਸਿੰਘ ਜੀ ਹਨ। ਇਸ ਤੋਂ ਪਹਿਲਾਂ ਹਿੰਦੂਸਤਾਨ ਵਿੱਚ ਕਿਸੇ ਹੋਰ ਆਦਮੀ ਨੇ ਅਜਿਹਾ ਪ੍ਰੋਗਰਾਮ ਨਹੀਂ ਘੜਿਆ। ਹਾਂ ਮਹਾਤਮਾ ਗਾਂਧੀ ਨੇ ਇਸ ਵਿੱਚ ਉੱਤੇ ਦੱਸੇ ਅਨੁਸਾਰ ਵਾਧਾ ਜਰੂਰ ਕੀਤਾ ਹੈ। ਬਾਬਾ ਰਾਮ ਸਿੰਘ ਜੀ ਦਾ ਪ੍ਰੋਗਰਾਮ ਕਿਸੇ

ਪੁਸਤਕ ਵਿੱਚ ਛਪਿਆਂ ਹੋਇਆ ਨਹੀਂ ਰਿਹਾ। ਪਰੰਤੂ ਅੱਜ ਤੱਕ ਹਜਾਰਾਂ ਆਦਮੀਆਂ ਨੇ ਏਸ ਨੂੰ ਅਮਲੀ ਜੀਵਨ ਵਿੱਚ ਲਿਆਂਦਾ ਹੈ। ਬਾਬਾ ਜੀ ਥੋੜੇ ਸਮੇਂ ਵਿੱਚ ਹੀ ਪੰਜਾਬ ਵਿੱਚ ਉੱਘੇ ਹੋ ਗਏ ਅਤੇ ਜਿਹੜੇ ਸਿੱਖ ਉਨ੍ਹਾਂ ਦੇ ਉਪਦੇਸ਼ਾਂ ਨੂੰ ਮੰਨਣ ਲੱਗ ਪਏ, ਉਨ੍ਹਾਂ ਦਾ ਨਾਮ ਨਾਮਧਾਰੀ ਪੈ ਗਿਆ। ਬਾਬਾ ਜੀ ਦਾ ਪ੍ਰਚਾਰ ਫ਼ੌਜਾਂ ਵਿੱਚ ਵੀ ਪਹੁੰਚਿਆ ਹੋਇਆ ਸੀ। ਇਹ ਸਭ ਕੁਝ ਹੁੰਦਾ ਦੇਖਕੇ ਸਰਕਾਰ ਨੂੰ ਖਿਆਲ ਹੋ ਗਿਆ ਕਿ ਇੱਕ ਖਤਰੇ ਵਾਲੀ ਸ਼੍ਰੇਣੀ ਪੈਦਾ ਹੋ ਰਹੀ ਹੈ। ਗਵਰਨਮੈਂਟ ਨੇ ਵੱਖਰੇ ਅਫ਼ਸਰ ਇਸ ਲਈ ਨੀਯਤ ਕੀਤੇ ਕਿ ਉਹ ਨਾਮਧਾਰੀ ਲਹਿਰ ਨੂੰ ਚੰਗੀ ਤਰ੍ਹਾਂ ਦੇਖਣ। ਬਾਬਾ ਜੀ ਦੇ ਤੁਰਨ ਫਿਰਨ ਵਿੱਚ ਵੀ ਰੋਕ ਲਗਾ ਦਿੱਤੀ। ਮਹਾਰਾਜਾ ਪਟਿਆਲਾ ਅਤੇ ਹੋਰ ਕਈ ਮਸ਼ਹੂਰ ਆਦਮੀਆਂ ਨੇ ਸਰਕਾਰ ਨੂੰ ਸਲਾਹ ਦਿੱਤੀ ਕਿ ਬਾਬਾ ਜੀ ਨੂੰ ਨਜ਼ਰਬੰਦ ਕਰ ਦਿੱਤਾ ਜਾਵੇ ਨਹੀਂ ਤਾਂ ਚੰਗਾ ਨਹੀਂ ਹੋਵੇਗਾ। ਇਹੋ ਸਲਾਹ ਕਈ ਸਰਕਾਰੀ ਅਫ਼ਸਰਾਂ ਦੀ ਵੀ ਸੀ। ਬਾਬਾ ਜੀ ਨੂੰ ਪਕੜਿਆ ਤਾਂ ਨਹੀਂ ਗਿਆ ਪਰੰਤੂ ਸਾਰੇ ਨਾਮਧਾਰੀਆਂ ਦੀ ਦੇਖਭਾਲ ਚੰਗੀ ਤਰ੍ਹਾਂ ਹੋਣ ਲੱਗੀ। ਨਾਮਧਾਰੀ ਵੀ ਚੁੱਪ-ਚਾਪ ਹੋ ਗਏ ਅਤੇ ਸਰਕਾਰ ਨੇ ਬੰਦਿਸ਼ਾਂ ਵੀ 1868 ਵਿੱਚ ਹਟਾ ਲਈਆਂ। ਬੰਦਿਸ਼ਾਂ ਹਟਣ ਦੀ ਦੇਰ ਸੀ ਕਿ ਨਾਮਧਾਰੀ ਲਹਿਰ ਹੋਰ ਸਰਗਰਮ ਹੋ ਗਈ। ਇਸ ਸਮੇਂ ਆਨੰਦਪੁਰ ਵਿੱਚ ਗੜਬੜ ਸ਼ੁਰੂ ਹੋ ਚੱਲੀ ਸੀ। ਪਰ ਬਾਬਾ ਜੀ ਨੇ ਬੜੀ ਸਿਆਣਪ ਨਾਲ ਕਾਬੂ ਪਾ ਲਿਆ। ਖ਼ਬਰ ਫੈਲੀ ਕਿ ਅੰਮ੍ਰਿਤਸਰ ਵਿੱਚ ਬੁੱਚੜਖਾਨੇ ਖੁੱਲ ਗਏ ਹਨ। ਭਾਈ ਝੰਡਾ ਸਿੰਘ ਅਤੇ ਭਾਈ ਮਿਹਰ ਸਿੰਘ ਠੱਟਾ ਜ਼ਿਲ੍ਹਾ ਅੰਮ੍ਰਿਤਸਰ ਨੇ ਬਾਬਾ ਜੀ ਤੋਂ ਆਗਿਆ ਮੰਗੀ ਕਿ ਉਹ ਬੁੱਚੜਾਂ ਦਾ ਸੁਧਾਰ ਕਰਨਾ ਚਾਹੁੰਦੇ ਹਨ। ਉਨ੍ਹਾਂ ਨਾਲ ਕਈ ਹੋਰ ਆਦਮੀ ਵੀ ਸ਼ਾਮਿਲ ਹੋ ਗਏ। ਬਾਬਾ ਜੀ ਨੇ ਉਨ੍ਹਾ ਨੂੰ ਨਾ ਕੀਤੀ ਪਰ ਫੇਰ ਵੀ ਉਹ ਬੁੱਚੜਾਂ ਦਾ ਕਤਲ ਕਰ ਆਏ। ਇਸ ਤੋਂ ਬਾਅਦ ਭਾਈ ਗੁਰਮੁੱਖ ਸਿੰਘ ਅਤੇ ਭਾਈ ਮੰਗਲ ਸਿੰਘ ਭਾਈ ਮਸਤਾਨ ਸਿੰਘ ਅਤੇ ਦੋ ਹੋਰ ਸੱਜਣਾਂ ਨੇ ਰਾਇਕੋਟ ਦੇ ਬੁੱਚੜਾਂ ਦਾ ਕਤਲ ਕਰਨ ਦੀ ਆਗਿਆ ਮੰਗੀ, ਪਰੰਤੂ ਬਾਬਾ ਜੀ ਨਾ ਮੰਨੇ ਉਨ੍ਹਾ ਨੇ ਇੰਨ੍ਹਾਂ ਨੂੰ ਰੋਕਿਆ ਪਰ ਫੇਰ ਵੀ ਉਹ ਬੁੱਚੜਾ ਨੂੰ ਜਾ ਕੇ ਕਤਲ ਕਰ ਆਏ। ਇਸੇ ਤਰ੍ਹਾਂ ਮੋਰਿੰਡੇ ਦੇ ਬੁੱਚੜ ਵੀ ਕਤਲ ਕੀਤੇ ਗਏ। ਬਾਬਾ ਜੀ ਨੇ ਇੰਨ੍ਹਾਂ ਜਰੂਰ ਕੀਤਾ ਕਿ ਕੋਈ ਰਿਪੋਰਟ ਪੁਲਿਸ ਪਾਸ ਨਾ ਕੀਤੀ ਕਾਤਲਾਂ ਨੂੰ ਭਾਲਣ ਵਿੱਚ ਮਲੇਰ-ਕੋਟਲਾ, ਜੀਂਦ, ਨਾਭਾ ਅਤੇ ਪਟਿਆਲਾ ਰਿਆਸਤਾਂ ਨੇ ਸਰਕਾਰ ਦੀ ਸਹਾਇਤਾ ਕੀਤੀ, ਸੰਮਤ 1871 ਵਿੱਚ ਬਾਰਾਂ ਨਾਮਧਾਰੀ ਇੰਨ੍ਹਾਂ ਕਤਲਾਂ ਦੇ ਸੰਬੰਧ ਵਿੱਚ ਫਾਂਸੀ ਲਾ ਦਿੱਤੇ ਗਏ, ਜਿਸ ਕਰਕੇ ਨਾਮਧਾਰੀਆਂ ਦਾ ਗੁੱਸਾ ਰਿਆਸਤਾਂ ਉੱਤੇ ਬਹੁਤ ਵਧ ਗਿਆ।

ਗਿਯਾਰਾਂ ਜਨਵਰੀ ਸੰਮਤ 1872 ਨੂੰ ਸ੍ਰੀ ਭੈਣੀ ਸਾਹਿਬ ਵਿੱਚ ਮਾਘੀ ਦਾ ਮੇਲਾ ਲੱਗਾ ਜਿੱਥੇ ਕਿ ਕਾਫ਼ੀ ਰੌਣਕ ਸੀ। ਸੁਣਿਆ ਹੈ ਕਿ ਇੱਕ ਨਾਮਧਾਰੀ ਮੇਲਾ ਦੇਖਣ ਮਲੇਰ ਕੋਟਲੇ ਥਾਣੀ ਜਾ ਰਿਹਾ ਸੀ, ਜਿੱਥੇ ਕਿ ਉਹ ਇੱਕ ਮੁਸਲਮਾਨ ਨਾਲ ਲੜ ਪਿਆ। ਪੁਲਿਸ ਨੇ ਉਸ ਨੂੰ ਕੋਤਵਾਲੀ ਲਿਜਾ ਕੇ ਮਾਰਿਆ ਅਤੇ ਉਸ ਦੇ ਸਾਮਣੇ ਗਊ ਬੱਧ ਕੀਤੀ। ਉਹ ਵਿਚਾਰਾ ਭੈਣੀ ਸਾਹਿਬ ਆਕੇ ਰੋਣ ਪਿੱਟਣ ਲੱਗਾ, ਜਿਸ ਨਾਲ ਉੱਥੇ ਬੜਾ ਜੋਸ਼ ਫੈਲ ਗਿਆ। ਤੇਰਾਂ ਤਰੀਕ ਨੂੰ ਲੋਕ ਘਰੋਂ-ਘਰੀਂ ਵਾਪਸ ਚਲੇ ਗਏ ਅਤੇ ਕੁਝ ਨਾਮਧਾਰੀ ਉੱਥੇ ਹੀ ਵੱਖਰਾ ਦੀਵਾਨ ਲਗਾ ਕੇ ਬੈਠ ਗਏ। ਇੰਨ੍ਹਾ ਦੇ ਲੀਡਰ ਭਾਈ ਲਹਿਣਾ ਸਿੰਘ ਜੀ ਅਤੇ ਹੀਰਾ ਸਿੰਘ ਜੀ ਰਿਆਸਤ ਪਟਿਆਲਾ ਦੇ ਸਨ। ਉੱਥੇ ਇੰਨ੍ਹਾਂ ਮਲੇਰ ਕੋਟਲੇ ਬਾਬਤ ਖਾਸ ਕਰਕੇ ਅਤੇ ਹੋਰ ਸਿੱਖ ਰਿਆਸਤਾਂ ਬਾਬਤ ਆਮ ਕਰਕੇ ਲੈਕਚਰ ਦਿੱਤੇ ਅਤੇ ਸਰੋਤਿਆਂ ਨੂੰ ਪ੍ਰੇਰਿਆ ਕਿ ਗਊ ਬੱਧ ਕਰਨ ਵਾਲੀ ਰਿਆਸਤ ਮਲੇਰ ਕੋਟਲੇ ਵਾਲੀ ਰਿਆਸਤ ਦਾ ਖਾਤਮਾ ਕੀਤਾ ਜਾਵੇ ਅਤੇ ਨਾਲ ਹੀ ਸਿੱਖ ਰਿਆਸਤਾਂ ਨੂੰ ਠੀਕ ਕੀਤਾ ਜਾਵੇ ਕਿਉਂਕਿ ਉਹ ਇਸ ਕੰਮ ਵਿੱਚ ਸਰਕਾਰ ਦੀ ਸਹਾਇਤਾ ਕਰ ਚੁਕੀਆਂ ਹਨ। ਏਸ ਕਾਰਵਾਈ ਦਾ ਪਤਾ ਪੁਲਿਸ ਤੱਕ ਵੀ ਪਹੁੰਚ ਗਿਆ। ਸਰਫਰਾਜ ਅਲੀ ਖਾਂ ਡੀ. ਆਈ. ਜੀ. ਪੁਲਿਸ ਸਾਨੇਵਾਲ ਬਾਬੇ ਜੀ ਪਾਸ ਗਏ। ਏਸ ਮਾਮਲੇ ਉੱਤੇ ਬਾਬਾ ਜੀ ਬਾਬਤ ਕਈ ਗਲਤ ਗੱਲਾਂ ਫੈਲੀਆਂ ਹੋਈਆਂ ਹਨ। ਏਸ ਲਈ ਮੈਂ ਸਰਫਰਾਜ ਖਾਂ ਦਾ ਬਿਆਨ ਹੇਠਾਂ ਦਿੰਦਾ ਹਾ, ਜਿਹੜਾ ਕਿ ਉਨ੍ਹਾਂ ਮੁਕਦਮੇ ਵਿੱਚ ਦਿੱਤਾ- ਮੇਲਾ ਮਾਘੀ ਬਾਰਾਂ ਤਾਰੀਕ ਖਤਮ ਹੋ ਗਿਆ, ਤੇਰਾਂ ਤਾਰੀਖ ਤੱਕ ਆਦਮੀ ਵੱਖਰੇ ਹੋ ਕੇ ਬੈਠ ਗਏ ਆਦਿ। ਮੈਂ ਬਾਬਾ ਰਾਮ ਸਿੰਘ ਜੀ ਪਾਸ ਗਿਆ ਅਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਉਨ੍ਹਾਂ ਨਾਲ ਪੜਦੇ ਨਾਲ ਗੱਲ ਕਰਨੀ ਹੈ। ਸੋ ਅਸੀਂ ਗੱਲ ਬਾਤ ਕੀਤੀ, ਬਾਬਾ ਰਾਮ ਸਿੰਘ ਜੀ ਨੇ ਕਿਹਾ ਕਿ ਇਸ ਜਥੇ ਦੇ ਲੀਡਰ ਭਾਈ ਲਹਿਣਾ ਸਿੰਘ ਅਤੇ ਭਾਈ ਹੀਰਾ ਸਿੰਘ ਜੀ ਹਨ ਅਤੇ ਉਹ ਮੇਰੇ ਤੋਂ ਆਕੀ ਹੋ ਗਏ ਹਨ। ਮੈਂ ਪੁੱਛਿਆ ਕਿ ਇੰਨ੍ਹਾ ਦੀ ਸਲਾਹ ਕੀ ਹੈ? ਬਾਬਾ ਰਾਮ ਸਿੰਘ ਜੀ ਨੇ ਕੋਈ ਉੱਤਰ ਨਾ ਦਿੱਤਾ ਤੇ ਕਿਹਾ ਕਿ ਇਹ ਸਾਰੇ ਮਸਤਾਨੇ ਹਨ। ਉਨ੍ਹਾਂ ਮੈਨੂੰ ਤੇਰਾਂ ਆਦਮੀਆਂ ਦੇ ਨਾਮ ਦੱਸੇ ਅਤੇ ਕਿਹਾ ਕਿ ਏਸ ਤੋਂ ਵੱਧ ਮੈਨੂੰ ਕੁਝ ਨਹੀਂ ਪਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਚਲੇ ਜਾਣ ਲਈ ਕਹਿਣ, ਸੋ ਬਾਬਾ ਰਾਮ ਸਿੰਘ

ਜੀ ਨੇ ਗਲ ਵਿੱਚ ਪੱਲਾ ਪਾ ਕੇ ਉਨ੍ਹਾ ਨੂੰ ਕਿਹਾ ਕਿ ਉਹ ਚੁਪ-ਚਾਪ ਘਰੋ ਘਰੀ ਚਲੇ ਜਾਣ ਅਤੇ ਕੋਈ ਗੜਬੜ ਨਾ ਮਚਾਣ। ਉਨ੍ਹਾਂ ਕਿਹਾ ਕਿ ਉਹ ਸਾਰੇ ਭੁੱਖੇ ਹਨ, ਸੋ ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਰੋਟੀ ਖੁਲਾਈ ਅਤੇ ਉਹ ਜਥਾ ਬਣਾਕੇ ਭੈਣੀ ਤੋਂ ਤੁਰ ਪਏ ਆਦਿ (ਉੱਤੇ ਲਿਖਿਆ ਬਿਆਨ ਅੱਖਰੋ-ਅੱਖਰੀ ਨਹੀਂ, ਪਰ ਸਾਰਅੰਸ਼ ਇਹੋ ਹੀ ਹੈ) ਅਫਸਰਾਂ ਨੇ ਉਨ੍ਹਾਂ ਦੇ ਮਗਰ ਦੋ ਤਿੰਨ ਆਦਮੀ ਭੇਜ ਦਿੱਤੇ ਕਿ ਉਹ ਉਨ੍ਹਾਂ ਦਾ ਸਾਰਾ ਹਾਲ ਚਾਲ ਦੇਖਣ, ਜਦ ਇਹ ਜਥਾ ਅੰਗਰੇਜੀ ਇਲਾਕਾ ਟੱਪ ਗਿਆ ਤਾਂ ਉਹ ਪੁਲਿਸ ਦੇ ਆਦਮੀ ਵਾਪਸ ਮੁੜ ਆਏ। ਪੁਲਿਸ ਅਫ਼ਸਰ ਨੇ ਉਨ੍ਹਾਂ ਦੇ ਆਉਣ ਤੇ ਲੁਧਿਆਣੇ ਜਾ ਕੇ ਰਿਪੋਰਟ ਕਰ ਦਿੱਤੀ ਜਿੱਥੋਂ ਕਿ ਸਾਰੀਆਂ ਰਿਆਸਤਾਂ ਨੂੰ ਖ਼ਬਰ ਕਰ ਦਿੱਤੀ। ਜੇ ਸਰਕਾਰ ਨੂੰ ਠੀਕ ਖਤਰਾ ਭਾਸਦਾ ਸੀ, ਤਾਂ ਜਿਹੜੇ ਆਦਮੀ ਜਥੇ ਦੇ ਮਗਰ ਲਾਏ ਗਏ ਸਨ, ਉਨ੍ਹਾਂ ਨੂੰ ਇਸ ਤਰ੍ਹਾਂ ਮੁੜ ਨਹੀਂ ਸੀ ਆਉਣਾ ਚਾਹੀਦਾ। ਉਨ੍ਹਾ ਮੁੜਕੇ ਆਉਣ ਵਿੱਚ ਸਖਤ ਲਾਪਰਵਾਹੀ ਕੀਤੀ ਹੈ ਅਤੇ ਪੁਲਿਸ ਅਫ਼ਸਰ ਨੇ ਵੀ ਉਤਨਾਂ ਚਿਰ ਅਗਾਹਾਂ ਰਿਪੋਰਟ ਨਹੀਂ ਕੀਤੀ, ਜਿਤਨਾ ਚਿਰ ਕਿ ਉਹ ਵਾਪਸ ਨਹੀਂ ਆ ਗਏ। ਇਹ ਜਥਾ 2 ਕੁ ਵਜੇ ਤੁਰਿਆ ਅਤੇ ਰਾਤ ਦਸ ਕੁ ਵਜੇ ਪਿੰਡ ਰਬੋਂ ਜਾ ਪਹੁੰਚਿਆ। ਜਿੱਥੇ ਕਿ ਰਾਤ ਕੱਟੀ, ਜਥੇ ਦੇ ਸਾਰੇ ਆਦਮੀ ਸਵਾ ਸੌ ਜਾਂ ਡੇਢ ਸੌ ਦੇ ਲਗਭਗ ਸਨ। ਰਾਹ ਦੇ ਵਿੱਚ ਕਈ ਚਲੇ ਗਏ ਤੇ ਕਈ ਹੋਰ ਆ ਮਿਲੇ। ਚੌਦਾਂ ਤਾਰੀਖ ਨੂੰ ਵੀ ਇਸੇ ਪਿੰਡ ਵਿੱਚ ਰਹੇ। ਉਨ੍ਹਾਂ ਦਾ ਖਿਆਲ ਸੀ ਕਿ ਉਨ੍ਹਾਂ ਨਾਲ ਹੋਰ ਆਦਮੀ ਵੀ ਆ ਮਿਲਣਗੇ। ਸਲਾਹ ਇਹ ਸੀ ਕਿ ਪਹਿਲਾਂ ਮਲੇਰ ਕੋਟਲ ਲੁਟਿਆ ਜਾਵੇ, ਕਿਉਂਕਿ ਉਹ ਰਿਆਸਤ ਛੋਟੀ ਹੈ। ਇਸ ਤੋਂ ਪਿੱਛੋਂ ਜੀਂਦ, ਨਾਭਾ ਅਤੇ ਪਟਿਆਲਾ ਦੀ ਵਾਰੀ ਸੀ।

ਚੌਦਾਂ ਤਾਰੀਖ ਸ਼ਾਮ ਦੇ ਵੇਲੇ ਉਨ੍ਹਾਂ ਮਲੇਰ ਕੋਟਲੇ ਵੱਲ ਚਾਲੇ ਪਾ ਦਿੱਤੇ। ਰਾਹ ਦੇ ਪਿੰਡ ਵਿੱਚ ਮਲੌਦ ਸੀ। ਇੱਥੋਂ ਦਾ ਸਰਦਾਰ ਮਹਾਰਾਜਾ ਪਟਿਆਲਾ ਦਾ ਰਿਸ਼ਤੇਦਾਰ ਸੀ। ਜਥੇ ਨੇ ਇੱਥੋਂ ਹਥਿਆਰ ਲੈਣ ਲਈ ਮਲੌਦ ਤੇ ਜਾ ਹਮਲਾ ਕੀਤਾ। ਚੌਕੀਂਦਾਰ ਦੇ ਹੱਥ ਪਿੱਛੇ ਬੰਨ੍ਹ ਕੇ ਉਸ ਉੱਤੇ ਪਹਿਰਾ ਲਾ ਦਿੱਤਾ। ਚੌਕਾਂ ਵਿੱਚ ਵੀ ਆਦਮੀ ਖੜੇ ਕਰ ਦਿੱਤੇ। ਕੁਝ ਆਦਮੀ ਸਰਦਾਰ ਪਾਸ ਪਹੁੰਚੇ ਅਤੇ ਫਤੇ ਬੁਲਾਈ ਅਤੇ ਉਸਨੂੰ ਕਿਹਾ ਕਿ ਚੁਪ ਚਾਪ ਹਥਿਆਰ ਉਨ੍ਹਾਂ ਦੇ ਹਵਾਲੇ ਕਰ ਦੇਵੇ। ਸਰਦਾਰ ਨੇ ਉਨ੍ਹਾਂ ਦਾ ਚੰਗਾ ਮੁਕਾਬਲਾ ਕੀਤਾ ਸਿੰਘ ਸਰਦਾਰ ਨੂੰ ਅੰਗਰੇਜਾਂ ਦਾ ਪੁੱਤ ਕਹਿਕੇ ਗਾਲਾਂ ਕੱਢ ਦੇ ਰਹੇ। ਨੇੜੇ ਦੇ ਪਿੰਡਾਂ ਵਿੱਚ ਖਬਰ ਪਹੁੰਚੀ ਤੇ ਲੋਕ ਸਹਾਇਤਾ ਲਈ ਆ ਪਹੁੰਚੇ। ਇੱਥੇ ਦੋ ਨਾਮਧਾਰੀਏ ਮਾਰੇ ਗਏ ਤੇ ਚਾਰ ਜਖਮੀ ਹੋ ਕੇ ਪਕੜੇ ਗਏ। ਮਲੌਧ ਵਾਲਿਆਂ ਦੇ ਦੋ ਆਦਮੀ ਮਰੇ ਤੇ ਦੋ ਜਖਮੀ ਹੋਏ। ਇਥੋਂ ਤਿੰਨ ਘੋੜੇ, ਇੱਕ ਬੰਦੂਕ ਅਤੇ ਇੱਕ ਤਲਵਾਰ ਇੰਨ੍ਹਾਂ ਦੇ ਹੱਥ ਲੱਗੀ। ਰਾਤ ਨੂੰ ਨਾਮਧਾਰੀ ਮਲੇਰ ਕੋਟਲੇ ਵੱਲ ਤੁਰਦੇ ਗਏ, ਅਗਲੇ ਦਿਨ 15 ਜਨਵਰੀ 1872 ਨੂੰ ਸਵੇਰ ਸਾਰ ਮਲੇਰ ਕੋਟਲੇ ਤੇ ਜਾ ਹਮਲਾ ਕੀਤਾ, ਇੱਥੇ ਅੱਗੇ ਖਬਰ ਪਹੁੰਚ ਚੁਕੀ ਸੀ ਕਿ ਸ਼ਾਇਦ ਨਾਮਧਾਰੀਏ ਆ ਪਹੁੰਚਣ, ਇਸ ਲਈ ਰਿਆਸਤ ਵਲੋਂ ਬਾਹਲਾ ਬੰਦੋਬਸਤ ਹੋਇਆ ਹੋਇਆ ਸੀ। ਲੜਾਈ ਬੜੀ ਬੱਝਕੇ ਹੋਈ, ਜਥੇ ਨੇ ਸ਼ਹਿਰ ਦੇ ਸਿਪਾਹੀਆਂ ਨੂੰ ਪਿੱਛੇ ਧੱਕ ਦਿੱਤਾ ਤੇ ਬੁੱਚੜ ਮਾਰੇ। ਜਥਾ ਸ਼ਹਿਰੋਂ ਬਾਹਰ ਰੜ ਵੱਲ ਨਿਕਲਿਆ। ਮਗਰ ਕੋਟਲੇ ਦੇ ਸਵਾਰ ਅਤੇ ਹੋਰ ਲੋਗ ਭੀ ਪਿੱਛਾ ਕਰਨ ਲਈ ਦੌੜ ਪਏ, ਨਾਮਧਾਰੀਆਂ ਉੱਤੇ ਗੋਲੀ ਚਲਦੀ ਗਈ। ਕਿਉਂਕਿ ਉਨ੍ਹਾਂ ਨੇ ਜਖਮੀ ਆਦਮੀਆਂ ਨੂੰ ਵੀ ਨਾਲ ਲੈ ਕੇ ਜਾਣਾ ਸੀ। ਇਸ ਲਈ ਵੱਖਰੇ ਵੱਖਰੇ ਹੋ ਕੇ ਨਾ ਤੁਰੇ। ਥੋੜੇ ਸਮੇਂ ਪਿੱਛੋਂ ਕੋਟਲੇ ਦੇ ਆਦਮੀ ਮੂੰਹ ਦੀ ਖਾ ਵਾਪਸ ਮੁੜ ਆਏ। ਇੱਥੇ ਨਾਮਧਾਰੀਆਂ ਦੇ ਸੱਤ ਆਦਮੀ ਸ਼ਹੀਦ ਹੋਏ, ਨੌਂ ਜਖਮੀ ਹੋਏ ਪਕੜੇ ਗਏ। ਰਿਆਸਤ ਦੇ ਅੱਠ ਆਦਮੀ ਮਰੇ ਤੇ ਤੇਈ ਫੱਟੜ ਹੋਏ। ਰਿਆਸਤ ਦੇ ਅਫਸਰਾਂ ਨੇ ਝੱਟਪਟ ਅੰਗਰੇਜੀ ਅਫਸਰਾਂ ਨੂੰ ਖਬਰਾਂ ਭੇਜ ਦਿੱਤੀਆਂ। ਨਾਮਧਾਰੀ ਪਿੰਡ 'ਰੜ੍ਹ' ਦੇ ਲਾਗੇ ਇੱਕ ਜੰਗਲ ਵਿੱਚ ਜਾ ਰੁਕੇ। ਜਿੱਥੋਂ-ਜਿੱਥੋਂ ਦੀ ਉਹ ਲੰਘੇ ਲੋਕ ਪਿੰਡ ਛੱਡਕੇ ਦੌੜਨੇ ਸ਼ੁਰੂ ਹੋ ਗਏ। ਸ਼ੇਰ ਪੁਰ ਦੇ ਨਾਜਮ ਨੂੰ ਖਬਰ ਪਹੁੰਚੀ ਉਹ ਤਿੰਨ ਸਵਾਰਾਂ ਨੂੰ ਲੈ ਕੇ ਉਸ ਜੰਗਲ ਵਿੱਚ ਜਾ ਪਹੁੰਚਿਆ ਅਤੇ ਨਾਮਧਾਰੀਆਂ ਨੂੰ ਗ੍ਰਿਫਤਾਰ ਹੋਣ ਲਈ ਕਿਹਾ। ਉਹ ਰਾਤ ਦੇ ਉਣੀਂਦੇ ਪੈਂਡਾ ਕਰਕੇ ਥੱਕੇ ਅਤੇ ਭੁੱਖੇ ਸਨ। ਕੁਝ ਝਗੜੇ ਤੋਂ ਪਿੱਛੋਂ ਉਨ੍ਹਾਂ ਆਪਣੇ ਆਪ ਨੂੰ ਨਾਇਬ ਨਾਜਮ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਪਾਸੋਂ ਕੁਝ ਬੰਦੂਕਾ, ਤਲਵਾਰਾਂ, ਗੰਡਾਸੇ ਅਤੇ ਛਵੀਆਂ ਆਦਿਕ ਨਿਕਲੀਆਂ, ਜਿਹੜੀਆਂ ਕਿ ਲਹੂ ਨਾਲ ਭਿੱਜੀਆਂ ਹੋਈਆਂ ਸਨ। ਸਾਰੇ ਕੈਦੀ ਕਿਲ੍ਹਾ ਸ਼ੇਰਪੁਰ ਭੇਜ ਦਿੱਤੇ ਗਏ, ਇੰਨ੍ਹਾ ਵਿੱਚ ਦੋ ਬੀਬੀਆਂ ਸਨ, ਜਿਹੜੀਆਂ ਰਿਆਸਤ ਪਟਿਆਲਾ ਦੇ ਅਫਸਰਾਂ ਦੇ ਹਵਾਲੇ ਕੀਤੀਆਂ ਗਈਆਂ। ਬਾਕੀ 66 ਆਦਮੀ ਮਲੇਰ ਕੋਟਲੇ ਭੇਜ ਦਿੱਤੇ ਗਏ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਅਤੇ ਹੋਰ ਅਫ਼ਸਰ ਪੁਲਿਸ ਅਤੇ ਫ਼ੌਜ ਨਾਲ ਮਲੇਰਕੋਟਲੇ ਪਹੁੰਚ ਗਏ। ਇਸੇ ਤਰ੍ਹਾਂ ਪਟਿਆਲਾ, ਨਾਭਾ, ਅਤੇ ਜੀਂਦ ਤੋਂ ਭੀ ਫੌਜੀ ਸਹਾਇਤਾ ਪਹੁੰਚ ਗਈ। ਗ੍ਰਿਫਤਾਰ ਹੋਏ ਨਾਮਧਾਰੀਏ ਸਰਕਾਰ ਨੂੰ ਅਤੇ ਰਿਆਸਤਾਂ ਨੂੰ

ਖੂਬ ਗਾਲਾਂ ਕੱਢਦੇ ਸਨ ਕਿ ਉਹ ਕੋਈ ਸਰਕਾਰ ਏਥੇ ਨਹੀਂ ਰਹਿਣ ਦੇਣਗੇ ਅਤੇ ਉਹ ਆਪਣਾ ਰਾਜ ਕਾਇਮ ਕਰਨਗੇ। ਸਰ ਡਗਲਿਸ ਫੋਰਸਿਥ ਕਮਿਸ਼ਨਰ ਅੰਬਾਲਾ ਨੇ ਬਾਬਾ ਰਾਮ ਸਿੰਘ ਜੀ ਨੂੰ ਸਦ ਭੇਜਿਆ।

ਬਾਬਾ ਜੀ ਤੋਂ ਅੰਮ੍ਰਿਤਸਰ, ਰਾਏਕੋਟ ਅਤੇ ਮੋਰਿੰਡਾਂ ਦੀਆਂ ਵਾਰਦਾਤਾਂ ਬਾਬਤ ਪੁੱਛਿਆ ਅਤੇ ਇਹ ਵੀ ਪੁੱਛਿਆ ਕਿ ਉਨ੍ਹਾਂ ਪੁਲਿਸ ਪਾਸ ਰਿਪੋਰਟ ਕਿਉਂ ਨਹੀਂ ਭੇਜੀ। ਉਨ੍ਹਾਂ ਉੱਤਰ ਦਿੱਤਾ ਕਿ ਕਿਉਂਕਿ ਉਨ੍ਹਾਂ ਨਾਮਧਾਰੀਆਂ ਨੂੰ ਹੁਕਮ ਦਿੱਤਾ ਹੋਇਆ ਹੈ ਕਿ ਉਹ ਕਿਸੇ ਨੂੰ ਕਤਲ ਨਾ ਕਰਨ ਅਤੇ ਜੇ ਕੋਈ ਏਸ ਹੁਕਮ ਦੇ ਹੁੰਦਿਆਂ ਹੋਇਆਂ ਜਾ ਕਰੇ ਅਤੇ ਭਾਵੇਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਭੀ ਹੋਵੇ ਤਦ ਵੀ ਉਨ੍ਹਾਂ ਦਾ ਕੋਈ ਫਰਜ ਨਹੀਂ ਕਿ ਉਹ ਪੁਲਿਸ ਆਦਿ ਨੂੰ ਰਿਪੋਰਟ ਦੇਣ। ਗੱਲਾਂ ਬਾਤਾਂ ਤੋਂ ਡਗਲਸ ਫੋਰਸਿਥ ਏਸ ਸਿੱਟੇ ਤੇ ਪਹੁੰਚੇ ਕਿ ਬਾਬਾ ਜੀ ਬੜੇ ਹੀ ਖਤਰਨਾਕ ਹਨ, ਏਸ ਲਈ ਸਰਕਾਰ ਹਿੰਦ ਪਾਸੋਂ ਉਨ੍ਹਾਂ ਨੂੰ ਅਤੇ ਉਨ੍ਹਾ ਦੇ ਉੱਘੇ ਦਸਾਂ ਸੂਬਿਆਂ ਨੂੰ regulation 3rd of 1818 ਦੇ ਹੇਠਾਂ ਨਜਰਬੰਦ ਕਰਨ ਲਈ ਆਗਿਆ ਮੰਗੀ, ਜਿਹੜੀ ਕਿ ਦਿੱਤੀ ਗਈ। ਸੋ ਬਾਬਾ ਜੀ ਅਤੇ ਉਨ੍ਹਾਂ ਦੇ ਦੱਸ ਸਾਥੀ ਪੰਜਾਬ ਤੋਂ ਇਲਾਹਾਬਾਦ ਭੇਜੇ ਗਏ ਅਤੇ ਫੇਰ ਕੁਝ ਸਮੇਂ ਪਿੱਛੋਂ ਰੰਗੂਨ ਛਾਵਣੀ ਭੇਜੇ ਗਏ। ਉਨ੍ਹਾਂ ਦਸਾਂ ਸੂਬਿਆਂ ਦੇ ਪਵਿੱਤਰ ਨਾਮ ਇਹ ਹਨ- ਭਾਈ ਸਾਹਿਬ ਸਿੰਘ ਜੀ, ਭਾਈ ਰੂੜ ਸਿੰਘ ਜੀ, ਭਾਈ ਲੱਖਾ ਸਿੰਘ ਜੀ, ਭਾਈ ਕਾਹਨ ਸਿੰਘ ਜੀ, ਭਾਈ ਬਰਮ੍ਹਾ ਸਿੰਘ ਜੀ, ਭਾਈ ਜਵਾਹਰ ਸਿੰਘ ਜੀ, ਭਾਈ ਮਲੂਕ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਹੁਕਮਾ ਸਿੰਘ ਜੀ, ਭਾਈ ਪਹਾੜਾ ਸਿੰਘ ਜੀ। ਮਲੇਰਕੋਟਲੇ ਦਾ ਹਾਲ ਵਿੱਚੇ ਹੀ ਛੱਡ ਆਇਆ ਹਾਂ ਜਿਸਦਾ ਜਿਕਰ ਅੱਗੇ ਕੀਤਾ ਜਾਵੇਗਾ। ਮਲੇਰ ਕੋਟਲੇ ਦੀ ਘਟਨਾਂ ਨੂੰ ਸਮਝਣ ਲਈ ਜਰੂਰੀ ਹੈ ਕਿ ਸਰਕਾਰੀ ਅਫ਼ਸਰਾਂ ਵਿੱਚ ਹੋਈ ਖਤੋ ਕਿਤਾਬਤ ਨੂੰ ਚੰਗੀ ਤਰ੍ਹਾਂ ਵਾਚਿਆ ਜਾਵੇ। ਇੱਥੇ ਖਤਾਂ ਦਾ ਸਾਫ਼ ਸ਼ਬਦਾਂ ਵਿੱਚ ਟੀਕਾ ਕੀਤਾ ਗਿਆ ਹੈ। ਖੱਤ ਲਿਖਣ ਦੀ ਤਾਰੀਖ ਅਤੇ ਵੇਲਾ ਆਦਿ ਦਾ ਖਿਆਲ ਰੱਖਣਾ ਚਾਹੀਦਾ ਹੈ, ਨਹੀਂ ਤਾਂ ਅਸਲੀ ਹਾਲਾਤ ਨਹੀਂ ਸਮਝੇ ਜਾ ਸਕਦੇ। ਬਰੈਕਟਾਂ ਵਿੱਚ ਸ਼ਬਦ ਮੇਰੇ ਹਨ।

ਸੋਲਾਂ ਜਨਵਰੀ ਸਵਾ ਨੌ ਬਜੇ ਸ਼ਾਮ ਦੇ ਮਲੌਧ ਤੋਂ ਐਲ. ਕਾਵਨ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਹੇਠ ਲਿਖੀ ਤਾਰ ਦਿੱਤੀ- ਜਿਹੜੇ ਆਦਮੀ ਮਲੋਧ ਪਕੜੇ ਹੋਏ ਹਨ, ਉਨ੍ਹਾਂ ਦੇ ਉਲਟ ਸਬੂਤ ਬਿਲਕੁਲ ਪੱਕੇ ਹਨ (ਮਲੌਧ ਉੱਤੇ ਹਮਲਾ ਕਰਨ ਬਾਬਤ) ਮੈਨੂੰ ਆਗਿਆ ਹੋਵੇ ਕਿ ਮੈਂ ਉਨ੍ਹਾਂ ਦਾ ਉਸੇ ਥਾਂ ਖਾਤਮਾ ਕਰ ਦੇਵਾਂ। ਇਸ ਤਾਰ ਦੇ ਸੰਬੰਧ ਵਿੱਚ ਸਰ ਡਗਲਸ ਫੋਰਸਿਥ ਨੇ ਪੰਜਾਬ ਗਵਰਨਮੈਂਟ ਵੱਲ ਤਾਰ ਦਿੱਤੀ ਅਤੇ ਕਿਹਾ ਕਿ- ਕਾਵਨ ਦੀ ਤਾਰ ( ਜਿਹੜੀ ਕਿ ਉੱਤੇ ਦਰਜ ਹੈ) ਦੇ ਸੰਬੰਧ ਵਿੱਚ ਜਿਸ ਵਿੱਚ ਕਿ ਉਸਨੇ ਚਾਰ ਆਦਮੀਆਂ ਨੂੰ ਮੌਤ ਦੀ ਸਜਾ ਦੇਣ ਬਾਬਤ ਲਿਖਿਆ ਹੈ ਕਿ ਅਜਿਹੇ ਵਤੀਰੇ ਦੀ ਕੋਈ ਲੋੜ ਨਹੀ ਕਿਉਂਕਿ ਇਹ ਹੋਰ ਜੋਸ਼ ਵਧਾ ਦੇਵੇਗਾ ਅਤੇ ਚੰਗਾ ਇਹ ਹੈ ਕਿ ਜੋਸ਼ ਘਟ ਕੀਤਾ ਜਾਵੇ। ਮੈਂ ਮੌਕੇ ਤੇ ਮੌਜੂਦ ਹਾਂ, ਏਸ ਕਾਨੂੰਨ ਅਨੁਸਾਰ ਸਜਾਵਾਂ ਆਦਿ ਦੇ ਸਕਦਾ ਹਾਂ। ਉਸ ਦਿਨ (ਸੋਲਾਂ ਜਨਵਰੀ) ਸਾਡੇ ਸੱਤ ਵਜੇ ਸ਼ਾਮ ਦੇ ਮਲੇਰ ਕੋਟਲੇ ਤੋਂ ਕਾਵਨ ਨੇ ਫੋਰਸਿਥ ਨੂੰ ਹੇਠ ਲਿਖਿਆ ਖੱਤ ਲਿਖਿਆ- "ਮੈਂ ਆਪ ਜੀ ਨੂੰ ਖਬਰ ਕਰਦਾ ਹਾਂ ਕਿ ਇੱਥੇ ਬਿਲਕੁਲ ਅਮਨ ਚੈਨ ਹੈ, ਆਪ ਨੂੰ ਮਲੇਰ ਕੋਟਲੇ ਆਉਣ ਦੀ ਲੋੜ ਨਹੀਂ। ਬਾਗੀਆਂ ਦੇ ਟੋਲੇ ਦੀ ਗਿਣਤੀ ਇੱਕ ਸੋ ਪੱਚੀ ਤੋਂ ਵੱਧ ਕਦੇ ਨਹੀਂ ਹੋਈ। ਇੰਨ੍ਹਾਂ ਵਿੱਚੋਂ ਮਲੌਦ ਵਿੱਚ ਦੋ ਸ਼ਹੀਦ ਹੋਏ ਅਤੇ ਚਾਰ ਪਕੜੇ ਗਏ। ਕੋਟਲੇ ਵਿੱਚ ਅੱਠ ਮਰੇ ਅਤੇ ਇਕੱਤੀ ਪਕੜੇ ਗਏ। ਪੰਜੀ ਜਾਂ ਛੱਬੀ ਦੌੜ ਗਏ। ਪਰੰਤੂ 68, ਜਿੰਨ੍ਹਾਂ ਵਿੱਚ ਸਤਾਈ ਫੱਟੜ ਸਨ, ਪਟਿਆਲਾ ਰਿਆਸਤ ਦੇ ਰੜ੍ਹ ਵਿੱਚ ਪਕੜੇ ਗਏ ਹਨ। ਇਹ ਪਿੰਡ ਇੱਥੋਂ ਬਾਰਾਂ ਮੀਲ ਹੈ। ਸੋ ਇਸ ਤਰ੍ਹਾਂ ਲਗਭਗ ਸਾਰੇ ਦਾ ਸਾਰਾ ਟੋਲਾ ਤਬਾਹ ਕੀਤਾ ਗਿਆ। ਮੇਰੀ ਸਲਾਹ ਹੈ ਕਿ ਮੈਂ ਕੱਲ ਦਿਨ ਚੜ੍ਹੇ ਸਾਰੇ ਕੈਦੀਆਂ ਨੂੰ ਜਾਂ ਤਾਂ ਤੋਪਾਂ ਨਾਲ ਉਡਾ ਦਿਆਂ ਜਾਂ ਫਾਂਸੀ ਲਾ ਦਿਆਂ। ਇਹ ਜਰੂਰੀ ਹੈ ਕਿ ਸ਼ੀਘਰ ਹੀ ਸਖ਼ਤ ਸਜਾ ਦਿੱਤੀ ਜਾਵੇ ਤਾਂਕਿ ਇਹ ਬੀਮਾਰੀ ਵਧ ਨਾ ਜਾਵੇ। ਇਹ ਮੈਨੂੰ ਪਤਾ ਹੈ ਕਿ ਮੈਂ ਬੜੀ ਭਾਰੀ ਜਿੰਮੇਵਾਰੀ ਸਿਰ ਉਠਾ ਰਿਹਾ ਹਾਂ, ਪਰੰਤੂ ਮੈਨੂੰ ਤਸੱਲੀ ਹੈ ਕਿ ਮੈਂ ਸਹੀ ਗੱਲ ਕਰ ਰਿਹਾ ਹਾਂ ਆਦਿ।"

ਏਸ ਖਤ ਦਾ ਉੱਤਰ 17 ਜਨਵਰੀ ਨੂੰ ਲੁਧਿਆਣੇ ਤੋਂ ਹੇਠ ਲਿਖਿਆ ਆਇਆ- "ਬੇਨਤੀ ਹੈ (ਐਡੇ ਜਰੂਰੀ ਖਤ ਦੇ ਉੱਤਰ ਵਿੱਚ ਬੇਨਤੀ ਸ਼ਬਦ ਨੋਟ ਕੀਤਾ ਜਾਵੇ) ਕਿ ਤੁਸੀਂ ਉਨ੍ਹਾਂ ਆਦਮੀਆਂ ਦੇ ਉਲਟ ਜਿਹੜੇ ਕਿ ਆਪ ਦੀ ਰਾਏ ਵਿੱਚ ਮੌਤ ਦੀ ਸਜਾ ਦੇ ਹੱਕਦਾਰ ਹਨ, ਮੁਕੱਦਮਾਂ ਤਿਆਰ ਕਰੋ, ਤਾਂ ਮੈਂ ਫੇਰ ਝਟ ਪਟ ਹੁਕਮ ਸਾਦਰ ਕਰ ਦਿਆਂਗਾ, ਤੁਹਾਡੀ ਜਿਹੜੀ ਸਲਾਹ ਜਲਦ ਕਰਨ ਦੀ ਹੈ ਸਤਿਕਾਰ ਨਾਲ ਦੇਖਕੇ ਮੇਰਾ ਖਿਆਲ ਹੈ ਕਿ ਮਾਮਾਲਾ ਐਡਾ ਜਰੂਰੀ ਨਹੀਂ ਅਤੇ ਕਾਨੂੰਨ ਰਾਹ ਛੱਡਣ ਦੀ ਕੋਈ ਲੋੜ ਨਹੀਂ ਭਾਸਦੀ।"

ਇੱਥੇ ਹੀ ਇੱਕ ਹੋਰ ਜ਼ਰੂਰੀ ਖਤ ਦਾ ਜਿਕਰ ਕਰਨਾ

ਜਰੂਰੀ ਹੈ। ਜਦ ਫੋਰਸਿਥ ਨੂੰ ਨਾਮਧਾਰੀਆਂ ਦੀ ਗ੍ਰਿਫਤਾਰੀ ਦੀ ਖ਼ਬਰ ਪਹੁੰਚੀ ਤਦ ਉਸਨੇ ਇੱਕ ਅੱਧ ਸਰਕਾਰੀ ਖਤ ਕਾਵਨ ਵੱਲ ਲਿਖਿਆ ਜਿਸ ਬਾਬਤ ਫੋਰਸਿਥ ਲਿਖਦਾ ਹੈ- "ਮੈਂ ਕਾਵਨ ਵੱਲ ਖੱਤ ਲਿਖਿਆ ਅਤੇ ਕਿਹਾ ਕਿ ਜਦ ਤੱਕ ਮੈਂ ਉਨ੍ਹਾਂ ਕੈਦੀਆਂ ਨੂੰ ਮੁਕੱਦਮੇ ਲਈ ਲੁਧਿਆਣੇ ਲਿਆਉਣ ਲਈ ਗਾਰਦ ਨਾਂ ਭੇਜਾ ਉਦੋਂ ਤੱਕ ਪਟਿਆਲੇ ਦੇ ਅਫ਼ਸਰਾਂ ਨੇ ਜਿਹੜੇ ਆਦਮੀ ਪਕੜੇ ਹਨ, ਉਹ ਉਨ੍ਹਾਂ ਦੀ ਨਿਗਰਾਨੀ ਹੇਠ ਹੀ ਰਹਿਣ ਦੇਣੇ ਚਾਹੀਦੇ ਹਨ।"

ਉੱਪਰ ਲਿਖਿਆ ਖਤ ਦਸਦਾ ਹੈ ਕਿ ਫੋਰਸਿਥ ਨੇ ਕਾਵਨ ਨੂੰ ਦੱਸਿਆ ਕਿ ਉਨ੍ਹਾਂ ਉੱਤੇ ਲੁਧਿਆਣੇ ਵਿੱਚ ਮੁਕੱਦਮਾਂ ਚਲਾਇਆ ਜਾਵੇਗਾ। ਇਹ ਖਤ ਕਾਵਨ ਨੂੰ ਸਤਾਰਾਂ ਜਨਵਰੀ ਸਵੇਰੇ ਪਹੁੰਚਿਆ (ਨਾਮਧਾਰੀਆਂ ਨੂੰ ਸਤਾਰਾਂ ਤਾਰੀਖ ਨੂੰ ਸ਼ਹੀਦ ਕੀਤਾ ਗਿਆ) ਏਸ ਖਤ ਬਾਬਤ ਕਾਵਨ ਏਸ ਤਰ੍ਹਾਂ ਲਿਖਦਾ ਹੈ- "ਸਤਾਰਾਂ ਤਾਰੀਖ ਸਵੇਰੇ ਜਦ ਕਿ ਮੈਂ ਘੋੜੇ ਤੇ ਸੈਰ ਕਰ ਰਿਹਾ ਸਾਂ ਤਾਂ ਮੈਨੂੰ ਫੋਰਸਿਥ ਦਾ ਇੱਕ ਖਤ ਮਿਲਿਆ। ਇਸ ਵਿੱਚ ਇਹ ਨਹੀ ਸੀ ਕਿਹਾ ਕਿ ਮੈਂ ਉਨ੍ਹਾਂ ਨੂੰ ਮੁਕੱਦਮੇ ਲਈ ਲੁਧਿਆਣੇ ਭੇਜਾਂ। ਇਸ ਵਿੱਚ ਕੇਵਲ ਇਹ ਹੀ ਲਿਖਿਆ ਸੀ ਕਿ ਕੈਦੀਆਂ ਨੂੰ ਸ਼ੇਰਪੁਰ ਰੱਖਣਾ ਚਾਹੀਦਾ ਹੈ, ਕਿਉਂਕਿ ਕੈਦੀ ਸ਼ੇਰਪੁਰ ਛੱਡ ਚੁਕੇ ਸਨ ਅਤੇ ਕੋਟਲੇ ਦੇ ਲਾਗੇ ਸਨ ਏਸ ਲਈ ਏਸ ਖਤ ਤੇ ਅਮਲ ਨਹੀਂ ਸੀ ਹੋ ਸਕਦਾ। ਮੈਂ ਖਤ ਨੂੰ ਜੇਬ ਵਿੱਚ ਪਾਇਆ ਅਤੇ ਮੁੜ ਏਸ ਦਾ ਖਿਆਲ ਈ ਨਹੀਂ ਕੀਤਾ।"

ਏਸ ਖਤ ਦਾ ਵਧੇਰੇ ਹਾਲ ਅੱਗੇ ਲਿਖਿਆ ਜਾਵੇਗਾ- 17 ਜਨਵਰੀ 1872 ਨੂੰ ਕਾਵਨ ਨੇ ਇੱਕ ਤਾਰ ਹੋਮ ਸੈਕਰੇਟਰੀ ਨੂੰ ਦਿੱਤੀ ਜਿਸ ਦਾ ਇਹ ਭਾਵ ਸੀ ਕਿ ਸਭ ਚੁਪ ਚਾਪ ਹੈ, ਕੋਈ ਗੜਬੜ ਆਦਿ ਨਹੀਂ। ਸਤਾਰਾਂ ਤਾਰੀਖ ਨੂੰ ਫੋਰਸਿਥ ਨੇ ਦੂਜਾ ਖਤ ਕਾਵਨ ਵੱਲ ਲਿਖਿਆ ਜਿਸ ਵਿੱਚ ਉਸਨੂੰ ਹੁਕਮ ਦਿੱਤਾ ਗਿਆ ਕਿ ਕਿਸੇ ਆਦਮੀ ਨੂੰ ਮੌਤ ਦੀ ਸਜਾ ਨਾ ਦਿੱਤੀ ਜਾਵੇ। ਇਹ ਖੱਤ ਆਫੀਸ਼ਿਅਲ ਸੀ ਕਿਉਂਕਿ ਇਹ ਖਤ ਕਾਵਨ ਨੂੰ ਵੇਲੇ ਸਿਰ ਨਹੀਂ ਪੁੱਜਾ ਇਸ ਲਈ ਇੱਥੇ ਦੇਣ ਦੀ ਲੋੜ ਨਹੀਂ ਕੇਵਲ ਸਾਰ ਹੀ ਯਾਦ ਰੱਖਣਾ ਚਾਹੀਦਾ ਹੈ। ਕਾਵਨ ਦਾ ਇਹ ਪ੍ਰੋਗਰਾਮ ਸੀ ਕਿ ਪੰਜਾਹ ਆਦਮੀਆਂ ਨੂੰ ਕੋਟਲੇ ਵਿੱਚ ਅਤੇ 16 ਆਦਮੀਆਂ ਨੂੰ ਮਲੋਧ ਵਿੱਚ ਤੋਪਾਂ ਅੱਗੇ ਉਡਾ ਦਿੱਤਾ ਜਾਂਦਾ। ਸੋ ਤੋਪਾਂ ਦਾ ਕੋਟਲੇ ਵਿੱਚ ਪ੍ਰਬੰਧ ਕੀਤਾ ਗਿਆ। ਸ਼ਾਮ ਨੂੰ ਪੰਜਾਹ ਕੈਦੀ ਜਕੜ ਕੇ ਬਾਹਰ ਲੈ ਆਂਦੇ ਗਏ ਅਤੇ ਛੋਟੀਆਂ ਛੋਟੀਆਂ ਟੋਲੀਆਂ ਵਿੱਚ ਵਾਰੋ ਵਾਰੀ ਸਾਰਿਆਂ ਨੂੰ ਤੋਪਾਂ ਨਾਲ ਪਟਿਆਲਾ, ਨਾਭਾ, ਜੀਂਦ ਅਤੇ ਕੋਟਲੇ ਦੀਆਂ ਫੋਜਾਂ ਦੀ ਮੌਜੂਦਗੀ ਵਿੱਚ ਉਡਾ ਦਿੱਤਾ ਗਿਆ। ਆਖਰੀ ਜਥੇ ਵਿੱਚ ਇੱਕ ਜਵਾਨ ਮੁੰਡਾ ਸੀ, ਜਿਸਦੀ ਉਮਰ ਕੋਈ ਤੇਰਾਂ ਸਾਲ ਸੀ, ਨੂੰ ਕਾਵਨ ਨੇ ਕਿਹਾ ਕਿ ਉਹ ਰਾਮ ਸਿੰਘ ਦੇ ਮਗਰ ਕਿਉਂ ਲੱਗਾ ਹੋਇਆ ਹੈ। ਬਾਬਾ ਜੀ ਦੀ ਬੇਇੱਜਤੀ ਸੁਣ ਕੇ ਉਸ ਜਵਾਨ ਮੁੰਡੇ ਨੇ ਕਾਵਨ ਨੂੰ ਝਪੱਟ ਮਾਰਕੇ ਦਾੜ੍ਹੀਉਂ ਜਾ ਪਕੜਿਆ ਉਥੇ ਉਸਦਾ ਗਲਾ ਘੁੱਟਣਾ ਚਾਹਿਆ। ਕੋਲ ਖੜੇ ਫੋਜੀਆਂ ਨੇ ਗੱਭਰੂ ਦੇ ਟੁਕੜੇ-ਟੁਕੜੇ ਕਰ ਦਿੱਤੇ। ਉਦੋਂ ਤੱਕ ਉਸ ਸਿੱਖ ਨੇ ਦਾੜੀ ਨਾ ਛੱਡੀ ਜਦ ਤੱਕ ਕਿ ਉਸ ਦੇ ਹੱਥ ਨਾ ਕੱਟ ਦਿੱਤੇ ਗਏ, ਉਸ ਗੱਭਰੂ ਦਾ ਨਾਮ ਬਿਸ਼ਨ ਸਿੰਘ ਸੀ। ਸਾਰੇ ਸਿੱਖ ਪਹਿਲਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦੇ ਰਹੇ। ਸਤਾਰਾਂ ਤਾਰੀਖ ਨੂੰ ਜਿਹੜਾ ਖਤ ਫੋਰਸਿਥ ਨੇ ਕਾਵਨ ਵੱਲ ਲਿਖਿਆ ਸੀ, ਉਸ ਬਾਬਤ ਕਾਵਨ ਕਹਿੰਦਾ ਹੈ ਕਿ ਉਸਨੂੰ ਇਹ ਖਤ ਉਦੋਂ ਪਹੁੰਚਿਆ ਜਦੋਂ ਕਿ ਅਖਰੀ ਜਥਾ ਉਡਾਉਣ ਵਾਲਾ ਰਹਿ ਗਿਆ ਸੀ ਅਤੇ ਤੋਪਖਾਨੇ ਵਾਲੇ ਬਿਗਲ ਵਜਾਉਣ ਦੀ ਉਡੀਕ ਵਿੱਚ ਸਨ, ਇਸ ਲਈ ਉਹ ਉਨ੍ਹਾਂ ਆਦਮੀਆਂ ਨੂੰ ਛੱਡ ਨਹੀਂ ਸੀ ਸਕਦਾ, ਇਸ ਦਾ ਪਬਲਿਕ ਉੱਤੇ ਗਲਤ ਅਸਰ ਪੈਂਦਾ ਸੀ। ਉਹ ਅੱਗੇ ਕਹਿੰਦਾ ਹੈ ਕਿ ਉਸਨੇ ਖਤ ਪੜ ਕੇ ਮਿਸਟਰ ਪਾਰਕਿਨਜ਼ ਪੁਲਿਸ ਸੁਪਰਟੈਂਡੈਂਟ ਨੂੰ ਦੇ ਦਿੱਤਾ ਅਤੇ ਕਿਹਾ ਕਿ ਇਹ ਆਦਮੀ ਛੱਡੇ ਨਹੀਂ ਜਾ ਸਕਦੇ। ਸਰਕਾਰ ਹਿੰਦ ਨੇ ਏਸ ਬਾਬਤ ਇਹ ਲਿਖਿਆ ਹੈ- "ਗਵਰਨਰ ਬਾ ਇਜਲਾਸ ਨੂੰ ਇਹ ਸਮਝ ਨਹੀਂ ਪੈਂਦੀ ਕਿ ਇਸ ਵਿੱਚ ਕੀ ਮੁਸ਼ਕਲ ਸੀ (ਆਦਮੀਆਂ ਨੂੰ ਨਾ ਮਾਰਨ ਵਿੱਚ) ਪਾਸ ਖੜੇ ਲੋਕਾਂ ਨੂੰ ਕਾਰਨ ਦੱਸੇ ਬਿਨਾਂ ਤੋਪਾਂ ਅੱਗੇ ਉਡਾਣਾ ਬੰਦ ਕੀਤਾ ਜਾ ਸਕਦਾ ਸੀ। ਕਾਵਨ ਦਾ ਇਹ ਸਾਫ਼ ਫ਼ਰਜ ਸੀ ਕਿ ਉਹ ਫੋਰਸਿਥ ਦਾ ਹੁਕਮ ਮੰਨਦਾ ਜਿੱਥੇ ਕਿ ਪੰਜ ਛੇ ਆਦਮੀਆਂ ਦੀ ਜਾਨ ਦਾ ਸਵਾਲ ਸੀ ਤੇ ਨਾਲ ਕੰਮ ਵੀ ਉਹ ਬੰਦ ਕਰਵਾਇਆ ਜਾ ਰਿਹਾ ਸੀ, ਜਿਹੜਾ ਕਿ ਬਿਲਕੁਲ ਹੀ ਕਾਨੂੰਨ ਦੇ ਉਲਟ ਸੀ।"

ਇਹ ਗੱਲ ਕਿ ਇਹ ਖਤ ਕਾਵਨ ਨੂੰ ਉਦੋਂ ਪਹੁੰਚਿਆ ਜਦ ਕਿ ਆਖਰੀ ਜਥਾ ਰਹਿ ਗਿਆ ਸੀ। ਕਾਵਨ ਦੀ ਕਪਤਾਨ ਪੁਲਿਸ ਨਾਲ ਖਤ ਬਾਬਤ ਗਲ ਬਾਤ ਦਾ ਜਿਕਰ ਉੱਤੇ ਦਿੱਤਾ ਗਿਆ ਹੈ। ਹੁਣ ਇਸ ਮਾਮਲੇ ਤੇ ਪੁਲਿਸ ਦੀ ਰਿਪੋਰਟ ਵਿੱਚੋਂ ਹੇਠ ਲਿਖੇ ਸ਼ਬਦ ਇੱਥੇ ਦਿੰਦਾ ਹਾਂ, ਇਸ ਰਿਪੋਰਟ ਤੇ ਕਪਤਾਨ ਪੁਲਿਸ ਦੇ ਹੀ ਦਸਤਖਤ ਹਨ।

......and in consequence arrangements were made for the executions to take place

that evening, which were dualy carried out a letter from the commissioner arriving too late to stop the same

ਇਸਦੇ ਅਰਥ ਇਹ ਹਨ ਕਿ ਏਸ ਲਈ ਸਾਰਾ ਪ੍ਰਬੰਧ ਕੀਤਾ ਗਿਆ ਕਿ ਨਾਮਧਾਰੀਆਂ ਨੂੰ ਸ਼ਾਮ ਨੂੰ ਤੋਪਾਂ ਅੱਗੇ ਉਡਾਉਣਾ ਸੀ। ਸੋ ਇਹ ਕੁਝ ਕੀਤਾ ਗਿਆ। ਕਮਿਸ਼ਨਰ ਦਾ ਖਤ ਇਸਨੂੰ ਬੰਦ ਨਹੀਂ ਸੀ ਕਰ ਸਕਦਾ। ਕਿਉਂਕਿ ਖਤ ਬਹੁਤ ਦੇਰ ਤੱਕ ਪਹੁੰਚਿਆ ਸੀ। ਇਸ ਤੋਂ ਇਹ ਸਾਫ ਪ੍ਰਗਟ ਹੁੰਦਾ ਹੈ ਕਿ ਜੋ ਕੁਝ ਕਾਵਨ ਕਹਿੰਦਾ ਹੈ ਕਿ, ਉਹ ਸਰਾ ਸਰ ਝੂਠ ਹੈ। ਇਸ ਰਿਪੋਰਟ (ਭਾਵੇਂ ਗੱਲ ਚੰਗੀ ਤਰ੍ਹਾਂ ਸਾਫ ਨਹੀਂ ਕੀਤੀ) ਤੋਂ ਇਹ ਕੁਝ ਸਮਝ ਲੱਗਦੀ ਹੈ ਕਿ ਖਤ ਉਸ ਵੇਲੇ ਪੁੱਜਾ ਜਦੋਂ ਕਿ ਨਾਮਧਾਰੀਆਂ ਨੂੰ ਤੋਪਾਂ ਅੱਗੇ ਉਡਾਉਣ ਲਈ ਮਾਰਨ ਲਈ ਮਾਰਨ ਵਾਲੀ ਥਾਂ ਲਿਆਂਦਾ ਜਾ ਚੁਕਾ ਸੀ ਜਾਂ ਉਨ੍ਹਾਂ ਨੂੰ ਦੱਸਿਆ ਜਾ ਚੁਕਾ ਸੀ ਕਿ ਉਹ ਤੋਪਾ ਅੱਗੇ ਰੱਖਕੇ ਉਡਾ ਦਿੱਤੇ ਜਾਣਗੇ। ਸਰਕਾਰ ਹਿੰਦ ਨੇ ਏਸ ਖਤ ਦੇ ਪਹੁੰਚਣ ਦੀ ਹੋਰ ਪੁੱਛ ਗਿੱਛ ਕੀਤੀ ਤਾਂ ਇਸੇ ਪੁਲਿਸ ਕਪਤਾਨ ਨੇ ਇਹ ਉੱਤਰ ਦਿੱਤਾ-

I beg to state that i remember M. cowen recieving a letter previous to the conclusion of the execution at kotla, but cannot state the exact time of its reciept, nortle number of kookas still undelat with.

ਅਰਥ ਇਹ ਹੈ ;-ਬਿਨੈ ਹੈ ਕਿ ਮੈਨੂੰ ਯਾਦ ਹੈ ਕਿ ਮਿਸਟਰ ਕਾਵਨ ਨੂੰ ਇੱਕ ਖਤ ਨਾਮਧਾਰੀਆਂ ਦੇ ਮਾਰਨ ਦਾ ਕੰਮ ਮੁੱਕਣ ਤੋਂ ਪਹਿਲਾਂ ਮਿਲਿਆ ਸੀ। ਪਰੰਤੂ ਮੈਂ ਇਸਦੇ ਪਹੁੰਚਣ ਦਾ ਠੀਕ ਸਮਾਂ ਦੱਸਣ ਦੇ ਅਸਮਰਥ ਹਾਂ ਅਤੇ ਮੈਂ ਨਹੀਂ ਦੱਸ ਸਕਦਾ ਕਿ ਕਿਤਨੇ ਨਾਮਧਾਰੀ ਉਸ ਵੇਲੇ ਜਿਉਂਦੇ ਸਨ।

ਪੁਲਿਸ ਕਪਤਾਨ ਦੇ ਦੋਵੇਂ ਬਿਆਨ ਕਾਫੀ ਗੁੰਝਲਦਾਰ ਹਨ, ਪਰੰਤੂ ਜੋ ਕੁਝ ਕਾਵਨ ਕਹਿੰਦਾ ਹੈ ਉਨ੍ਹਾਂ ਦੀ ਤਾਈਦ ਨਹੀਂ ਕਰਦੇ। ਇੰਨ੍ਹਾਂ ਦਾ ਠੀਕ ਮਤਲਬ ਇਹੋ ਹੀ ਨਿਕਲਦਾ ਹੈ ਜੋ ਮੈਂ ਉੱਤੇ ਦੱਸ ਚੁਕਿਆ ਹਾਂ ਕਿ ਕਾਵਨ ਸਰਾ ਸਰ ਝੂਠ ਬੋਲਦਾ ਹੈ। ਸਤਾਰਾਂ ਤਾਰੀਖ ਨੂੰ ਕਾਵਨ ਫੋਰਸਿਥ ਨੂੰ ਖਤ ਲਿਖਦਾ ਤੇ ਕਹਿੰਦਾ ਹੈ- "ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਉਹ ਕੰਮ ਕਰਦਾ ਹਾਂ ਜਿਸਦਾ ਮੈਨੂੰ ਕੋਈ ਹੱਕ ਨਹੀਂ। ਸਮੇਂ ਸਿਰ ਕੋਟਲੇ ਵਿੱਚ ਕੀਤੀ ਤਿਆਰੀ ਨੇ ਨਾਮਧਾਰੀਆਂ ਦਾ ਯਤਨ ਨਿਸਫਲ ਕਰ ਦਿੱਤਾ। ਪਟਿਆਲਾ ਅਫਸਰਾਂ ਦੇ ਯਤਨ ਨਾਲ ਬਗਾਵਤ ਦਾ ਨਿਕੰਮਾਂ ਯਤਨ ਜੜ੍ਹਾਂ ਤੋਂ ਉਖੇੜ ਦਿੱਤਾ। ਇਹ ਗੱਲ ਤਾਂ ਪੱਕੀ ਹੈ ਕਿ ਜੇਕਰ ਨਾਮਧਾਰੀਆਂ ਨੂੰ ਪਹਿਲੇ ਹਮਲਿਆਂ ਵਿੱਚ ਘੋੜੇ, ਹਥਿਆਰ ਤੇ ਖਜਾਨੇ ਮਿਲ ਜਾਂਦੇ ਤਾਂ ਉਨ੍ਹਾਂ ਨਾਲ ਦੇਸ਼ ਦੇ ਹੋਰ ਬਦਮਾਸ਼ ਵੀ ਮਿਲ ਜਾਂਦੇ ਤੇ ਫੇਰ ਉਹ ਸੋਖੇ ਨਾ ਦਬਾਏ ਜਾਂਦੇ। ਪਟਿਆਲਾ, ਨਾਭਾ ਅਤੇ ਜੀਂਦ ਨੇ ਮੇਰਾ ਖਤ ਪਹੁੰਚਣ ਦੇ ਇੱਕ ਘੰਟੇ ਅੰਦਰ ਤੋਪਖਾਨਾਂ ਰਸਾਲਾ ਅਤੇ ਫੋਜ ਭੇਜ ਦਿੱਤੀ ਸੀ।"

ਮਿਸਟਰ ਕਾਵਨ ਨੇ ਇੱਕ ਤਾਰੀਖ ਨੂੰ ਫੋਰਸਿਥ ਵੱਲ ਖਤ ਲਿਖਿਆ, ਜਿਸ ਵਿੱਚ ਹੇਠ ਲਿਖੇ ਸ਼ਬਦ ਆਉਂਦੇ ਹਨ- "ਕਿਓਂਕਿ ਲਾਗੇ ਦੀਆਂ ਰਿਆਸਤਾਂ ਤੋਂ ਫ਼ੌਜੀ ਸਹਾਇਤਾ ਆਦਿ ਆ ਗਈ ਸੀ, ਜਾਂ ਨੇੜੇ ਸੀ। ਇਸ ਵਾਸਤੇ ਮੇਰਾ ਯਕੀਨ ਸੀ ਕਿ ਏਸ ਫ਼ੌਜ ਦੇ ਹੁੰਦਿਆਂ ਅਤੇ ਜਿਹੜਾ ਮੈਂ ਜਲਦੀ ਨਾਲ ਪ੍ਰਬੰਧ ਕੀਤਾ ਸੀ, ਦੇ ਹੁੰਦਿਆਂ ਕੋਟਲੇ ਜਾਂ ਨੇੜੇ ਤੇੜੇ ਹਮਲੇ ਦਾ ਕੋਈ ਡਰ ਨਹੀਂ ਸੀ ਰਿਹਾ।"

ਜਦ ਹੋਰ ਨਾਮਧਾਰੀਆਂ ਨੂੰ ਪਤਾ ਲੱਗਾ ਕਿ ਕੁਝ ਨਾਮਧਾਰੀਆਂ ਨੇ ਮਲੌਧ ਅਤੇ ਮਲੇਰਕੋਟਲੇ ਉੱਤੇ ਹਮਲਾ ਕਰ ਦਿੱਤਾ ਹੈ ਤਾਂ ਉਹ ਸੈਂਕੜਿਆਂ ਦੀ ਗਿਣਤੀ ਵਿੱਚ ਮਲੇਰਕੋਟਲੇ ਵੱਲ ਆਉਣ ਲੱਗੇ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਿੰਘ ਪਕੜੇ ਗਏ ਹਨ ਤਾਂ ਉਹ ਵਾਪਸ ਮੁੜ ਗਏ। ਕਈ ਅਜਿਹੇ ਸੱਜਣ ਸਨ ਜੋ ਵਾਪਿਸ ਨਹੀਂ ਸਨ ਮੁੜਦੇ ਕਿਉਂਕਿ ਉਹ ਘਰ ਬਾਰ ਸਭ ਵੇਚ ਵੱਟ ਆਏ ਸਨ। ਅਜਿਹੇ ਸੱਜਣ ਗ੍ਰਿਫਤਾਰ ਕੀਤੇ ਜਾਂਦੇ ਰਹੇ। ਇਹ ਸਭ ਕੁਝ ਓਦੋਂ ਹੋਇਆ ਜਦ ਕਿ ਮਲੇਰਕੋਟਲੇ ਪਕੜੇ ਹੋਏ ਕੈਦੀ ਅਜੇ ਮਾਰੇ ਨਹੀਂ ਸੀ ਗਏ, ਇਹ ਗੱਲ ਯਾਦ ਰੱਖਣੀ ਬੜੀ ਜ਼ਰੂਰੀ ਹੈ। ਸਰ ਡਗਲਸ ਫੋਰਸਿਥ ਵੀ ਮਲੇਰ ਕੋਟਲੇ ਆ ਗਿਆ। ਟੂਰਨ ਤੋਂ ਪਹਿਲਾਂ ਉਸਨੂੰ ਸਾਰਾ ਕੁਝ ਪਤਾ ਲੱਗ ਚੁਕਾ ਸੀ, ਸੋ ਉਸਨੇ ਕਾਵਨ ਨੂੰ ਇੱਕ ਖਤ ਲਿਖਿਆ ਜਿਹੜਾ ਕਿ ਇਸ ਤਰ੍ਹਾਂ ਸੀ-

my dear cowen,

i fully approve and confirm all u have done, u have xaced admirably. i am coming out

yours sincerely.

T.d. forsyth

ਇਹ ਖਤ ਡੈਮੀ ਆਫੀਸ਼ਿਅਲ ਸੀ ਅਤੇ ਫੋਰਸਿਥ ਕਹਿੰਦਾ ਹੈ ਕਿ ਉਸ ਪਾਸ ਇਸਦੀ ਨਕਲ ਨਹੀਂ । ਫੋਰਸਿਥ ਇਹ ਵੀ ਕਹਿੰਦਾ ਹੈ ਕਿ ਉਸਨੇ ਉਸਨੂੰ ਇੰਨ੍ਹਾਂ ਸ਼ਬਦਾਂ ਵਿੱਚ ਖਤ ਨਹੀਂ ਲਿਖਿਆ ਅਤੇ ਨਾ ਹੀ ਇਤਨੀ ਕਾਵਨ ਦੀ

ਸ਼ਲਾਘਾ ਕੀਤੀ ਹੈ। ਕਾਵਨ ਕਹਿੰਦਾ ਹੈ ਕਿ ਉਸਨੇ ਉੱਪਰ ਲਿਖਿਆ ਖਤ ਲਿਖਿਆ ਹੈ ਪਰੰਤੂ ਕਾਵਨ ਨੇ ਇਹ ਖਤ ਸਰਕਾਰ ਹਿੰਦ ਦੇ ਮੂਹਰੇ ਪੇਸ਼ ਨਹੀਂ ਕੀਤਾ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਫੋਰਸਿਥ ਸੱਚਾ ਹੈ। ਫੋਰਸਿਥ ਦਾ ਉਹ ਖਤ, ਜਿਹੜਾ ਕਿ ਕਾਵਨ ਨੂੰ 17 ਤਾਰੀਖ ਨੂੰ ਸਵੇਰੇ ਮਿਲਿਆ ਸੀ , ਉਸਦੀ ਕਾਪੀ ਵੀ ਫੋਰਸਿਥ ਪਾਸ ਨਹੀਂ। ਉਹ ਵੀ ਉੱਪਰ ਲਿਖੇ ਖਤ ਵਾਂਗ ਡੈਮੀ ਆਫੀਸ਼ਿਅਲ ਸੀ। ਇਸ ਲਈ ਫੋਰਸਿਥ ਨੇ ਦੂਜੀ ਕਾਪੀ ਪਾਸ ਨਹੀਂ ਰੱਖੀ। ਸਰਕਾਰ ਹਿੰਦ ਨੇ ਏਸ ਖਤ ਦੀ ਕਾਵਨ ਤੋਂ ਪੁੱਛਗਿੱਛ ਕੀਤੀ, ਪਰੰਤੂ ਕਾਵਨ ਨੇ ਉੱਤਰ ਦਿੱਤਾ ਕਿ ਇਹ ਖਤ ਉਸ ਪਾਸੋਂ ਗੁੰਮ ਹੋ ਗਿਆ ਹੈ। ਅਸਲੀ ਗੱਲ ਇਹ ਹੈ ਕਿ ਇਸ ਵਿੱਚ ਫੋਰਸਿਥ ਨੇ ਲਿਖਿਆ ਸੀ ਕਿ ਉਹ ਕੈਦੀਆਂ ਤੇ ਮੁਕਦਮਾਂ ਚਲਾਣਾ ਚਾਹੁੰਦਾ ਹੈ। ਇਹ ਇੰਨ੍ਹਾ ਹਾਲਾਤਾਂ ਵਿੱਚ ਕਾਵਨ ਕੈਦੀਆਂ ਨੂੰ ਮਾਰ ਨਹੀਂ ਸੀ ਸਕਦਾ, ਜੇ ਉਹ ਇਹ ਖਤ ਪੇਸ਼ ਕਰਦਾ ਤਾਂ ਫਸਦਾ ਸੀ ਏਸ ਲਈ ਜਿਹੜੇ ਦੋਵੇਂ ਖਤ ਕਾਵਨ ਦੇ ਉਲਟ ਜਾਂਦੇ ਸਨ, ਉਹ ਉਸਨੇ ਸਰਕਾਰ ਹਿੰਦ ਦੇ ਪੇਸ਼ ਨਹੀਂ ਕੀਤੇ ਅਤੇ ਕਹਿ ਦਿੱਤਾ ਕਿ ਗੁੰਮ ਹੋ ਗਏ ਹਨ। ਇਹ ਗੱਲ ਤਾਂ ਠੀਕ ਹੈ ਕਿ ਉਸਨੇ ਕਾਵਨ ਦੀ ਤਾਈਦ ਕੀਤੀ ਭਾਵੇਂ ਹੋਰ ਸ਼ਬਦਾਂ ਵਿੱਚ ਹੋਵੇਗੀ। ਫੋਰਸਿਥ ਦੇ ਆਉਣ ਉੱਤੇ ਕੋਟਲੇ ਵਿੱਚ ਤੀਹ ਕੁ ਆਦਮੀ ਬਾਕੀ ਸਨ, ਜਿੰਨ੍ਹਾਂ ਨੂੰ ਕਿ ਕਾਵਨ ਮਲੌਧ ਤੋਪਾਂ ਅੱਗੇ ਉਡਾਉਣਾ ਚਾਹੁੰਦਾ ਸੀ। ਬਾਕੀ 14 ਹਮਲੇ ਵੇਲੇ ਪਕੜੇ ਗਏ ਸਨ। ਇੰਨ੍ਹਾਂ 16 ਤੇ ਮੁਕੱਦਮਾ ਚਲਾਇਆ ਗਿਆ। ਜੱਜ ਰਿਆਸਤ ਦੇ ਅਫਸਰ ਕਾਵਨ ਆਪ ਸੀ। ਉਨ੍ਹਾਂ ਨੇ ਮੌਤ ਦੀ ਸਜਾ ਦੀ ਮਨਜੂਰੀ ਮੰਗੀ ਜਿਹੜੀ ਕਿ ਫੋਰਸਿਥ ਨੇ ਆ ਕੇ ਦਿੱਤੀ। ਸੋ ਇੰਨ੍ਹਾਂ 16 ਨੂੰ ਮੌਤ ਦੀ ਸਜਾ ਹੋਈ। ਇੰਨ੍ਹਾਂ ਵਿੱਚੋਂ ਕਈਆਂ ਨੇ ਸਾਫ ਸਾਫ ਜੁਰਮ ਮੰਨ ਲਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਨੇ ਨਹੀਂ ਪ੍ਰੇਰਿਆ। ਉਹਨਾਂ ਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਅਤੇ ਉਹ ਕੋਟਲੇ ਆ ਗਏ। ਜਿਹੜੇ ਬਾਕੀ 14 ਆਦਮੀ ਰਹੇ, ਉਨ੍ਹਾਂ ਦਾ ਪਤਾ ਨਹੀਂ ਕਿ ਕੀ ਹੋਇਆ। ਸ਼ਾਇਦ ਉਨ੍ਹਾਂ ਵਿੱਚੋਂ 4 ਨੂੰ ਕਾਲੇ ਪਾਣੀ ਦਾ ਹੁਕਮ ਹੋਇਆ। 16 ਆਦਮੀ ਜਿੰਨ੍ਹਾਂ ਨੂੰ ਮੌਤ ਦੀ ਸਜਾ ਹੋਈ ਉਹ ਇਹ ਹਨ—ਅਲਬੇਲ ਸਿੰਘ, ਰੂੜ ਸਿੰਘ, ਅਨੂਪ ਸਿੰਘ, ਸ਼ਾਮ ਸਿੰਘ, ਭਗਤ ਸਿੰਘ, ਜਵਾਹਰ ਸਿੰਘ ( ਰਿਆਸਤ ਪਟਿਆਲਾ), ਕੇਸਰਾ ਸਿੰਘ, ਹੀਰਾ ਸਿੰਘ, ਸੋਭਾ ਸਿੰਘ (ਰਿਆਸਤ ਨਾਭਾ), ਸੇਠਾ ਸਿੰਘ, ਸੌਭਾ ਸਿੰਘ, ਵਰਿਆਮ ਸਿੰਘ, ਸੁਜਾਨ ਸਿੰਘ, ਬੇਲਾ ਸਿੰਘ, ਹਾਕਮ ਸਿੰਘ (ਝਬਾਲ, ਅੰਮ੍ਰਿਤਸਰ) ਵਰਿਆਮ ਸਿੰਘ( ਜਿਲ੍ਹਾ ਫਿਰੋਜਪੁਰ)

ਇੰਨ੍ਹਾਂ ਸਾਰਿਆਂ ਤੇ ਜੁਰਮ ਡਕੈਤੀ ਅਤੇ ਕਤਲ ਸੀ ਅਤੇ ਦਫਾ 396 ਹਿੰਦ ਡੰਡਾਵਲੀ ਲੱਗੀ। ਚਾਰ ਆਦਮੀ ਮਲੌਧ ਪਕੜੇ ਹੋਏ ਸਨ। ਇੰਨ੍ਹਾਂ ਨੂੰ ਫੋਰਸਿਥ ਨੇ ਡਕੈਤੀ ਅਤੇ ਕਤਲ ਦੇ ਜੁਰਮ ਵਿੱਚ ਮੌਤ ਦੀ ਸਜਾ ਸੁਣਾਈ ਅਤੇ ਫੇਰ ਕਾਲੇ ਪਾਣੀਆਂ ਵਿੱਚ ਬਦਲ ਦਿੱਤੀ। ਇੰਨ੍ਹਾਂ ਦੇ ਨਾਮ- ਭਾਈ ਭਗਵਾਨ ਸਿੰਘ, ਭਾਈ ਗਿਆਨ ਸਿੰਘ, ਭਾਈ ਥੰਮਣ ਸਿੰਘ(ਰਿਆਸਤ ਪਟਿਆਲਾ), ਭਾਈ ਮੇਹਰ ਸਿੰਘ( ਅਲੀਵਾਲ ਜਲੰਧਰ) ਸਨ। ਮਲੌਧ ਵਿੱਚ ਤਿੰਨ ਹੋਰ ਆਦਮੀ ਵੀ ਸਨ ਪਰੰਤੂ ਇੰਨ੍ਹਾਂ ਬਾਬਤ ਜਥੇ ਵਿੱਚ ਹੋਣ ਦਾ ਕੋਈ ਸਬੂਤ ਨਹੀਂ। ਪਤਾ ਨਹੀਂ ਕਿ ਉਨ੍ਹਾ ਨਾਲ ਕੀ ਹੋਇਆ। ਸਰ ਡਗਲਸ ਫੋਰਸਿਥ ਨੇ ਜਿਤਨੇ ਖਤ ਕਾਵਨ ਨੂੰ ਉਸਦੀ ਕਰਤੂਤ ਸੁਨਣ ਤੋਂ ਪਹਿਲਾਂ ਲਿਖੇ, ਉਨ੍ਹਾ ਸਾਰਿਆਂ ਵਿੱਚ ਕਾਵਨ ਨੂੰ ਹਿਦਾਇਤ ਕੀਤੀ ਸੀ ਕਿ ਉਹ ਕਾਨੂੰਨ ਦਾ ਉਲੰਘਣ ਨਾ ਕਰੇ। ਪੰਜਾਬ ਸਰਕਾਰ ਨੂੰ ਤਾਰ ਵਿੱਚ ਕਿਹਾ ਸੀ ਕਿ ਕਾਨੂੰਨ ਉਲੰਘਣ ਨਾਲ ਹੋਰ ਜੋਸ਼ ਵੱਧ ਜਾਵੇਗਾ। ਪਰੰਤੂ ਜਦੋਂ ਕਾਵਨ ਦੀ ਕਰਤੂਤ ਦਾ ਹਾਲ ਸੁਣਿਆਂ ਤਾਂ ਕਾਵਨ ਦੀ ਕਰਤੂਤ ਦੀ ਤਾਈਦ ਕਰ ਦਿੱਤੀ। ਜਿਹੜੇ ਸੋਲਾਂ ਆਦਮੀਆਂ ਨੂੰ ਕੋਟਲੇ ਮੌਤ ਦੀ ਸਜਾ ਦਿੱਤੀ ਜੇ ਉਨ੍ਹਾਂ ਤੇ ਅੰਗ੍ਰੇਜੀ ਕਾਨੂੰਨ ਅਨੁਸਾਰ ਮੁਕੱਦਮਾ ਚਲਾਇਆ ਜਾਂਦਾ ਤਾਂ ਉਨ੍ਹਾਂ ਨੂੰ ਘਟ ਸਜਾ ਦਿੱਤੀ ਜਾ ਸਕਦੀ ਸੀ। ਇਸ ਗੱਲ ਨੂੰ ਫੋਰਸਿਥ ਵੀ ਮੰਨਦਾ ਹੈ। ਪਰੰਤੂ ਫੋਰਸਿਥ ਕਹਿੰਦਾ ਹੈ ਕਿ ਉਨ੍ਹਾਂ ਨੂੰ ਹੋਰ ਕਈਆਂ ਗੱਲਾਂ ਦਾ ਧਿਆਨ ਕਰਨਾ ਪੈਦਾ ਸੀ। ਇੰਨ੍ਹਾਂ ਵਿੱਚੋਂ ਵੱਡੀ ਗੱਲ ਇਹ ਸੀ ਕਿ ਉਸਨੂੰ ਕਾਵਨ ਦੀ ਤਾਈਦ ਕਰਨੀ ਪੈਂਦੀ ਸੀ। ਏਸ ਲਈ ਮੌਤ ਦੀ ਹੀ ਸਜਾ ਯੋਗ ਸੀ। ਹੁਣ ਇੱਥੇ ਕਾਵਨ ਦੀ ਕਾਰਵਾਈ ਉੱਤੇ ਵਿਚਾਰ ਕਰਨੀ ਹੈ। ਕਾਵਨ ਦੇ ਸਾਰੇ ਖਤਾਂ ਤੋਂ ਜਿਹੜੇ ਕਿ ਪਿੱਛੇ ਦਿੱਤੇ ਗਏ ਹਨ, ਇਹ ਪ੍ਰਗਟ ਹੁੰਦਾ ਹੈ–

ੳ- ਨਾਮਧਾਰੀਆਂ ਦੀ ਗ੍ਰਿਫਤਾਰੀ ਮਗਰੋਂ ਪਿੱਛੋਂ ਸਭ ਤਰ੍ਹਾਂ ਅਮਨ ਚੈਨ ਸੀ।

ਅ- 68 ਆਦਮੀਆਂ ਨੂੰ ਚਾਰ ਆਦਮੀਆਂ ਦਾ ਗ੍ਰਿਫਤਾਰ ਕਰਨਾ ਦਸਦਾ ਹੈ ਕਿ ਨਾਮਧਾਰੀ ਅੱਗੋਂ ਹੋਰ ਕੁਝ ਨਹੀ ਸੀ ਕਰਨਾ ਚਾਹੁੰਦੇ।

ੲ- ਕਾਵਨ ਦਾ ਖਤ ਪਹੁੰਚਣ ਤੇ ਇੱਕ ਘੰਟੇ ਅੰਦਰ ਸਿੱਖ ਰਿਆਸਤਾਂ ਦੀ ਸਹਾਇਤਾ ਪੁਜ ਗਈ ਸੀ।

ਸ- ਰਿਆਸਤਾਂ ਦੀ ਸਹਾਇਤਾ ਨਾਲ ਅਤੇ ਜਿਸ ਤਰ੍ਹਾਂ ਕਾਵਨ ਨੇ ਪ੍ਰਬੰਧ ਕੀਤਾ ਸੀ, ਉਸ ਨਾਲ ਵਧਦੀ ਬਗਾਵਤ ਰੁਕ ਗਈ ਸੀ।

ਹ- ਕੋਟਲੇ ਜਾਂ ਨੇੜੇ ਤੇੜੇ ਕੋਈ ਵੀ ਹਮਲੇ ਦਾ ਡਰ ਨਹੀਂ

ਸੀ।

ਕ– ਕਾਵਨ ਲਿਖਦਾ ਹੈ ਕਿ ਜੇ ਨਾਮਧਾਰੀਆਂ ਦੇ ਮਲੌਧ ਜਾਂ ਮਲੇਰਕੋਟਲੇ ਦੇ ਹਮਲੇ ਸਫਲ ਹੋ ਜਾਂਦੇ ਅਰਥਾਤ ਉਨ੍ਹਾਂ ਦੇ ਕੋਲ ਹਥਿਆਰ ਆ ਜਾਂਦੇ ਤਾਂ ਬਹੁਤ ਖਤਰਾ ਹੋ ਜਾਣਾ ਸੀ।

ਖ– ਨਾਮਧਾਰੀਆਂ ਦੀ ਬਗਾਵਤ ਤੇ ਕਾਬੂ ਪਾ ਲਿਆ ਸੀ।

ਗ– ਨਾਮਧਾਰੀਆਂ ਦਾ ਸਾਰੇ ਦਾ ਸਾਰਾ ਜਥਾ ਤਬਾਹ ਹੀ ਹੋ ਗਿਆ ਸੀ ਅਰਥਾਤ ਬਹੁਤ ਸਾਰੇ ਸਿੰਘ ਜਖਮੀ ਹੋਏ, ਬਹੁਤ ਸਾਰੇ ਗ੍ਰਿਫਤਾਰ ਹੋ ਗਏ ਅਤੇ ਭਗੌੜੇ ਬਹੁਤ ਥੋੜੇ ਸੀ।

ਘ– ਹਮਲਾਵਰਾਂ ਨੂੰ ਬਿਲਕੁਲ ਸਿੱਧਾ ਕਰ ਦਿੱਤਾ ਗਿਆ ਸੀ। ਕਾਵਨ ਨੇ ਜੋ ਕੁਝ ਕੀਤਾ ਉਸਦੀ ਜਿੰਮੇਵਾਰੀ ਚੰਗੀ ਤਰ੍ਹਾਂ ਅਨੁਭਵ ਕੀਤੀ।

ਇੰਨ੍ਹਾਂ ਸਾਰੀਆਂ ਗਲਾਂ ਤੋਂ ਇਹ ਚੰਗੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਨਾਮਧਾਰੀਆਂ ਨੂੰ ਤੋਪਾਂ ਅੱਗੇ ਉਡਾਉਣ ਦੀ ਕੋਈ ਲੋੜ ਨਹੀਂ ਸੀ। ਕਾਵਨ ਨੂੰ ਚਾਹੀਦਾ ਸੀ ਕਿ ਉਹ ਰਿਆਸਤਾਂ ਦੇ ਅਫਸਰਾਂ ਨਾਲ ਮਿਲਕੇ ਉਨ੍ਹਾਂ ਸਾਰਿਆਂ ਤੇ ਮੁਕੱਦਮਾ ਚਲਾਉਂਦਾ ਅਤੇ ਜੇ ਉਹ ਮੌਤ ਦੀ ਸਜਾ ਦੇ ਭਾਗੀ ਹੁੰਦੇ ਤਾਂ ਉਸ ਦੀ ਮਨਜੂਰੀ ਕਮਿਸ਼ਨਰ ਤੋਂ ਲਈ ਜਾਂਦੀ। ਕਿਉਂਕਿ ਮੌਤ ਦੀ ਸਜਾ ਦਾ ਨਾ ਤਾਂ ਕਾਵਨ ਨੂੰ ਕੋਈ ਹੱਕ ਸੀ ਤੇ ਨਾ ਹੀ ਰਿਆਸਤੀ ਅਫਸਰਾਂ ਨੂੰ। ਕਾਵਨ ਘਬਰਾਉਂਦਾ ਹੋਇਆ ਦਲੀਲਾਂ ਦਿੰਦਾ ਹੋਇਆ ਕਹਿੰਦਾ ਹੈ ਕਿ ਭਾਵੇਂ ਉਸਦਾ ਇਹ ਕੰਮ ਬਿਲਕੁਲ ਬੇ ਕਾਨੂੰਨਾ ਸੀ ਪਰ ਜੇ ਉਹ ਇਹ ਕੰਮ ਨਾ ਕਰਦਾ ਤਾਂ ਬਗਾਵਤ ਵਧ ਜਾਣੀ ਸੀ ਪਰ ਖਤ ਸਾਰੇ ਇਸਦੇ ਉਲਟ ਹਨ। ਦੂਜੀ ਦਲੀਲ ਉਹ ਇਹ ਦਿੰਦਾ ਹੈ ਕਿ ਉਸਨੇ ਆਹ ਕੰਮ ਇਸ ਲਈ ਕੀਤਾ ਕਿ ਜਿਹੜੇ ਨਾਮਧਾਰੀ ਮਲੇਰ ਕੋਟਲੇ ਵੱਲ ਆਉਂਦੇ ਹਨ, ਉਹ ਦੇਖ ਲੈਣ ਕਿ ਉਨ੍ਹਾਂ ਦੇ ਸਾਥੀਆਂ ਨਾਲ ਕੀ ਕੀ ਕੁਝ ਹੋਇਆ। ਇਸ ਵਿਸ਼ੇ ਤੇ ਪੰਜਾਬ ਸਰਕਾਰ ਨੇ ਜਿਹੜਾ ਖਤ ਸਰਕਾਰ ਹਿੰਦ ਨੂੰ ਸੱਤ ਫਰਵਰੀ ਨੂੰ ਲਿਖਿਆ ਉਸ ਵਿੱਚੋਂ ਹੇਠ ਲਿਖੇ ਸ਼ਬਦ ਇੱਥੇ ਦਿੰਦਾ ਹਾਂ–
"ਇਹ ਗੱਲ ਕਿ ਜਿਹੜੇ ਨਾਮਧਾਰੀ ਮਲੇਰਕੋਟਲੇ ਵੱਲ ਆ ਰਹੇ ਸਨ, ਉਹ ਇਸ ਕਰਕੇ ਮੁੜ ਗਏ ਕਿਉਂਕਿ ਕਾਵਨ ਨੇ ਕੂਕਿਆਂ ਨੂੰ ਤੋਪਾਂ ਅੱਗੇ ਉਡਾ ਦਿੱਤਾ ਸੀ, ਜੋ ਕਿ ਠੀਕ ਨਹੀਂ ਸੀ। ਕਿਉਂਕਿ ਜਿਤਨੇ ਕੂਕੇ ਮਲੇਰ ਕੋਟਲੇ ਵੱਲ ਆਏ, ਉਹ ਪੰਦਰਾਂ ਤਰੀਕ ਨੂੰ ਹੀ ਵਾਪਿਸ (ਗ੍ਰਿਫਤਾਰੀ ਵਾਲੇ ਦਿਨ) ਮੁੜ ਗਏ। ਪਰੰਤੂ ਪਕੜੇ ਹੋਏ ਕੂਕੇ ਸਾਰੇ ਸਤਾਰਾਂ ਤਰੀਕ ਨੂੰ ਹੀ ਗਏ ਹਨ। ਉਨ੍ਹਾਂ ਦੇ ਮੁੜਨ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੇ ਸਾਥੀਆਂ ਨੂੰ ਸਫਲਤਾ ਨਹੀਂ ਸੀ ਮਿਲੀ।"

ਇਸ ਤੇ ਹਾਸ਼ੀਆ ਚੜਾਉਣ ਦੀ ਲੋੜ ਨਹੀਂ। ਫੋਰਸਿਥ ਤੇ ਕਾਵਨ ਨੇ ਇਹ ਵੀ ਦਲੀਲ ਪੇਸ਼ ਕੀਤੀ ਕਿ ਜਿਹੜੀਆ ਸਜਾਂਵਾਂ ਨਾਮਧਾਰੀਆਂ ਨੂੰ ਪਿਛਲੇ ਸਾਲ ਦਿੱਤੀਆਂ ਗਈਆਂ ਸਨ, ਉਹ ਇੰਨ੍ਹਾ ਨੂੰ ਰੋਕ ਨਹੀਂ ਸਕੀਆਂ। ਦੂਜੇ ਸ਼ਬਦਾਂ ਵਿੱਚ ਆਮ ਕਾਨੂੰਨ ਨੂੰ ਤਿਲਾਂਜਲ਼ੀ ਦੇਣੀ ਕਿਸੇ ਹੱਦ ਤੱਕ ਠੀਕ ਨਹੀਂ। ਇਸ ਉੱਤੇ ਗਵਰਨਰ ਬਾ. ਇਜਲਾਸ ਨੇ ਇਹ ਲਿਖਿਆ–

It is a grave act of insubordination and presumption ......to do so is to usurp the highest pro- rogtive of the government of the government. one thing which can not be permitted to any civil or military officer in any case. whatever, is the regular assumption of the office of the judge and of the legislature, no such officer has right to punish his prisoners, still less has. he has not any right to punish them according to law made by hinmelf. after the fact, and in reference to the circumstances of the particular case........ under the circumstances their illigal and indiscriminate execution was a measure for which there was no excuse. his excellency in council cannot be regard as an excuse. Cowen belief that the execution was poitically expedient. the course followed by mr. Cowen was illigal, that it was not palliated by aby public necessity , and that it was characterised by incidents which gave it a complexation of barbarity. tht course was commenced in opposition to the spirit of instructions recieved from superior authority and in the absense of sanctionn invoked but not awaited. it was prosecuted to completion in contrvention of positive orders.

ਪੰਜਾਬ ਸਰਕਾਰ ਦੀ ਰਾਏ ਇਹ ਹੈ।

The lieutenant Governor..... is of opinion that there was no such Urgent

necessity as to justify that officer acting without the orders of the commissioner.

ਮਿਸਟਰ ਕਾਵਨ ਦੀ ਕਾਰਵਾਈ ਨੂੰ ਇਸਤਰਾਂ ਸਖਤ ਬੁਰਾ ਕਹਿਕੇ ਉਸ ਨੂੰ ਨੌਕਰੀ ਤੋਂ ਮੌਕੂਫ ਕੀਤਾ ਗਿਆ। ਕਾਵਨ ਦੀ ਬਾਬਤ ਪੰਜਾਬ ਅਤੇ ਹਿੰਦ ਸਰਕਾਰ ਦੀ ਰਾਇ ਉੱਤੇ ਦਿੱਤੀ ਗਈ ਹੈ। ਕਾਵਨ ਜਿੰਨ੍ਹਾਂ ਗੱਲਾਂ ਦਾ ਮੁਜਰਮ ਸੀ ਉਹ ਇਹ ਹਨ-

ੳ- ਕਾਵਨ ਨੂੰ ਮੌਤ ਦੀ ਸਜਾ ਦੇਣ ਦਾ ਕੋਈ ਹੱਕ ਨਹੀਂ ਸੀ, ਇਹ ਹੱਕ ਕਮਿਸ਼ਨਰ ਨੂੰ ਸੀ।

ਅ- ਕਾਵਨ ਨੇ ਮਲੌਦ ਤੋਂ ਤਾਰ ਪੰਜਾਬ ਸਰਕਾਰ ਵੱਲ ਮਲੌਦ ਪਕੜੇ ਆਦਮੀਆਂ ਦਾ ਖਾਤਮਾਂ ਕਰਨ ਲਈ ਦਿੱਤੀ ਅਤੇ ਉੱਤਰ ਦੀ ਉਡੀਕ ਨਹੀਂ ਕੀਤੀ।

ੲ- ਕਮਿਸ਼ਨਰ ਨੇ ਜਿਹੜਾ ਖਤ ਸੋਲਾਂ ਤਾਰੀਖ ਨੂੰ ਲਿਖਿਆ ਅਤੇ ਕਾਵਨ ਨੂੰ ਸਤਾਰਾਂ ਦੀ ਸਵੇਰ ਮਿਲਿਆ, ਉਸਦੀ ਉਸਨੇ ਕੋਈ ਪਰਵਾਹ ਨਹੀਂ ਕੀਤੀ।

ਸ- ਦੂਸਰਾ ਖਤ ਜਿਹੜਾ ਕਾਵਨ ਵੱਲ ਲਿਖਿਆ ਜਿਹੜਾ ਕਿ ਉਸਨੂੰ ਓਦੋਂ ਮਿਲਿਆ ਜਦੋਂ ਕਿ ਪੰਜ ਛੇ ਆਦਮੀ ਜਿਓਂਦੇ ਸਨ। (ਇਹ ਗੱਲ ਕਾਵਨ ਹੀ ਕਹਿੰਦਾ ਹੈ ਕਿ, ਮੇਰਾ ਤਾਂ ਖਿਆਲ ਹੈ ਕਿ ਇਹ ਝੂਠ ਹੈ, ਮੈਂ ਸਾਰਾ ਹਾਲ ਪਿੱਛੇ ਦਰਜ ਕੀਤਾ ਹੈ। ਇਹ ਖਤ ਵੀ ਉਸਨੂ ਕੂਕਿਆਂ ਨੂੰ ਮਾਰਨ ਤੋਂ ਪਹਿਲਾਂ ਪਹੁੰਚਿਆ ਜਾਪਦਾ ਹੈ। ਉਸਨੇ ਇਸ ਖਤ ਦੀ ਪਰਵਾਹ ਨਹੀਂ ਕੀਤੀ।

ਹ- ਕਾਵਨ ਕਹਿੰਦਾ ਹੈ ਕਿ ਫੋਰਸਿਥ ਦੇ ਖਤ ਉਸ ਪਾਸੋਂ ਗੁੰਮ ਹੋ ਗਏ ਹਨ। ਇਹ ਖਤ ਮਾਮਲੇ ਨੂ ਸਾਫ ਕਰਨ ਲਈ ਅਤਿ ਜਰੂਰੀ ਸਨ। ਦੋਵੇਂ ਖਤ ਪ੍ਰਗਟ ਹੋਣ ਤੇ ਕਾਵਨ ਫਸਦਾ ਸੀ। ਸੋ ਸਿਆਣੇ ਆਦਮੀ ਨਤੀਜਾ ਕੱਢ ਸਕਦੇ ਹਨ ਕਿ ਇਹ ਗੁੰਮ ਹੋ ਗਏ ਜਾਂ ਲੁਕਾ ਲਏ।

ਕ- ਪਹਿਲੀ ਗੱਲ ਤਾਂ ਇਹ ਹੈ ਕਿ ਕਾਵਨ ਨੂੰ ਮੌਤ ਦੀ ਸਜਾ ਦੇਣ ਦਾ ਕੋਈ ਹੱਕ ਨਹੀਂ ਸੀ। ਫੇਰ ਸਜਾ ਵੀ ਤੋਪਾਂ ਅੱਗੇ ਦਿੱਤੀ ਗਈ।

ਖ- ਮਾਰਨ ਤੋਂ ਪਹਿਲਾਂ ਕਿਸੇ ਉੱਤੇ ਵੀ ਮੁਕੱਦਮਾ ਨਹੀਂ ਚਲਾਇਆ ਗਿਆ, ਨਾ ਹੀ ਕਿਸੇ ਦਾ ਬਿਆਨ ਲਿਆ ਗਿਆ। ਇਸ ਤੋਂ ਪਤਾ ਨਹੀਂ ਲੱਗਦਾ ਕਿ ਕਸੂਰਵਾਨ ਕੌਣ ਸੀ ਤੇ ਕੌਣ ਨਹੀਂ।

ਗ- ਫੋਰਸਿਥ ਦੀ ਬਾਬਤ ਸਰਕਾਰ ਹਿੰਦ ਦਾ ਇਹ ਖਿਆਲ ਸੀ ਕਿ ਉਸਨੂੰ ਕਾਵਨ ਦੀ ਤਾਈਦ ਨਹੀਂ ਸੀ ਕਰਨੀ ਚਾਹੀਦੀ। ਜਿਹੜੇ ਸੋਲਾਂ ਆਦਮੀਆਂ ਨੂੰ ਉਸਨੇ ਮੌਤ ਦੀਆ ਸਜਾਂਵਾਂ ਦਿੱਤੀਆਂ ਜੇ ਉਨ੍ਹਾਂ ਦੀ ਚੰਗੀ ਤਰ੍ਹਾਂ ਪੁੱਛ ਪੜਤਾਲ ਕੀਤੀ ਜਾਂਦੀ ਤਾਂ ਸ਼ਾਇਦ ਕਈ ਘਟ ਕਸੂਰ ਵਾਰ ਸਾਬਤ ਹੁੰਦੇ। ਏਸ ਲਈ ਫੋਰਸਿਥ ਨੇ ਜੋ ਕੁਝ ਕੀਤਾ ਉਹ ਇਨਸਾਫ ਦੀ ਸਪਿਰਟ ਦੇ ਉਲਟ ਸੀ। ਇੱਥੇ ਕਾਵਨ ਨੇ ਜਿਹੜੀ ਤੋਪਾਂ ਅੱਗੇ ਉਡਾਉਣ ਦੀ ਬਹਾਦਰੀ ਕੀਤੀ ਉਸਦਾ ਥੋੜਾ ਜਿਹਾ ਹਾਲ ਦਿੰਦਾ ਹੈ। ਇਸ ਕਾਰਵਾਈ ਦੀ ਬਾਬਤ ਫੋਰਸਿਥ ਨੇ ਪੰਜਾਬ ਸਰਕਾਰ ਵੱਲ 19 ਜਨਵਰੀ ਨੂੰ ਖਤ ਲਿਖਿਆ ਜਿਸ ਵਿੱਚ ਹੇਠ ਲਿਖੇ ਸ਼ਬਦ ਆਉਂਦੇ ਹਨ। ਐਤਨੇ ਆਦਮੀਆਂ ਨੂੰ ਫਾਂਸੀ ਚੜ੍ਹਾਉਣ ਦਾ ਪ੍ਰਬੰਧ ਮਲੇਰ ਕੋਟਲੇ ਵਿੱਚ ਪ੍ਰਬੰਧ ਨਹੀਂ ਸੀ। ਇਸ ਲਈ ਕਾਵਨ ਨੇ ਉਨ੍ਹਾਂ ਨੂੰ ਤੋਪਾਂ ਅੱਗੇ ਉਡਾ ਦਿੱਤਾ। ਇਹ ਗੱਲ ਕੋਈ ਨਵੀਂ ਨਹੀਂ, ਕਿਉਂਕਿ ਅਜਿਹੀਆ ਹਾਲਾਤਾਂ ਵਿੱਚ 1857 ਦੇ ਗਦਰ ਵਿੱਚ ਵੀ ਇਸੇ ਤਰ੍ਹਾਂ ਕੀਤਾ ਗਿਆ ਸੀ। ਪਾਠਕਾਂ ਨੂੰ ਇਹ ਵੀ ਯਾਦ ਕਰਵਾਇਆ ਜਾਂਦਾ ਹੈ ਕਿ ਗਦਰ ਦੇ ਸਮੇਂ ਫੋਰਸਿਥ ਨੂੰ ਬਾਗੀਆਂ ਨੂੰ ਸਜਾਂਵਾਂ ਦੇਣ ਲਈ ਸਪੈਸ਼ਲ ਕਮਿਸ਼ਨਰ ਨੀਯਤ ਕੀਤਾ ਗਿਆ। (ਦੇਖੋ ਉਸਦਾ ਆਪਣੇ ਹੱਥੀਂ ਲਿਖਿਆ ਜੀਵਨ) ਸੋ ਇਸਨੇ ਕਿਸ ਢੰਗ ਨਾਲ ਬਾਗੀਆਂ ਨੂੰ ਸਜਾਂਵਾਂ ਦਿੱਤੀਆਂ, ਇਹ ਆਪ ਤਾਂ ਲਿਖਕੇ ਛੱਡ ਨਹੀਂ ਗਿਆ, ਪਰੰਤੂ ਦੂਜੀਆਂ ਕਿਤਾਬਾਂ ਵਿੱਚ ਹਾਲ ਮਿਲਦੇ ਹਨ। ਸਰਕਾਰ ਹਿੰਦ ਨੇ ਕਾਵਨ ਨੂੰ ਨੌਕਰੀ ਤੋਂ ਮੌਕੂਫ ਕਰ ਦਿੱਤਾ ਅਤੇ ਤਿੰਨ ਸੌ ਰੁਪਏ ਮਾਹਵਾਰੀ ਪੈਂਨਸ਼ਨ ਲਾ ਦਿੱਤੀ। ਫੋਰਸਿਥ ਨੂੰ ਸੂਬਾ ਅਵਧ ਵਿੱਚ ਕਿਸੇ ਹੋਰ ਮਹਿਕਮੇ ਵਿੱਚ ਬਦਲ ਦਿੱਤਾ। ਇੰਨ੍ਹਾਂ ਦੋ ਆਦਮੀਆਂ ਦੀ ਬਾਬਤ ਸਰਕਾਰ ਹਿੰਦ ਦੀ ਰਾਏ ਉੱਤੇ ਦਰਜ ਹੈ। ਉੱਤੇ ਜੁਰਮ ਵੀ ਦਰਜ ਹਨ। ਜਿੰਨ੍ਹਾ ਨੂੰ ਸਰਕਾਰ ਹਿੰਦ ਭੀ ਮੰਨਦੀ ਹੈ। ਇੰਨ੍ਹਾਂ ਹਾਲਾਤਾਂ ਵਿੱਚ ਇੰਨ੍ਹਾਂ ਨੂੰ ਯੋਗ ਸਜਾ ਮਿਲੀ ਜਾਂ ਨਹੀਂ ਉਸ ਬਾਰੇ ਪਾਠਕ ਆਪ ਹੀ ਅੰਦਾਜਾ ਲਾਉਣ। 1873 ਵਿੱਚ ਲਾਰਡ ਨਾਰਥਬਰੁੱਕ ਵਾਈਸਰਾਏ ਹੋਕੇ ਆਇਆ ਤਦ ਫੋਰਸਿਥ ਨੇ ਆਪਣੇ ਮਾਮਲੇ ਦੀ ਅਪੀਲ ਕੀਤੀ। ਵਾਈਸਰਾਏ ਨੇ ਹਮਦਰਦੀ ਪ੍ਰਗਟ ਕੀਤੀ। ਪਰੰਤੂ ਕਿਹਾ ਕਿ ਫੈਸਲਾ ਉਲਟਾਇਆ ਨਹੀਂ ਜਾ ਸਕਦਾ। ਫੋਰਸਿਥ ਨੂੰ ਹੋਰ ਵਧੇਰੇ ਜੁੰਮੇਵਾਰੀ ਦਾ ਕੰਮ ਦਿੱਤਾ ਗਿਆ ਅਤੇ ਸਰ ਦਾ ਖਿਤਾਬ ਭੀ ਦਿੱਤਾ। ਕਾਵਨ ਭੀ ਫੋਰਸਿਥ ਪਾਸ ਪੁੱਜਾ। ਫੋਰਸਿਥ ਨੇ ਉਸਨੂੰ ਕਿਸੇ ਹੋਰ ਥਾਂ ਚੰਗੀ ਨੌਕਰੀ ਦਿਲਵਾ ਦਿੱਤੀ।

ਬਾਬਾ ਰਾਮ ਸਿੰਘ ਜੀ ਦਾ ਹਾਲ ਵਿੱਚੇ ਛੱਡਿਆ ਜਾ ਚੁੱਕਾ ਹੈ। ਬਾਬਾ ਜੀ ਰੰਗੂਨ ਛਾਵਣੀ ਵਿੱਚ ਇੱਕ ਕੋਠੀ ਵਿੱਚ ਰੱਖੇ ਹੋਏ ਸਨ ਅਤੇ ਪੁਲਿਸ ਦਾ ਪਹਿਰਾ ਲੱਗਾ ਰਹਿੰਦਾ ਸੀ।

ਨਾਲ ਹੀ ਬਾਬਾ ਜੀ ਦੇ ਸਾਥੀ ਸਨ। ਇੰਨ੍ਹਾਂ ਦੇ ਦਿਲਾਂ ਵਿੱਚ ਸਰਕਾਰ ਵਿਰੁੱਧ ਪਹਿਲਾਂ ਹੀ ਨਰਾਜਗੀ ਸੀ ਅਤੇ ਅਫਸਰਾਂ ਦੀ ਵੀ ਲੰਬੀ ਪਰਵਾਹ ਨਹੀਂ ਸਨ ਕਰਦੇ। ਫੇਰ ਜਦ ਬੇ ਗੁਨਾਹ ਪਕੜੇ ਗਏ ਮਲੇਰ ਕੋਟਲੇ ਦੇ ਸੰਬੰਧ ਵਿੱਚ, ਜਿਸ ਨਾਲ ਇੰਨ੍ਹਾ ਦਾ ਕੋਈ ਵਾਸਤਾ ਨਹੀ ਸੀ। ਇਸ ਕਰਕੇ ਇੰਨ੍ਹਾਂ ਦੇ ਦਿਲ ਵਿੱਚ ਸਰਕਾਰ ਨਾਲ ਨਰਾਜ਼ਗੀ ਵਧਣੀ ਕੁਦਰਤੀ ਸੀ। ਸੁਣਿਆ ਹੈ ਕਿ ਅਫ਼ਸਰਾਂ ਨਾਲ ਚੰਗੀ ਤਰ੍ਹਾਂ ਨਾਲ ਨਹੀਂ ਸੀ ਬੋਲਦੇ ਅਤੇ ਪੁਲਿਸ ਨਾਲ ਵੀ ਇੰਨ੍ਹਾ ਦੀ ਅਣਬਣ ਰਹਿੰਦੀ ਸੀ। ਜਿਸ ਕਰਕੇ ਬਾਬਾ ਜੀ ਦੀ ਬਦਲੀ ਮਰਗੋਈ ਕਰ ਦਿੱਤੀ ਗਈ। ਬਾਬਾ ਜੀ ਅਤੇ ਉਨ੍ਹਾਂ ਦੇ ਠੀਕ-ਠਾਕ ਹਾਲਾਤਾਂ ਦਾ ਅਜੇ ਪਤਾ ਨਹੀਂ, ਜੋ ਕਿਰਪਾ ਕਰਕੇ ਬਰਮਾ ਨਿਵਾਸੀ ਸਿੱਖ 'ਫੁਲਵਾੜੀ' ਰਾਹੀਂ ਬਿਆਨ ਕਰਨ ਤਾਂ ਇੱਕ ਬੜੀ ਵੱਡੀ ਪੰਥਕ ਸੇਵਾ ਹੋਵੇਗੀ। ਅਜੇ ਤੱਕ ਕਈ ਸੱਜਣ ਜਿਉਂਦੇ ਹਨ ਕਿ ਜਿਹੜੇ ਬਾਬਾ ਜੀ ਦਾ ਦਰਸ਼ਨ ਕਰ ਚੁਕੇ ਹਨ ਅਤੇ ਕਾਫੀ ਹਾਲ ਜਾਣਦੇ ਹਨ। ਭੈਣੀ ਸਾਹਿਬ ਤੋਂ ਵੀ ਕਈ ਹਾਲ ਪਤਾ ਲੱਗ ਸਕਦੇ ਹਨ। ਆਸ਼ਾ ਹੈ ਕਿ ਕੋਈ ਸੱਜਣ ਉਨ੍ਹਾਂ ਦੇ ਹੋਰ ਹਾਲ ਪ੍ਰਗਟ ਕਰੇਗਾ ਨਹੀਂ ਤਾਂ ਵੀਹ ਪੰਜੀ ਸਾਲ ਤੱਕ ਸਾਰੇ ਹਾਲਾਤ ਮਿਲਣੇ ਔਖੇ ਹੋ ਜਾਣਗੇ। ਬਾਬਾ ਜੀ ਨੇ ਬੜੇ ਔਕੜ ਸਮੇਂ ਪੰਥ ਦੀ ਸੇਵਾ ਕੀਤੀ ਹੈ। ਨਾਮਧਾਰੀਆਂ ਦੀ ਰਹਿਣੀ ਬਹਿਣੀ ਤੇ ਬਾਬਾ ਜੀ ਦੇ ਪ੍ਰਚਾਰ ਨੇ ਸਿੱਖਾਂ ਤੇ ਬੜਾ ਚੰਗਾ ਅਸਰ ਪਾਇਆ ਹੈ। ਅੱਜ ਕਲ ਗਊ ਬੱਧ ਅਤੇ ਹੋਰ ਕਈ ਗੱਲਾਂ ਨੂੰ ਰੋਕਣਾ ਭਾਵੇਂ ਸਾਨੂੰ ਵਾਧੂ ਹੀ ਜਾਪੇ ਪਰੰਤੂ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਬਾਬਾ ਜੀ ਦੇ ਸਮੇਂ ਲੋਕ ਹੋਰ ਤਰ੍ਹਾਂ ਸੋਚਦੇ ਸਨ। ਬਾਬਾ ਰਾਮ ਸਿੰਘ ਜੀ ਦਿਲਾਂ ਤੇ ਰਾਜ ਕਰਦੇ ਹਨ।

ਇਸ ਤੋਂ ਪਿੱਛੋਂ ਨਾਮਧਾਰੀਆਂ ਉੱਤੇ ਸਖਤੀ ਸ਼ੁਰੂ ਹੋ ਗਈ ਜਿਸ ਤਰ੍ਹਾਂ ਅਕਾਲੀ ਲਹਿਰ ਵੇਲੇ ਹੋਈ ਸੀ। ਨਾਮਧਾਰੀਆਂ ਦੇ ਫਿਰਨ ਉੱਤੇ ਬੰਦਿਸ਼ਾਂ ਲਾਈਆਂ ਗਈਆਂ। ਭੈਣੀ ਸਾਹਿਬ ਪੁਲਿਸ ਦੀ ਚੌਂਕੀ ਬਿਠਾਈ ਗਈ ਅਤੇ ਗੁਰਦੁਆਰੇ ਵਿੱਚ ਆਵਾਜਾਈ ਤੇ ਬੰਦਸ਼ਾ ਸਨ। ਇਹ ਸਾਰੀਆਂ ਬੰਦਸ਼ਾ ਛੇ ਸੱਤ ਸਾਲ ਹੋਏ ਹਟਾਈਆਂ ਗਈਆਂ ਹਨ। ਮਲੇਰ ਕੋਟਲੇ ਦੀ ਰਿਆਸਤ ਨੇ ਜਿਹੜਾ ਸਾਡੇ ਇਤਿਹਾਸ ਵਿਚ ਹਿੱਸਾ ਲਿਆ ਗਿਆ, ਉਹ ਭੀ ਪਾਠਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ ਮੁਕੱਦਮੇ ਲਈ ਸੂਬੇ ਦੇ ਸਾਮਣੇ ਪੇਸ਼ ਕੀਤੇ ਗਏ ਤਾਂ ਮਲੇਰ ਕੋਟਲੇ ਦੇ ਪਠਾਣਾਂ ਨੇ ਹਾਅ ਦਾ ਨਾਰਾ ਮਾਰਿਆ। ਇੰਨ੍ਹਾਂ ਪਠਾਣਾਂ ਕੋਲ ਗੁਰੂ ਜੀ ਦੇ ਹੁਕਮਨਾਮੇ ਵੀ ਮੌਜੂਦ ਹਨ। ਸਿੱਖ ਮਲੇਰ ਕੋਟਲੇ ਨੂੰ ਬੜੀ ਇੱਜਤ ਨਾਲ ਦੇਖਦੇ ਸਨ। ਸ. ਕਰਮ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ- ਮਲੇਰੀਆਂ ਨੇ ਹਾਅ ਦਾ ਨਾਰਾ ਤਾਂ ਠੀਕ ਮਾਰਿਆ ਸੀ, ਪਰ ਸਿੱਖਾਂ ਦੀ ਅਲਖ ਮੁਕਾਉਣ ਵਿੱਚ ਇੰਨ੍ਹਾ ਨੇ ਕੋਈ ਕਸਰ ਨਹੀਂ ਰੱਖੀ ਸੀ। ਵੱਡੇ ਘੱਲੂਘਾਰੇ ਵੇਲੇ ਭੀਖਣ ਖਾਂ ਮਲੇਰੀਏ ਨੇ ਹਜਾਰਾਂ ਸਿੱਖਾਂ ਦਾ ਲਹੂ ਡੋਲਿਆ। ਉਸ ਉੱਤੇ ਗਚ ਵੀ ਬੜਾ ਸੀ। ਪਰ ਅਗਲੇ ਹੀ ਸਾਲ ਜਦ ਖਾਲਸਾ ਜੀ ਨੇ ਸਰਹੰਦ ਮਾਰੀ ਅਤੇ ਸਾਰੇ ਇਲਾਕੇ ਉੱਤੇ ਕਬਜਾ ਕੀਤਾ ਤਾਂ ਕਿਸੇ ਨੇ ਮਲੇਰ ਕੋਟਲੇ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਿਆ, ਲਾਂਭ-ਲਾਂਭ ਦਾ ਸਾਰਾ ਇਲਾਕਾ ਖਾਲਸਾ ਜੀ ਨੇ ਮੱਲ ਲਿਆ। ਪਰ ਮਲੇਰ ਕੋਟਲੇ ਉੱਤੇ ਕਿਸੇ ਨੇ ਹੱਥ ਨਾਂਹ ਪਾਇਆ, ਕਿਉਂ ਜੋ ਇੰਨ੍ਹਾ ਦੇ ਵਡੇਰੇ ਨੇ ਹਾਅ ਦਾ ਨਾਰਾ ਮਾਰਿਆ ਸੀ। ਸਿੱਖਾਂ ਨੇ ਅਹਿਸਾਨ ਮੰਦੀ ਦੀ ਹੱਦ ਪਹੁੰਚਾ ਦਿੱਤੀ ਪਰੰਤੂ ਸਦਾ ਇਹ ਪਾਲਿਸੀ ਨਹੀਂ ਸੀ ਰੱਖੀ ਜਾ ਸਕਦੀ। ਸੰਮਤ 1794 ਵਿੱਚ ਬੇਦੀ ਸਾਹਿਬ ਸਿੰਘ ਜੀ ਜਿਹੜੇ ਕਿ ਗੁਰੂ ਨਾਨਾਕ ਦੇਵ ਜੀ ਦੇ ਘਰਾਣੇ ਵਿੱਚੋਂ ਸਨ, ਨੇ ਮਲੇਰ ਕੋਟਲੇ ਉੱਤੇ ਧਾਰਮਿਕ ਜੰਗ ਦਾ ਐਲਾਨ ਕਰ ਦਿੱਤਾ। ਕਿਉਂਕਿ ਇੱਥੋਂ ਦੇ ਅਫਗਾਨ ਗਊ-ਬੱਧ ਕਰਦੇ ਸਨ। (ਦੇਖੋ ਹਿਸਟਰੀ ਆਫ ਪੰਜਾਬ ਰਾਜ, ਲੈਪਲ ਗਰਿਫਨ, ਸੰਮਤ 1872 ਵਿੱਚ ਜਿਹੜਾ ਸਿੱਖਾਂ ਦਾ ਖ਼ੂਨ ਮਲੇਰ ਕੋਟਲੇ ਡੁੱਲ੍ਹਾ ਉਹ ਉੱਤੇ ਦੱਸਿਆ ਜਾ ਚੁਕਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੁ ਜੀ ਦੀ ਫਤਹਿ

**Books consulted-**


1. kooka outbreak published by the order of house of commnos
2. autobiography of sir T.D. forsyth
3. india and my home memories—by sir henry cotton
4. other side of the medal by E thompson
5. Ranjeet singh by Sir Lepal Griffin
6. History of the punjab Rajas by sir Lepal Griffin
7. Phulwari March 1929
8. Urdu 'kirti' Amritsar


.......................................................

# ਤਬੀ ਹੀ ਬਾਰਵਾਂ ਬਪਿ ਪਹਿਚਾਨੋਂ



**– ਹਰਪਾਲ ਸਿੰਘ ਸੇਵਕ**
ਪ੍ਰਸਿੱਧ ਨਾਮਧਾਰੀ ਲੇਖਕ ਅਤ ਬੁਲਾਰੇ
ਇਕ ਚੌਥਾਈ ਸਦੀ ਤੱਕ
ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਰਹੇ
94176-01321

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਬਾਰੇ ਅਨੇਕਾਂ ਗ੍ਰੰਥਾਂ ਵਿੱਚ ਦਰਜ ਭਵਿੱਖਤ ਵਾਕ ਹਨ, ਇੰਨ੍ਹਾ ਵਿੱਚੋਂ ਇੱਕ ਪ੍ਰਸਿੱਧ ਰਚਨਾ ਹੈ; "ਗੁਰਿੰਡਨਾਮਾ ਪਾਤਸ਼ਾਹੀ ੧੦" ਜੋ ਕਿ ਭੋਗਲ ਪੁਰਾਣ ਵਿਚਲੇ ਸੁਕਦੇਵ ਮੁਨੀ ਅਤੇ ਰਾਜਾ ਪ੍ਰੀਸ਼ਤ ਦੇ ਸੰਵਾਦ ਦਾ ਅਨੁਵਾਦ ਮੰਨਿਆਂ ਜਾਂਦਾ ਹੈ। ਇਸ ਦਾ ਆਰੰਭ ਇਸ ਦੋਹਰੇ ਤੋਂ ਹੈ-

ਦੋਹਿਰਾ- ਆਦਿ ਜੁਗ ਮੈ ਸੁਕ ਕਹਿਓ ਸੋ ਅਬ ਕਹੋਂ ਸੁਨਾਇ
ਭੋਗਲ ਧਿਆਇ ਮੈ ਕਹਿ ਗਇਓ ਸੁਕ ਪ੍ਰੀਸ਼ਤ ਪਤ ਗਾਇ।

ਇਸੇ ਵਿੱਚ ਅੱਗੇ ਦਰਜ ਹੈ-

ਸੁਤੇ ਪ੍ਰਕਾਸ਼ ਚਰਿਤ ਹੋਇ ਏਹੀ,
ਆਦਿ ਜੁਗਾਦਿ ਕੀ ਧਾਰੈ ਦੇਹੀ।
ਕਲਿਯੁਗ ਮੈ ਸਤਿਜੁਗ ਕਰ ਠਾਨੋ
ਤਬ ਹੀ ਬਾਰਵਾਂ ਬਪਿ ਪਹਿਚਾਨੋਂ।

ਇਸ ਰਚਨਾ ਵਿੱਚ ਈਸ਼ਵਰੀ ਅਵਤਾਰ ਦਾ ਪ੍ਰਗਟ ਹੋਣਾ ਲਿਖਿਆ ਹੈ ਕਿ ਸ਼ਿਵ ਅਤੇ ਸ਼ੇਸ਼ਨਾਗ ਆਦਿ ਦੇਵਤੇ ਜਿਸ ਪ੍ਰਮੇਸ਼ਰ ਦਾ ਜਸ ਗਾਉਂਦੇ ਹਨ। ਉਹ ਸਰਬ ਕਲਾ ਸਮਰੱਥ ਪ੍ਰਭੂ ਕਲਿਯੁਗ ਵਿੱਚ ਗੁਰੂ- ਅਵਤਾਰਾਂ ਦੀ ਗੁਰੂ ਪੀੜ੍ਹੀ ਵਿੱਚ ਬਾਰਵੇਂ ਜਾਮੇਂ ਦੇ ਰੂਪ ਵਿੱਚ ਪ੍ਰਗਟ ਹੋਵੇਗਾ। ਉਸਦੀ ਪਹਿਚਾਣ ਹੋਵੇਗੀ ਕਿ ਉਹ ਕਲਿਯੁਗ ਵਿੱਚ ਸਤਿਜੁਗ ਲਾ ਦੇਵੇਗਾ। ਇਸੇ ਰਚਨਾ ਵਿੱਚ ਦਸ ਜਾਮਿਆਂ ਬਾਰੇ ਅਤੇ ਗਿਆਰਵੇਂ ਜਾਮੇ ਬਾਰੇ ਵੀ ਵਾਕ ਹੈ-

ਜਾਮੇ ਧਾਰੇ ਦਸ ਗੁਰੂ ਨਵਸਤ ਕਲਾ ਸੁਧਾਰ
ਗੁਪਤ ਗਿਆਰਵਾਂ ਖੇਲਸੀ ਕੋ ਇੱਕ ਨਾ ਪਾਵੈ ਪਾਰ॥

ਇਸੇ ਭਾਵ ਦੇ ਭਵਿੱਖਤ ਵਾਕ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਭਾਈ ਅਜਿੱਤੇ ਰੰਧਾਵੇ ਦੀ ਗੋਸ਼ਟਿ ਵਿੱਚ ਵੀ

ਦਰਜ ਹਨ। ਇਸ ਵਿਸਤ੍ਰਿਤ ਕਥਾ ਵਿੱਚ ਭਾਈ ਅਜਿੱਤੇ ਰੰਧਾਵੇ ਦੇ ਸੁਆਲ ਅਤੇ ਆਦਿ ਗੁਰੂ ਬਾਬਾ, ਸਤਿਗਰੂ ਨਾਨਕ ਦੇਵ ਜੀ ਵਲੋਂ ਸ਼ੰਕਾ ਸਮਾਧਾਨ ਹਨ। ਪੁਰਾਤਨ ਵਾਰਤਕ ਸ਼ੈਲੀ ਵਿੱਚ ਸੁਆਲਾਂ ਅਤੇ ਜੁਆਬਾਂ ਦੇ ਵਾਕ ਇਸ ਪ੍ਰਕਾਰ ਹਨ- "ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਫੇਰ ਸਿੱਖ ਕਿਸਦੀ ਪੈਰੀਂ ਪਵਨਗੇ ਤੇ ਕਿਉਂ ਕਰ ਵਰਤਾਰਾ ਵਰਤੇਗਾ। ...ਤਾਂ ਬਚਨ ਹੋਇਆ ਭਾਈ ਅਜਿੱਤਿਆ ਜਿੱਥੇ ਸ਼ਬਦ ਮਿਹਰਵਾਨ ਹੁੰਦਾ ਹੈ ਤਿਥੈ ਹੀ ਬਖਸੇਗਾ। ਕਿਆ ਘਰ ਕਿਆ ਬਾਹਰ ਇਹ ਆਦਿ ਜੁਗਾਦੀ ਗੁਰੂ ਚੇਲੇ ਦੀ ਹੈ। ਤੇ ਬੱਚਾ ਅਜਿੱਤਿਆ ਤੈਂ ਜੋ ਪੁਛਿਆ ਹੈ ਕਿ ਕਿਉਂ ਕਰ ਵਰਤਾਰਾ ਵਰਤੇਗਾ, ਸੋ ਭਾਈ ਜਬ ਦਸਵਾਂ ਜਾਮਾ ਹੋਵੇਗਾ ਤੇ ਜਾਰਵਾਂ ਗੁਪਤ ਵਰਤੇਗਾ ਤਿਸਤੇ ਪਿੱਛੇ ਆਪੋ ਆਪਣੀ ਹੋਇ ਕਰ ਵਰਤੇਗੀ ਅਤੇ ਕੋਈ ਕਿਸੇ ਕੋ ਬਦੇਗਾ ਨਾਹੀ ਤੇ ਸਿੱਖੀ ਐਸੀ ਚੱਲੇਗੀ ਜੋ ਮਨ ਭਾਂਵਦੀ ਕਰਨਗੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿੱਚੋਂ ਨਿਕਲਣਗੇ।

ਭਾਈ ਅਜਿਤਿਆ ਬਾਰਵਾਂ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਆਰਾ ਨਿਰਲੇਪ। ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪ ਕੋ ਜਣਾਵੇਗਾ ਨਾਹੀਂ। ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਵੇਗਾ ਸੋ ਇੱਕ ਅਕਾਲ ਪੁਰਖ ਕਾ ਲਵੇਗਾ ਤੇ ਤਿਸ ਕੋ ਕੋਈ ਲਖ ਨਾ ਸਕੇਗਾ। ਸੂਲੀ ਸਬਦ ਉਚਰੀਐਗਾ ਔਰ ਸਬਦ ਹੀ ਕਮਾਈਐਗਾ ਅਰ ਜੋ ਸਿੱਖ ਹੋਵਨਗੇ ਤਿਨ ਕੋ ਸਬਦ ਹੀ ਦੱਸੇਗਾ ਅਤੇ ਤਿਸਕੇ ਆਸਰੇ ਮਾਰਗ ਚੱਲੇਗਾ। ਭਾਈ ਕਲੀ ਕਾਲ ਵਿੱਚ ਬਾਰਵਾਂ ਗੁਰੂ ਭਾਰੀ ਅਵਤਾਰ ਹੋਵੇਗਾ।"

ਜਨਮ ਸਾਖੀ, ਗੁਰਿੰਡਨਾਮਾ ਤੋਂ ਬਿਨਾਂ ਹੋਰ ਕਈ ਗ੍ਰੰਥ ਜਿਵੇਂ ਸੌ ਸਾਖੀ, ਗੁਰ ਪ੍ਰਤਾਪ ਸੂਰਜ, ਵਡਤੀਰਥ ਵਾਲੀ ਪੋਥੀ ਆਦਿ ਗ੍ਰੰਥਾਂ ਵਿੱਚ 11ਵੇਂ ਅਤੇ 12ਵੇਂ ਜਾਮੇ ਦੇ ਪ੍ਰਗਟ ਹੋਣ ਬਾਰੇ ਭਵਿੱਖਤ ਵਾਕ ਹਨ ਇਹ ਇੱਕ ਵੱਖਰਾ ਖੋਜ ਦਾ ਵਿਸ਼ਾ ਹੈ। ਇਸ ਲੇਖ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਗੁਰਮਤਿ ਫ਼ਲਸਫ਼ੇ ਅਨੁਸਾਰ 'ਸਤਿਜੁਗੀ' ਮਰਿਯਾਦਾ ਦੀ ਸਥਾਪਨਾ ਕਰਨਾ ਹੀ ਹੈ।

ਸਤਿਜੁਗ ਅਤੇ ਕਲਿਯੁਗ ਵੱਖੋ-ਵੱਖ ਸਮਿਆਂ ਵਿੱਚ ਚੰਗਿਆਈ ਅਤੇ ਬੁਰਿਆਈ ਦੀ ਪ੍ਰਧਾਨਤਾ ਦੇ ਪ੍ਰਭਾਵ ਕਾਰਨ ਹੀ ਹੁੰਦਾ ਹੈ। ਸਤਿਜੁਗ ਉਹ ਸਮਾਂ , ਜਦੋਂ ਲੋਕ ਸਾਤਵਿਕ ਸੁਭਾਅ ਵਾਲੇ ਹੋਣ, ਧਰਮੀ ਅਤੇ ਸੰਤੋਖੀ, ਸੱਚ ਬੋਲਣ ਵਾਲੇ ਅਤੇ ਬਚਨ ਦੇ ਬਲੀ ਹੋਣ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਫ਼ਰਮਾਉਂਦੇ ਹਨ-

ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ

ਅਤੇ

ਸਤਿਗੁਰੂ ਅਮਰਦਾਸ ਜੀ ਰਾਗ ਰਾਮਕਲੀ ਵਿੱਚ ਉਚਾਰਨ ਕਰਦੇ ਹਨ-

ਸਤਿਜੁਗਿ ਸਚੁ ਕਹੈ ਸਭਿ ਕੋਈ॥
ਘਰਿ ਘਰਿ ਭਗਤਿ ਗੁਰਮੁਖਿ ਹੋਈ॥
ਸਤਿਜੁਗਿ ਧਰਮੁ ਪੈਰ ਹੈ ਚਾਰਿ॥
ਗੁਰਮੁਖਿ ਬੂਝੈ ਕੋ ਬੀਚਾਰਿ॥

ਸਤਿਜੁਗ ਦਾ ਰੱਥ ਸੰਤੋਖ ਦਾ ਹੈ ਅਤੇ ਰਥਵਾਹੀ ਧਰਮ ਹੁੰਦਾ ਹੈ। ਲੋਕ ਸੱਚ ਅਤੇ ਸੁੱਚ ਦੇ ਧਾਰਨੀ ਹੁੰਦੇ ਹਨ। ਘਰ ਘਰ ਪ੍ਰਭੂ ਭਗਤੀ ਹੁੰਦੀ ਹੈ। ਸਤਿਜੁਗ ਵਿੱਚ ਧਰਮ ਦੇ ਚਾਰ ਪੈਰ ਦੱਸੇ ਗਏ ਹਨ- ਦਇਆ, ਧਰਮ, ਸਤਿ ਅਤੇ ਸੰਤੋਖ ਇਸਦੇ ਵਿਪਰੀਤ-

ਕਲਿਯੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥

ਕਲਿਯੁਗ ਦਾ ਰਥ ਹੈ ਲੋਭ ਅਤੇ ਤ੍ਰਿਸ਼ਨਾ ਦੀ ਅਗਨੀ ਦਾ ਉਤੇ ਰਥਵਾਹੀ ਹੈ ਝੂਠ। ਹਨੇਰੀ ਮੱਸਿਆ ਦੀ ਰਾਤ ਵਾਂਗ ਜਿਸ ਵਿੱਚ ਸੱਚ ਦਾ ਚੰਦ ਕਿੱਧਰੇ ਨਜਰ ਨਹੀਂ ਪੈਂਦਾ, ਆਪਾ ਧਾਪੀ ਦਾ ਸਮਾਂ ਜਿਸ ਵਿੱਚ-

ਵਰਨਾ ਵਰਨ ਨ ਭਾਵਨੀ
ਖਹਿ ਖਹਿ ਜਲਨ ਬਾਂਸ ਅੰਗਿਆਰਾ

ਅਜਿਹੇ ਸਮੇਂ ਨੂੰ ਕਲਹ ਦਾ ਯੁਗ ਜਾਂ ਕਲਿਯੁਗ ਆਖਿਆ ਜਾਂਦਾ ਹੈ

ਕਲਿਯੁਗਿ ਧਰਮ ਕਲਾ ਇੱਕ ਰਹਾਏ॥
ਇਕ ਪੈਰ ਚਲੈ ਮਾਇਆ ਮੋਹੁ ਵਧਾਏ॥

ਸੱਚ ਅਤੇ ਝੂਠ ਦਾ ਪ੍ਰਭਾਵ ਹੀ ਸਤਿਜੁਗ ਅਤੇ ਕਲਿਯੁਗ ਦਾ ਵਰਤਾਰਾ ਹੁੰਦਾ ਹੈ। ਸੱਚ ਅਤੇ ਝੂਠ, ਬਿਬੇਕ ਅਤੇ ਅਬਿਬੇਕ ਹੀ ਪ੍ਰਮੇਸ਼ਰ ਅਤੇ ਮਾਇਆ ਹੈ। ਅਦਵੈਤ ਅਤੇ ਦਵੈਤ ਦਾ, ਬਿਬੇਕ ਅਤੇ ਅਬਿਬੇਕ ਦਾ ਸੱਤ ਅਤੇ ਅਸੱਤ ਦਾ ਆਪੋ ਆਪਣਾ ਪਰਿਵਾਰ ਹੈ। ਵੱਡਾ ਪਾਸਾਰ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਰਸਨਾਥ ਦੀ ਕਥਾ ਵਿੱਚ ਮੋਹ ਅਤੇ ਬਿਬੇਕ ਦੀ ਕਥਾ ਵਿਸਤ੍ਰਿਤ ਲਿਖੀ ਹੈ।

ਸਤਿ, ਸੰਤੋਖ, ਸੇਵਾ, ਸਿਮਰਨ, ਦਇਆ, ਖਿਮਾ, ਵੈਰਾਗ, ਤਿਆਗ, ਪ੍ਰੇਮ ਅਤੇ ਭਗਤੀ ਆਦਿ ਬਿਬੇਕ ਦੇ ਗੁਣ ਹਨ ਅਤੇ ਝੂਠ, ਨਿੰਦਿਆ, ਚੁਗਲੀ, ਈਰਖਾ, ਦਵੈਸ਼,

ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਅਬਿਬੇਕ ਬੁੱਧੀ ਦੇ ਲੱਛਣ ਹਨ।

'ਸਤਿ ਪੁਰਖੁ ਪੂਰਨ ਬਿਬੇਕ' ਗੁਰਵਾਕ ਅਨੁਸਾਰ- ਸਤਿਪੁਰਖ, ਪਰਮੇਸ਼ਰ ਸਤਿਗੁਰੂ ਪੂਰਨ ਬਿਬੇਕੀ ਹੁੰਦਾ ਹੈ ਅਤੇ ਸਤਿਗੁਰੂ ਹੀ ਬਿਬੇਕ ਬੁੱਧੀ ਬਖਸ਼ਦਾ ਹੈ। ਸਤਿਗੁਰੂ ਦਾ ਅਵਤਾਰ ਹੀ ਸਤਿਜੁਗੀ ਮਰਿਯਾਦਾ ਕਾਇਮ ਰੱਖਣ ਲਈ ਹੁੰਦਾ ਹੈ। ਭਾਈ ਗੁਰਦਾਸ (ਦੂਸਰੇ) ਦੀ ਵਾਰ ਵਿੱਚ ਦਸਮ ਪਾਤਸ਼ਾਹ ਦੀ ਉਸਤਤਿ ਕਰਦਿਆਂ 11 ਵੀਂ ਪਉੜੀ ਵਿੱਚ ਲਿਖਿਆ ਹੈ-

ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ॥
ਤਿਹ ਨਿਰਭਉ ਰਾਜ ਕਮਾਇਅੁਨ ਸਚ ਅਦਲ ਚਲਾਏ॥
ਇਹ ਕਲਿਯੁਗ ਮੈ ਅਉਤਾਰ ਧਾਰਿ ਸਤਿਜੁਗ ਵਰਤਾਏ॥
ਸਭ ਤੁਰਕ ਮਲੇਛ ਖਪਾਇ ਕਰ ਸਚ ਬਣਤ ਬਣਾਏ॥
ਤਬ ਸਕਲ ਜਗਤ ਕਉ ਸੁਖ ਦੀਉ ਦੁਖ ਮਾਰਿ ਹਟਾਏ॥
ਇਉਂ ਹੁਕਮਿ ਭਇਓ ਕਰਤਾਰ ਕਾ ਸਭ ਦੁੰਦ ਮਿਟਾਏ॥
ਤਬ ਸਹਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ॥
ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਹੱਕ, ਸੱਚ ਅਤੇ ਧਰਮ ਦੀ ਸਥਾਪਨਾ ਲਈ ਹੀ ਸਤਿਗੁਰੂ ਦਾ ਪ੍ਰਕਾਸ਼ ਹੁੰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਅਤੇ ਆਪ ਦੇ ਜ਼ਾ-ਨਸ਼ੀਨ ਸਤਿਗੁਰੂ ਸਾਹਿਬਾਨ ਨੇ ਕਲਿਯੁਗ ਵਿੱਚ ਸਤਿਜੁਗੀ ਮਰਿਯਾਦਾ ਕਾਇਮ ਕਰਨ ਲਈ ਅਤੇ ਧਰਮ ਦੇ ਸ਼ੁੱਧ ਸਰੂਪ ਦੀ ਸਥਾਪਨਾ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਅਣਥੱਕ ਘਾਲਣਾ ਘਾਲੀਆਂ। ਅਗਿਆਨ ਅੰਧਕਾਰ ਦੀ ਕਾਲੀ ਬੋਲੀ ਰਾਤ ਤੋਂ ਬਾਅਦ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਸੱਚ ਦਾ ਸੂਰਜ ਬਣ ਪ੍ਰਗਟੇ-
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ॥
ਜਿਉਂ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਆਪ ਨੇ ਪ੍ਰੇਮਾ ਭਗਤੀ ਵਿੱਚ ਲੀਨ ਰਹਿਣ ਵਾਲੇ, ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨ ਵਾਲੇ ਅਤੇ ਹੱਕ ਸੱਚ ਦੀ ਕਿਰਤ ਨੂੰ ਵੰਡਕੇ ਛਕਣ ਵਾਲੇ, ਧਰਮ ਹਿੱਤ, ਮਜ਼ਲੂਮਾ ਹਿੱਤ ਆਪਾ ਕੁਰਬਾਨ ਕਰਨ ਵਾਲੇ, ਦਾਤੇ, ਭਗਤ, ਸੂਰਮੇਂ ਦੇਵ- ਪੁਰਸ਼ਾਂ ਦਾ ਇੱਕ ਨਵਾਂ ਸਮਾਜ ਸਿਰਜਿਆ। ਗੁਰੂ ਦੀ ਮਤ ਦਾ ਧਾਰਨੀ, ਸਿੱਖ ਪੰਥ ਹੋਂਦ ਵਿੱਚ ਆਇਆ। ਸਿੱਖ-ਪੰਥ ਜਿਸਦਾ ਜਨਮ ਰਬਾਬ ਦੇ ਮਧੁਰ ਸੰਗੀਤ ਵਿੱਚੋਂ ਹੋਇਆ। ਨਾਮ ਬੀਜ ਅਤੇ ਗੁਰਬਾਣੀ ਜਿਸਦਾ ਚਾਨਣ ਮੁਨਾਰਾ ਹੈ। ਨਿਸ਼ਕਾਮ ਸੇਵਾ, ਤਿਆਗ ਅਤੇ ਕੁਰਬਾਨੀ ਦੇ ਅੰਮ੍ਰਿਤ ਜਲ ਨਾਲ ਸਿੱਖੀ -ਫੁਲਵਾੜੀ ਨੂੰ ਸਿੰਜਿਆ ਗਿਆ ਹੈ। ਭਗਤੀ ਅਤੇ ਸ਼ਕਤੀ ਦਾ, ਰਾਜ ਅਤੇ ਜੋਗ ਦਾ, ਸੰਤ ਅਤੇ ਸਿਪਾਹੀ ਦਾ ਸੰਜੋਗ ਹੈ- ਗੁਰਸਿੱਖੀ ਮਾਰਗ।
ਬੁਰੇ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ

ਦੁਸ਼ਮਣ ਦੇ ਮੂੰਹ ਵਿੱਚ ਪਾਣੀ ਪਾਉਣ ਅਤੇ ਉਸਦੇ ਜਖਮਾਂ ਤੇ ਮਲ੍ਹਮ ਲਾਉਣ ਵਾਲਾ ਹੀ ਗੁਰੂ ਨਾਨਕ ਦਾ ਸੰਤ ਰੂਪ ਸਿੱਖ ਅਖਵਾਇਆ। ਗਊ- ਗਰੀਬ ਦੀ, ਮਜਲੂਮਾਂ ਦੀ ਅਤੇ ਸੱਚ-ਧਰਮ ਦੀ ਰੱਖਿਆ ਲਈ ਸੂਰਬੀਰਾਂ ਵਾਂਗ ਰਣ ਤੱਤੇ ਵਿੱਚ ਜੂਝਣ ਵਾਲਾ 'ਅਤਿ ਹੀ ਰਣਿ ਮੈ ਤਬ ਜੂਝ ਮਰੋਂ ਅਤੇ 'ਨਿਸ਼ਚੈ ਕਰਿ ਆਪਨੀ ਜੀਤ ਕਰੌਂ' ਦੇ ਅਕੀਦੇ ਵਾਲਾ ਸੰਤ ਅਤੇ ਸਿਪਾਹੀ ਦਾ ਸੁਮੇਲ ਬਣਿਆ ਦਸਮੇਸ਼ ਸਤਿਗੁਰੂ ਦਾ ਪਿਉਂਦ ਕਰਕੇ ਸਾਜਿਆ 'ਖਾਲਸਾ ਪੰਥ। '

ਕਲਿਯੁਗ ਵਿੱਚ ਦੁਰਮਤਿ ਦੇ ਪ੍ਰਭਾਵ ਤੋਂ ਬਚਾ ਕੇ ਧਰਮ ਦੇ ਮਾਰਗ ਤੇ ਤੋਰਨ ਲਈ ਪੂਰੇ ਸਤਿਗੁਰੂ ਦੀ ਨਿਰੰਤਰ ਰਹਿਨੁਮਾਈ ਦੀ ਲੋੜ ਹੈ। ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮੌਜੂਦਾ ਹਜੂਰ ਸਤਿਗੁਰੂ ਜੀ ਤੱਕ ਸਾਰੇ ਜ਼ਾਂਨ ਸ਼ੀਨ ਸਤਿਗੁਰੂ ਸਾਹਿਬਾਨ ਦਾ ਆਪੋ ਆਪਣੇ ਸਮੇਂ ਵਿੱਚ ਸਿੱਖੀ-ਬਾਗ ਨੂੰ ਸਰ-ਸਬਜ਼ ਰੱਖਣ ਵਿੱਚ ਅਹਿਮ ਯੋਗਦਾਨ ਰਿਹਾ। ਕਿਸੇ ਇੱਕ ਸਤਿਗੁਰੂ ਦੇ ਸਮੇਂ ਨੂੰ ਵੀ ਮਨਫ਼ੀ ਕਰ ਕੇ ਦੇਖਿਆ ਜਾਵੇ ਤਾਂ ਸਿੱਖੀ ਬਾਗ ਸੜ ਸੁੱਕ ਜਾਵੇ।

ਗੁਰੂ ਸਾਹਿਬ ਦੀ ਰਜ਼ਾ ਜਾਂ ਉਹਨਾਂ ਦੀ ਲੀਲ੍ਹਾ ਹੀ ਐਸੀ ਸੀ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਨਰ ਨਾਟਕ ਕਰਕੇ ਅਲੋਪ ਹੋ ਗਏ। 1708 ਤੋਂ 1812 ਈਸਵੀ ਤੱਕ ਕਰੀਬ 104 ਵਰ੍ਹੇ ਗੁਪਤ ਵਿਚਰਦਿਆਂ, ਬਾਬਾ ਅਜਾਪਾਲ ਜੀ ਦੇ ਰੂਪ ਵਿੱਚ ਵਿਚਰੇ। ਇਹ ਇੱਕ ਸਦੀ ਭਰ ਦਾ ਸਮਾਂ ਹੈ ਜਦੋਂ ਸਿੰਘ ਨਾਮ ਬਾਣੀ ਦੇ ਧਾਰਨੀ ਸਨ। 18 ਵੀਂ ਸਦੀ ਵਿੱਚ ਦੋ ਘੱਲੂਘਾਰੇ ਹੋਏ। ਕਰੀਬ ਇੱਕ ਲੱਖ ਸਿੱਖਾਂ ਦੀਆਂ ਸ਼ਹਾਦਤਾਂ ਸਦਕਾ ਜ਼ਾਲਮ ਮੁਗਲੀਆ ਹਕੂਮਤ ਦਾ ਅੰਤ ਹੋਇਆ ਅਤੇ ਸਿੱਖ- ਰਾਜ ਕਾਇਮ ਹੋ ਗਿਆ। 'ਗੁਪਤ ਗਿਆਰਵਾਂ ਖੇਲਸੀ ਕੋਇਕੁ ਪਾਵੈ ਪਾਰ' ਅਨੁਸਾਰ ਗੁਰੂ ਬਾਲਕ ਸਿੰਘ ਜੀ ਹਜਰੋਂ ਦੇ ਇਲਾਕੇ ਪੱਛਮੀਂ ਪੰਜਾਬ ਵਿੱਚ ਸਿੱਖੀ ਦੀ ਰਖਵਾਲੀ ਕਰਦੇ ਰਹੇ। ਪੰਥ ਪ੍ਰਕਾਸ਼ ਦੇ ਕਰਤਾ ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਬਾਰੇ ਲਿਖਦੇ ਹਨ।

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ
ਅੰਬਰੋਂ ਕੋ ਮਾਲਕ ਅਡੰਬਰੋਂ ਕੇ ਤਿਆਗੀ ਹੈ।
ਗੋਇ ਰਾਖੀ ਘਟਿ ਦੀਪ ਜਿਮ ਨਿਜ ਅਜਮਤ
ਸਜਿ ਮਤਿ ਭਗਤਿ ਵਿਰਕਤਿ ਅਦਾਗੀ ਹੈ।

ਭਾਵ ਜਿਵੇਂ ਘਵਾ ਵਿੱਚ ਰੱਖ ਦਿੱਤਾ ਜਾਵੇ ਤਾਂ ਉਸਦਾ ਪ੍ਰਕਾਸ਼ ਬਾਹਰ ਨਹੀਂ ਹੁੰਦਾ। ਇਸੇ ਤਰ੍ਹਾਂ 'ਗਿਆਰਵਾਂ ਜਾਮਾ ਗੁਪਤ ਵਰਤੇਗਾ।' ਵਾਕ ਪੂਰੇ ਕਰਨ ਹਿਤ ਆਪ ਸੀਮਿਤ ਖਿਤੇ ਵਿੱਚ ਵਿਚਰੇ, ਪ੍ਰਗਟ ਨਹੀਂ ਹੋਏ। ਦੂਸਰੇ ਪਾਸੇ ਪੰਜਾਬ ਦੇ ਵੱਡੇ ਖਿੱਤੇ ਵਿੱਚ ਜਦੋਂ ਸਿੱਖ ਰਾਜ ਕਾਇਮ ਹੋ ਗਿਆ। ਕੁਝ ਦਹਾਕਿਆਂ ਵਿੱਚ ਹੀ ਸਿੱਖ, ਰਾਜ-ਮਦ ਵਿੱਚ ਗਲਤਾਨ ਹੋ ਗਏ। ਨਾਮ-ਬਾਣੀ ਅਤੇ ਗੁਰਮਤਿ ਰਹਿਤ- ਬਹਿਤ ਤਿਆਗ ਕੇ ਨਸ਼ਈ ਅਤੇ ਵਿਸ਼ਈ ਹੋ ਗਏ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ 'ਜਮਾਨੇ ਦਾ ਬਦਨ- ਸਦਨ ਵਿੱਚ ਲਿਖਦੇ ਹਨ-

ਜਾਗ ਜਿਨਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ,
ਬਿਨਾ ਗੁਰੂ ਗ੍ਰੰਥ ਹੇਰੇ, ਅੰਨ ਜਲ ਪਾਨ ਨਾ ਕਰੈ॥
ਤਿਨਹੀ ਕੇ ਨਾਤੀ, ਧੁਪ ਦੀਪ ਕੀ ਕਹਾ ਬਿਖਿਆਤੀ,
ਪਾਇ ਹੈਂ ਨਾ ਝਾਤੀ, ਮੂਸ ਗ੍ਰੰਥ ਖਾਤ ਜੇ ਪਰੈਂ॥
ਜਪੁਜੀ ਨ ਰਹੁਰਾਸ, ਪੜ੍ਹੈਂ ਸੁਨੈ ਕਬੀ ਖਾਸ
ਔਰ ਜੇ ਪੜ੍ਹਤ ਪਾਸ ਹਾਸ ਤਿਨ ਸੌਂ ਹਰੈ।

ਸਿੱਖ ਨਾਮ ਬਾਣੀ ਭੁੱਲ ਕੇ, ਮਾਸ ਸ਼ਰਾਬ ਦੇ ਆਦੀ ਹੋ ਗਏ। ਗਿਆਨੀ ਗਿਆਨ ਸਿੰਘ ਜੀ ਤਾਂ ਇੱਥੋਂ ਤੱਕ ਲਿਖ ਗਏ ਹਨ ਕਿ-

ਸਿੰਘਨ ਕੇ ਪੂਤ ਸਿੰਘ ਨਾਮ ਮਜਬੂਤ ਵਾਲੇ,
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈ।

ਮੁਸਲਮਾਨ ਨਵਾਬਾਂ ਵਾਲੇ ਸਾਰੇ ਐਬ ਸਿੱਖਾਂ ਸਰਦਾਰਾਂ ਵਿੱਚ ਆ ਗਏ। ਸਿੱਖਾਂ ਦੇ ਪੁੱਤ ਪੋਤਰੇ, ਨਾਮ ਦੇ ਹੀ ਸਿੱਖ ਰਹਿ ਗਏ, ਕਰਮ ਮਲੇਛਾਂ ਵਾਲੇ ਹੋ ਗਏ । ਇਸੇ ਲਈ ਗਿਆਨੀ ਜੀ ਨੇ ਲਿਖਿਆ ਹੈ-

ਅਬ ਤੋ ਭਏ ਮਲੇਛ ਸਿੱਖ ਸਭ ਰਾਜ ਇਨੋਂ ਕਾ ਜਾਵੈ।

'ਤਪੋ ਰਾਜ ਤੇ ਰਾਜੋਂ ਨਰਕ' ਵਾਲੀ ਗੱਲ ਹੋ ਗਈ, ਲੱਖਾਂ ਕੁਰਬਾਨੀਆਂ ਕਰਕੇ ਪ੍ਰਾਪਤ ਕੀਤਾ ਰਾਜ ਭਾਗ, ਭੰਗ ਦੇ ਭਾੜੇ ਜਾਂਦਾ ਰਿਹਾ। ਖਾਲਸੇ ਦੇ ਨਾਲ ਮਲੇਛ ਅਗੇਤਰ ਜੁੜ ਕੇ ਮਲੇਛ ਖਾਲਸਾ ਸ਼ਬਦ ਉਸ ਸਮੇਂ ਦੇ ਸਿੱਖਾਂ ਬਾਰੇ ਪ੍ਰਚਲਿਤ ਹੋ ਗਿਆ। ਕਿਸੇ ਗੁਰੂ- ਪੀਰ ਮਹਾਂ ਪੁਰਖ ਦੀ ਕੀਰਤੀ ਦਾ ਮਾਪ ਦੰਡ, ਉਸਦੇ ਪ੍ਰਗਟ ਹੋਣ ਤੋਂ ਪਹਿਲੋਂ ਦੇ ਸਮਾਜਕ ਹਾਲਾਤਾਂ ਅਤੇ ਉਸਦੇ ਬਚਨ ਅਤੇ ਕਰਮ ਦੀ ਸ਼ਕਤੀ ਨਾਲ ਆਈ ਤਬਦੀਲੀ ਦੁਆਰਾ ਹੀ ਮਾਪਿਆ, ਪਰਖਿਆ ਤੇ ਜਾਣਿਆ ਜਾ ਸਕਦਾ ਹੈ। ਇਸੇ ਆਧਾਰ ਤੇ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਬੇਅੰਤ ਕੀਰਤੀ ਚੋਂ ਵੰਨਗੀ ਮਾਤਰ ਕੁਝ ਹਵਾਲੇ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ-

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ 1816 ਈ. ਵਿੱਚ ਬਸੰਤ ਪੰਚਮੀ ਨੂੰ ਪਿੰਡ ਰਾਈਆਂ ਵਿਖੇ ਹੋਇਆ। ਇਹ ਉਹ ਸਮਾਂ ਹੈ ਜਦੋਂ ਸਿੱਖੀ ਰਾਜ ਦਾ ਸੂਰਜ ਤਾਂ ਸਿੱਖਰ ਤੇ ਸੀ ਪਰ ਸਿੱਖੀ ਕਿਰਦਾਰ ਅਤੇ ਗੁਰਮਤਿ ਰਹਿਤ ਮਰਿਯਾਦਾ ਦਾ ਪਤਨ ਹੋ ਰਿਹਾ ਸੀ। ਆਪ ਨੇ ਬਚਪਨ ਵਿੱਚ ਪਸ਼ੂ ਵੀ ਚਾਰੇ। ਪਿਤਾ ਜੱਸਾ ਸਿੰਘ ਜੀ ਨਾਲ ਲੁਹਾਰਾਂ, ਤਰਖਾਣਾ ਕੰਮ ਵੀ ਕੀਤਾ। ਖੇਤੀ ਵੀ ਕੀਤੀ। ਬਾਈ ਵਰ੍ਹਿਆਂ ਦੀ ਯੁਵਾ ਅਵਸਥਾ ਵਿੱਚ ਆਪ ਜੀ ਖਾਲਸਾ ਫ਼ੌਜ ਵਿੱਚ ਭਰਤੀ ਹੋ ਗਏ। ਇਹ ਸਾਰੇ ਕਾਰ ਵਿਹਾਰ ਕਰਦਿਆਂ ਆਪ ਜੀ ਨਾਮ ਅਤੇ ਬਾਣੀ ਵਿੱਚ ਇਵੇਂ ਲੀਨ ਰਹੇ ਕਿ ਫ਼ੌਜ ਵਿੱਚ ਆਪ ਜੀ ਦੇ ਸਾਥੀ ਵੀ ਨਿਤਨੇਮੀ ਬਣ ਗਏ। ਆਪ ਜੀ ਦੀ ਫ਼ੌਜੀ ਟੁਕੜੀ ਦਾ ਨਾਮ 'ਭਗਤਾਂ ਵਾਲੀ ਪਲਟਣ' ਪੈ ਗਿਆ। ਇਸੇ ਦੌਰਾਨ ਹੀ ਸੰਨ 1841 ਈ. ਵਿੱਚ ਆਪ ਵਾਲੀ ਫੌਜੀ ਟੁਕੜੀ ਪਿਸ਼ਾਵਰ ਵੱਲ ਗਈ। ਹਜ਼ਰੋਂ ਵਿਖੇ ਦੀਵਾਨ ਵਿੱਚ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ।

ਦੋ ਇਲਾਹੀ ਹਸਤੀਆਂ ਦੇ ਮਿਲਾਪ ਬਾਰੇ ਗਿਆਨੀ ਗਿਆਨ ਸਿੰਘ ਜੀ ਦਾ ਕਥਨ ਹੈ-

ਐ ਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਂਹਿ,
ਮੇਰੋ ਅਵਤਾਰ ਅੰਸ਼ ਰਾਮ ਸਿੰਘ ਹਵੈ ਭਰੇ॥
ਜਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤਿ ਰਖਾਈ, ਗੁਰ ਵਾਕ ਦਿਢ ਥੇ ਧਰੇ॥
ਪੇਖ ਅਧਿਕਾਰੀ ਈਸ਼- ਅੰਸ਼ ਅਵਤਾਰੀ
ਤਬ ਬਾਲਕ ਮ੍ਰਿਗਾਰੀ ਦੀਉ ਨਾਮ ਮੁਦ ਥਾਇ ਕੈ॥

ਗੁਰੂ ਬਾਲਕ ਸਿੰਘ ਜੀ, ਜਿੰਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦੇ ਕੇ ਗੁਰਤਾ ਬਖਸ਼ੀ ਤੇ ਕਿਹਾ ਸੀ ਕਿ ਅਸੀਂ ਰਾਮ ਸਿੰਘ ਦੇ ਰੂਪ ਵਿੱਚ ਆ ਕੇ ਲਵਾਂਗੇ। ਜਦ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਕਰਨ ਗਏ। ਸਤਿਗੁਰੂ ਬਾਲਕ ਸਿੰਘ ਜੀ ਉਸ ਸਮੇਂ ਸ਼ਬਦ ਦੀ ਕਥਾ ਕਰ ਰਹੇ ਸਨ- 'ਠਾਕੁਰ ਤੁਮ ਸਰਣਾਈ ਆਇਆ, ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ।' ਕਥਾ ਕਰਦਿਆਂ ਆਪ ਜੀ ਨੇ ਪੇਖ ਅਧਿਕਾਰੀ ਈਸ਼ ਅੰਸ਼ ਅਵਤਾਰੀ' ਪਛਾਣ ਲਿਆ ਤੇ ਕਿਹਾ ਕਿ ਆਉ ਠਾਕੁਰੋ ਅਸੀਂ ਤੁਹਾਡੀ ਹੀ ਇੰਤਜਾਰ ਕਰਦੇ ਸਾਂ। 'ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ

ਸਤਿਗੁਰੂ ਰਾਮ ਸਿੰਘ ਕੋ ਭਜਨ ਦਿੱਤਾ। ਬਚਨ ਕੀਤਾ ਕਿ ਗੁਪਤ ਹੀ ਕੰਨ ਮੈ ਦੱਸਣਾ, ਗੁਪਤ ਹੀ ਰੱਖਣਾ ਅਤੇ ਜਪਣਾ। ਉੱਚੀ ਦੱਸਣ ਤੇ ਨਿਹਫਲ ਹੋਇ ਜਾਂਦਾ ਹੈ। ..ਪਤਾਸਿਆਂ ਦਾ ਬੁੱਕ ਭਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਝੋਲੀ ਵਿੱਚ ਪਾਇਆ ਤੇ ਉਸੇ ਵੇਲੇ ਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਾਇਕੇ ਸਤਿਗੁਰੂ ਰਾਮ ਸਿੰਘ ਅੱਗੇ ਰੱਖ ਕੇ ਪਾਂਚ ਪ੍ਰਕਰਮਾ ਕਰਕੇ ਨਮਸਕਾਰ ਕੀਤੀ। ਬਚਨ ਕੀਤਾ ਕਿ ਠਾਕੁਰ ਜੀ ਏਹ ਤੁਹਾਡੀ ਵਸਤ ਸੀ, ਤੁਹਾਨੂੰ ਹੀ ਸੌਂਪ ਦਿੱਤੀ ਹੈ। ਅਸੀਂ ਤਾਂ ਅੱਜ ਤੱਕ ਤੁਹਾਡੀ ਉਡੀਕ ਵਿੱਚ ਰਾਖੀ ਕੀਤੀ ਹੈ। ਇਸ ਨਾਮ ਨੂੰ ਤੁਸੀਂ ਜੇਕਰ ਪੱਥਰ ਤੇ ਵੀ ਸੁੱਟੋਗੇ ਤਾਂ ਵੀ ਉੱਗੇਗਾ। ਸਾਰੀ ਸੰਗਤ ਗੁਰੂ ਯਾਰਵੇਂ ਜੀ ,ਗੁਰੂ ਬਾਰ੍ਹਵੇਂ ਜੀ ਕੀ ਚਰਨੀਂ ਲਾਈ। ਪ੍ਰਗਟ ਕਰ ਦੀਏ। ਗੁਰਿਆਈ ਦਾ ਤਿਲਕ ਦੀਆ। ਫੇਰ ਗੁਰੂ ਬਾਲਕ ਸਿੰਘ ਕੀ ਬਚਨ ਕੀਤਾ ਕਿ ਨਾਮ ਕਾ ਰਸ ਤਾਂ ਆਉਂਦਾ ਹੈ ਜੇ ਕਿਸੇ ਦੀ ਅੰਸ ਨਾ ਖਾਏ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਆਉਂਦਾ ਹੈ।[1]

ਉਪਰੰਤ ਵਾਪਸ ਫ਼ੌਜ ਵਿੱਚ ਆਏ। ਹਮੇਸ਼ਾ ਨਾਮ ਜਪਦੇ ਰਹਿਣਾ। ਕੁਝ ਵਰ੍ਹਿਆਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਆ ਗਏ। ਪਿੰਡ ਆ ਕੇ ਖੇਤੀ ਕੀਤੀ ਰਾਜਗਿਰੀ ਅਤੇ ਵਪਾਰ ਵੀ ਕੀਤਾ। ਪਰ ਇਕਾਂਤ ਨਾਮ ਵੀ ਜਪਦੇ। ਇੱਕ ਰਸ ਵੀਹ ਕੁ ਵਰ੍ਹੇ ਨਾਮ ਦਾ ਅਭਿਆਸ ਕੀਤਾ—

ਬੀਸਕ ਬਰਸ ਜੁਹਦ ਜਾਪ ਕੀਨੋ ਮਨ ਲਾਇਕੈ ॥[2]

ਏਸੇ ਤਰ੍ਹਾਂ ਕਠਿਨ ਤਪ ਸਾਧਨਾ ਕੀਤੀ ਜਿਵੇਂ ਉਦਾਸੀਆਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ -

ਰੇਤ ਅਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪੱਸਿਆ ਵੱਡੇ ਭਾਗ ਹਰਿ ਸਿਉਂ ਬਨਿ ਆਈ।[3]

ਹਰੀ ਨਾਲ ਇੱਕ ਮਿੱਕ ਹੋ ਕੇ ਫੇਰ

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਮੀ ਦਿਸ ਆਈ
ਚੜ੍ਹਿਆ ਸੋਧਣ ਧਰਤਿ ਲੋਕਾਈ।

ਇਸੇ ਤਰ੍ਹਾਂ ਜਦ ਨਾਮ ਜਪਦਿਆਂ ਸਤਿਗੁਰੂ ਰਾਮ ਸਿੰਘ ਜੀ ਨੂੰ ਇੱਕ ਦਿਨ ਸਮਾਧੀ ਲੀਨ ਬੈਠਿਆਂ ਅਕਾਸ਼ ਬਾਣੀ ਹੋਈ-

ਭਈ ਯੌਂ ਅਕਾਸ਼ ਬਾਨੀ ਖਾਸ ਯੋ ਮਹਾਨੀ ਤਾਂਹਿ
ਦੇਹੁ ਨਾਮ ਜੀਵਨ ਕਉ ਸੀਖ ਭੋਗ ਦਾਇਕੈ ॥
ਪੰਥ ਗੁਰੂ ਦਸਮ ਕੀ ਰਸਮ ਬਢਾਵੋ ਜਗਿ
ਖਸਮ ਕਾ ਖਾਲਸਾ ਹੈ, ਖਾਸ ਯੇ ਲਖਾਇ ਕੈ ॥[4]

ਫੇਰ ਜਦੋਂ ਅਕਾਲ ਦਾ ਹੁਕਮ ਪਾ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਦੌਰੇ ਆਰੰਭ ਕੀਤੇ ਤਾਂ ' ਕਲਿਯੁਗ ਮੈ ਸਤਿਜੁਗ ਕਰਿ ਠਾਨੋ, ਤਬੀ ਬਾਰਵਾਂ ਬਪਿ ਪਹਿਚਾਨੋਂ - ਭਵਿੱਖਤ ਵਾਕ ਪੂਰੇ ਹੋਏ।

ਪਾਇ ਇਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ
ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਓ ॥
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ
ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ ॥
ਫੈਲਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ ॥
ਫੀਮ, ਪੋਸਤ, ਸ਼ਰਾਬ ਮਾਸ ਚੋਰੀ ਜਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ ॥[5]

ਲੋਕ ਨਸ਼ਿਆਂ, ਵਿਸ਼ਿਆਂ ਅਤੇ ਵਿਕਾਰਾਂ ਨੂੰ ਛੱਡ ਕੇ ਨਾਮ ਦੀ ਦਾਤ ਪ੍ਰਾਪਤ ਕਰ, ਅੰਮ੍ਰਿਤ ਛਕ ਕੇ ਸਿੰਘ ਸੱਜਣ ਲੱਗੇ। 'ਮੈਂ ਫੇਰ ਕਰੂੰਗਾ ਖਾਲਸਾ ਵੱਸੇ ਵਿੱਚ ਪੰਜਾਬ' ਕਰਨੀਨਾਮੇ ਦੇ ਵਾਕ ਪੂਰੇ ਹੋਏ। ਇੱਕ ਕ੍ਰਾਂਤੀ ਆ ਗਈ। ਪਿੰਡਾਂ ਦੇ ਪਿੰਡ ਸਿੰਘ ਸੱਜਣ ਲੱਗ ਗਏ। ਦਸਮ ਪਾਤਸ਼ਾਹ ਜੀ ਦਾ ਖਾਲਸਾ ਜੋ ਅਲੋਪ ਹੋ ਰਿਹਾ ਸੀ, ਸਿੱਖੀ ਫੁਲਵਾੜੀ ਤੇ ਜਿਵੇਂ ਪਤਝੜ ਆ ਗਈ ਸੀ। ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਸੰਤ ਬਹਾਰ ਬਣ ਪ੍ਰਗਟੇ- ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਸ਼ਬਦਾਂ ਵਿੱਚ-

ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪੱਤ੍ਰ ਬਿਨ ਸਾਇਆ।
ਰੂਪ ਬਸੰਤ ਦਾ ਧਾਰ ਕੇ ਬਾਬਾ ਦਿਨ ਬਸੰਤ ਦੇ ਆਇਆ।
ਵਿਸਯ ਅਗਨਿ ਕਰ ਤਪਤ ਰਿਦੇ, ਜਿਨ ਨਾ ਮਾਮ੍ਰਿਤ ਦੇ ਠਾਰੇ।
ਗੁਰੁਮਤਿ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ, ਸ਼ਰਾਬ, ਅਫੀਮ ਛੁਡਾ ਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਉਹੋ ਪ੍ਰੇਮ ਦਾ ਨਸ਼ਾ ਦਿੱਤਾ, ਜਿਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਪਹਿਲਾ ਮੂਲ ਮੰਤਰ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਇਸੇ ਨਾਮ ਰਸ ਦੀ ਰੰਗਣ ਵਿੱਚ ਰੰਗੇ ਨਾਮਧਾਰੀ ਸਿੱਖਾਂ ਨੇ

ਸੀਸ ਦੀਏ ਅਰੁ ਸੀ ਨ ਕਰੀ,

ਜਿਨ ਸਿੰਘਨ ਤਾਂਹਿ ਕੇ ਮੈ ਬਲਿਹਾਰੀ।[6]

ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਨਾਮ ਜੱਪਣ ਕਰਕੇ ਨਾਮਧਾਰੀ ਅਖਵਾਏ ਅਤੇ ਗੁਰਬਾਣੀ ਦੇ ਕੀਰਤਨ ਦੀ ਮਸਤੀ ਵਿੱਚ ਮਸਤਾਨੇ ਹੋ ਕੇ ਕੂਕਾ ਮਾਰਨ ਕਰਕੇ 'ਕੂਕੇ' ਅਖਵਾਏ। ਇਸ ਤੋਂ ਬਿਨ੍ਹਾਂ 19 ਵੀਂ ਸਦੀ ਦੇ ਪਹਿਲੇ ਮੱਧ ਵਿੱਚ ਨਸ਼ਿਆਂ , ਵਿਸ਼ਿਆਂ- ਵਿਕਾਰਾਂ ਵਿੱਚ ਗਲਤਾਨ ਹੋਣ ਕਰਕੇ ਖਾਲਸਾ ਸ਼ਬਦ ਦੇ ਨਾਲ ਮਲੇਛ ਅਗੇਤਰ, ਜੁੜ ਗਿਆ ਸੀ। ਪਰ ਨਾਮ ਅਤੇ ਬਾਣੀ ਦੀ ਰੰਗਨ ਵਿੱਚ ਰੰਗੇ ਸਿੱਖਾਂ ਨਾਲ ਅਗੇਤਰ ਸ਼ਬਦ ਲੱਗ ਕੇ 'ਸੰਤ ਖਾਲਸਾ' ਸ਼ਬਦ ਪ੍ਰਚਲਿਤ ਹੋ ਗਿਆ। ਸੱਚ -ਸੁੱਚ ਅਤੇ ਸਾਤਵਿਕ ਸਤਿਜੁਗੀ ਸੁਭਾਅ ਹੈ ਅਤੇ ਸਤਿਜੁਗ ਦਾ ਬਾਣਾ ਸਫੈਦ ਹੈ।

ਸਾਮ ਕਹੈ ਸੇਤੰਬਰ ਸੁਆਮੀ ਸਚਿ ਮਹਿ ਆਛੈ ਸਾਚਿ ਰਹੈ॥

ਜਦਕਿ ਕਲਿਯੁਗ ਦਾ ਚਲਨ ਜੂਠ, ਝੂਠ ਅਤੇ ਤਾਮਸੀ ਪ੍ਰਵਿਰਤੀ, ਮਾਸ- ਸ਼ਰਾਬ ਅਤੇ ਤੰਬਾਕੂ ਆਦਿ ਤਾਮਸੀ ਖਾਣਾ। ਨਾਮਧਾਰੀ ਸੰਤ ਖਾਲਸੇ ਦਾ ਸਫੈਦ ਪਹਿਰਾਵਾ, ਸੱਚ- ਸੁੱਚ ਦੇ ਧਾਰਨੀ ਅਤੇ ਸਾਤਵਿਕ ਅਹਾਰ। ਦਸਮ ਪਾਤਸ਼ਾਹ ਦਾ ਖਾਲਸਾ ਪੁਨਰ-ਸੁਰਜੀਤ ਹੋ ਗਿਆ। ਗਊ ਗਰੀਬ ਦੀ ਰੱਖਿਆ ਅਤੇ ਆਜ਼ਾਦੀ ਲਈ ਵਿਸ਼ਾਲ ਬਰਤਾਨਵੀ ਸਾਮਰਾਜ ਅੱਗੇ ਹਿੱਕ ਤਾਣ ਕੇ ਖਲੋ ਗਿਆ।

ਸ਼ੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ,
ਕਰਿ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਭੀ ਹੈ ਸਭ
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ,
ਹੇਰੇ ਜੈਸੇ ਲੱਖਨ ਹੈਂ, ਟੇਰੇ ਤੈਸੇ ਗਿਆਨ ਸਿੰਘ ,
ਐਸੇ ਪ੍ਰਸਿੱਧ ਹੀ ਅਬਿੱਧ ਸਿੰਘ ਕੂਕੇ ਹੈਂ।

ਨਾਮਧਾਰੀ ਕਵੀ ਭਾਈ ਨਿਹਾਲ ਸਿੰਘ ਬਾਰਾਂ ਮਾਹ ਵਿੱਚ ਨਾਮਧਾਰੀ ਸਿੱਖਾਂ ਵਿੱਚ ਪ੍ਰਚਲਿਤ ਸਤਿਜੁਗੀ ਜੀਵਨ ਸ਼ੈਲੀ ਬਾਰੇ ਲਿਖਦੇ ਹਨ-

ਚੇਤਰ ਚਾਲ ਹੈ ਨਿਆਰੀ, ਇੱਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ, ਕੇਸ, ਕਿਰਪਾਨ, ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇੱਕ ਹੋਣ ਮਸਤਾਨੇ, ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ, ਬੈਠ ਪੜ੍ਹਦੇ ਗ੍ਰੰਥ
ਇੱਕ ਉੱਠ ਪ੍ਰਭਾਤੇ ਵਾਰ ਆਸਾ ਦੀ ਲਗਾਂਵਦੇ।

ਅਤੇ

ਜੇਠ ਜੁਗਤ ਪਛਾਣੀ, ਹੱਥੀਂ ਆਪ ਪੀਣ ਪਾਣੀ,
ਕੀਤੇ ਬਾਝ ਇਸ਼ਨਾਨ ਪ੍ਰਸ਼ਾਦ ਨਹੀਂ ਛਕਦੇ।
ਸਿੰਘ ਬੋਲਦੇ ਨੇ ਸੱਚ, ਇਹੋ ਸਤਿਗੁਰਾਂ ਦੀ ਮੱਤ,
ਛੋਡ ਚੁਗਲੀ ਬਖੀਲੀ ਖੌਫ ਮਨ ਵਿੱਚ ਰੱਖਦੇ।[8]

ਪ੍ਰਭੂ ਦੀ ਭਗਤੀ ਕਰਨੀ ਭਾਵ ਨਾਮ ਜਪਣਾ, ਸੁੱਚੀ ਕਿਰਤ ਕਰਨੀ ਅਤੇ ਜਥਾ- ਸਕਤਿ ਦਾਨ ਕਰਨਾ ਹੀ ਗੁਰਮਤਿ ਦਾ ਸਿਧਾਂਤ ਹੈ ਅਤੇ ਸਤਿਜੁਗੀ ਰੀਤ ਹੈ। ਇਹੋ ਸਿਧਾਂਤ ਸਤਿਗੁਰੂ ਨਾਨਾਕ ਦੇਵ ਜੀ ਨੇ ਦ੍ਰਿੜਾਇਆ ਸੀ-

ਘਾਲਿ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ॥ ਅਤੇ
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਇਹੋ ਸਿਧਾਂਤ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਦ੍ਰਿੜਾਏ- ਵਿਆਜ ਲੈਣ ਦੀ ਮਨਾਹੀ ਕੀਤੀ। ਵਿਆਜ ਲੈਣ ਵਾਲੇ ਸਿੱਖ ਨੂੰ ਅੱਧਾ ਸਿੰਘ ਮੰਨਿਆ। ਆਪ ਜੀ ਨੇ ਹੁਕਮਨਾਮਿਆਂ ਰਾਹੀਂ ਸੰਗਤ ਨੂੰ ਆਦੇਸ਼ ਦਿੱਤੇ- ਕਿਸੇ ਦਾ ਧਨ ਪਦਾਰਥ ਨਹੀ ਲੈਣਾ, ਕਿਸੇ ਦਾ ਨਾ ਧੱਕਾ ਕਰਕੇ, ਨਾ ਚੋਰੀ ਕਰਕੇ, ਨਾ ਠੱਗੀ ਕਰਕੇ, ਕੱਖ ਆਦਿਕ ਭੀ ਨਹੀਂ ਲੈਣਾ। ਗੁਰੂ ਜੀ ਦਾ ਹੁਕਮ ਹੈ- ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ। ਹੁਕਮਨਾਨਾ-20 ਅਤੇ ਹੁਕਮ ਕੀਤਾ, 'ਕਰਜਾ ਲੈਣਾ ਅਤੇ ਲੈ ਕੇ ਨਾ ਦੇਣਾ ਚੋਰੀ ਧਾੜੇ ਤੇ ਭੀ ਵੱਡਾ ਪਾਪ ਹੈ।'

ਸਤਿਜੁਗ ਤੋਂ ਭਾਵ ਹੈ- ਸੱਚ ਦਾ ਯੁਗ ਅਤੇ ਅਗਿਆਨ ਅੰਧੇਰ ਵਿੱਚ ਸੱਚ ਦਾ ਪ੍ਰਕਾਸ਼ ਕਰਨ ਵਾਲਾ ਸਤਿਗੁਰੂ ਕਹਾਉਂਦਾ ਹੈ-

ਜਿਸਦੈ ਅੰਦਰਿ ਸਚੁ ਹੈ
ਸੋ ਸਚਾ ਨਾਮ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗ ਆਪਿ ਚਲਦਾ
ਹੋਰਨਾ ਨੋ ਹਰਿ ਮਾਰਗ ਪਾਇ॥

ਸਤਿਗੁਰੂ ਰਾਮ ਸਿੰਘ ਜੀ ਨੇ ਉੱਚ ਆਦਰਸ਼ ਸਥਾਪਿਤ ਕੀਤੇ ਅਤੇ ਪ੍ਰਭੂ ਭਗਤੀ ਵਲ ਲੋਕਾਈ ਨੂੰ ਪ੍ਰੇਰਿਆ

'ਸੋ ਭਾਈ ਬਾਣੀ ਸਭ ਨੇ ਕੰਠ ਕਰਨੀ, ਜਨਾਨੇ ਮਰਦਾਨੇ ਨੇ, ਬੁੱਢੇ ਬਾਲੇ ਨੇ। ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ, ਸੋ ਉਸ ਕੇ ਵਾਸਤੇ ਸਭ ਸੁੱਖ ਹੋਣਗੇ' ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਭੀ ਅਰੋਗ ਰਹੇਗਾ। ਹਰ ਤਰ੍ਹਾਂ ਸੇ ਉਸ ਸਰੀਰ ਦੀ ਗੁਰੂ ਰੱਛਿਆ ਕਰੇਗਾ, ਸਤਿ ਕਰਕੇ

ਮੰਨਣਾ- (ਹੁਕਮਨਾਮਾ 3)

ਜਥਾ ਸਕਤਿ ਪੁੰਨ, ਨੰਗੇ ਨੂੰ ਕੱਪੜਾ ਅਤੇ ਭੁੱਖੇ ਨੂੰ ਰੋਟੀ ਦੇਣ ਦਾ ਹੁਕਮ ਦਿੱਤਾ।; ਅੰਨ ਸਭ ਕੋ ਦੇਣਾ ਜਿੰਨਾ ਸਰੇ, ਭਾਵੇਂ ਕਿਸੇ ਭੇਖ ਦਾ ਹੋਵੇ, ਕਿਸੇ ਨੂੰ ਮੰਦਾ ਫਿੱਕਾ ਨਹੀਂ ਬੋਲਣਾ- (ਹੁਕਮਨਾਮਾ -15)

ਆਪ ਜੀ ਨੇ ਇਹ ਵੀ ਹੁਕਮ ਦਿੱਤਾ ਕਿ 'ਧਨ ਪੁੰਨ ਦਾਨ ਤੇ ਨਹੀਂ ਘਟਦਾ, ਧਨ ਤਾਂ ਕੁਚਾਲ ਚਲਣ ਤੇ ਘਟਦਾ ਹੈ।' ਜਿਵੇਂ ਆਸਿਉਂ- ਪਾਸਿਉਂ ਨਾਲੇ ਟੋਬਿਆਂ ਦਾ ਪਾਣੀ ਗੰਗਾ ਵਿੱਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਹਰ ਤਰ੍ਹਾਂ ਦੇ ਵਿਅਕਤੀ ਆਏ। ਉਨ੍ਹਾਂ ਦੇ ਜੀਵਨ ਵਿੱਚ ਇਸ ਤਰ੍ਹਾਂ ਦੀ ਤਬਦੀਲੀ ਆਈ ਕਿ ਉਹ ਮਾਨਸ ਤੋਂ ਦੇਵਤੇ ਬਣ ਗਏ। ਨਸ਼ਈ ਅਤੇ ਵਿਸ਼ਈ ਸਰਦਾਰ, ਤਿਆਗੀ ਅਤੇ ਤਪੱਸਵੀ ਬਣ ਗਏ। ਬਿਆਜ ਲੈਣ ਵਾਲੇ ਸ਼ਾਹੂਕਾਰਾਂ ਨੇ ਲੰਗਰ ਲਾ ਦਿੱਤੇ, ਲਹਿਣੇ ਦੀਆਂ ਵਹੀਆਂ ਖੂਹ ਵਿੱਚ ਸੁੱਟ ਦਿੱਤੀਆਂ। ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਸਰਦਾਰ, ਨਾਮਧਾਰੀ ਸਿੰਘ ਸੱਜ ਕੇ ਦੇਸ਼ ਭਗਤ ਬਣ ਕੇ ਸ਼ਹਾਦਤਾਂ ਦਾ ਜਾਮ ਪੀ ਗਏ। ਵੱਖੋ- ਵੱਖ ਸੰਪਰਦਾਵਾਂ ਚੋਂ ਆਏ ਸਾਧੂ ਸੰਤ ਸਤਿਗੁਰੂ ਰਾਮ ਸਿੰਘ ਜੀ ਦੀ ਚਰਨ ਸਰਨ ਗ੍ਰਹਿਣ ਕਰਕੇ ਬ੍ਰਹਮ ਗਿਆਨੀ ਹੋ ਗਏ।

ਸ਼ਹੀਦੇ ਆਜ਼ਮ ਭਗਤ ਸਿੰਘ ਨੇ 1928 ਈ. ਵਿੱਚ ਦਿੱਲੀ ਤੋਂ ਛਪਦੇ ਹਿੰਦੀ ਦੇ ਮਾਸਿਕ ਪੱਤਰ 'ਮਹਾਰਥੀ' ਦੇ ਫਰਵਰੀ ਮਾਰਚ ਦੇ ਅੰਕ ਵਿੱਚ ਦੋ ਕਿਸ਼ਤਾਂ ਵਿੱਚ ਕੂਕਾ- ਵਿਦਰੋਹ ਦਾ ਇਤਿਹਾਸ ਲਿਖਿਆ। ਇਸ ਵਿਸਤ੍ਰਿਤ ਲੇਖ ਵਿੱਚ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਦੈਵੀ ਵਿਅਕਤੀਤਵ ਬਾਰੇ ਲਿਖਦੇ ਹਨ।

'ਗੁਰੂ ਰਾਮ ਸਿੰਘ ਬੜੇ ਤੇਜੱਸਵੀ ਤਥਾ ਪ੍ਰਭਾਵ ਸ਼ਾਲੀ ਵਿਅਕਤੀ ਥੇ। ਉਨਕੇ ਅਸਾਧਾਰਨ ਆਤਮਿਕ ਬਲ ਸੰਬੰਧੀ ਬਹੁਤ ਸੀ ਬਾਤੇਂ ਪ੍ਰਸਿੱਧ ਹੈਂ। ਕਹਿਤੇ ਹੈਂ ਵੋ ਜਿਸਕੇ ਕਾਨ ਮੇ ਦੀਕਸ਼ਾ ਕਾ ਮੰਤਰ ਫੂਕ ਦੇਤੇ ਥੇ, ਵਹੀ ਉਨਕਾ ਪਰਮ ਭਗਤ ਔਰ ਸ਼ਿਸ਼ਯ ਹੋ ਜਾਤਾ ਥਾ। ਜਬ ਯੇਹ ਬਾਤ ਪ੍ਰਸਿੱਧ ਹੁਈ ਤੋ ਦੋ ਬਦਮਾਸ਼ ਰੰਗਰੇਜ ਉਨਕੇ ਪਾਸ ਉਨਕੀ ਸ਼ਕਤੀ ਕੀ ਪ੍ਰੀਕਸ਼ਾ ਲੇਨੇ ਗਏ। ਉਨਹੋਂ ਨੇ ਕਹਾ ਕਿ ਦੇਖੇਂਗੇ ਉਨਕਾ ਹਮਾਰੇ ਪਰ ਕਿਆ ਪ੍ਰਭਾਵ ਪੜਤਾ ਹੈ। ਪਰੰਤੂ ਦੀਖਸ਼ਾ ਕੇ ਬਾਅਦ ਉਨਕੇ ਕੱਟੜ ਭਗਤ ਬਣ ਗਏ ਔਰ ਤਬ ਸੇ ਉਨਕੇ ਵਿਅਤੀਗਤ ਦੋਸ਼ ਭੀ ਮਿਟ ਗਏ- (ਭਾਈ ਪਰਮਾਨੰਦ ਕੇ ਏਕ ਲੇਖ ਕੇ ਆਧਾਰ ਪਰ)

ਇਸੀ ਤਰ੍ਹਾਂ ਡਾ. ਗੋਕਲ ਚੰਦ ਜੀ ਪੀ. ਐਚ. ਡੀ. ਏਕ ਲੇਖ ਮੇਂ ਲਿਖਤੇ ਹੈਂ ਕਿ ਉਨਕੀ ਦਾਦੀ ਕਾ ਭਾਈ ਬੜਾ ਚਰਿਤ੍ਰਹੀਨ ਵਿਅਕਤੀ ਥਾ ਔਰ ਉਸੇ ਹੁੱਕੇ ਕਾ ਵਿਅਸਨ ਥਾ। ਕੇਵਲ ਏਕ ਬਾਰ ਹੀ ਗੁਰੂ ਰਾਮ ਸਿੰਘ ਜੀ ਕੇ ਦਰਸ਼ਨੋ ਨੇ ਉਸਕਾ ਜੀਵਨ ਏਕ ਦਮ ਪ੍ਰਵਰਤਿਤ ਕਰ ਦੀਆ। ਉਨਕਾ ਹੁੱਕਾ ਤੋ ਏਕ ਦਮ ਛੂਟ ਗਯਾ ਔਰ ਸ਼ੇਸ਼ ਸਮਸਤ ਜੀਵਨ ਈਸ਼ਵਰ ਉਪਾਸਨਾ ਮੇਂ ਹੀ ਬੀਤਾ।[੭]

ਜਿਨ ਮਾਨਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ॥

ਗੁਰਵਾਕ ਸਾਕਾਰ ਹੋਇਆ-ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਨਾਮ, ਬਾਣੀ ਹਵਨ ਯੱਗ, ਜਪ ਤਪ ਅਤੇ ਹਰੀ ਕੀਰਤਨ ਦੇ ਪ੍ਰਵਾਹ ਨਾਲ ਨਾਮਧਾਰੀ ਸਮਾਜ ਵਿੱਚ- "ਗੁਰਮਤਿ ਦੇ ਨਾਲ ਕਈ ਸਤਿਜੁਗੀ ਰੀਤਾਂ ਵੀ ਪ੍ਰਚਲਿਤ ਹੋਈਆਂ। ਆਨੰਦ ਸਮੇਂ ਵੇਦੀ ਰੱਖਣੀ, ਹਵਨ ਕਰਨਾ ਅਤੇ ਵਰ ਵਧੂ ਨੂੰ ਅੱਗ ਦੁਆਲੇ ਘੁਮਾਉਣਾ ਆਦਿ। ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਨਾਮਧਾਰੀਏ ਵਿਆਹ ਸ਼ਾਦੀਆਂ ਬੜੇ ਸਾਦਾ ਢੰਗ ਨਾਲ ਕਰਦੇ ਹਨ ਅਤੇ ਦਾਰੂ ਮਾਸ ਤੋਂ ਖਾਸ ਕਰਕੇ ਪ੍ਰਹੇਜ ਰੱਖਦੇ ਹਨ। ਏਸੇ ਮਰਿਯਾਦਾ ਦੀ ਪ੍ਰਮਾਣਿਕਤਾ ਨੂੰ ਆਧਾਰ ਬਣਾ ਕੇ 22 ਅਕਤੂਬਰ 1909 ਨੂੰ ਆਨੰਦ ਮੈਰਿਜ ਐਕਟ ਪਾਸ ਹੋਇਆ।" ਪੰਜਾਬ ਦੀਆਂ ਲਹਿਰਾਂ-ਐਡੀਸ਼ਨ 1 ਪੰਨਾ 144 ਸ. ਸ਼ਮਸ਼ੇਰ ਸਿੰਘ 'ਅਸ਼ੋਕ'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਿੱਥੇ ਇੱਕ ਪਹਿਚਾਣ ਕਲਿਯੁਗ ਵਿੱਚ ਸਤਿਜੁਗ ਲਾਉਣ ਵਾਲੀ ਰੱਬੀ ਹਸਤੀ ਵਜੋਂ ਹੁੰਦੀ ਹੈ ਉੱਥੇ ਆਪ ਜੀ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਿਆ ਜਾਂਦਾ ਹੈ।

ਐਪੇ ਗੁਰੁ ਦਸਮ ਦਰਸ ਦੈ ਜੋ ਕਹਿਉ ਤਾਂਹਿ
ਮੇਰੋ ਅਵਤਾਰ ਅੰਸ਼ ਰਾਮ ਸਿੰਘ ਹਵੈ ਭਰੇ॥

ਇਸੇ ਭਾਵ ਦਾ ਜਿਕਰ ਸ਼ਹੀਦ ਭਗਤ ਸਿੰਘ ਵੀ ਆਪਣੇ ਲੇਖ ਵਿੱਚ ਕਰਦੇ ਹਨ- "ਕਹਿਤੇ ਹੈਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਬੀ ਕਹਾ ਥਾ ਕਿ 'ਮੈਂ ਬਾਰਵੇਂ ਵੇਸ਼ ਮੇਂ ਰਾਮ ਸਿੰਘ ਕੇ ਨਾਮ ਸੇ ਪ੍ਰਸਿੱਧ ਅਥਵਾ ਪ੍ਰਗਟ ਹੋਗਾ। ਇਸ ਲੀਏ ਉਨਕੇ ਅਨੁਯਾਯੀ ਉਨਕੋ ਦਸ ਗੁਰੂਓ ਕਾ ਅਵਤਾਰ ਮਾਨਤੇ ਹੈਂ।" ਇਸੇ ਭਾਵ ਦਾ ਜਿਕਰ ਵੀਹਵੀਂ ਸਦੀ ਦੇ ਪ੍ਰਸਿੱਧ ਸਿੱਖ ਦਾਰਸ਼ਨਿਕ ਸਿਰਦਾਰ ਕਪੂਰ ਸਿੰਘ ਜੀ ਆਪਣੀ ਰਚਨਾ 'ਸਪਤ ਸ੍ਰਿੰਗ' ਵਿੱਚ ਲਿਖਦੇ ਹਨ- "ਬਾਬਾ, ਅਰਬ ਬੋਲੀ ਦਾ ਸ਼ਬਦ ਹੈ- ਜਿਸਦਾ ਅਰਥ ਹੈ ਵੱਡਾ ਬਜ਼ੁਰਗ, ਉੱਚੀ ਬੁੱਧੀ ਤੇ ਉੱਚੇ ਚਾਲ ਚਲਣ ਵਾਲਾ, ਪਿਤਾ ਸਮਾਨ ਪੂਜਣ ਯੋਗ। ਪੰਜਾਬੀ ਬੋਲੀ ਵਿੱਚ ਵੀ ਇਹ ਸ਼ਬਦ

ਉੱਚੀ ਆਤਮਿਕ ਅਵਸਥਾ ਵਾਲੇ ਮਹਾਪੁਰਖਾਂ ਲਈ ਵਰਤਿਆ ਜਾਂਦਾ ਹੈ। ਉਂਝ ਜਿਹੜਾ ਉਮਰੋਂ ਵੱਡਾ ਤੇ ਬਜੁਰਗ ਹੋਵੇ ਉਸ ਨੂੰ ਵੀ ਅਸੀਂ 'ਬਾਬਾ' ਆਖ ਲੈਂਦੇ ਹਾਂ। ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਪੰਜਾਬ ਦੇਸ਼ ਵਿੱਚ ਇੱਕ ਵੱਡੇ ਮਹਾਂ ਪੁਰਖ ਦਾ ਜਨਮ ਹੋਇਆ, ਜੋ ਕਿ ਬਾਬਾ ਰਾਮ ਸਿੰਘ 'ਕੂਕਾ" ਕਰਕੇ ਪ੍ਰਸਿੱਧ ਹੈ। ਇਸ ਮਹਾਂ ਪੁਰਖ ਦੀ ਜੀਵਨ ਕਥਾ ਬੜੀ ਸਿੱਖਿਆ ਦਾਇਕ ਹੈ।

......ਗੁਰੂ ਜਿਹੜੇ ਕਿ ਜਗਤ ਨੂੰ ਰੌਸ਼ਨੀ ਦਿਖਾਉਣ ਤੇ ਸੰਸਾਰ ਦੀ ਰਹਿਨੁਮਾਈ ਕਰਨ ਆਏ ਸਨ ਭਾਵ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ, ਉਹਨਾਂ ਗੁਰੂਆਂ ਦੀ ਆਤਮਿਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿੱਚ ਚਮਕ ਉੱਠੀ ਹੈ। ਜੋ ਕੋਈ ਇਸ ਵਿੱਚ ਸ਼ੱਕ ਕਰਕੇ,. ਕਿਵੇਂ ਹੋਰਵੇਂ ਗੱਲ ਕਹਿੰਦਾ ਹੈ, ਉਹ ਅਸੱਤ ਤੇ ਝੂਠ ਇਸ ਜਹਾਨ ਵਿੱਚ ਬੋਲਦਾ ਹੈ। ...ਜਦੋਂ ਉਨੀਂਵੀਂ ਸਦੀ ਦੀ ਪਿਛਲੀ ਚੌਥਾਈ ਵਿੱਚ ਬਾਬਾ ਰਾਮ ਸਿੰਘ ਦਾ ਤੇਜ ਪ੍ਰਤਾਪ ਚਮਕਿਆ, ਤੇ ਡੂੰਘੀਆਂ ਨਜਰਾਂ ਨੇ ਬਾਬਾ ਰਾਮ ਸਿੰਘ ਦੇ ਉਦੇਸ਼ਾਂ ਅਤੇ ਉਪਦੇਸ਼ਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਆਤਮਾ ਝਾਉਲਾ ਪ੍ਰਤੱਖ ਦੇਖਿਆ। ..... ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝੁਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇੱਕ ਕੁਦਰਤੀ ਜਿਹੀ ਗੱਲ ਸੀ।"[10]

ਸਮੁੱਚੇ ਸਿੱਖ ਸਮਾਜ ਦੇ ਵਿਦਵਾਨ, ਗੁਣੀ ਜਨ, ਮਹਾਂ ਪੁਰਖ ਬੇਸ਼ੱਕ ਸਤਿਗੁਰੂ ਰਾਮ ਸਿੰਘ ਜੀ ਨੂੰ 'ਬਾਬਾ ਜੀ' ਕਹਿ ਕੇ ਸਤਿਕਾਰਦੇ ਸਨ। ਪਰ ਇਸ ਵਿਚਾਰ ਤੇ ਸਾਰੇ ਇੱਕ ਮੱਤ ਤੇ ਸਹਿਮਤ ਹਨ ਕਿ ਸਿੱਖ ਰਾਜ ਦੇ ਅੰਤ ਦੇ ਪਿੱਛੋਂ "ਖਾਲਸੇ ਦੀ ਰੀਤ ਮਿਟ ਜਾਂਦੀ, ਰੱਖੀ ਗੁਰੂ ਰਾਮ ਸਿੰਘ ਨੇ।" ਸਿੱਖ ਪੰਥ ਦੀ ਮਹਾਨ ਹਸਤੀ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਕਥਨ ਹੈ- 'ਸਿੱਖ ਰਾਜ ਦੇ ਅੰਤ ਪਿੱਛੋਂ ਸਿੱਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਸ਼ਾਂ ਵਿੱਚੋਂ ਆਪ ਜੀ ਸ਼੍ਰੋਮਣੀ ਹੋਏ ਹਨ। ਮੈਂ ਵੀ ਬਾਬਾ ਜੀ ਨੂੰ ਉਸੇ ਤਰ੍ਹਾਂ ਹੀ ਆਪਣਾ ਸਮਝਦਾ ਹਾਂ ਜਿਸ ਤਰ੍ਹਾਂ ਮੇਰੇ ਨਾਮਧਾਰੀ ਵੀਰ ਉਹਨਾਂ ਨੂੰ ਆਪਣਾ ਸਮਝਦੇ ਹਨ। ਉਹ ਉਹਨਾਂ ਨੂੰ ਸਤਿਗੁਰੂ ਕਹਿ ਕੇ ਸਨਮਾਨਦੇ ਹਨ ਤੇ ਮੈਂ ਉਹਨਾਂ ਨੂੰ ਪਰਮ ਪੂਜਯ ਬਾਬਾ ਜੀ ਕਹਿੰਦਾ ਹਾਂ। ਕਹਿਣ ਵਿੱਚ ਥੋੜਾ ਜਿਹਾ ਫਰਕ ਹੈ, ਸਤਿਕਾਰ ਵਿੱਚ ਕੋਈ ਫਰਕ ਨਹੀਂ। ਮੈਂ ਚਾਹੁੰਦਾ ਹਾਂ ਕਿ ਆਪ ਦੇ ਪੁਰਬ ਨੂੰ ਸਾਰਾ ਪੰਥ ਮਿਲ ਕੇ ਮਨਾਇਆ ਕਰੇ ਤੇ ਉਹ ਉਪਕਾਰ ਜੋ ਉਹਨਾਂ ਨੇ ਸਾਡੇ ਉੱਪਰ ਕੀਤੇ ਹਨ, ਉਹਨਾਂ ਨੂੰ ਯਾਦ ਕਰਕੇ ਅਸੀਂ ਉਹਨਾਂ ਪੂਰਨਿਆਂ ਤੇ ਤੁਰਨ ਦਾ ਯਤਨ ਕਰੀਏ'।[11]

ਇਸੇ ਤਰ੍ਹਾਂ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ-ਅੰਮ੍ਰਿਤਸਰ ਦੇ ਹੈਡ ਗ੍ਰੰਥੀ ਸੇਵਾ ਨਿਭਾਉਣ ਵਾਲੇ ਪ੍ਰਸਿੱਧ ਇਤਿਹਾਸਕਾਰ ਲੇਖਕ ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖੀਆ ਉਪਰੋਕਤ ਭਾਵ ਦੀਆਂ ਕੁਝ ਰਚਨਾਵਾਂ ਵਿੱਚੋਂ ਇੱਕ ਕਾਵਿ ਰਚਨਾ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੈ:

ਦਸਮ ਪਿਤਾ ਦੀ ਸਿੱਖਿਆ ਉੱਪਰ,
ਚਲਦੇ ਰਹੇ ਸਿੰਘ ਬਲ ਭਾਰ।
ਤਦ ਤੱਕ ਰਹੀ ਪੰਥ ਦੀ ਦਿਨ-ਦਿਨ,
ਚੜਦੀ ਕਲਾ, ਨਾ ਆਈ ਹਾਰ।
ਫਸਿਆ ਪੰਥ ਮਾਇਆ ਦੀ ਜਾਲੀ,
ਗੁਰਸਿੱਖਿਆ ਦੇ ਤਈਂ ਵਿਸਾਰ।
ਸਿੱਖ ਰਾਜ ਦਾ ਅੰਤ ਹੋ ਗਿਆ,
ਖੋ ਬੈਠੇ ਪ੍ਰਤਾਪ ਗੁਆਰ।
ਰਾਜ ਤੇਜ ਦਾ ਘਾਟਾ ਇਕ ਧਿਰ,
ਤਰਫ ਦੂਸਰੀ ਮਜ਼ਬੀ ਮਾਰ।
ਜਾਂਦਾ ਪੰਥ ਰਸਾਤਲ ਵੱਲੇ,
ਜੇਕਰ ਨਾ ਕੋਈ ਲੈਂਦਾ ਸਾਰ।
ਐਨ ਸਮੇਂ ਸਿਰ ਭੈਣੀ ਅੰਦਰ,
ਸੂਰਜ ਸਿੱਖੀ ਹੋ ਚਮਕਾਰ।
ਚਾਰੋਂ ਤਰਫ ਫੈਲਾਈਆਂ ਰਿਸ਼ਮਾਂ,
ਲੱਗਾ ਹੋਣ ਦੂਰ ਅੰਧਕਾਰ।
ਬਰਖਾ ਹੋਣ ਨਾਮ ਦੀ ਲੱਗੀ,
ਹਰੀ ਭਰੀ ਦਿਸੀ ਗੁਲਜਾਰ।
ਰਾਮ ਸਿੰਘ ਜੀ ਰਾਮ ਰਮਾਇਆ,
ਫੈਲੀ ਚਰਚਾ ਦੇਸ਼ ਮਝਾਰ।
ਸਾਧ ਸੰਤ ਖੁਸ਼ ਥਾਂ ਥਾਂ ਹੋਏ,
ਦੋਖੀ ਦੁਸ਼ਮਣ ਹੋਏ ਲਾਚਾਰ।
ਦੇਸ਼ ਪੰਜਾਬ ਵਿੱਚ ਕਰ ਦੌਰੇ
ਲਹਿਰ ਚਲਾਈ ਨਾਮ ਅਪਾਰ।

**ਬਾਕੀ ਸਫ਼ਾ ਨੰ 140 'ਤੇ**

# ਹੁਕਮਨਾਮਿਆਂ ਵਿੱਚ ਔਰਤ ਦਾ ਸਥਾਨ



**ਡਾ. ਖਲੀਲ ਖਾਨ**
Field of Research: Punjab History
9914055472

ਜਦੋਂ ਅਸੀਂ ਭਾਰਤ ਅੰਦਰ ਸਮਾਜਿਕ ਤਾਣੇ-ਬਾਣੇ ਦੀ ਗੱਲ ਕਰਦੇ ਹਾਂ ਤਾਂ ਪ੍ਰਾਚੀਨ ਸਮੇਂ ਤੋਂ ਹੀ ਇਹ ਸ਼ਾਸ਼ਕ ਵਰਗ ਦੇ ਅਨੁਕੂਲ ਰਿਹਾ ਹੈ ਅਤੇ ਸਮਾਜ ਵਿੱਚ ਸਥਾਪਿਤ ਸਮਾਜਕ ਸੰਸਥਾਂ ਵੀ ਇਸੇ ਸ਼ਾਸ਼ਕ ਵਰਗ ਅਧੀਨ ਬਣਦੀਆਂ ਅਤੇ ਟੁੱਟਦੀਆਂ ਰਹੀਆਂ ਹਨ। ਜੇਕਰ ਅਸੀਂ ਭਾਰਤ ਅੰਦਰ 19 ਵੀਂ ਸਦੀ ਦੀ ਗੱਲ ਕਰਦੇ ਹਾਂ ਤਾਂ ਭਾਵੇਂ ਭਾਰਤ ਬ੍ਰਿਟਿਸ਼ ਸ਼ਾਸਨ ਦੇ ਅਧੀਨ ਆ ਚੁੱਕਾ ਸੀ ਪਰ ਹਾਲੇ ਵੀ ਸਮਾਜ ਵਿਚਲਾ ਵਰਤਾਰਾ ਉਸੇ ਤਰ੍ਹਾਂ ਆਪਣਾ ਕੰਮ ਕਰ ਰਿਹਾ ਸੀ। ਬਹੁਤ ਸਾਰੀਆਂ ਅਲਾਮਤਾਂ ਉਸੇ ਤਰ੍ਹਾਂ ਬਾਕੀ ਸਨ। ਬੇਗਾਰੀ ਅਤੇ ਬੰਧੂਆ ਮਜ਼ਦੂਰੀ ਇੰਨ੍ਹਾ ਅਲਾਮਤਾਂ ਵਿੱਚ ਪ੍ਰਮੁੱਖ ਸਨ ਜੋ ਮੁੱਖ ਤੌਰ ਤੇ ਹੇਠਲੇ ਵਰਗ ਦੇ ਮਰਦ ਅਤੇ ਔਰਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਜੇ ਔਰਤਾਂ ਦੇ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਬਹੁਤ ਹੀ ਬੱਦਤਰ ਸਨ। ਔਰਤਾਂ ਨੂੰ ਬਚਪਨ ਤੋਂ ਹੀ ਬਹੁਤ ਸਾਰੀਆਂ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ ਜਿੰਨ੍ਹਾਂ ਵਿੱਚੋਂ ਬਾਲ ਵਿਆਹ, ਸਭ ਤੋਂ ਖਤਰਨਾਕ ਅਲਾਮਤ ਕਹੀ ਜਾ ਸਕਦੀ ਹੈ ਜੋ ਕਿ ਔਰਤ ਦੇ ਹਰ ਤਰ੍ਹਾਂ ਦੇ ਵਿਕਾਸ ਦਾ ਅੰਤ ਸੀ।

ਜੇਕਰ ਪੰਜਾਬੀ ਸਮਾਜ ਵਿੱਚ ਔਰਤਾਂ ਦੇ ਹਾਲਾਤਾਂ ਦਾ ਜਿਕਰ ਕੀਤਾ ਜਾਵੇ ਤਾਂ 19 ਵੀਂ ਸਦੀ ਵਿੱਚ ਪੰਜਾਬੀ ਔਰਤਾਂ ਵੀ ਪੂਰੇ ਭਾਰਤ ਦੀ ਤਰ੍ਹਾਂ ਹੀ ਬਹੁਤ ਸਾਰੀਆਂ ਸਮਾਜਕ ਬੁਰਾਈਆਂ ਦਾ ਸ਼ਿਕਾਰ ਸਨ। ਜਿੰਨ੍ਹਾਂ ਵਿਚੋਂ ਕੁੜੀ ਨੂੰ ਜਨਮ ਸਮੇਂ ਮਾਰ ਦੇਣਾ, ਬਾਲ ਵਿਆਹ, ਵੱਟਾ ਵਿਆਹ ਅਤੇ ਕੁੜੀ ਦਾ ਮੁੱਲ ਲੈ ਕੇ ਉਸ ਦਾ ਵਿਆਹ ਕਰ ਦੇਣਾ ਮੁੱਖ ਸਨ।

ਇੰਨ੍ਹਾਂ ਅਲਾਮਤਾਂ ਨਾਲ ਜਿੱਥੇ ਸਮਾਜਿਕ ਤਾਣਾ-ਬਾਣਾ ਮਾੜਾ ਹੁੰਦਾ ਜਾ ਰਿਹਾ ਸੀ। ਉੱਥੇ ਔਰਤਾਂ ਸਭ ਤੋਂ ਜਿਆਦਾ

ਇਸ ਦਾ ਦੁੱਖ ਭੋਗ ਰਹੀਆਂ ਸਨ। ਔਰਤਾਂ ਦੇ ਆਜ਼ਾਦ ਤੌਰ ਤੇ ਵਿਚਰਨ ਦੇ ਸਾਰੇ ਹੀਲੇ ਵਸੀਲੇ ਇੰਨ੍ਹਾਂ ਸਮਾਜਕ ਅਲਾਮਤਾਂ ਰਾਹੀਂ ਖਤਮ ਕਰ ਦਿੱਤੇ ਜਾਂਦੇ ਸਨ।

ਭਾਰਤ ਪੱਧਰ ਉੱਪਰ ਅਤੇ ਸਥਾਨਕ ਤੌਰ ਉੱਪਰ ਕੁਝ ਖਾਸ ਸਖ਼ਸ਼ੀਅਤਾਂ ਨੇ ਇੰਨ੍ਹਾਂ ਅਲਾਮਤਾਂ ਖਿਲਾਫ਼ ਆਪਣੀ ਆਵਾਜ ਬੁਲੰਦ ਕੀਤੀ ਅਤੇ ਲੋਕਾਂ ਨੂੰ ਇੰਨ੍ਹਾਂ ਵਿਰੁੱਧ ਲਾਮਬੰਦ ਕਰਨ ਦਾ ਯਤਨ ਕੀਤਾ। ਜਦੋਂ ਅਸੀਂ 19 ਵੀਂ ਸਦੀ ਵਿੱਚ ਇੰਨ੍ਹਾਂ ਸਮਾਜਿਕ ਕੁਰੀਤੀਆਂ ਦੀ ਗੱਲ ਕਰਦੇ ਹਾਂ ਜੋ ਔਰਤਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਤਾਂ ਇੰਨ੍ਹਾਂ ਖਿਲਾਫ਼ ਆਵਾਜ ਬੁਲੰਦ ਕਰਨ ਵਾਲਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਕਰਨਾ ਅਤਿ ਜਰੂਰੀ ਬਣ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜਕ ਸੁਧਾਰਾਂ ਲਈ ਅਜਿਹੇ ਕਦਮ ਚੁੱਕੇ ਜੋ ਭਾਰਤ ਸਰਕਾਰ ਦੁਆਰਾ ਇੱਕ ਸਦੀ ਬਾਅਦ ਸੋਚ ਅਧੀਨ ਲਿਆਂਦੇ ਗਏ। ਜਿਵੇਂ ਕੁੜੀ ਦੇ ਵਿਆਹ ਦੀ ਉਮਰ 18 ਸਾਲ ਅਤੇ ਮੁੰਡੇ ਦੇ ਵਿਆਹ ਦੀ ਉਮਰ 20 ਸਾਲ।

ਇੱਥੇ ਅਸੀਂ ਸਿਰਫ਼ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਜਿਕਰ ਕਰਾਂਗੇ ਜਿਹੜੇ ਉਨ੍ਹਾਂ ਨੇ ਰੰਗੂਨ ਵਿਖੇ ਆਪਣੀ ਕੈਦ ਦੌਰਾਨ ਆਪਣੇ ਸਿੱਖ ਸ਼ਰਧਾਲੂਆਂ ਨਾਲ ਸਾਂਝੇ ਕੀਤੇ ਅਤੇ ਇੰਨ੍ਹਾਂ ਹੁਕਮਨਾਮਿਆਂ ਵਿੱਚ ਔਰਤਾਂ ਦੇ ਸਮਾਜਕ ਸੁਧਾਰਾਂ ਦਾ ਯਤਨ ਕੀਤਾ।

ਸਤਿਗੁਰੂ ਰਾਮ ਸਿੰਘ ਜੀ 1872 ਵਿੱਚ ਅੰਗਰੇਜ਼ ਸਰਕਾਰ ਦੁਆਰਾ ਰੰਗੂਨ ਨੂੰ ਜਲਾਵਤਨ ਕਰ ਦਿੱਤੇ ਗਏ ਸਨ। ਉਨ੍ਹਾਂ ਇਹ ਹੁਕਮਨਾਮੇ ਆਪਣੀ ਜਲਾਵਤਨੀ ਸਮੇਂ ਸੰਗਤਾਂ ਵੱਲ ਲਿਖੇ। ਇੰਨ੍ਹਾਂ ਹੁਕਮਨਾਮਿਆਂ ਨੂੰ ਲਿਖਣ ਅਤੇ ਸੰਗਤਾਂ ਦੁਆਰਾ ਵਾਪਸ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ, ਪੰਜਾਬ) ਲੈ ਕੇ ਆਉਣ ਲਈ ਸੰਗਤਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਸਾਰੀਆਂ ਘਾਲਣਾਵਾਂ ਘਾਲੀਆਂ ਜਿਸ ਸਦਕਾ ਇਹ ਹੁਕਮਨਾਮੇ ਲਗਭਗ 4 ਹਜਾਰ ਕਿਲੋਮੀਟਰ ਦੂਰੀ ਤੋਂ ਸੰਗਤਾਂ ਕੋਲ ਪਹੁੰਚਦੇ ਰਹੇ ਅਤੇ ਸਤਿਗੁਰੂ ਰਾਮ ਸਿੰਘ ਜੀ ਇੰਨ੍ਹਾਂ ਹੁਕਮਨਾਮਿਆਂ ਦੁਆਰਾ ਸਮਾਜ ਨੂੰ ਇੱਕ ਚੰਗੀ ਸੇਧ ਅਤੇ ਰਹਿਨੁਮਾਈ ਬਖ਼ਸ਼ਦੇ ਰਹੇ। ਇੰਨ੍ਹਾ ਹੁਕਮਨਾਮਿਆਂ ਦੇ ਆਧਾਰ ਤੇ ਹੀ ਅਸੀਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਔਰਤਾਂ ਦੇ ਭਲੇ ਲਈ ਕੀਤੇ ਕਾਰਜਾਂ ਦਾ ਜਿਕਰ ਕਰਾਂਗੇ।

ਉਸ ਸਮੇਂ ਦੇ ਪੰਜਾਬ ਵਿੱਚ ਔਰਤਾਂ ਨਾਲ ਸੰਬੰਧਤ ਮੁੱਖ ਤੌਰ ਤੇ 4 ਤਰ੍ਹਾਂ ਦੀਆਂ ਕੁਰੀਤੀਆਂ ਦਾ ਜਿਕਰ ਕੀਤਾ ਜਾ ਸਕਦਾ ਹੈ।

1.ਕੁੜੀਆਂ ਨੂੰ ਜਨਮ ਸਮੇਂ ਮਾਰ ਦੇਣਾ
2. ਬਾਲ ਵਿਆਹ
3. ਵੱਟਾ ਵਿਆਹ (exchange marriage)
4. ਕੁੜੀਆਂ ਨੂੰ ਵਿਆਹ ਲਈ ਪੈਸੇ ਲੈ ਕੇ ਵੇਚ ਦੇਣਾ।

ਇੰਨ੍ਹਾਂ ਬੁਰਾਈਆਂ ਖਿਲਾਫ਼ ਸਤਿਗੁਰੂ ਰਾਮ ਸਿੰਘ ਜੀ ਨੇ ਸਮੇਂ-ਸਮੇਂ ਤੇ ਆਪਣੀਆਂ ਸੰਗਤਾਂ ਨੂੰ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਇੰਨ੍ਹਾਂ ਬੁਰੇ ਕੰਮਾਂ ਤੋਂ ਰੋਕਦੇ ਰਹੇ। ਕਦੇ ਕਦੇ ਤਾਂ ਉਹ ਇੰਨ੍ਹਾਂ ਬੁਰਾਈਆਂ ਖਿਲਾਫ਼ ਆਪਣੀਆਂ ਸੰਗਤਾਂ ਨੂੰ ਸਖਤਾਈ ਨਾਲ ਤਾੜਨਾ ਕਰਦੇ ਵੀ ਨਜਰ ਆਉਂਦੇ ਹਨ। ਇੱਥੇ ਅਸੀਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਜਾਰੀ ਕੀਤੇ ਹੁਕਮਨਾਮਿਆਂ ਦਾ ਅਧਿਐਨ ਕਰਾਂਗੇ। ਜਿੰਨ੍ਹਾਂ ਵਿੱਚ ਉਨ੍ਹਾਂ ਨੇ ਆਪਣੀਆਂ ਸੰਗਤਾਂ ਨੂੰ ਔਰਤਾਂ ਦੇ ਭਲੇ ਲਈ ਹੁਕਮ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਲਿਖਦੇ ਹਨ...

... ਲਟਕੀ ਨਾ ਕਿਸੇ ਮਾਰਨੀ ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦਮ ਲੈਣੇ, ਜਿਹੜਾ ਲਟਕੀ ਮਾਰੇ, ਬੇਚੇ, ਵਟਾ ਕਰੇ, ਉਨ੍ਹਾਂ ਦੇ ਹੱਥ ਦਾ, ਘਰ ਦਾ ਅੰਨ ਪਾਣੀ ਨਹੀਂ ਬਰਤਨਾ। ਉਨ੍ਹਾਂ ਨੂੰ ਸੰਗਤ ਵਿੱਚ ਨਹੀਂ ਬੜਨ ਦੇਣਾ।

ਹੁਕਮਨਾਮਾ ਨੰ:20

ਇਸ ਹੁਕਮਨਾਮੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਸਮਾਜ ਵਿੱਚ ਔਰਤਾਂ ਪ੍ਰਤੀ ਪ੍ਰਚਲਿਤ ਚਾਰੇ ਬੁਰਾਈਆਂ ਦਾ ਜਿਕਰ ਕਰਦੇ ਹਨ। ਜਦੋਂ ਅਸੀਂ ਇੰਨ੍ਹਾ ਬੁਰਾਈਆਂ ਦਾ ਜਿਕਰ ਕਰਦੇ ਹਾਂ ਤਾਂ ਕੁੜੀ ਨੂੰ ਜਨਮ ਸਮੇਂ ਮਾਰ ਦੇਣਾ ਪੰਜਾਬ ਦੀ ਸਭ ਤੋਂ ਵੱਡੀ ਬਦਕਿਸਮਤੀ ਰਹੀ ਹੈ। ਕੁੜੀ ਨੂੰ ਜਨਮ ਸਮੇਂ ਉਸ ਦੇ ਮੂੰਹ ਵਿੱਚ ਅਫੀਮ ਪਾ ਕੇ ਮਾਰ ਦਿੱਤਾ ਜਾਂਦਾ ਸੀ ਜਾਂ ਫਿਰ ਉਸ ਨੂੰ ਜਨਮ ਸਮੇਂ ਇੱਕ ਘੜੇ ਵਿੱਚ ਪਾ ਲਿਆ ਜਾਂਦਾ ਸੀ ਅਤੇ ਇਹ ਘੜਾ ਧਰਤੀ ਵਿੱਚ ਟੋਆ ਪੁੱਟ ਕੇ ਦੱਬ ਦਿੱਤਾ ਜਾਂਦਾ ਸੀ ਜਿਸ ਨਾਲ ਕੁੜੀ ਦੀ ਸਾਹ ਬੰਦ ਹੋ ਜਾਣ ਨਾਲ ਮੌਤ ਹੋ ਜਾਂਦੀ ਸੀ। ਕਈ ਵਾਰ ਕੁੜੀ ਦੇ ਜਨਮ ਸਮੇਂ ਹੀ ਉਸ ਦਾ ਗਲਾ ਘੁੱਟ ਕੇ ਵੀ ਮਾਰ ਦਿੱਤਾ ਜਾਂਦਾ ਸੀ। ਇਸ ਬਾਰੇ ਚਿੰਤਾ ਜਾਹਰ ਕਰਦੇ ਹੋਏ ਸਤਿਗੁਰੂ ਰਾਮ ਸਿੰਘ ਜੀ ਸਿੱਖਾਂ ਨੂੰ ਖ਼ਬਰਦਾਰ ਕਰਦੇ ਹੋਏ ਕਹਿੰਦੇ ਹਨ-

"ਸਿੱਖ ਤਾ ਪਟੇ ਗਏ ਕੁੜੀਆਂ ਮਾਰਨ ਤੇ" ਭਾਵ ਸਿੱਖਾਂ ਦੇ ਦੁੱਖਾਂ ਦਾ ਮੁੱਖ ਕਾਰਨ ਸਤਿਗੁਰੂ ਰਾਮ ਸਿੰਘ ਜੀ ਕੁੜੀਆਂ ਨੂੰ ਮਾਰਨਾ ਮੰਨਦੇ ਹਨ।

ਦੂਸਰੀ ਅਲਾਮਤ ਜਿਸ ਦਾ ਸਤਿਗੁਰੂ ਜੀ ਜਿਕਰ ਕਰਦੇ ਹਨ, ਉਹ ਹੈ- ਕੁੜੀਆਂ ਦਾ ਵੱਟਾ ਕਰਨਾ। ਇਸ ਇਸ ਵਿੱਚ ਇਕ ਕੁੜੀ ਦੇਣੀ ਅਤੇ ਓਥੋਂ ਇਕ ਕੁੜੀ ਵਿਆਹ ਲੈਣੀ ਇਹ ਰਿਵਾਜ਼ ਸੀ। ਇਸ ਨਾਲ ਕੁੜੀਆਂ ਨੂੰ ਬਹੁਤ ਸਾਰੀਆਂ ਦਿੱਕਤਾਂ ਆਉਂਦੀਆਂ ਸਨ ਕਿਉਂਕਿ ਮਜਬੂਰੀ ਵੱਸ ਉਨ੍ਹਾਂ ਨੂੰ ਦੂਸਰੇ ਪਰਿਵਾਰ ਦੇ ਮਰਦ ਨਾਲ ਆਪਣੀ ਮਰਜ਼ੀ ਦੇ ਖਿਲਾਫ਼ ਵਿਆਹ ਕਰਵਾਉਣਾ ਪੈਂਦਾ ਸੀ, ਅਗਲਾ ਮਰਦ ਭਾਵੇਂ ਉਮਰ ਵਿੱਚ ਜਵਾਨ ਹੋਵੇ ਭਾਵੇਂ ਬੁੱਢਾ, ਸੋਹਣਾ ਹੋਵਾ ਭਾਵੇਂ ਬਦਸੂਰਤ, ਕਾਮਾ ਹੋਵੇ ਭਾਵੇਂ ਨਿਕੰਮਾ, ਜਿਸ ਤਰ੍ਹਾਂ ਦਾ ਵੀ ਵਰ ਲੜਕੀ ਨੂੰ ਮਿਲਦਾ ਸੀ ਉਸ ਨਾਲ ਹੀ ਉਸ ਨੂੰ ਆਪਣੀ ਉਮਰ ਗੁਜ਼ਾਰਨੀ ਪੈਂਦੀ ਸੀ। ਸਤਿਗੁਰੂ ਰਾਮ ਸਿੰਘ ਜੀ ਲਿਖਦੇ ਹਨ–

... ਬਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰ ਅਛਾ ਨਹੀ ਮਿਲਦਾ, ਕੇ ਬੁਢਾ ਕੇ ਕੁਸੋਹਣਾ ਲਭਦਾ ਹੈ।

ਅੱਗੇ ਸਤਿਗੁਰੂ ਰਾਮ ਸਿੰਘ ਜੀ ਕੁੜੀ ਨੂੰ ਲੜਕੇ ਵਾਲਿਆਂ ਤੋਂ ਪੈਸੇ ਲੈ ਕੇ ਵੇਚ ਦੇਣ ਦਾ ਵੀ ਸਖਤ ਸ਼ਬਦਾਂ ਵਿੱਚ ਵਿਰੋਧ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਕੁੜੀ ਨੂੰ ਪੈਸੇ ਦੇ ਲਾਲਚ ਵਿੱਚ ਵੇਚ ਦਿੰਦੇ ਹਾਂ ਤਾਂ ਉਸ ਦੀ ਅਗਲੀ ਜ਼ਿੰਦਗੀ ਪੂਰੀ ਤਰ੍ਹਾਂ ਤਬਾਹ ਹੋ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਪੈਸੇ ਵਾਲੇ ਅਯੋਗ ਲੜਕੇ ਲਈ ਵੀ ਸੁਯੋਗ ਕੁੜੀ ਦਾ ਰਿਸ਼ਤਾ ਲੈ ਜਾਂਦੇ ਹਨ। ਜਿਸ ਨਾਲ ਕੁੜੀ ਨੂੰ ਸਾਰੀ ਜ਼ਿੰਦਗੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮੇ ਵਿੱਚ ਲਿਖਦੇ ਹਨ–

... ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਿਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈ ਖਰਾਬੁ ਹੁੰਦੀ ਰਹਿੰਦੀ ਹੈ। ਏਹੁ ਸਾਰੇ ਪਾਪ ਮਾਪਿਆਂ ਕੋ ਲਗਦਾ ਹੈ।

ਹੁਕਮਨਾਮਾ ਨ: 28

ਕੁੜੀਆਂ ਨੂੰ ਛੋਟੀ ਉਮਰ ਵਿੱਚ ਵਿਆਹ ਦੇਣ ਦੀ ਪਿਰਤ ਵੀ ਪੂਰੇ ਭਾਰਤ ਵਿੱਚ ਚਾਲੂ ਸੀ। ਭਾਰਤ ਦਾ ਹਰ ਖੇਤਰ ਇਸ ਅਲਾਮਤ ਤੋਂ ਪ੍ਰਭਾਵਤ ਸੀ। ਇਸ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਸਨ। ਜਿੱਥੇ ਛੋਟੀ ਉਮਰ ਵਿੱਚ ਵਿਆਹ ਹੋ ਜਾਣ ਨਾਲ ਕੁੜੀ ਨੂੰ ਮਾਂ ਬਨਣ ਵਿੱਚ ਸਮੱਸਿਆ ਆਉਂਦੀ ਸੀ ਉੱਥੇ ਛੋਟੀ ਉਮਰ ਵਿੱਚ ਜਣੇਪੇ ਸਮੇਂ ਵੀ ਬਹੁਤ ਸਾਰੀਆਂ ਕੁੜੀਆਂ ਦੀ ਮੌਤ ਹੋ ਜਾਂਦੀ ਸੀ। ਇਸ ਤੋਂ ਇਲਾਵਾ ਛੋਟੀ ਉਮਰ ਦੀ ਕੁੜੀ ਮੁੰਡੇ ਹਾਲੇ ਇੰਨੇ ਬੁੱਧੀਮਾਨ ਨਹੀਂ ਹੋਏ ਹੁੰਦੇ ਸਨ ਕਿ ਜੋ ਆਪਣੇ ਨਿੱਜੀ ਜੀਵਨ ਦੀਆਂ ਸਮੱਸਿਆਵਾਂ ਨਾਲ ਚੰਗੀ ਤਰ੍ਹਾਂ ਨਜਿੱਠ ਸਕਣ। ਲੜਾਈ ਝਗੜੇ ਦੇ ਮੌਕੇ ਵੀ ਜ਼ਿਆਦਾ ਹੋਣ ਦੀ ਸੰਭਾਵਨਾ ਰਹਿੰਦੀ ਸੀ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਬਾਲ ਵਿਆਹ ਭਾਵ ਛੋਟੀ ਉਮਰ ਵਿੱਚ ਲੜਕੇ ਲੜਕੀ ਦੇ ਵਿਆਹ ਦਾ ਵਿਰੋਧ ਕੀਤਾ ਅਤੇ ਆਪਣੇ ਹੁਕਮਨਾਮਿਆਂ ਵਿੱਚ ਇਸ ਬੁਰਾਈ ਤੋਂ ਬਚਣ ਲਈ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਲਿਖਦੇ ਹਨ–

ਗੁਰੂ ਜੀ ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾ ਬਰਸਾ ਦੀ ਲੜਕੀ ਬੀਸ ਬਰਸ ਦਾ ਲੜਕਾ ਹੋਵੇ ਤਾ  ਬਿਆਹੁ ਕਰਨਾ, ਉਰੇ ਨਹੀ ਕਰਨਾ

ਹੁਕਮਨਾਮਾ ਨ: 23

ਸਤਿਗੁਰੂ ਰਾਮ ਸਿੰਘ ਜੀ ਅੱਗੇ ਲਿਖਦੇ ਹਨ ਹੁਣ ਇਉ ਕਰੋ, ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜੌਣਾ ਘਟ ਨਹੀ ਘਟ ਨਹੀ ਪੜੌਣਾ , ਛੋਟੀ ਹੈ।

ਹੁਕਨਾਮਾ ਨ:44

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਨੂੰ ਜਿੱਥੇ ਵਾਰ ਵਾਰ ਅਪੀਲ ਕਰਦੇ ਹਨ ਕਿ

... ਲਟਕੀ ਨਾ ਕਿਸੇ ਮਾਰਨੀ, ਨਾ ਕਿਸੇ  ਵਟਾ ਕਰਨਾ, ਨਾ ਲੜਕੀ ਦੇ ਦਮ ਲੈਣੇ।

ਸਤਿਗੁਰੂ ਰਾਮ ਸਿੰਘ ਜੀ ਇੰਨ੍ਹਾਂ ਅਲਾਮਤਾਂ ਪ੍ਰਤੀ ਇੰਨੇ ਫਿਕਰਮੰਦ ਹਨ ਕਿ ਉਹ ਆਪਣੇ ਸਿੱਖਾਂ ਨੂੰ ਸ਼ਰੇਆਮ ਹੁਕਮ ਕਰਦੇ ਹਨ ਕਿ ਜੇਕਰ ਕੋਈ ਵਾਰ ਵਾਰ ਕਹਿਣ ਅਤੇ ਸਮਝਾਉਣ ਦੇ ਬਾਵਜੂਦ ਵੀ ਨਹੀਂ ਮੰਨਦਾ ਤਾਂ ਸਤਿਗੁਰੂ ਰਾਮ ਸਿੰਘ ਜੀ ਉਸ ਲਈ ਆਪਣੇ ਹੁਕਮਨਾਮਿਆਂ ਵਿੱਚ ਲਿਖਦੇ ਹਨ–

ਖਾਲਸਾ ਜੀ ਲੜਕੀ ਮਾਰੇ ਯਾ ਬੇਚੇ ਬਟਾ ਕਰੇ, ਉਸ ਦੇ ਨਾਲ ਨਹੀ ਸੰਗਤ ਨੇ ਬਰਤਣਾ, ਨਾ ਉਸ ਦੇ ਘਰ ਜਾਣਾ ਨਾ ਉਸ ਕੋ ਸੰਗਤ ਮੇ ਬੜਨ ਦੇਣਾ, ਨਾ ਉਸ ਦੇ ਹਥ ਦਾ ਜਲ ਪਾਨ ਕਰਨਾ। ਏਦੂ ਪਿਛੇ ਜੋ ਹੋਈ ਸੋ ਹੋਈ, ਹੁਣ
ਅਗੇ ਸਮਝ ਕੇ ਬਰਤਣਾ।

ਹੁਕਮਨਾਮਾ ਨ:28

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਉਸ ਵਿਅਕਤੀ, ਪਰਿਵਾਰ ਨਾਲ ਪੂਰਨ ਸਮਾਜਿਕ ਬਾਈਕਾਟ ਦਾ ਸੱਦਾ ਦਿੰਦੇ ਹਨ। ਜੋ ਧੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ

ਅਤੇ ਧੀਆਂ ਦੇ ਭਲੇ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰੀ ਹੁੰਦੇ ਹਨ। ਧੀਆਂ ਦੇ ਦੁੱਖਾਂ ਨੂੰ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਇੰਨੇ ਗੰਭੀਰ ਹਨ ਕਿ ਉਹ ਧੀਆਂ ਉੱਪਰ ਇਸ ਅਨਿਆਂ ਖ਼ਿਲਾਫ ਸਖ਼ਤੀ ਵਰਤਣ ਤੋਂ ਵੀ ਗੁਰੇਜ ਨਹੀਂ ਕਰਦੇ ਅਤੇ ਸਖਤਾਈ ਨਾਲ ਹੁਕਮ ਕਰਦੇ ਹਨ ਕਿ ਜੋ ਕੁੜੀ ਮਾਰੇ, ਬੇਚੇ ਜਾਂ ਬਟਾ ਕਰੇ, ਉਸ ਨੂੰ ਸੰਗਤ ਵਿੱਚੋਂ ਜੁੱਤੀਆਂ ਮਾਰ ਕੇ ਕੱਢ ਦੇਣਾ। ਪੂਰਾ ਵਾਕ ਇਸ ਤਰ੍ਹਾਂ ਹੈ-

ਇਕ ਹੋਰੁ ਬੀ ਬਾਤ ਸਭਨਾ ਨੂ ਸੁਣਾ ਦੇਣੀ , ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬਟਾ ਕਰੇ ਜੇ ਏਹੁ ਬਾਤ ਨਾ ਮੰਨੇ ਤਾਂ ਉਸਨੂੰ ਸੰਗਤ ਮੈ ਨਾ ਬੜਨ ਦੇਣਾ, ਜੇ ਨਾ ਮੰਨੇ ਤਾਂ ਆਖਣਾ ਫੇਰ ਨਾ ਆਈ ਫੇਰ ਨਾ ਹਟੇ, ਜੁੱਤੀਆ ਮਾਰ ਕੇ ਕਢ ਦੇਣਾ, ਕੁਛ ਮਰਜੀ ਕਰਦਾ ਫਿਰੇ।

ਹੁਕਮਨਾਮਾ ਨ: 52

ਸਤਿਗੁਰੂ ਰਾਮ ਸਿੰਘ ਜੀ ਜਿੱਥੇ ਲੋਕਾਂ ਨੂੰ ਧੀਆਂ ਦੇ ਦੁੱਖਾਂ ਅਤੇ ਸਮੱਸਿਆਵਾਂ ਲਈ ਜਾਗਰੂਕ ਕਰਦੇ ਹਨ ਉੱਥੇ ਉਹ ਖੁਦ ਵੀ ਧੀਆਂ ਦੇ ਦੁੱਖ ਵਡਾਉਂਦੇ ਹਨ ਅਤੇ ਉਨ੍ਹਾਂ ਲਈ ਫਿਕਰਮੰਦ ਨਜਰ ਆਉਂਦੇ ਹਨ। ਉਹ ਆਪਣੀ ਇੱਕ ਸ਼ਰਧਾਲੂ ਬੀਬੀ ਹੁਕਮ ਕੌਰ (ਸੂਬਾ) ਨੂੰ ਕੁੜੀ ਦੇ ਵਿਧਵਾ ਹੋ ਜਾਣ ਉੱਤੇ ਕੁੜੀ ਨੂੰ ਹੌਂਸਲਾ ਦਿੰਦੇ ਲਿਖਦੇ ਹਨ-

ਬੜਾ ਗਜਬ ਹੋਇਆ ਮੁਟਿਆਰ ਕੁੜੀ ਦਾ ਰੰਡੀ (ਵਿਧਵਾ) ਹੋਇ ਜਾਣਾ। ਕੁਛ ਬਸ ਨਹੀ ਹੈ ਕਿਸੇ ਦੇ, ਰਜਾਇ ਪ੍ਰਮੇਸਰ ਦੀ। ਕੁੜੀਏ ਭਜਨ ਬਾਣੀ ਕਰ ਤਕੜੀ ਹੋ ਕੇ।

ਹੁਕਮਨਾਮਾ; 5

ਸਤਿਗੁਰੂ ਰਾਮ ਸਿੰਘ ਜੀ ਕੁੜੀਆਂ ਦੀ ਮਨੁੱਖੀ ਜ਼ਿੰਦਗੀ ਵਿੱਚ ਮਹੱਤਤਾ ਤੋਂ ਲੋਕਾਂ ਨੂੰ ਜਾਣੂ ਕਰਵਾਉਂਦੇ ਹੋਏ ਹੁਕਨਾਮਿਆਂ ਵਿੱਚ ਕੁੜੀਆਂ ਦੀ ਤਾਰੀਫ਼ ਕਰਦੇ ਹੋਏ ਲਿਖਦੇ ਹਨ

... ਲੜਕੀਆ ਮੈ ਬਹੁਤ ਈ ਗੁਣ ਹੈਨ ਅਨੇਕ ਤਰਾਂ ਦੇ ਸੁਖ ਦੇਂਦੀਆ ਹੈਨ ਇਸਤਰੀਆ। ਗਿਣੇ ਨਹੀ ਜਾਂਦੇ ਮੇਰੇ ਪਾਸ ਤੇ। ਕੁੜੀਆ ਦਾ ਮਾਰਨਾ ਗਊ ਤੇ ਬੀ ਬਡਾ ਪਾਪ ਹੈ।

ਸ. ਕਪੂਰ ਸਿੰਘ ਆਪਣੀ ਕਿਤਾਬ (ਸਪਤ ਸ੍ਰਿੰਗ) ਵਿੱਚ ਜ਼ਿਕਰ ਕਰਦੇ ਹਨ ਕਿ ਕਿਸ ਤਰ੍ਹਾਂ ਗੁਰੂ ਰਾਮ ਸਿੰਘ ਔਰਤਾਂ ਲਈ ਵਿਸ਼ੇਸ਼ ਸੁਧਾਰਕ ਸਨ-

"ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਜੇ ਉਹਨਾਂ ਦਾ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਸਨ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਦੇ ਸ਼ਰੋਮਣੀ ਸੁਧਾਰਕਾਂ ਦੀਆਂ ਸਫ਼ਾ ਵਿੱਚ ਖੜ੍ਹਾ ਕਰ ਦਿੰਦਾ ਹੈ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਮੇਂ ਦੇ ਸਮਾਜਿਕ ਸੁਧਾਰਾਂ ਦੇ ਮੋਹਰੀ ਆਗੂ ਹੋਏ ਹਨ। ਜਿੰਨ੍ਹਾਂ ਨੇ ਔਰਤਾਂ ਦੇ ਦੁੱਖਾਂ ਨੂੰ ਸਮਝਿਆ ਅਤੇ ਇੰਨਾਂ ਦੇ ਦੁੱਖਾਂ ਅਤੇ ਮੁਸੀਬਤਾਂ ਨੂੰ ਜਾਣਦਿਆਂ ਹੋਇਆਂ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ ਸਾਰੀਆਂ ਅਲਾਮਤਾਂ ਤੋਂ ਪਿੱਛਾ ਛੁਡਵਾਇਆ ਜਾਵੇ ਅਤੇ ਚੰਗੇ ਸਮਾਜ ਦਾ ਨਿਰਮਾਣ ਕੀਤਾ ਜਾਵੇ।

## ਉਪਦੇਸ਼

ਸੋ ਕੋਸ਼ਿਸ਼ ਇਹ ਕਰਦੇ ਹਾਂ ਕਿ ਵੱਖੋ-ਵੱਖਰੇ ਸਮਾਜਾਂ ਵਿੱਚ ਇਥੇ ਆਉਂਦੇ ਰਹਿਣ। ਜਿਹੜੇ ਫਰਕ ਨੇ ਉਹ ਘੱਟਦੇ ਜਾਣ, ਸਾਡੇ ਆਪਣੇ ਫਰਕ ਮਿਟ ਜਾਣ ਆਪਸੀ ਪ੍ਰੇਮ ਪਿਆਰ ਵਧੇ, ਜੇ ਲੜਨਾ ਹੈ ਤਾਂ ਲੜਨ ਨੂੰ ਬੜੇ ਥਾਂ ਹੋਰ ਨੇ ਇਕ ਹੋਰ ਹੁਕਮ ਕਰਦੇ ਹਨ ਸਤਿਗੁਰੂ ਜਗਜੀਤ ਸਿੰਘ ਜੀ ਕਿ ਖਿਡਾਰੀ ਗਰਾਉਂਡ ਵਿੱਚ ਖੇਡ ਦੇ ਆਧਾਰ ਤੇ ਹੁੰਦੇ ਹਨ ਉਹ ਧਰਮ ਦੇ ਆਧਾਰ ਤੇ ਨਹੀਂ ਹੁੰਦੇ। ਉਹਨਾਂ ਨੂੰ ਕੋਈ ਧਰਮ ਕਰਕੇ ਨਹੀਂ ਪਛਾਣਦਾ ਤੇ ਕੀ ਸਾਨੂੰ ਗੁਰਦੁਆਰਿਆ, ਮੰਦਰਾ ਵਿੱਚ ਆ ਕੇ ਹੀ ਅਸੀਂ ਵੱਖੋ-ਵੱਖਰੇ ਹੋਣਾ ਹੈ? ਇਹ ਤਾਂ ਸਾਡਾ ਇਕ ਸਾਂਝਾ ਥਾਂ ਹੈ। ਅਸੀਂ ਜਿਥੇ ਵੀ ਚਲੇ ਜਾਈਏ, ਸਾਡਾ ਇਹ ਵਖਰੇਵਾ ਨਹੀਂ ਹੋਣਾ ਚਾਹੀਦਾ। ਇਹੀ ਰਸਤਾ ਸਾਨੂੰ ਸੱਚੇ ਪਾਤਸ਼ਾਹ ਸਿਖਾਇਆ ਤੇ ਉਸ ਤੇ ਚੱਲ ਕੇ ਹੀ ਸੁੱਖ ਹੋ ਸਕਦਾ।

**⇨ ਸ੍ਰੀ ਸਤਿਗੁਰੂ ਉਦੇ ਸਿੰਘ ਜੀ**

# ਨਾਮਧਾਰੀ ਲਹਿਰ ਨਾਲ ਸੰਬੰਧਿਤ ਲੋਕ ਕਾਵਿ : ਇੱਕ ਅਧਿਐਨ



**– ਗੁਰਲਾਲ ਸਿੰਘ**
ਸੰਪਾਦਕ 'ਸਤਿਜੁਗ'
97800-97898

ਪੰਜਾਬੀ ਲੋਕ ਕਾਵਿ ਵਿੱਚ ਰਾਸ਼ਟਰ ਦਾ ਸੰਕਲਪ ਬਸਤੀਵਾਦੀ ਰਾਜ ਦੀ ਸਥਾਪਨਾ ਤੋਂ ਬਾਅਦ ਆਉਂਦਾ ਹੈ। ਵਿਦੇਸ਼ੀ ਹਕੂਮਤ ਖਿਲਾਫ਼ ਉੱਠੀਆਂ ਆਜ਼ਾਦੀ ਦੀਆਂ ਲਹਿਰਾਂ ਪ੍ਰਤੀ ਲੋਕ ਮਨ ਦਾ ਨਜ਼ਰੀਆ ਇਕੋ ਜਿਹਾ ਨਹੀਂ ਸੀ। ਇਹ ਲਹਿਰਾਂ ਵੀ ਵੱਖ-ਵੱਖ ਸਮਾਜਾਂ ਅਤੇ ਧਰਮਾਂ ਨਾਲ ਸੰਬੰਧਿਤ ਸਨ। ਇਸ ਕਰਕੇ ਇਨ੍ਹਾਂ ਲਹਿਰਾਂ ਵਲੋਂ ਕੀਤੇ ਗਏ ਸੰਘਰਸ਼ ਦੇ ਸਰੋਕਾਰ ਵੀ ਵੱਖਰੇ-ਵੱਖਰੇ ਸਨ।

"ਅਜਿਹੀਆਂ ਲਹਿਰਾਂ ਪ੍ਰਤੀ ਲੋਕ-ਮਨ ਲੌਕਿਕ ਜਾਂ ਅਲੌਕਿਕ ਦ੍ਰਿਸ਼ਟੀ ਤੋਂ ਉਹਨਾਂ ਪਸਾਰਾਂ ਨਾਲ ਸੰਬੰਧਿਤ ਹੁੰਦਾ ਹੈ, ਜਿਨ੍ਹਾਂ ਨੂੰ ਜਾਂ ਤਾਂ ਲੋਕ ਮਨ ਸਵੀਕਾਰਦਾ-ਪਿਆਰਦਾ ਹੈ ਜਾਂ ਨਫ਼ਰਤ ਅਧੀਨ ਰੱਦ ਦਿੰਦਾ ਹੈ।"[1]

19 ਵੀਂ ਸਦੀ ਦੇ ਪਿਛਲੇ ਅੱਧ ਵਿੱਚ ਪੰਜਾਬ ਵਿੱਚ ਪੁਨਰ ਜਾਗ੍ਰਿਤੀ ਦੀਆਂ ਕਈ ਲਹਿਰਾਂ ਚੱਲੀਆਂ। ਇਨ੍ਹਾਂ ਵਿੱਚੋਂ ਨਾਮਧਾਰੀ ਲਹਿਰ ਦਾ ਅਹਿਮ ਸਥਾਨ ਹੈ। ਧਾਰਮਕ ਦਿੱਖ ਵਾਲੀ ਇਸ ਲਹਿਰ ਦੇ ਮਨਸੂਬੇ ਰਾਜਨੀਤਿਕ ਸਨ। ਲੋਕ ਕਾਵਿ ਵਿੱਚ ਇਸ ਲਹਿਰ ਦਾ ਜ਼ਿਕਰ ਪ੍ਰਸ਼ੰਸਾਤਮਕ ਸੁਰ ਵਿੱਚ ਮਿਲਦਾ ਹੈ। ਪੰਜਾਬ 'ਤੇ ਬਸਤੀਵਾਦੀ ਸਰਕਾਰ ਦੇ ਕਬਜ਼ੇ ਤੋਂ ਬਾਅਦ ਇਸ ਲਹਿਰ ਦਾ ਉਥਾਨ ਹੋਇਆ। ਨਾਮਧਾਰੀ ਲਹਿਰ ਦੂਹਰੇ ਧਰਾਤਲ ਵਾਲੀ ਲਹਿਰ ਸੀ। ਇੱਕ ਪਾਸੇ ਇਹ ਲਹਿਰ ਸਿੱਖਾਂ ਵਿੱਚ ਆਈ ਸਮਾਜਕ ਤੇ ਧਾਰਮਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ ਕਰਦੀ ਹੈ, ਉੱਥੇ ਦੂਜੇ ਪਾਸੇ ਮੁੜ ਸਿੱਖ ਰਾਜ ਦੀ ਸਥਾਪਤੀ ਦਾ ਸੁਪਨਾ ਵੀ ਬਣਦੀ ਹੈ।

ਲੋਕ ਪਰੰਪਰਾ ਦੇ ਪ੍ਰਮੁੱਖ ਰੂਪ ਲੋਕ-ਕਾਵਿ ਵਿੱਚ ਨਾਮਧਾਰੀ ਲਹਿਰ ਦੇ ਬਹੁਤ ਸਾਰੇ ਵੇਰਵੇ ਮਿਲਦੇ ਹਨ, ਜੋ ਇਸ ਲਹਿਰ ਦੀਆਂ ਅਣਗੌਲੀਆਂ ਪਰਤਾਂ ਨੂੰ ਰੂਪਮਾਨ ਕਰਦੇ ਹਨ।

ਨਾਮਧਾਰੀ ਲਹਿਰ ਨਾਲ ਸੰਬੰਧਿਤ ਪ੍ਰਾਪਤ ਲੋਕ ਕਾਵਿ ਨੂੰ ਅਸੀਂ ਪੰਜ ਹਿੱਸਿਆਂ ਵਿੱਚ ਵੰਡ ਲੈਂਦੇ ਹਾਂ-

1. ਨਾਮਧਾਰੀ ਪਹਿਚਾਣ ਨਾਲ ਸੰਬੰਧਿਤ ਲੋਕ ਗੀਤ
2. ਨਾਮਧਾਰੀ ਪ੍ਰਚਾਰ ਨਾਲ ਸੰਬੰਧਿਤ ਲੋਕ ਗੀਤ
3. ਬ੍ਰਾਹਮਣਾਂ, ਮੁਲਾਣਿਆਂ ਤੇ ਮਹੰਤਾਂ ਨਾਲ ਸੰਬੰਧਿਤ ਲੋਕ ਗੀਤ
4. ਰਿਆਸਤੀ ਰਾਜਿਆਂ ਤੇ ਮੁਖ਼ਬਰਾਂ ਨਾਲ ਸੰਬੰਧਿਤ ਲੋਕ ਗੀਤ
5. ਬਸਤੀਵਾਦੀ ਸਰਕਾਰ ਦੀ ਵਿਰੋਧਤਾ ਨਾਲ ਸੰਬੰਧਿਤ ਲੋਕ ਗੀਤ

**ਨਾਮਧਾਰੀ ਪਹਿਚਾਣ ਨਾਲ ਸੰਬੰਧਿਤ ਲੋਕ ਗੀਤ-**

ਲੋਕ ਕਾਵਿ ਵਿੱਚ ਨਾਮਧਾਰੀ ਲਹਿਰ ਦੇ ਅੰਤਰੀਵ ਅਤੇ ਬਾਹਰੀ ਪਛਾਣ ਦੇ ਸੰਕੇਤ ਮਿਲਦੇ ਹਨ। ਇਸ ਲਹਿਰ ਨੂੰ 'ਕੂਕਾ' ਨਾਮ ਲੋਕਾਂ ਵਲੋਂ ਦਿੱਤਾ ਗਿਆ ਹੈ। ਪੰਚਮ ਦੀਆਂ ਸੁਰਾਂ ਵਿੱਚ ਕੀਰਤਨ ਕਰਨ ਕਰਕੇ ਲੋਕ ਮਨ ਨੇ ਨਾਮਧਾਰੀਆਂ ਨੂੰ 'ਕੂਕੇ' ਨਾਮ ਨਾਲ ਸੰਬੋਧਨ ਕੀਤਾ ਹੈ। ਇਸ ਬਾਰੇ ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲਿਖਦੇ ਹਨ-

ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ
ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈਂ।[2]

ਕੂਕੇ ਪੰਜਾਬੀ ਸਭਿਆਚਾਰ ਵਿੱਚ ਆਪਣੀ ਵੱਖਰੀ ਪਛਾਣ ਸਥਾਪਤ ਕਰਦੇ ਹਨ। ਇਸ ਵੱਖਰੀ ਪਛਾਣ ਦੀ ਮੌਲਕਿਤਾ ਨੂੰ ਲੋਕ ਮਨ ਇੰਜ ਪ੍ਰਵਾਨ ਕਰਦਾ ਹੈ-

ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿੱਚ ਗੜਵਾ ਰੱਖਦੇ
ਗਲ ਵਿੱਚ ਉੱਨ ਦੀ ਮਾਲਾ।
ਅੰਗਰੇਜ਼ਾਂ ਦੀ ਨਾ ਈਨ ਮੰਨਦੇ
ਮੰਗਿਆਂ ਦੇਣ ਨਾ ਹਾਲਾ।
ਰਾਜ ਅੰਗਰੇਜ਼ਾਂ ਦਾ, ਚੰਦ ਰੋਜ਼ ਦਾ ਚਾਲਾ।

ਪਹਿਲੀ ਪੰਗਤੀ ਦਾ 'ਨਿਰਾਲਾ' ਸ਼ਬਦ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਪੰਜਾਬੀ ਸਮਾਜ ਵਿੱਚ ਇਹ ਵੱਖਰੀ ਤਰ੍ਹਾਂ ਦੀ ਲਹਿਰ ਸੀ। ਜਿਸ ਦੀ ਬੁਨਿਆਦ ਧਾਰਮਕ ਅਤੇ ਪਾਸਾਰ ਰਾਜਨੀਤਿਕ ਸੋਚ ਵਾਲਾ ਹੈ। 'ਨਿਰਾਲਾ' ਸ਼ਬਦ ਇਸ ਗੱਲ ਦਾ ਵੀ ਸੰਕੇਤ ਹੈ ਕਿ ਇਸ ਲਹਿਰ ਨੇ ਪਰੰਪਰਿਕ ਹੋ ਚੁੱਕੀਆਂ ਮਾਨਤਾਵਾਂ ਤੋੜ ਨਵੀਆਂ ਮਾਨਤਾਵਾਂ ਨੂੰ ਸਥਾਪਿਤ ਕੀਤਾ। ਕਿਸੇ ਦੀ ਈਨ ਨਾ ਮੰਨਣਾ ਪੰਜਾਬੀ ਸੁਭਾਅ ਦੀ ਪਹਿਚਾਣ ਹੈ। ਜਿਸ ਨੂੰ ਪ੍ਰੋ. ਪੂਰਨ ਸਿੰਘ 'ਟੈਂ ਨਾ ਮੰਨਣ ਕਿਸੇ ਦੀ' ਕਹਿੰਦਾ ਹੈ। ਲੋਕ ਮਨ 'ਮੰਗਿਆਂ ਦੇਣ ਨਾ ਹਾਲਾ' ਕਹਿਕੇ ਕੂਕਿਆਂ ਦੀ ਨਾਬਰੀ ਨੂੰ ਪੇਸ਼ ਕਰਦਾ ਹੈ। ਕੂਕੇ ਸ਼ਰੇਆਮ ਲੋਕਾਂ ਨੂੰ ਕਹਿੰਦੇ ਹਨ ਕਿ ਵਿਦੇਸ਼ੀ ਰਾਜ ਕੁਝ ਦਿਨਾਂ ਦਾ ਮਹਿਮਾਨ ਹੈ। ਇਸ ਕਰਕੇ ਸਰਕਾਰ ਦੇ ਮੰਗਣ 'ਤੇ ਵੀ ਮਾਮਲਾ ਨਹੀਂ ਦਿੰਦੇ। ਨਾਮਧਾਰੀ ਜੀਵਨ-ਜਾਚ ਦੇ ਵੱਖ-ਵੱਖ ਪਹਿਲੂਆਂ ਨੂੰ ਲੋਕ ਮਨ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਦਾ ਹੈ-

- ਕੂਕੇ ਚੜ੍ਹਕੇ ਚੁਬਾਰੀਂ ਸੌਂਦੇ, ਤਾਰੇ ਵੇਖਣ ਨੂੰ।
- ਤਾਰਾ ਚੜ੍ਹਿਆ ਤਾਂ ਨਹਾ ਲਿਆ ਕੂਕੇ
  ਹਾਲੀਆਂ ਨੇ ਹਲ ਜੋੜ ਲਏ।
- ਕੂਕੇ ਬੜੇ ਕਸੂਤੇ,ਗੜਵਾ ਨਾ ਦੇਂਦੇ ਨਾਉਣ ਨੂੰ।
- ਕੂਕੇ ਬੜੇ ਕਸੂਤੇ, ਪਾਣੀ ਨਾ ਪੀਂਦੇ ਬੋਕੇ ਦਾ।

ਉਪਰੋਕਤ ਲੋਕ-ਕਾਵਿ ਟੁਕੜਿਆਂ ਵਿੱਚ ਕੂਕਿਆਂ ਦੀ ਰਹਿਣੀ-ਬਹਿਣੀ, ਸੁਭਾਅ, ਅਤੇ ਖਾਣ- ਪੀਣ ਬਾਰੇ ਦੱਸਿਆ ਗਿਆ ਹੈ। ਪੇਂਡੂ ਜਨ-ਜੀਵਨ ਪ੍ਰਕਿਰਤੀ ਦੇ ਬਹੁਤ ਨੇੜੇ ਹੁੰਦਾ ਹੈ। ਘੜੀਆਂ ਨਾ ਹੋਣ ਕਾਰਨ ਲੋਕ ਤਾਰਿਆਂ ਤੋਂ ਸਮੇਂ ਦਾ ਹਿਸਾਬ ਲਾਉਂਦੇ ਸਨ। ਤਾਰਿਆਂ ਦੀ ਛਾਂਵੇਂ ਸੁੱਤੇ ਕੂਕੇ ਅੰਮ੍ਰਿਤ ਵੇਲੇ ਉੱਠ ਖੂਹ 'ਤੇ ਡੋਲ ਖੜਕਾਉਂਦੇ ਤਾਂ ਆਮ ਲੋਕ ਆਵਾਜ਼ ਸੁਣ ਆਪਣੇ ਕੰਮ ਧੰਧਿਆਂ ਲਈ ਜਾਗ ਜਾਂਦੇ। ਕੂਕੇ ਦਾ ਡੋਲ ਖੜਕਣ ਨਾਲ ਘਰਾਂ ਵਿੱਚੋਂ ਸੁਆਣੀਆਂ ਤੇ ਹਾਲੀ ਉੱਠ ਖੇਤਾਂ ਨੂੰ ਤੁਰ ਪੈਂਦੇ। ਸਵੇਰੇ ਜਲਦੀ ਉੱਠ ਸਾਰੇ ਕੰਮ ਕਾਰ ਨਿਬੇੜਨੇ ਪੇਂਡੂ ਸੁਭਾਅ ਦਾ ਹਿੱਸਾ ਹੈ। ਕੂਕਿਆਂ ਦਾ ਲੋਕਾਂ ਨਾਲੋਂ ਪਹਿਲਾਂ ਉੱਠਣ ਦਾ ਕਾਰਨ ਅਧਿਆਤਮਕ ਸੀ। ਸਵੇਰੇ ਜਲਦੀ ਉੱਠ ਇਸ਼ਨਾਨ ਕਰ, ਨਾਮ ਜਪ, ਬਾਣੀ ਪੜ੍ਹ ਫਿਰ ਲੋਕਾਂ ਨਾਲ ਕੰਮ ਕਾਰ ਵਿੱਚ ਰੁੱਝ ਜਾਂਦੇ। ਲੋਕ ਮਨ ਕੂਕਿਆਂ ਨੂੰ 'ਕਸੂਤੇ' ਕਹਿੰਦਾ ਹੈ। ਕੂਕਿਆਂ ਦਾ ਰਹਿਣ-ਸਹਿਣ ਦਾ ਢੰਗ ਆਮ ਲੋਕਾਂ ਨਾਲੋਂ ਵੱਖਰਾ ਹੈ-

"ਕਸੂਤੇ ਇਸ ਲਈ ਹਨ ਕਿ ਪਰੰਪਰਾ ਅਨੁਸਾਰ ਵਹਿ ਰਹੇ ਮਨੁੱਖ ਦੇ ਸਮਾਨਾਂਤਰ ਇਹ ਵੱਢ ਮਾਰਦੇ ਹਨ। ਮਨੁੱਖੀ ਜੀਵਨ ਸ਼ੈਲੀ ਵਿੱਚ ਪਰਿਵਰਤਨ ਕਰਦੇ ਹਨ। ਦੂਸਰਾ, ਕਸੂਤੇ ਇਸ ਲਈ ਹਨ ਕਿਉਂਕਿ ਉਹ ਸਮੇਂ ਦੇ ਸਥਾਪਤ ਨਿਜ਼ਾਮ ਨਾਲ ਟੱਕਰ ਲੈਂਦੇ ਹਨ।[3]

ਵਿਵਹਾਰਕ ਪੱਖ ਤੋਂ ਕੂਕੇ ਕਸੂਤੇ ਇਸ ਲਈ ਵੀ ਹਨ ਕਿਉਂਕਿ ਉਹ ਆਪਣੀ ਚੀਜ਼ ਕਿਸੇ ਨੂੰ ਵਰਤਣ ਵਾਸਤੇ ਨਹੀਂ ਦਿੰਦੇ। ਕਿਸੇ ਹੋਰ ਦੇ ਵਰਤੇ ਭਾਂਡੇ ਨੂੰ ਰੇਤ ਨਾਲ ਸਾਫ

ਕਰ ਫਿਰ ਆਪ ਵਰਤਦੇ। ਨਾਮਧਾਰੀ ਸਮਾਜ ਸਰੀਰਕ ਸ਼ੁੱਧਤਾ ਪ੍ਰਤੀ ਬਹੁਤ ਸੁਚੇਤ ਹੈ। ਸ਼ੁੱਧ ਸ਼ਾਕਾਹਾਰੀ ਹੋਣ ਕਰਕੇ ਚਮੜੇ ਦੀ ਬੋਕੀ ਵਾਲੇ ਨਲਕੇ ਤੋਂ ਕੂਕੇ ਪਾਣੀ ਨਹੀਂ ਪੀਂਦੇ ਸਨ। ਲੋਕ ਮਨ ਨੂੰ ਇਹਜੀਵਨ ਜਾਚ ਸਾਧਾਰਨ ਨਾਲੋਂ ਵੱਖਰੀ ਲਗਦੀ ਹੈ। ਇੱਕ ਹੋਰ ਲੋਕ ਗੀਤ ਵਿੱਚ ਲੋਕ ਮਨ ਦੱਸਦਾ ਹੈ ਕੂਕਿਆਂ ਨੂੰ ਤੰਗ ਕਰਨ ਲਈ ਥਾਣੇਦਾਰ ਵੱਲੋਂ ਪਿੰਡ ਦੇ ਖੂਹ 'ਤੇ ਚਮੜੇ ਦੀਆਂ ਟਿੰਡਾਂ ਲਵਾ ਦਿੱਤੀਆਂ-

ਥਾਣੇਦਾਰ ਨੇ ਜ਼ਿੱਦ ਪੁਗਾਈ
ਖੂਹਾਂ ਵਿੱਚ ਚੰਮ ਚਾੜ੍ਹ 'ਤੇ।

ਲੋਕ ਮਨ ਅਨੁਸਾਰ ਕੂਕੇ ਬਨਣ ਲਈ ਬਹੁਤੀ ਮੁਸ਼ੱਕਤ ਨਹੀਂ ਕਰਨੀ ਪੈਂਦੀ, ਬੱਸ ਆਪਣੇ ਕੋਲ ਡੋਲ (ਗੜਵਾ) ਰੱਖਣਾ, ਸਵੇਰੇ ਉੱਠ ਨਹਾਉਣਾ ਅਤੇ ਹਰ ਸਮੇਂ ਵਾਹਿਗੁਰੂ ਬੋਲਣਾ ਹੈ -

- ਕੱਛੇ ਡੋਲ ਤੇ ਵਹਿਗੁਰੂ ਬੋਲੀ
ਬਣ ਜਾਏਂ ਨਾਮਧਾਰੀਆ।
- ਮੈਂ ਹਰ ਕੇ ਨਾਮ ਨੂੰ ਗਾਵਾਂ
ਗਲ ਵਿੱਚ ਮਾਲਾ ਪਾ ਕੇ।
- ਜਪ ਲੈ ਰਾਮ ਦੀ ਮਾਲਾ
ਮੁਕਤੀ ਹੋ ਜਾਊਗੀ
- ਮੇਰੀ ਤਾਰ ਕਿੰਗ ਦੀ ਖੜਕੇ
ਤੜਕੇ ਨਹਾ ਕੁੜੀਏ

ਕੂਕਿਆਂ ਵਿੱਚ ਗੁਰੂ ਦਾ ਨਾਮ ਜਪਣ ਲਈ ਬਹੁਤ ਜ਼ੋਰ ਦਿੱਤਾ ਗਿਆ ਹੈ। ਨਾਮ ਜਪਣ ਲਈ ਕੂਕੇ ਸਵੇਰੇ ਜਲਦੀ ਉੱਠਦੇ ਅਤੇ ਮਾਲਾ ਹਮੇਸ਼ਾਂ ਗਲ ਵਿੱਚ ਰੱਖਦੇ ਹਨ। ਜਦੋਂ ਵੀ ਸਮਾਂ ਲੱਗੇ ਮਾਲਾ ਫੇਰਦੇ ਅਤੇ ਬਾਣੀ ਪੜ੍ਹਦੇ ਸਨ। ਇਹਨਾਂ ਲੋਕ ਗੀਤਾਂ ਵਿੱਚ ਕੂਕਾ ਜੀਵਨ ਜਾਚ ਦੇ ਨਿਵੇਕਲੇ ਤੱਤਾਂ ਨੂੰ ਉਭਾਰਿਆ ਗਿਆ ਹੈ। ਕੂਕਿਆਂ ਨੇ ਅੰਗਰੇਜ਼ਾਂ ਦਾ ਸੰਪੂਰਨ ਬਾਈਕਾਟ ਕੀਤਾ ਸੀ। ਇਸ ਲਈ ਜੋ ਵੀ ਵਸਤੂਆਂ ਅੰਗਰੇਜ਼ੀ ਕਾਰਖ਼ਾਨਿਆਂ ਵਿੱਚ ਬਣਦੀਆਂ ਉਹ ਕੂਕਿਆਂ ਲਈ ਵਰਜਿਤ ਸਨ। ਇਸ ਬਾਰੇ ਲੋਕ ਗੀਤ ਹਨ-

- ਕੂਕੇ ਗੁੜ ਦਾ ਸ਼ਰਬਤ ਪੀਂਦੇ,
ਮਿੱਠੇ ਮਿੱਠੇ ਬੋਲ ਬੋਲਦੇ।
- ਨਹੀਂ ਖੰਡ ਦਾ ਸ਼ਰਬਤ ਪੀਣਾ,
ਸਹੁੰ ਖਾਧੀ ਖਾਲਸੇ ਨੇ।
- ਅਤਲਸਾਂ ਪਾੜ ਦਿੱਤੀਆਂ,
ਨਹੀਂ ਖੱਦਰ ਬਿਨਾਂ ਹੱਥ ਲਾਉਣਾ।

ਨਾਮਧਾਰੀ ਲਹਿਰ ਨੇ ਅੰਗਰੇਜ਼ ਖਿਲਾਫ਼ ਜੋ ਸੰਘਰਸ਼ ਸ਼ੁਰੂ ਕੀਤਾ ਸੀ, ਉਸਦਾ ਸਭ ਤੋਂ ਵੱਡਾ ਹਥਿਆਰ ਨਾ-ਮਿਲਵਰਤਣ ਸੀ। ਅੰਗਰੇਜ਼ ਦੇ ਕਾਰਖਾਨੇ ਵਿੱਚ ਬਣੀ ਕਿਸੇ ਵੀ ਚੀਜ਼ ਦੀ ਵਰਤੋਂ ਕੂਕੇ ਨਹੀਂ ਕਰਦੇ ਸਨ। ਇਸ ਲਈ ਕੂਕਿਆਂ ਨੇ ਅੰਗਰੇਜ਼ ਦੇ ਸਮਾਨਾਤਰ ਆਪਣੇ ਸਕੂਲ, ਡਾਕ-ਪ੍ਰਬੰਧ, ਪੁਰਾਤਨ ਨਿਆਂ ਪ੍ਰਣਾਲੀ ਪੰਚਾਇਤਾਂ ਨੂੰ ਮਜ਼ਬੂਤ ਕੀਤਾ। ਖੰਡ ਅੰਗਰੇਜ਼ੀ ਕਾਰਖ਼ਾਨਿਆਂ ਵਿੱਚ ਬਣਦੀ ਸੀ। ਜਦੋਂ ਨਵੀਂ-ਨਵੀਂ ਖੰਡ ਦਾ ਸੁਆਦ ਪੰਜਾਬੀਆਂ ਨੂੰ ਪਿਆ ਤਾਂ ਲੋਕ ਆਪਣੇ ਘਰ ਦੇ ਬਣੇ 'ਗੁੜ' ਨੂੰ ਛੱਡ ਖੰਡ ਨਾਲ ਜੁੜ ਗਏ, ਪਰ ਕੂਕਿਆਂ ਨੇ 'ਗੁੜ' ਦਾ ਸਾਥ ਨਾ ਛੱਡਿਆ। ਇੰਗਲੈਂਡ ਦੇ ਕਾਰਖਾਨਿਆਂ ਵਿੱਚ ਬਣਿਆ ਕੱਪੜਾ ਹਰ ਘਰ ਪਹੁੰਚ ਗਿਆ ਸੀ, ਪਰ ਕੂਕਿਆਂ ਨੇ ਖੱਦਰ ਦਾ ਪ੍ਰਚਾਰ ਕੀਤਾ। ਸਵਦੇਸ਼ੀ ਪ੍ਰਤੀ ਪਿਆਰ ਦੀ ਮਿਸਾਲ ਕੂਕਿਆਂ ਨੇ ਪੇਸ਼ ਕੀਤੀ। ਇਸ ਲਈ ਲੋਕ ਮਨ ਨਿਰਾਲਾ ਪੰਥ ਕਹਿ ਕੇ ਕੂਕਿਆਂ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦਾ ਹੈ।

**ਨਾਮਧਾਰੀ ਪ੍ਰਚਾਰ ਨਾਲ ਸੰਬੰਧਿਤ ਲੋਕ ਕਾਵਿ-**

ਸਿੱਖਾਂ ਨੇ 1849 ਈ. ਵਿੱਚ ਰਾਜ ਭਾਗ ਹੀ ਨਹੀਂ ਗਵਾਇਆ, ਨਾਲ ਸਿੱਖੀ ਮਰਿਆਦਾ ਵੀ ਖ਼ਤਮ ਕਰ ਲਈ। ਸਿੱਖੀ ਮਰਿਆਦਾ ਨੂੰ ਮੁੜ ਸੁਰਜੀਤ ਕਰਨ ਲਈ ਸਤਿਗੁਰੂ ਰਾਮ ਸਿੰਘ ਨੇ ਅੰਮ੍ਰਿਤ ਤਿਆਰ ਕਰ ਸਿੱਖਾਂ ਨੂੰ ਛਕਾਇਆ ਅਤੇ 'ਸੰਤ ਖਾਲਸਾ' ਨਾਮ ਦਿੱਤਾ। ਸਿੱਖੀ ਨੂੰ ਮੁੜ ਸਥਾਪਿਤ ਕਰਨ ਲਈ ਪਿੰਡ-ਪਿੰਡ ਦੌਰੇ ਕੀਤੇ। ਬਾਈ ਸੂਬੇ ਥਾਪ ਵੱਖ-ਵੱਖ ਇਲਾਕਿਆਂ ਵਿੱਚ ਸਿੱਖੀ ਪ੍ਰਚਾਰ ਆਰੰਭਿਆ। ਇਸ ਪ੍ਰਚਾਰ ਦਾ ਲੋਕਾਂ 'ਤੇ ਬਹੁਤ ਵੱਡਾ ਅਸਰ ਹੋਇਆ। ਬਹੁਤ ਸਾਰੇ ਲੋਕ ਇਸ ਨਵੀਂ ਲਹਿਰ ਵਿੱਚ ਸ਼ਾਮਿਲ ਹੋਏ। ਕੂਕਿਆਂ ਦੇ ਇਸ ਪ੍ਰਚਾਰ ਦਾ ਪ੍ਰਗਟਾਵਾ ਵੀ ਲੋਕ ਕਾਵਿ ਵਿੱਚੋਂ ਮਿਲਦਾ ਹੈ-

- ਰੁੜਕਾ, ਜਾਂਗਪੁਰ, ਮੋਹੀ ਤਿੰਨੇ ਪਿੰਡ ਕੂਕਿਆਂ ਦੇ।
- ਦੋਏ ਨੰਗਲ ਜੜ੍ਹਾਂ ਤੇ ਸਰਾਭਾ ਬਣ ਗਏ ਨਾਮਧਾਰੀਏ।
- ਬਿਲਾਸਪੁਰ ਤੇ ਹਠੂਰ ਪਿੰਡ, ਬਸੀਆਂ ਕੂਕੇ ਬਣ ਜਾਣਗੇ।

ਕੂਕਿਆਂ ਦੇ ਪ੍ਰਚਾਰ ਦਾ ਅਸਰ ਬਹੁਤ ਹੋਇਆ। ਪਿੰਡਾਂ ਦੇ ਪਿੰਡ ਨਾਮਧਾਰੀ ਬਣ ਗਏ। ਥੋੜ੍ਹੇ ਹੀ ਸਾਲਾਂ ਵਿੱਚ ਕੂਕਿਆਂ ਦੀ ਗਿਣਤੀ ਪੰਜਾਬ ਵਿੱਚ ਲੱਖਾਂ ਤੱਕ ਪਹੁੰਚ ਗਈ।

ਬਹੁਤ ਸਾਰੇ ਲੋਕ ਕੂਕਿਆਂ ਦੇ ਸਦਾਚਾਰਕ ਜੀਵਨ-ਜਾਚ ਨੂੰ ਵੇਖ ਪ੍ਰਭਾਵਿਤ ਹੋ ਕੂਕੇ ਬਣ ਗਏ। ਕੂਕਿਆਂ ਦੇ ਦੀਵਾਨ ਵਿੱਚ ਸਿੱਧੀਆਂ ਧਾਰਨਾ ਨਾਲ ਸ਼ਬਦ ਪੜ੍ਹੇ ਜਾਂਦੇ ਸਨ। ਹਰ ਪਿੰਡ ਜਥੇਦਾਰ ਸਥਾਪਿਤ ਕੀਤਾ ਗਿਆ, ਜੋ ਸਾਧਾਰਨ ਢੰਗ ਨਾਲ ਲੋਕਾਂ ਸਾਹਮਣੇ ਖੜ੍ਹਾ ਹੋ ਪ੍ਰਚਾਰ ਕਰਦਾ। ਸਦਾਚਾਰਕ, ਸਮਾਜਕ, ਧਾਰਮਕ ਅਤੇ ਰਾਜਨੀਤਿਕ ਇਹ ਚਾਰ ਪ੍ਰਚਾਰ ਦੇ ਅੰਗ ਸਨ।

"ਸਦਾਚਾਰਕ ਵਿੱਚ ਮਾਸ, ਸ਼ਰਾਬ, ਚੋਰੀ, ਠੱਗੀ ਅਤੇ ਝੂਠ ਦਾ ਤਿਆਗ ਸੀ। ਜਿਨਸ ਦੇ ਕੇ ਸਵਾਈ-ਡਿਉਢੀ ਕਰ ਕੇ ਨਹੀਂ ਲੈਣੀ। ਸਮਾਜਕ ਵਿੱਚ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਅਤੇ ਬਾਲ ਵਿਆਹ ਦੀ ਨਿਖੇਧੀ ਤੇ ਵਿਧਵਾ ਵਿਆਹ ਨੂੰ ਖੁੱਲ੍ਹ। ਧਾਰਮਕ ਵਿੱਚ ਅੰਮ੍ਰਿਤ ਵੇਲੇ ਉੱਠਣਾ, ਪਾਠ ਕਰਨਾ, ਸਾਦੀ ਖੁਰਾਕ, ਸਾਦੀ ਪੁਸ਼ਾਕ, ਗਊ ਗਰੀਬ ਦੀ ਰੱਖਿਆ ਕਰਨੀ ਅਤੇ ਰਾਜਨੀਤਿਕ ਵਿੱਚ ਅੰਗਰੇਜ਼ ਦੀਆਂ ਵਸਤੂਆਂ ਦਾ ਸੰਪੂਰਨ ਬਾਈਕਾਟ ਸੀ।"[4]

ਲੋਕਾਂ ਨੂੰ ਢੋਲਕੀ ਦੀ ਥਾਪ ਪ੍ਰਭਾਵਿਤ ਕਰਦੀ ਸੀ। ਛੈਣਿਆਂ ਦੀ ਛਣਕਾਰ ਲੋਕਾਂ ਦੇ ਮਨ ਨੂੰ ਖਿੱਚ ਕੂਕਿਆਂ ਦੇ ਦੀਵਾਨਾਂ ਵਿੱਚ ਬਿਠਾ ਦੇਂਦੀ। ਜੋ ਕੂਕਾ ਬਣ ਜਾਂਦਾ ਉਸਦਾ ਘਰ ਸਾਧ ਸੰਗਤ ਲਈ ਧਰਮਸ਼ਾਲਾ ਹੁੰਦਾ। ਲੋਕ ਮਨ ਨੇ ਉਸ ਘਰ ਦੀ ਪਛਾਣ ਇਸ ਤਰ੍ਹਾਂ ਦੱਸੀ ਹੈ-

-ਜਿੱਥੇ ਛੈਣੇ ਢੋਲਕੀ ਖੜਕਣ
ਉਹ ਘਰ ਕੂਕਿਆਂ ਦਾ।
-ਥਾਲੀ ਭੰਨ ਕੇ ਬਣਾ ਲਏ ਛੈਣੇ
ਬੱਲੇ ਬੱਲੇ ਕੂਕਿਆਂ ਦੇ।

ਨਾਮਧਾਰੀ ਦੀਵਾਨ ਹਰ ਪਿੰਡ ਵਿੱਚ ਲੱਗਦਾ ਸੀ। ਲੋਕ ਵੱਖ-ਵੱਖ ਤਰ੍ਹਾਂ ਦੀਆਂ ਗੱਲਾਂ ਇਨ੍ਹਾਂ ਦੀਵਾਨਾਂ ਬਾਰੇ ਬਣਾਉਂਦੇ। ਇਨ੍ਹਾਂ ਦੀਵਾਨਾਂ ਨੂੰ ਸਰਕਾਰ ਦੇ ਖਿਲਾਫ਼ ਪ੍ਰਚਾਰ ਵੀ ਸਮਝਿਆ ਜਾਂਦਾ ਸੀ। ਕਈ ਥਾਵਾਂ 'ਤੇ ਇਨ੍ਹਾਂ ਦੀਵਾਨਾਂ ਦੀ ਸ਼ਿਕਾਇਤ ਵੀ ਕੀਤੀ ਗਈ। ਅੰਬਾਲੇ ਦੇ ਕਮਿਸ਼ਨਰ ਕਰਨਲ ਆਰ. ਜੀ. ਟੇਲਰ 1866 ਈ. ਨੂੰ ਵਾਇਸਰਾਏ ਨੂੰ ਰਿਪੋਰਟ ਦਿੰਦਾ ਹੈ-

"ਮੈਂ ਗੰਭੀਰਤਾ ਨਾਲ ਇਸ ਪੰਥ ਦੀਆਂ ਗਤੀਵਿਧੀਆਂ ਨੂੰ ਨੇੜਿਓਂ ਤੱਕਿਆ ਹੈ... ਮੇਰੀ ਰਾਏ ਹੈ ਕਿ ਇਹ ਪੰਥ ਅਸ਼ਾਂਤੀ ਪੈਦਾ ਕਰਨ ਵਾਲਾ ਹੈ ਅਤੇ ਇਸ ਪੰਥ ਦੀ ਹੱਦ, ਖਾਸ ਕਰ ਤੇਜ਼ੀ ਨਾਲ ਇਸ ਦੇ ਪ੍ਰਫੁੱਲਤ ਹੋਣਾ ਦੇਰ ਸਵੇਰ ਕਿਸੇ ਔਖਿਆਈ ਦਾ ਕਾਰਨ ਬਣੇਗਾ।"[5]

ਪੰਜਾਬੀ ਖੁੱਲ੍ਹ ਦਿਲਾ ਸੁਭਾਅ ਮਜ਼ਾਕ ਉਡਾਉਣ ਲਈ ਇਹੋ ਜਿਹੀਆਂ ਤੁਕਾਂ ਵੀ ਬੋਲਦਾ ਹੈ ਜੋ ਲੋਕ ਮਨ ਦਾ ਹਿੱਸਾ ਬਣੀਆਂ-

-ਅੱਧੀ ਰਾਤ ਦੇ ਖੜਕਦੇ ਛੈਣੇ
ਢੋਲਕੀ ਦੀ ਲਿੱਦ ਕੱਢਤੀ।
-ਸੰਗਤੇ! ਬੁਰਕੀ ਕੜਾਹ ਦੀ ਨੇ ਫਾਹੇ ਟੰਗ ਤੇ।

ਕੂਕਿਆਂ ਨਾਲ ਨੇੜਤਾ ਵਿੱਚ ਖ਼ਤਰਾ ਵੀ ਸੀ, ਕੂਕੇ ਸਰਕਾਰ ਦੇ ਬਾਗ਼ੀ ਸਨ ਪਤਾ ਨਹੀਂ ਕਿਸ ਦੀਵਾਨ ਦੀ ਮੁਖ਼ਬਰੀ ਹੋ ਜਾਏ ਪੁਲਿਸ ਸਰੋਤਿਆਂ ਸਮੇਤ ਸਾਰਿਆਂ ਨੂੰ ਚੁੱਕ ਕੇ ਲੈ ਜਾਵੇ। ਲੋਕ ਮਨ ਨੂੰ ਕੜਾਹ ਦੀ ਬੁਰਕੀ ਵਿੱਚੋਂ ਫਾਂਸੀ ਦਾ ਰੱਸਾ ਦਿਸਦਾ ਹੈ। ਨਾਮਧਾਰੀਆਂ ਨੇ ਪ੍ਰਚਾਰ ਲਈ ਵੱਖ-ਵੱਖ ਇਲਾਕਿਆਂ ਵਿੱਚ ਧਰਮਸ਼ਾਲਾ ਖੋਲ੍ਹ ਲਈਆਂ। ਇਨ੍ਹਾਂ ਵਿੱਚ ਇਕੱਠਿਆਂ ਬੈਠ ਸ਼ਬਦ ਕੀਰਤਨ ਤੋਂ ਇਲਾਵਾ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਦੀ ਪੜ੍ਹਾਈ ਕਰਾਈ ਜਾਂਦੀ। ਜਿਵੇਂ-ਜਿਵੇਂ ਨਾਮਧਾਰੀ ਲਹਿਰ ਅੱਗੇ ਵੱਧਦੀ ਗਈ। ਇਨ੍ਹਾਂ ਧਰਮਸ਼ਲਾਵਾਂ ਵਿੱਚੋਂ ਨੌਜਵਾਨਾਂ ਨੂੰ ਕ੍ਰਾਂਤੀਕਾਰੀ ਪਾਠ ਪੜ੍ਹਾਏ ਜਾਣ ਲੱਗੇ। ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦਾ ਉਪਦੇਸ਼ ਅਤੇ ਸ਼ੁੱਧ ਆਚਾਰ ਬਾਰੇ ਦੱਸਿਆ ਜਾਂਦਾ ਸੀ। ਇਸ ਤਰ੍ਹਾਂ ਕੂਕਿਆਂ ਨੇ ਪੰਜਾਬ ਵਿੱਚ ਆਪਣਾ ਪ੍ਰਚਾਰ ਬਹੁਤ ਜ਼ੋਰ ਸ਼ੋਰ ਨਾਲ ਕੀਤਾ। ਕੂਕੇ ਹਰ ਪ੍ਰਕਾਰ ਦੇ ਨਸ਼ੇ ਦੇ ਸਖ਼ਤ ਵਿਰੋਧੀ ਸਨ। ਇਸ ਕਰਕੇ ਲਲਤੋਂ ਪਿੰਡ ਦੇ ਲੋਕਾਂ ਨੇ ਕੂਕਿਆਂ ਦੇ ਜਥੇ ਨੂੰ ਆਉਂਦਾ ਵੇਖ ਹੁੱਕੇ ਲੈ ਕੇ ਗਲੀਆਂ ਵਿੱਚ ਬੈਠ ਗਏ ਕਿ ਜਦੋਂ ਕੂਕੇ ਲੰਘਣਗੇ ਧੂੰਆਂ ਉਨ੍ਹਾਂ ਵੱਲ ਛੱਡਾਂਗੇ। ਜਦੋਂ ਇਸ ਗੱਲ ਦਾ ਪਤਾ ਸੂਬਾ ਕਾਹਨ ਸਿੰਘ ਨਿਹੰਗ ਨੂੰ ਲੱਗਾ ਤਾਂ ਉਸ ਸਾਰੇ ਹੁੱਕੇ ਖੋਹ ਤੋੜ ਦਿੱਤੇ। ਇਸ ਘਟਨਾ ਦੀ ਤਸਦੀਕ ਇਸ ਲੋਕ ਗੀਤ ਰਾਹੀਂ ਹੁੰਦੀ ਹੈ-

ਹੁੱਕੇ ਭੰਨਤੇ ਲਲਤੋਂ ਜਾ ਕੇ, ਕਾਹਨ ਸਿੰਘ ਕੂਕੇ ਨੇ।

ਇਸ ਤਰ੍ਹਾਂ ਦਾ ਵਿਰੋਧ ਨਾਮਧਾਰੀ ਇਤਿਹਾਸ ਵਿੱਚ ਕਈ ਥਾਂਵਾਂ 'ਤੇ ਵੇਖਣ ਨੂੰ ਮਿਲਦਾ ਹੈ। ਰੁੜਕੇ ਦੇ ਜ਼ੈਲਦਾਰ ਸਾਹਿਬੇ ਨੇ ਬ੍ਰਾਹਮਣਾਂ ਨਾਲ ਰਲ ਚੁੱਕੇ ਦੇ ਪਾਣੀ ਨਾਲ ਥਾਲੀ ਧੋ ਕੇ ਪਤਾਸੇ ਰੱਖ ਦੀਵਾਨ ਵਿੱਚ ਆ ਗਿਆ। ਇਸ ਕੰਮ ਦੀ ਉਸ ਨੂੰ ਕੂਕਿਆਂ ਨੇ ਸਜ਼ਾ ਵੀ ਦਿੱਤੀ। ਇਕ ਹੋਰ ਕੂਕਾ ਆਗੂ ਬਿਸ਼ਨ ਸਿੰਘ ਦਾ ਨਾਮ ਲੋਕ ਮਨ ਦੀ ਸਿਮਰਤੀ ਵਿੱਚ ਹੈ-

- ਬਿਸ਼ਨ ਸਿੰਘ ਕੂਕੇ ਨੇ, ਨਾ ਪੀਤਾ ਹਲਟ ਦਾ ਪਾਣੀ।

ਬਿਸ਼ਨ ਸਿੰਘ ਕੂਕਿਆਂ ਦਾ ਬੜਾ ਸਰਗਰਮ ਆਗੂ ਸੀ। ਇਸ ਦੇ ਨਾਲ ਬਹੁਤ ਸਾਰੇ ਸਿੱਖ ਰਹਿੰਦੇ ਸਨ। ਰੂਸ ਨਾਲ ਕੂਕਿਆਂ ਦੇ ਸੰਬੰਧ ਸਥਾਪਿਤ ਕਰਨ ਵਿੱਚ ਇਸ ਦੀ ਅਹਿਮ ਭੂਮਿਕਾ ਸੀ। ਸਰਕਾਰੀ ਰਿਕਾਰਡ ਵਿੱਚ ਇਸ ਨੂੰ ਚਲਾਕ, ਕਈ ਭਾਸ਼ਾਵਾਂ ਦਾ ਜਾਣੂ ਅਤੇ ਖ਼ਤਰਨਾਕ ਕੂਕਾ ਆਗੂ ਲਿਖਿਆ ਹੈ। ਕੂਕਿਆਂ ਦਾ ਪਹਿਲਾ ਕਵੀ ਚੰਦਾ ਸਿੰਘ ਬਿਸ਼ਨ ਸਿੰਘ ਬਾਰੇ ਲਿਖਦਾ ਹੈ-

ਬਿਸ਼ਨ ਸਿੰਘ ਗੁਰਾਂ ਦਾ ਲਾਲ
ਫੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰੂ ਨਾਲ ਕਰਾਰ
ਅੱਗੇ ਜੋ ਭਾਵੇ ਕਰਤਾਰ
ਹੁਕਮ ਅਕਾਲ ਦਾ।[6]

ਲੋਕ ਗੀਤਾਂ ਵਿੱਚ ਆਏ ਜ਼ਿਕਰ ਤੋਂ ਮਾਲੂਮ ਹੁੰਦਾ ਹੈ ਕਿ ਇਹ ਲੋਕਾਂ ਵਿੱਚ ਕਾਫ਼ੀ ਰਸੂਖਦਾਰ ਬੰਦਾ ਸੀ। ਕੂਕਿਆਂ ਨੇ ਇਸਤਰੀਆਂ ਨੂੰ ਵੀ ਪ੍ਰਚਾਰਕ ਥਾਪਿਆ ਹੋਇਆ ਸੀ। ਉਸ ਸਮੇਂ ਇਹ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ। ਕੂਕਿਆਂ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਕਰਨ ਲਈ ਉਸ ਨੂੰ ਹਾਰ ਸ਼ਿੰਗਾਰ ਛੱਡ, ਸਾਦਾ ਜੀਵਨ ਜਿਊਣ ਲਈ ਪ੍ਰੇਰਿਆ। ਲੋਕ ਗੀਤ ਹੈ-

- ਲਾਹਦੇ ਸਿਰੋਂ ਪਰਾਂਦਾ, ਨਾਲੇ ਲਾਹਦੇ ਨੱਥ ਮੱਛਲੀ।
-ਮੇਰੀ ਤਾਰ ਕਿੰਗ ਦੀ ਖੜਕੇ, ਤੜਕੇ ਨਹਾ ਕੁੜੀਏ।

ਇਸਤਰੀਆਂ ਦੇ ਜੀਵਨ ਨੂੰ ਅਧਿਆਤਮਿਕ ਪੱਖ ਤੋਂ ਉੱਚਾ ਚੁੱਕਣ ਲਈ ਬਾਣੀ ਪੜ੍ਹਣ, ਨਾਮ ਜਪਣ ਦਾ ਉਪਦੇਸ਼ ਦਿੱਤਾ। ਕੂਕਿਆਂ ਨੇ ਜਿੱਥੇ ਧੀਆਂ ਨੂੰ ਮਾਰਨ ਤੋਂ ਰੋਕਿਆ, ਉੱਥੇ ਬਾਲ ਵਿਆਹ, ਅਜੋੜ ਵਿਆਹ ਅਤੇ ਵੱਟੇ ਦੇ ਵਿਆਹ ਦਾ ਵਿਰੋਧ ਕੀਤਾ। ਹੋਸ਼ ਆਉਂਦੀ ਨਾਲ ਗੁਰਮੁਖੀ ਅੱਖਰ ਪੜ੍ਹਾਉਣੇ ਜ਼ਰੂਰੀ ਸਨ।

ਪੰਜਾਬ ਦੀ ਧਰਤੀ ਨੂੰ ਗੁਰੂਆਂ-ਪੀਰਾਂ ਦੀ ਧਰਤੀ ਕਿਹਾ ਜਾਂਦਾ ਹੈ। ਵੱਖ-ਵੱਖ ਭੇਖ ਅਤੇ ਦਰਸ਼ਨ ਇਸ ਧਰਤੀ 'ਤੇ ਪੈਦਾ ਹੋਏ। ਵਿਚਾਰਧਾਰਕ ਪੱਖ ਤੋਂ ਇਨ੍ਹਾਂ ਭੇਖਾਂ ਵਿੱਚ ਕਈ ਵਖਰੇਵੇਂ ਹਨ। ਨਾਮਧਾਰੀ ਲਹਿਰ ਸਿੱਖ ਦਰਸ਼ਨ ਨੂੰ ਮੰਨਣ ਵਾਲੀ ਸੀ। ਸਿੱਖ ਧਰਮ ਵਿੱਚ ਇੱਕ ਅਕਾਲ ਦੀ ਪੂਜਾ ਦਾ ਸਿਧਾਂਤ ਹੈ। ਕੂਕੇ,'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ' ਦੇ ਅਨੁਸਾਰੀ ਹੋ ਕੇ ਮੜ੍ਹੀਆਂ ਮਸਾਣਾਂ ਦੇ ਵਿਰੁੱਧ ਪ੍ਰਚਾਰ ਕਰਦੇ ਸਨ। ਕੂਕਿਆਂ ਨੇ ਬਹੁਤ ਸਾਰੀਆਂ ਮੜ੍ਹੀਆਂ, ਪੀਰਖਾਨੇ ਢਾਹੇ। ਗੁੱਜਰਾਂਵਾਲੇ ਦੇ ਜ਼ਿਲ੍ਹੇ ਵਿੱਚ ਸਖੀ-ਸਰਵਰ ਦੇ ਸਥਾਨ 'ਤੇ ਬਹੁਤ ਵੱਡਾ ਟੱਲ ਸੀ, ਜਿਸ ਨੂੰ ਲੋਕ ਚੁੰਮਦੇ ਸਨ। ਕੂਕਿਆਂ ਭਰੇ ਮੇਲੇ ਵਿੱਚੋਂ ਉਹ ਟੱਲ ਲਾਹ ਲਿਆਂਦਾ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਗੋਰ ਮੜ੍ਹੀ ਮਠ ਭੂਲ ਨ ਮਾਨੈ" ਦਾ ਪ੍ਰਚਾਰ ਕੂਕਿਆਂ ਨੇ ਬਹੁਤ ਕੀਤਾ। ਕੂਕੇ ਦੇਵੀ ਦੇਹੁਰੇ, ਪੀਰਾਂ ਫ਼ਕੀਰਾਂ ਦੇ ਮਕਬਰੇ, ਥਾਨਾਂ, ਮੜ੍ਹੀਆਂ-ਮਸਾਣਾਂ ਦੀ ਪੂਜਾ ਅਤੇ ਬ੍ਰਾਹਮਣਾਂ ਦੁਆਰਾ ਜਨਮ, ਮਰਨ, ਵਿਆਹ ਸੰਸਕਾਰਾਂ ਨੂੰ ਮੁਕੰਮਲ ਤਿਆਗ ਚੁੱਕੇ ਸਨ। ਇਸ ਕਰਕੇ ਕੂਕੇ ਪ੍ਰਚਾਰਕ ਹਰ ਦੀਵਾਨ ਵਿੱਚ ਇਸ ਵਾਰ ਦਾ ਪਾਠ ਕਰਦੇ ਸਨ-

ਮੜ੍ਹੀ ਮਸਾਣਾ ਢਾਹ ਕੇ ਕਰ ਦਿਉ ਮੈਦਾਨਾ।
ਪਹਿਲਾਂਮਾਰੋ ਪੀਰ ਬੇਨੋਈ ਫਿਰ ਸਖੀ ਸੁਲਤਾਨਾ।
ਉਮਤ ਸਭ ਮੁਹੰਮਦੀ ਖਪ ਜਾਇ ਮੈਦਾਨਾ।
ਸੁੰਨਤ ਕੋਇ ਨ ਕਰ ਸਕੇ ਕੰਬੈ ਤੁਰਕਾਨਾ।
ਭੈਣੀ ਸਤਿਗੁਰ ਜਾਗਿਆ ਔਰ ਝੂਠ ਜਹਾਨਾ।

ਉਪਰੋਕਤ ਵਾਰ ਵਿੱਚ ਨਫ਼ਰਤ, ਈਰਖਾ, ਦੁਸ਼ਮਣੀ, ਗੁੱਸਾ ਸਾਫ਼ ਦਿਸਦਾ ਹੈ। ਲੋਕ ਵਿਸ਼ਵਾਸ ਨਾਮਧਾਰੀਆਂ ਅੰਦਰ ਇਸ ਮੱਤ ਨੂੰ ਨਕਾਰਾਤਮਕ ਭਾਵਨਾ ਨਾਲ ਵੇਖਦਾ ਹੈ। ਗੁਰਮਤਿ ਦਰਸ਼ਨ ਅੰਧ ਵਿਸ਼ਵਾਸ, ਕਰਮਕਾਂਡ ਦੀ ਨਿਖੇਧੀ ਕਰਦਾ ਹੈ, ਪਰ ਕਿਸੇ ਦੇ ਧਾਰਮਕ ਚਿੰਨ੍ਹਾਂ ਨੂੰ ਨਸ਼ਟ ਨਹੀਂ ਕਰਦਾ। ਲੋਕ ਮਨ ਕਿਸੇ ਸੰਪਰਦਾਇ ਸੋਚ ਦਾ ਧਾਰਨੀ ਨਹੀਂ ਹੁੰਦਾ, ਇਹ ਲੋਕ ਪ੍ਰੰਪਰਾ ਦਾ ਧਾਰਨੀ ਹੁੰਦਾ ਹੈ। ਲੋਕ ਪ੍ਰੰਪਰਾ ਵਿੱਚ ਵੱਖਰੇ-ਵੱਖਰੇ ਵਿਸ਼ਵਾਸ ਸੰਯੁਕਤ ਸਭਿਆਚਾਰ ਵਿੱਚ ਵੱਸਦੇ ਹਨ। ਕੂਕਿਆਂ ਨੇ ਜੋ ਮੜ੍ਹੀਆਂ ਪੀਰਖਾਨੇ ਢਾਹੇ ਉਨ੍ਹਾਂ ਬਾਰੇ ਲੋਕ ਕਾਵਿ ਇਸ ਤਰ੍ਹਾਂ ਬਿਆਨ ਕਰਦਾ ਹੈ-

-ਦੜੂੰ ਦੜੂੰ ਕਿ ਢਹਿੰਦੀ ਦੀਂਹਦੀ ਐ
ਦੜੂੰ ਦੜੂੰ ਮਾੜੀ ਗੁੱਗੇ ਦੀ।
ਦੜੂੰ ਦੜੂੰ ਕਿ ਮਾਤਾ ਰਾਣੀ ਨਹੀਂ ਛੱਡਣੀ
ਦੜੂੰ ਦੜੂੰ ਕਿ ਜੰਡੀਆਂ ਵੱਢ ਦੇਣੀਆਂ।
-ਪੀਰਖਾਨੇ ਢਾਹ ਸੁੱਟਣੇ
ਇੱਟ ਰਾਮ ਸਰਾਣੇ ਲਾਉਣੀ।
-ਬੀਬੜੀਆਂ ਰੁਸਣਗੀਆਂ
ਮੱਥਾ ਟੇਕਣਾ ਜਦੋਂ ਬੰਦ ਹੋਇਆ।
-ਮੜ੍ਹੀਆਂ ਟੁਟਣਗੀਆਂ

ਨਹੀਂ ਚੌਪਟੀਏ ਨੂੰ ਮੰਨਣਾ।

ਕੂਕਿਆਂ ਅੰਦਰ ਇਹ ਨਫ਼ਰਤ ਤੇ ਗੁੱਸਾ ਸੀ ਕਿ ਸਿੱਖ ਆਪਣੀ ਮਰਿਆਦਾ ਛੱਡ ਮੜ੍ਹੀਆਂ ਨੂੰ ਪੂਜਦੇ ਹਨ। ਇਨ੍ਹਾਂ ਪੀਰਖਾਨਿਆਂ ਬਾਰੇ ਲੋਕਾਂ ਵਿੱਚ ਕਈ ਪ੍ਰਕਾਰ ਦੀਆਂ ਅਲੌਕਿਕ ਸ਼ਕਤੀਆਂ ਦੀਆਂ ਕਹਾਣੀਆਂ ਪ੍ਰਚਲਿਤ ਸਨ। ਕੂਕੇ ਮੜ੍ਹੀਆਂ ਢਾਹ ਇਹ ਆਖਦੇ, 'ਜੇ ਸ਼ਕਤੀ ਹੁੰਦੀ ਤਾਂ ਸਾਨੂੰ ਵੀ ਕੁਝ ਕਹਿੰਦੀ'। ਲੋਕਾਂ ਵਿੱਚ ਬਣੇ ਭਰਮ ਨੂੰ ਤੋੜਣ ਲਈ ਕੂਕਿਆਂ ਨੇ ਬਹੁਤ ਸਾਰੀਆਂ ਮੜ੍ਹੀਆਂ ਤੇ ਪੀਰਖਾਨੇ ਤੋੜ ਦਿੱਤੇ। ਲੋਕ ਕੂਕਿਆਂ ਦੇ ਇਸ ਕਾਰਜ ਤੋਂ ਹੈਰਾਨ ਹੁੰਦੇ। ਸੰਪਰਦਾਇਕ ਝਗੜਿਆਂ ਤੋਂ ਡਰਦੀ ਅੰਗਰੇਜ਼ ਸਰਕਾਰ ਨੇ ਕਈ ਕੂਕਿਆਂ ਨੂੰ ਸਜ਼ਾਵਾਂ ਵੀ ਦਿੱਤੀਆਂ। ਕਈ ਪਿੰਡਾਂ ਵਿੱਚ ਕੂਕਿਆਂ ਦਾ ਪੂਰਾ ਦਬਦਬਾ ਸੀ, ਉੱਥੇ ਤਾਂ ਇਨ੍ਹਾਂ ਅੱਗੇ ਕੋਈ ਉੱਚੀ ਬੋਲ ਵੀ ਨਹੀਂ ਸਕਦਾ ਸੀ। ਜਿਵੇਂ ਇਸ ਗੀਤ ਤੋਂ ਕੂਕਿਆਂ ਦੇ ਪ੍ਰਭਾਵ ਦਾ ਪਤਾ ਲੱਗਦਾ ਹੈ–

ਕਾਜ਼ੀ ਬਾਂਗ ਨਾ ਮਸੀਤੇ ਦੇਵੇ, ਡਰ ਮਾਰੇ ਖਾਲਸੇ ਦਾ।

ਮੁਸਲਮਾਨਾਂ ਖਿਲਾਫ਼ ਬਣੀ ਮਾਨਸਿਕਤਾ ਦਾ ਕਾਰਨ ਸਤ੍ਹਾਰਵੀਂ ਸਦੀ ਦਾ ਸਿੱਖ ਮੁਗਲ ਸੰਘਰਸ਼ ਹੈ, ਜੋ ਤਕਰੀਬਨ ਸੌ ਸਾਲ ਚੱਲਦਾ ਰਿਹਾ। ਸ਼ੁੱਧ ਸਿੱਖੀ ਆਚਰਨ ਵਾਲੀ ਇਸ ਲਹਿਰ ਨੇ ਗੁਰਮਤਿ ਦਰਸ਼ਨ ਦੇ ਸਿਧਾਂਤਾਂ ਪ੍ਰਤੀ ਕੱਟੜਤਾ ਵਿਖਾਈ।

**ਬ੍ਰਾਹਮਣਾਂ ਤੇ ਮਹੰਤਾਂ ਨਾਲ ਸੰਬੰਧਿਤ ਲੋਕ ਗੀਤ–**

ਭਾਰਤੀ ਸਮਾਜ ਵਿੱਚ ਬ੍ਰਾਹਮਣਸਦੀਆਂ ਤੋਂ ਸਾਰੀਆਂ ਜਾਤੀਆਂ 'ਤੇ ਰਾਜ ਕਰਦਾ ਰਿਹਾ ਹੈ। ਬ੍ਰਾਹਮਣ ਨੇ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡ ਦਿੱਤਾ। ਇਸ ਵਰਣ ਵਿਵਸਥਾ ਵਿੱਚ ਉਹ ਆਪ ਸਭ ਤੋਂ ਉੱਚਾ ਬਣ ਬੈਠਾ। ਸਮਾਜ ਦੀਆਂ ਸਾਰੀਆਂ ਰਸਮਾਂ ਬ੍ਰਾਹਮਣ ਕਰਦੇ। ਇਨ੍ਹਾਂ ਆਪਣੀ ਪੂਜਾ ਲਈ ਅਨੇਕਾਂ ਵਹਿਮ ਭਰਮ ਬਣਾਏ। ਭੋਲੇ ਭਾਲੇ ਲੋਕਾਂ ਨੂੰ ਸਵਰਗ, ਨਰਕ, ਗ੍ਰਹਿ, ਕੁੰਡਲੀਆਂ ਆਦਿ ਦੇ ਚੱਕਰ 'ਚ ਪਾ ਲੁੱਟਦਾ ਰਿਹਾ। ਲੋਕ ਮਨ ਇਸ ਦੀ ਚਤੁਰਾਈ ਨੂੰ ਜਾਣਦਾ ਹੋਇਆ ਬਿਆਨ ਕਰਦਾ ਹੈ–

ਇਸ ਦੁਨੀਆਂ ਵਿੱਚ ਤਿੰਨ ਕਸਾਈ
ਪਿੱਸੂ, ਕੁਤਵਾਲ, ਬ੍ਰਾਹਮਣ ਭਾਈ।

ਪਰ ਲੋਕ ਪ੍ਰੰਪਰਾਵਾਦੀ ਵਰਤਾਰੇ ਤੋਂ ਵੱਖਰੇ ਨਹੀਂ ਹੁੰਦੇ। ਇਹ ਲੁੱਟ ਸਦੀਆਂ ਤੋਂ ਚੱਲੀ ਆ ਰਹੀ ਹੈ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਜਾਤ-ਪਾਤ ਦੇ ਬੰਧਨ ਨੂੰ ਬਹੁਤ ਵੱਡੀ ਸੱਟ ਮਾਰੀ। ਬ੍ਰਾਹਮਣਾਂ ਤੇ ਸਿੱਖਾਂ ਦਾ ਵਿਰੋਧ ਇਨ੍ਹਾਂ ਲੋਕ ਬੋਲਾਂ ਵਿੱਚੋਂ ਸਪੱਸ਼ਟ ਦਿਸਦਾ ਹੈ–

ਇੱਖ ਦਾ ਵੈਰੀ ਧਾਮਣ ਹੈ।
ਸਿੱਖ ਦਾ ਬੈਰੀ ਬਾਹਮਣ ਹੈ।

ਸਾਰੀਆਂ ਰਸਮਾਂ 'ਤੇ ਬ੍ਰਾਹਮਣਾਂ ਦਾ ਕਬਜ਼ਾ ਸੀ। ਜੰਮਣ ਤੋਂ ਲੈ ਕੇ ਮਰਨ ਤੱਕ ਦੀਆਂ ਸਾਰੀਆਂ ਰਸਮਾਂਪੰਡਿਤ ਦੀ ਸਰਪ੍ਰਸਤੀ ਹੇਠ ਹੁੰਦੀਆਂ ਸਨ। ਸਿੱਖਾਂ ਨੇ ਕੁਝ ਰਸਮਾਂ ਗੁਰਮਤਿ ਅਨੁਸਾਰ ਕਰਨੀਆਂ ਸ਼ੁਰੂ ਕੀਤੀਆਂ, ਪਰ ਬਹੁਤ ਸਾਰੇ ਕਾਰਜ ਬ੍ਰਹਾਮਣ ਹੀ ਕਰਦਾ ਸੀ। ਕੂਕੇ ਨਵੇਂ ਸਮਾਜ ਦੀ ਸਿਰਜਣਾ ਕਰ ਰਹੇ ਸਨ, ਜੋ ਸਮਾਜ ਪੁਰਾਤਨ ਰੀਤਾਂ-ਰਸਮਾਂ ਨੂੰ ਨਹੀਂ ਮੰਨਦਾ ਸੀ। ਸਤਿਗੁਰੂ ਰਾਮ ਸਿੰਘ ਨੇ 3 ਜੂਨ 1863 ਈ. ਨੂੰ ਖੋਟੇ ਪਿੰਡ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਅੰਤਰਜਾਤੀ ਅਨੰਦ ਕਾਰਜ ਕਰ ਨਵੀਂ ਮਰਿਆਦਾ ਦੀ ਨੀਂਹ ਰੱਖ ਦਿੱਤੀ। ਬ੍ਰਾਹਮਣਾਂ ਨੂੰ ਇਹ ਗੱਲ ਕਿਵੇਂ ਹਜ਼ਮ ਹੁੰਦੀ। ਉਨ੍ਹਾਂ ਰੌਲਾ ਪਾਉਣਾ ਸ਼ੁਰੂ ਕੀਤਾ। ਸਨਾਤਨੀ ਵਿਆਹ ਰੀਤੀ ਨਾਲ ਉਨ੍ਹਾਂ ਦੇ ਆਰਥਿਕ ਹਿਤ ਜੁੜੇ ਸਨ। ਬ੍ਰਾਹਮਣਾਂ ਇਕੱਠੇ ਹੋ ਕੇ ਕੂਕਿਆਂ ਖਿਲਾਫ਼ ਚੌਂਕੀਦਾਰ ਨੂੰ ਨਾਲ ਲੈ ਬਾਘਾ ਪੁਰਾਣਾ ਥਾਣੇ ਵਿੱਚ ਰਿਪੋਰਟ ਕੀਤੀ। ਬ੍ਰਾਹਮਣਾਂ ਨਾਲ ਇਹ ਵੀ ਕਿਹਾ ਕਿ ਕੂਕੇ ਸਰਕਾਰ ਖਿਲਾਫ਼ ਬਾਗ਼ੀਆਨਾ ਪ੍ਰਚਾਰ ਕਰਦੇ ਹਨ। ਡਿਪਟੀ ਕਮਿਸ਼ਨਰ ਮਿ. ਥਾਮਸ ਨੇ ਸਤਿਗੁਰੂ ਰਾਮ ਸਿੰਘ ਕੋਲੋਂ ਬਾਗ਼ੀਆਨਾ ਪ੍ਰਚਾਰ ਬਾਰੇ ਪੁੱਛ-ਗਿੱਛ ਕੀਤੀ। ਉਹਨਾਂ ਨੇ ਕਿਹਾ–

"ਉਹ ਸੱਚ ਅਤੇ ਧਰਮ ਦਾ ਪ੍ਰਚਾਰ ਕਰਦੇ ਹਨ। ਵਿਅਰਥ ਅਤੇ ਖਰਚੀਲੀਆਂ ਰਸਮਾਂ ਦੇ ਭਾਰ ਤੋਂ ਜਨਤਾ ਨੂੰ ਬਚਾਉਣਾ ਚਾਹੁੰਦੇ ਹਨ। ਧਾਰਮਕ, ਸਮਾਜਕ, ਤੇ ਸਦਾਚਾਰਕ ਗਿਰਾਵਟਾਂ ਕਾਰਨ ਜੋ ਲੋਕਾਂ ਨੂੰ ਦੁੱਖ ਹੋ ਰਿਹਾ ਹੈ, ਮੈਂ ਉਸਨੂੰ ਦੂਰ ਕਰਨ ਦਾ ਪੁਰਸ਼ਾਰਥ ਕਰ ਰਿਹਾ ਹਾਂ।"[7]

ਅੰਗਰੇਜ਼ ਸਰਕਾਰ ਨੇ ਸਾਰੀ ਘਟਨਾ ਦਾ ਪਤਾ ਕੀਤਾ। ਬ੍ਰਾਹਮਣਾਂ ਕਿਹਾ ਸਾਡੇ ਤੋਂ ਬਿਨਾਂ ਕੋਈਹੋਰ ਵਿਆਹ ਨਹੀਂ ਕਰ ਸਕਦਾ। ਸਰਕਾਰ ਨੇ ਸਬੂਤ ਦੇ ਤੌਰ 'ਤੇ ਕਿਹਾ ਦਿਖਾਉ ਕਿੱਥੇ ਲਿਖਿਆ ਹੈ ਕਿ ਤੁਸੀਂ ਹੀ ਦਖਸ਼ਣਾ ਲੈ ਕੇ ਵਿਆਹ ਕਰਨੇ ਹਨ।ਇਸ ਸਾਰੀ ਗਾਥਾ ਦਾ ਲੋਕ ਗੀਤਾਂ ਵਿੱਚ ਬੜਾ ਰੌਚਕ ਵਰਣਨ ਮਿਲਦਾ ਹੈ–

-ਬਾਹਮਣਾਂ ਨੇ ਪਾਈ ਅਰਜ਼ੀ
ਸਾਡੀ ਕੁੜੀ ਦਾ ਆਨੰਦ ਪੜ੍ਹਾਇਆ।

-ਮੈਂ ਬਾਘੇ ਪੁਰਾਣੇ ਜਾਵਾਂ
ਠਾਣਾ ਮੇਰਾ ਯਾਰ ਲੱਗਦਾ।
-ਕੱਛਾਂ ਵਾਲਿਆਂ ਨੂੰ ਕੈਦ ਕਰਾ ਦੂੰ
ਗੰਗਾ ਵੱਲ ਹੱਥ ਕਰਦਾ।
-ਤੈਨੂੰ ਸ਼ਰਮ ਰਤਾ ਨਾ ਆਵੇ
ਬਾਹਮਣਾਂ ਮੰਗ ਖਾਣਿਆ।
-ਅਸਾਂ ਸ਼ਰਮ ਘੋਟ ਕੇ ਪੀਤੀ
ਸਿੰਘਾਂ ਨਾਲ ਲੜਨੇ ਨੂੰ।
-ਜੰਤੂੰ ਤੋੜੀਏ ਤੇ ਬੋਦੀ ਨੂੰ ਮਰੋੜੀਏ
ਟੋਭੇ 'ਚ ਲੁਆਈਏ ਚੁੱਭੀਆਂ।

ਉਪਰੋਕਤ ਲੋਕ ਗੀਤਾਂ ਤੋਂ ਪਤਾ ਲੱਗਦਾ ਹੈ ਕਿ ਨਾਮਧਾਰੀਆਂ ਅਤੇ ਬ੍ਰਾਹਮਣਾਂ ਵਿੱਚ ਜ਼ਬਰਦਸਤ ਟਕਰਾਅ ਸ਼ੁਰੂ ਹੋ ਗਿਆ ਸੀ। ਇਸ ਟਕਰਾਅ ਕਾਰਨ ਦੋਵੇਂ ਫਿਰਕੇ ਇਕ ਦੂਜੇ ਨੂੰ ਨਫ਼ਰਤ ਕਰਨ ਲੱਗੇ। ਕੂਕੇ ਬ੍ਰਾਹਮਣਾਂ ਨੂੰ ਮੰਗ ਖਾਣੀ ਜਾਤੀ ਕਹਿ ਉਹਨਾਂ ਦੇ ਧਾਰਮਕ ਚਿਨ੍ਹਾਂ 'ਤੇ ਵੀ ਵਾਰ ਕਰਦੇ। ਸਮਾਜ ਪੰਡਿਤਾਂ ਦੀਆਂ ਬੇਲੋੜੀਆਂ ਰਸਮਾਂ ਤੋਂ ਤੰਗ ਸੀ। ਬ੍ਰਾਹਮਣ ਨੂੰ ਬੁਲਾਏ ਬਿਨਾਂ ਮਨੁੱਖ ਕੋਈ ਵੀ ਕੰਮ ਨਹੀਂ ਕਰ ਸਕਦਾ ਸੀ। ਕਿਸਾਨ ਨੂੰ ਖੇਤ ਦੀ ਬਿਜਾਈ ਵੀ ਬ੍ਰਹਾਮਣ ਨੂੰ ਪੁੱਛ ਕੇ ਕਰਨੀ ਪੈਂਦੀ। ਜਜਮਾਨ ਦੇ ਘਰ ਰੋਟੀ ਖਾ ਕੇ ਦੰਦ ਘਸਾਈ ਦੇ ਪੈਸੇ ਮੰਗਦੇ। ਲੋਕ ਮਨ ਕੂਕਿਆਂ ਦੇ ਪੱਖ ਵਿੱਚ ਭੁਗਤਦਾ ਹੈ। ਵੱਖ-ਵੱਖ ਤਰ੍ਹਾਂ ਦੇ ਲੋਕ ਗੀਤ ਲੋਕਾਂ ਦੇ ਮੂੰਹ 'ਤੇ ਚੜ੍ਹੇ ਹੋਏ ਸਨ, ਜਿਨ੍ਹਾਂ ਵਿੱਚ ਬ੍ਰਾਹਮਣਾਂ ਨੂੰ ਨੀਵਾਂ ਦਰਸਾਇਆ ਗਿਆ ਸੀ-

ਅੱਗੇ ਤਾਂ ਮਿਲਦੀਆਂ ਖੱਦਰ ਚੌਸੀਆਂ
ਹੁਣ ਨਾ ਮਿਲਦੀ ਲੀਰ ਓ ਬ੍ਰਾਹਮਣਾ
ਮੰਗ ਖਾਣਿਆ
ਗਈ ਬ੍ਰਾਹਮਣ ਦੇ ਹੱਥਾਂ ਚੋਂ ਖੀਰ।

ਸਮਾਜ ਦੀ ਪ੍ਰਭੂਸੱਤਾ ਪ੍ਰਾਪਤ ਕਰ ਬ੍ਰਹਾਮਣ ਲੋਕਾਂ ਨੂੰ ਆਪਣਾ ਗੁਲਾਮ ਸਮਝਦਾ ਸੀ। ਪੰਡਿਤਾਂ ਨੇ ਸਮਾਜ ਵਿੱਚ ਨਿਯਮ ਬਣਾਇਆ ਸੀ ਕਿ ਕੋਈ ਵੀ ਆਦਮੀ ਜੇ ਬ੍ਰਹਾਮਣ ਨੂੰ ਰਸਤੇ ਵਿੱਚ ਮਿਲੇ ਤਾਂ ਉਹ ਝੁਕ ਕੇ ਨਮਸਕਾਰ ਕਰੇ, ਇਸ ਤਰ੍ਹਾਂ ਨਾ ਕਰਨ ਵਾਲੇ ਨੂੰ ਅਪਰਾਧੀ ਸਮਝ ਦੰਡ ਦਿੱਤਾ ਜਾਂਦਾ। ਕਈ ਜਾਤਾਂ ਤਾਂ ਦਿਨ ਸਮੇਂ ਘਰ ਤੋਂ ਬਾਹਰ ਵੀ ਨਹੀਂ ਨਿਕਲ ਸਕਦੀਆਂ ਸਨ, ਬ੍ਰਹਾਮਣ ਉਹਨਾਂ ਦੇ ਪਰਛਾਵੇਂ ਨੂੰ ਵੀ ਮਾੜਾ ਸਮਝਦੇ ਸਨ। ਬ੍ਰਹਾਮਣਾਂ ਦੇ ਏਸੇ ਵਰਤਾਉ ਨੂੰ ਵੇਖ ਕੂਕੇ ਨਮਸਕਾਰ ਨਹੀਂ ਕਰਦੇ।

ਤੈਨੂੰ ਰਾਮ ਸਤ ਨਾ ਕਹਿਣੀ
ਵੇ ਬਾਹਮਣਾ ਮੰਗ ਖਾਣਿਆ।

ਲੋਕ ਮਨ ਹਮੇਸ਼ਾਂ ਕਿਰਤ ਦੀ ਸ਼ਲਾਘਾ ਕਰਦਾ ਹੈ। ਲੋਕ ਮਨ ਪੂਜਾ ਦਾ ਧਾਨ ਖਾਣ ਵਾਲੇ ਬ੍ਰਾਹਮਣਾਂ ਦੇ ਘਰ ਦੀ ਕੋਈ ਵਸਤੂ ਪ੍ਰਵਾਣ ਨਹੀਂ ਕਰਦਾ। ਬ੍ਰਾਮਣ ਸਾਰੇ ਸਮਾਜ ਨਾਲੋਂ ਭਾਵੇਂ ਆਪਣੇ ਆਪ ਨੂੰ ਵੱਡਾ ਤੇ ਸ਼ੁੱਧ ਸਮਝਦਾ ਹੈ, ਪਰ ਕੂਕਿਆਂ ਦੀ ਨਜ਼ਰ ਵਿੱਚ ਉਸ ਦੀ ਕਮਾਈ ਹੱਕ ਦੀ ਨਹੀਂ।

ਤੇਰੀ ਮੀਮ੍ਹ ਦਾ ਦੁੱਧ ਨਹੀਂ ਪੀਣਾ
ਉਸ ਵੇਲ ਖਾਧੀ ਬ੍ਰਾਹਮਣਾਂ ਦੀ।

ਕੂਕਿਆਂ ਵਲੋਂ ਸਮਾਜ ਵਿੱਚ ਨਵੀਆਂ ਰੀਤਾਂ ਪ੍ਰਚਲਿਤ ਕਰਨ ਕਰਕੇ ਬ੍ਰਾਹਮਣ ਦੁਖੀ ਹੋਏ। ਅੰਗਰੇਜ਼ੀ ਸਰਕਾਰ ਵੀ ਵਰਣ ਵਿਵਸਥਾ ਦੇ ਹੱਕ ਵਿੱਚ ਨਹੀਂ ਸੀ, ਇਸ ਕਰਕੇ ਕੂਕਿਆਂ ਖਿਲਾਫ਼ ਬ੍ਰਹਾਮਣਾਂ ਦੀ ਸ਼ਕਾਇਤ ਦਾ ਵੀ ਕੋਈ ਅਸਰ ਨਹੀਂ ਹੋਇਆ। ਬਸਤੀਵਾਦ ਰਾਜ ਵਰਣ ਵਿਵਸਥਾ ਅਧੀਨ ਅਧਿਕਾਰਾਂ ਤੋਂ ਵੰਚਿਤ ਲੋਕਾਂ ਨੂੰ ਆਪਣੇ ਹੱਕਾਂ ਦਾ ਅਹਿਸਾਸ ਵੀ ਕਰਾਉਂਦਾ ਸੀ। ਇਸ ਕਰਕੇ ਭਾਰਤ ਦੀ ਆਬਾਦੀ ਦਾ ਬਹੁਤ ਵੱਡਾ ਹਿੱਸਾ ਅੰਗਰੇਜ਼ਾਂ ਪ੍ਰਤੀ ਉਦਾਰ ਭਾਵ ਰੱਖਦਾ ਸੀ। ਬ੍ਰਾਹਮਣਾਂ ਨੂੰ ਲੋਕ ਕੂਕਿਆਂ ਦੀਆਂ ਰੀਤਾਂ ਅਤੇ ਪ੍ਰਚਾਰ ਬਾਰੇ ਦੱਸ ਹੋਰ ਦੁਖੀ ਕਰਦੇ ਹਨ। ਲੋਕ ਮਨ ਇੱਕ ਹੋਰ ਲੋਕ ਗੀਤ ਵਿੱਚ ਕੂਕਿਆਂ ਨੂੰ ਸ਼ੇਰ ਦੱਸਦਾ ਹੈ, ਜੋ ਇਸ ਜੰਗਲ ਵਰਗੇ ਬਸਤੀਵਾਦੀ ਰਾਜ ਵਿੱਚ ਨਿਡਰ ਹੋ ਬ੍ਰਹਾਮਣਾਂ ਦਾ ਵਿਰੋਧ ਕਰਦੇ ਹਨ-

ਜਦੋਂ ਸ਼ੇਰ ਮੈਦਾਨ ਵਿੱਚ ਗੱਜਿਆ
ਬ੍ਰਾਹਮਣਾਂ ਦੀ ਧਾਅ ਨਿਕਲੀ।

ਕੂਕਿਆਂ ਦੇ ਪ੍ਰਚਾਰਕ ਟੋਲੇ ਪਿੰਡ-ਪਿੰਡ ਜਾ ਕੇ ਬ੍ਰਹਾਮਣਾਂ ਦੀ ਲੁੱਟ ਤੋਂ ਲੋਕਾਂ ਨੂੰ ਸੁਚੇਤ ਕਰਦੇ ਹਨ। ਬ੍ਰਹਾਮਣਾਂ ਕੋਲ ਕੂਕਿਆਂ ਦੀਆਂ ਗੱਲਾਂ ਦਾ ਕੋਈ ਤਰਕ ਨਹੀਂ। ਕੂਕਿਆਂ ਨੂੰ ਬਦਨਾਮ ਕਰਨ ਲਈ ਝੂਠੀਆਂ ਤੁਹਮਤਾਂ ਲਾਉਂਦਾ ਹੈ, ਲੋਕ ਮਨ ਬ੍ਰਾਹਮਣਾਂ ਦੀ ਇਸ ਗੱਲ ਦਾ ਵਿਰੋਧ ਕਰਦਾ ਹੈ -

ਪੁੱਤ ਮਰਨ ਵੇ ਬਾਹਮਣਾ ਤੇਰੇ
ਕੂਕਿਆਂ ਨੂੰ ਲਾਵੇਂ ਤੁਹਮਤਾਂ।

ਪੰਜਾਬੀ ਸਭਿਆਚਾਰ ਵਿੱਚ ਪਿਤਾ ਦੇ ਹੁੰਦਿਆਂ ਪੁੱਤਰ ਦੀ ਮੌਤ ਸਭ ਤੋਂ ਬੁਰੀ ਮੰਨੀ ਜਾਂਦੀ ਹੈ।

ਅਜਿਹੀ ਮੌਤ ਨੂੰ ਚੇਤ ਮਹੀਨੇ ਕਣਕਾਂ 'ਤੇ ਗੜੇਮਾਰੀ ਸਮਝਿਆ ਜਾਂਦਾ ਹੈ। ਪੰਜਾਬੀ ਪ੍ਰੰਪਰਾ ਵਿੱਚ ਅਨੇਕਾਂ ਕਹਾਣੀਆਂ, ਕਥਾਵਾਂ ਹਨ, ਜਿਨ੍ਹਾਂ ਵਿੱਚ ਪੁੱਤਰ ਵਿਛੋੜਾ ਅਸਹਿ ਮੰਨਿਆ ਹੈ। ਕੂਕਿਆਂ ਅਤੇ ਬ੍ਰਾਹਮਣਾਂ ਦੀ ਟੱਕਰ ਇਸ ਹੱਦ ਤੱਕ ਪਹੁੰਚ ਜਾਂਦੀ ਹੈ ਕਿ ਉਹ ਇੱਕ ਦੂਸਰੇ ਲਈ ਮਾੜੀ ਤੋਂ ਮਾੜੀ ਸ਼ਬਦਾਵਲੀ ਵਰਤਣੋਂ ਗੁਰੇਜ਼ ਨਹੀਂ ਕਰਦੇ। ਉਪਰੋਕਤ ਲੋਕ ਗੀਤ ਵਿੱਚ ਕੂਕਿਆਂ ਅੰਦਰ ਬ੍ਰਾਹਮਣਾਂ ਪ੍ਰਤੀ ਨਫ਼ਰਤ ਸਾਫ਼ ਨਜ਼ਰ ਆਉਂਦੀ ਹੈ। ਦੂਸਰੇ ਪਾਸੇ ਬ੍ਰਾਹਮਣ ਕੂਕਿਆਂ ਦੀ ਬਦਨਾਮੀ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ।

ਕੂਕਿਆਂ ਦੀ ਢੋਲਕ ਦੀ ਆਵਾਜ਼ ਬ੍ਰਾਹਮਣ ਨੂੰ ਚੰਗੀ ਨਹੀਂ ਲੱਗਦੀ। ਜੇ ਉਸ ਦਾ ਦੀਵਾਨ ਬੰਦ ਕਰਵਾਉਣ ਦਾ ਵੱਸ ਨਹੀਂ ਚੱਲਦਾ ਤਾਂ ਉਹ ਗੁੱਸਾ ਅੰਦਰੋਂ ਅੰਦਰੀ ਪੀਂਦਾ ਚੁੱਪ ਵੱਟ ਲੈਂਦਾ। ਪੰਜਾਬ ਦੀ ਧਰਤੀ 'ਤੇ ਸਿੱਖ ਰਾਜ ਤੋਂ ਬਾਅਦ ਬ੍ਰਾਹਮਣਾਂ ਦਾ ਸਤਿਕਾਰ ਉਹ ਨਾ ਰਿਹਾ ਜੋ ਪਹਿਲਾਂ ਸੀ। ਬ੍ਰਾਹਮਣਾਂ ਵੱਲੋਂ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦੀ ਮਾਨਸਿਕਤਾ ਬਦਲ ਰਹੀ ਸੀ। ਕੂਕਿਆਂ ਦੇ ਇਸ ਟਕਰਾਅ ਵਿੱਚੋਂ ਲੋਕ ਆਪਣੇ ਮਨ ਦਾ ਗੁਬਾਰ ਕੱਢਣ ਲਈ ਬ੍ਰਾਹਮਣ ਦੇ ਲੋਟੂ ਕੰਮਾਂ ਬਾਰੇ ਖੁੱਲ੍ਹ ਕੇ ਬੋਲ ਰਹੇ ਸਨ।

ਕੂਕਿਆਂ ਦੀ ਟੱਕਰ ਸਿਰਫ਼ ਬ੍ਰਾਹਮਣ ਨਾਲ ਹੀ ਨਹੀਂ ਸਾਰੀ ਪੁਜਾਰੀ ਸ਼੍ਰੇਣੀ ਨਾਲ ਸੀ। ਇਹ ਲੋਕ ਆਮ ਜਨਤਾ ਨੂੰ ਗੁੰਮਰਾਹ ਕਰਕੇ ਲੁੱਟਦੇ ਸਨ। ਗੁਰਦੁਆਰਿਆਂ ਵਿੱਚ ਮਹੰਤਾਂ ਦਾ ਕਬਜ਼ਾ ਸੀ। ਇਹ ਮਹੰਤ ਸਰਕਾਰ ਵੱਲੋਂ ਨਿਯੁਕਤ ਕੀਤੇ ਹੋਏ ਸਨ। ਭਾਵੇਂ ਕਿ ਸਾਰੇ ਸਿੱਖ ਜਗਤ ਨੂੰ ਇਨ੍ਹਾਂ ਪ੍ਰਤੀ ਰੋਸ ਸੀ, ਪਰ ਇਨ੍ਹਾਂ ਦੀ ਪਹਿਲੀ ਟੱਕਰ ਕੂਕਿਆਂ ਨਾਲ ਹੁੰਦੀ ਹੈ। ਕੂਕੇ ਸਿੱਖੀ ਮਰਿਆਦਾ ਵਿੱਚ ਆਪਣੇ ਆਪ ਨੂੰ ਪੂਰਨ ਮੰਨਦੇ ਸਨ। ਮਹੰਤਾਂ ਦੇ ਪ੍ਰਬੰਧ ਵਿੱਚ ਗੁਰਦੁਆਰਿਆਂ ਅੰਦਰ ਗੁਰਮਤਿ ਤੋਂ ਉਲਟ ਕੰਮ ਹੁੰਦੇ ਸਨ। ਇਨ੍ਹਾਂ ਧਾਰਮਕ ਸਥਾਨਾਂ 'ਤੇ ਲਗਣ ਵਾਲੇ ਮੇਲੇ ਅਧਿਆਤਮਿਕ ਰੰਗਤ ਵਾਲੇ ਨਹੀਂ ਰਹੇ ਸਨ। ਨੇੜੇ ਦੇ ਲੋਕ ਬੋਲੀਆਂ ਪਾਉਣ ਅਤੇ ਗੀਤ ਗਾਉਣ ਹੀ ਆਉਂਦੇ ਸਨ। ਕੂਕਿਆਂ ਇਨ੍ਹਾਂ ਲੋਕਾਂ ਦਾ ਵਿਰੋਧ ਕੀਤਾ ਕਈ ਜਗ੍ਹਾ ਲੜਾਈਆਂ ਵੀ ਹੋਈਆਂ। ਮੁਕਤਸਰ ਦੀ ਇਕ ਘਟਨਾ ਦਾ ਜਿਕਰ ਪ੍ਰੋ. ਜਸਵੰਤ 'ਜੱਸ' ਕਰਦਾ ਕਹਿੰਦਾ ਹੈ-

"ਮੁਕਤਸਰ ਪੁੱਜ ਕੇ ਜਥੇ ਨੇ ਪ੍ਰਕਰਮਾ ਵਿੱਚ ਆਸਾ ਦੀ ਵਾਰ ਲਾਈ। ਗੁਰਦਵਾਰਾ ਸਾਹਿਬ ਦੀ ਪ੍ਰਕਰਮਾ ਵਿੱਚ ਮਨਚਲੇ ਗਭਰੂਆਂ ਦੀਆਂ ਕਈ ਢਾਣੀਆਂ ਫਿਰ ਰਹੀਆਂ ਸਨ ਜੋ ਤੂੰਬੇ ਵਜਾਂਦੇ ਤੇ ਚੰਗੀਆਂ ਮੰਦੀਆਂ ਬੋਲੀਆਂ ਪਾਉਂਦੇ ਹੋਏ ਮੌਜ ਮੇਲਾ ਕਰ ਰਹੇ ਸਨ। ਗੁਰਦੁਆਰਾ ਸਾਹਿਬ ਦੀ ਪਵਿੱਤ੍ਰਤਾ ਦਾ ਖਿਆਲ ਰਖਦਿਆਂ ਹੋਇਆਂ ਨਾਮਧਾਰੀਆਂ ਨੇ ਉਹਨਾਂ ਨੂੰ ਰੋਕਣਾ ਚਾਹਿਆ, ਗੱਲ ਵੱਧ ਗਈ ਤੇ ਖ਼ੂਬ ਡਾਂਗ ਸੋਟਾ ਚੱਲਿਆ।[8]

ਲੋਕ ਮਨ ਕੂਕਿਆਂ ਦੀ ਇਸ ਵਿਰੋਧਤਾ ਬਾਰੇ ਕਹਿੰਦਾ ਹੈ-

ਕੂਕੇ ਗੌਣ ਲੱਗਣ ਨਾ ਦੇਂਦੇ, ਮੇਲਾ ਮੁਖਸਰ ਦਾ।

**ਰਿਆਸਤੀ ਰਾਜਿਆਂ ਤੇ ਮੁਖ਼ਬਰਾਂ ਦੀ ਵਿਰੋਧਤਾ ਨਾਲ ਸੰਬੰਧਿਤ ਲੋਕ ਗੀਤ-**

ਬਸਤੀਵਾਦੀ ਸਰਕਾਰ ਨੇ ਪੰਜਾਬ 'ਤੇ ਕਾਬਜ਼ ਹੋ ਲੋਕ ਵਿਰੋਧੀ ਨੀਤੀਆਂ ਜਨਤਾ 'ਤੇ ਲਾਗੂ ਕੀਤੀਆਂ। ਇਨ੍ਹਾਂ ਮਾਰੂ ਨੀਤੀਆਂ ਦੇ ਸਮਰਥਕ ਰਿਆਸਤੀ ਰਾਜੇ ਬਣੇ ਹੋਏ ਸਨ। ਅੰਗਰੇਜ਼ਾਂ ਦੇ ਚਾਪਲੂਸ ਬਣੇ ਇਹ ਰਾਜੇ ਰਿਆਸਤੀ ਇਲਾਕਿਆਂ ਵਿੱਚ ਲੋਕਾਂ 'ਤੇ ਅਸਹਿ ਤਸ਼ੱਦਦ ਕਰਦੇ। ਕਿਸੇ ਵੀ ਲੋਕ ਲਹਿਰ ਨੂੰ ਦਬਾਉਣ ਲਈ ਸਰਕਾਰ ਤੋਂ ਪਹਿਲਾਂ ਇਹ ਜ਼ੋਰ ਲਾਉਂਦੇ। ਰਿਆਸਤੀ ਖੇਤਰ ਵਿੱਚ ਰਹਿੰਦੇ ਲੋਕ ਦੂਹਰੀ ਗੁਲਾਮੀ ਭੋਗ ਰਹੇ ਸਨ। ਕੂਕਿਆਂ ਦੀ ਜਥੇਬੰਦੀ ਨੂੰ ਰੋਕਣ ਲਈ ਰਿਆਸਤੀ ਰਾਜਿਆਂ ਨੇ ਪੂਰਾ ਜ਼ੋਰ ਲਾਇਆ। ਨਾਮਧਾਰੀ ਲਹਿਰ ਦਾ ਦੂਜਾ ਸਾਕਾ ਰਾਏਕੋਟ ਵਾਪਰਿਆ। ਜਿਸ ਵਿੱਚ ਮਫ਼ਰੂਰ ਕੂਕਿਆਂ ਨੂੰ ਫੜਾਉਣ ਵਾਲੇ ਨੂੰ ਰਿਆਸਤੀ ਰਾਜੇ ਪਟਿਆਲੇ ਵਾਲੇ ਨੇ ਵਿਸ਼ੇਸ਼ ਇਨਾਮ ਦਾ ਐਲਾਨ ਕੀਤਾ। ਮਲੇਰਕੋਟਲੇ ਦੇ ਵੱਡੇ ਸਾਕੇ ਵਿੱਚ ਕੂਕਿਆਂ ਨੂੰ ਉਡਾਣ ਵਾਲੀਆਂ ਤੋਪਾਂ ਪਟਿਆਲਾ ਅਤੇ ਨਾਭਾ ਰਿਆਸਤਾਂ ਦੀਆਂ ਸਨ। ਰਿਆਸਤੀ ਰਾਜੇ ਦੇਸ਼ ਭਗਤਾਂ ਨੂੰ ਤੰਗ ਕਰਦੇ ਸਨ। ਅੰਗਰੇਜ਼ ਦੀ ਖੁਸ਼ੀ ਲੈਣ ਲਈ ਕ੍ਰਾਂਤੀਕਾਰੀਆਂ ਨੂੰ ਫੜ੍ਹਨ ਲਈ ਕੋਈ ਕਸਰ ਨਹੀਂ ਛੱਡਦੇ ਸਨ। ਹਰ ਵਰਗ ਦੇ ਲੋਕ ਦੂਹਰੀ ਗੁਲਾਮੀ ਤੋਂ ਦੁਖੀ ਸਨ। ਕੂਕੇ ਦੇਸ਼ ਭਗਤ ਰਿਆਸਤੀ ਜੇਲ੍ਹਾਂ ਵਿੱਚ ਅੰਗਰੇਜ਼ ਨੇ ਬੰਦ ਕੀਤੇ ਸਨ। ਜਿੱਥੇ ਰਾਜਿਆਂ ਦੀ ਪੁਲਿਸ ਉਹਨਾਂ 'ਤੇ ਜ਼ੁਲਮ ਕਰਦੀ। ਆਮ ਲੋਕਾਂ ਅੰਦਰ ਡਰ ਪੈਦਾ ਕਰਨ ਲਈ ਅਤੇ ਕੂਕਾ ਜਨ ਅੰਦੋਲਨ ਅਸਫ਼ਲ ਕਰਨ ਲਈ ਰਾਜਿਆਂ ਨੇ ਕਈ ਨਿਰਦੋਸ਼ ਕੂਕੇ ਕੈਦ ਕਰ ਲਏ, ਜਿਸ ਬਾਰੇ ਲੋਕ ਮਨ ਨੇ

ਦੱਸਿਆ ਹੈ-

-ਹੱਥਕੜੀਆਂ ਪੈਰਾਂ ਵਿੱਚ ਬੇੜੀਆਂ
ਜੇਹਲ ਸੰਗਰੂਰਾਂ ਦੀ।
-ਕੈਦ ਸਿੰਘਾਂ ਨੂੰ ਕੀਤੀ
ਸਵਾ ਮਨ ਪੀਹੋ ਬਾਜਰਾ।

ਜ਼ੇਲ੍ਹਾਂ ਵਿੱਚ ਕੈਦੀਆਂ ਤੋਂ ਕਰੜੀ ਮੁਸ਼ੱਕਤ ਕਰਾਈ ਜਾਂਦੀ ਸੀ। ਕੂਕਿਆਂ ਸਿੰਘਾਂ ਨੇ ਇਸ ਨੂੰ ਮਾਨਵੀ ਅਧਿਕਾਰਾਂ ਦੇ ਖਿਲਾਫ਼ ਸਮਝਿਆ। ਹਕੂਮਤ ਦੇ ਇਸ ਧੱਕੇ ਵਿਰੁੱਧ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ। ਅਧਿਕਾਰੀਆਂ ਵੱਲੋਂਕੀਤੇ ਹਰ ਤਸ਼ੱਦਦ ਨੂੰ ਹੱਸ-ਹੱਸ ਸਹਿਆ, ਪਰ ਆਪਣੇ ਅਕੀਦੇ ਨੂੰ ਨਾ ਛੱਡਿਆ। ਲੋਕ ਗੀਤ ਹੈ-

-ਅਸਾਂ ਹੱਥ ਨਹੀਂ ਚੱਕੀ ਨੂੰ ਲਾਉਣਾ
ਪੀੜ੍ਹੀ ਉੱਤੇ ਨਹੀਂ ਬੈਠਣਾ।

ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸੂਰਮੇ ਦੇਸ਼ ਦੇ ਦੁਸ਼ਮਣਾਂ ਦੀ ਗੱਲ ਨਹੀਂ ਮੰਨਦੇ ਸਨ। ਸਿੰਘ ਆਪਣੇ ਸਾਥੀਆਂ ਨਾਲ ਜ਼ੇਲ੍ਹ ਵਿੱਚ ਸਤਿਆਗ੍ਰਹਿ ਕਰ ਆਪਣੀਆਂ ਮੰਗਾ ਮਨਵਾਉਂਦੇ। ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਨ ਤੋਂ ਬਾਅਦ ਦੇਸੀ ਰਿਆਸਤਾਂ ਦੇ ਸਿੱਖ ਰਾਜਿਆਂ, ਮਹੰਤਾ, ਮੱਠਾਂਧੀਸ਼ਾਂ, ਸਾਮੰਤਾਂ, ਸ਼ਾਹੂਕਾਰਾਂ ਨੇ ਇਕ ਅਵਾਜ਼ ਹੋ ਸਰਕਾਰ ਨੂੰ ਲਿਖਿਆ ਜੇ ਇਹ ਭਾਰਤ ਰਿਹਾ ਤਾਂ ਸਤਵੰਜਾ ਵਰਗਾ ਸੰਗ੍ਰਾਮ ਕਰਾ ਦੇਵੇਗਾ ਇਸ ਨੂੰ ਦੇਸ਼ ਤੋਂ ਬਾਹਰ ਲੈ ਜਾਉ ਦੇਸੀ ਰਿਆਸਤਾਂ ਨੇ ਕੂਕਿਆਂ ਦੀ ਬਹੁਤ ਮੁਖਾਲਫ਼ਤ ਕੀਤੀ।ਇਸ ਕਰਕੇ ਕੂਕਿਆਂ ਦੇ ਦਰਦ ਨੂੰ ਲੋਕ ਮਨ ਨੇ ਪ੍ਰਗਟਾਇਆ ਹੈ-

ਗੁਰੂ ਰਾਮ ਸਿੰਘ ਕੈਦ ਕਰਾਇਆ ਬੇਈਮਾਨੀ ਰਾਜਿਆਂ ਦੀ। ਕੂਕੇ ਦੇਸ਼ ਭਗਤਾਂ ਨੂੰ ਸ਼ੁਰੂ ਵਿੱਚ ਆਸ ਸੀ ਕਿ ਰਿਆਸਤੀ ਰਾਜੇ ਅੰਗਰੇਜ਼ ਸਰਕਾਰ ਖਿਲਾਫ਼ ਸਾਡਾ ਸਾਥ ਦੇਣਗੇ। ਪਰ ਰਾਜਿਆਂ ਨੇ ਅੰਗਰੇਜ਼ ਦੀ ਰਾਜ ਭਗਤੀ ਕੀਤੀ। ਉਹਨਾਂ ਨੂੰ ਆਸ ਸੀ ਕਿ ਰਿਆਸਤੀ ਰਾਜੇ ਸਾਡੇ ਆਪਣੇ ਹਿੰਦੁਸਤਾਨੀ ਹਨ, ਪਰ ਰਾਜਿਆਂ ਨੇ ਬਹੁਤ ਸਾਰੇ ਪੰਜਾਬੀਆਂ ਨੂੰ ਅੰਗਰੇਜ਼ ਦੇ ਇਸ਼ਾਰੇ 'ਤੇ ਸਜ਼ਾਵਾਂ ਦਿੱਤੀਆਂ। ਨਾਮਧਾਰੀ ਲਹਿਰ ਦੇ ਨਾਇਕ ਨੂੰ ਦੇਸ਼ ਬਦਰ ਕਰਾਉਣ ਵਿੱਚ ਵੀ ਰਾਜਿਆਂ ਅਹਿਮ ਭੂਮਿਕਾ ਨਿਭਾਈ। ਪਿੱਛੇ ਦੇਸ਼ ਭਗਤ ਕੂਕਿਆਂ 'ਤੇ ਬਹੁਤ ਜ਼ੁਲਮ ਕੀਤੇ ਗਏ। ਰਾਜਿਆਂ ਦੀ ਅੰਗਰੇਜ਼ ਭਗਤੀ ਨੂੰ ਵੇਖ ਕੂਕੇ ਕਹਿੰਦੇ ਸਨ ਕਿ ਗ਼ੈਰ ਦੀ ਗ਼ੁਲਾਮੀ ਖ਼ਤਮ ਹੋ ਸਕਦੀ ਸੀ, ਜੇ ਦੇਸੀ ਰਾਜੇ ਸਾਡਾ ਸਾਥ ਦਿੰਦੇ ਅਤੇ ਮਹੰਤ ਪੁਜਾਰੀ ਵਿਰੋਧਤਾ ਨਾ ਕਰਦੇ-

ਜੇ ਰਾਜੇ ਮਹੰਤ ਪੁਜਾਰੀ
ਸਾਥ ਦਿੰਦੇ ਖਾਲਸੇ ਦਾ।

ਅਮਗਰੇਜ਼ ਭਾਰਤੀ ਮਾਨਸਿਕਤਾ ਨੂੰ ਪੜ੍ਹ ਗਿਆ ਸੀ। ਇਸ ਲਈ ਉਸ ਨੇ ਸਾਰੇ ਧਰਮਾਂ ਦੀਆਂ ਮੁੱਖ ਸੰਸਥਾਵਾਂ ਨੂੰ ਆਪਣੇ ਨਾਲ ਜੋੜ ਕੇ ਰੱਖਿਆ। ਉਹ ਇੰਨ੍ਹਾਂ ਸੰਸਥਾਵਾਂ ਤੋਂ ਮਨ ਚਾਹੇ ਕੰਮ ਕਰਵਾਉਂਦਾ, ਜੇ ਕੋਈ ਵਿਰੁੱਧ ਬੋਲਦਾ ਤਾਂ ਧਾਰਮਕ ਫਤਵਾ ਲਾ ਕੇ ਸਮਾਜ ਤੋਂ ਨਿਖੇੜ ਦਿੱਤਾ ਜਾਂਦਾ। ਕੂਕੇ ਇਸ ਸਿਸਟਮ ਨੂੰ ਸਮਝਦੇ ਹੋਏ ਲੋਕਾਂ ਨੂੰ ਜਾਗਰੂਕ ਕਰਦੇ। ਉਪਰੋਕਤਲੋਕ ਗੀਤ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਅੰਦਰ ਅੰਗਰੇਜ਼ ਦੀ ਨੀਤੀ ਪ੍ਰਤੀ ਚੇਤਨਾ ਆ ਰਹੀ ਸੀ। ਇਸ ਕਰਕੇ ਲੋਕ ਕੂਕਿਆਂ ਨਾਲ ਸਹਿਮਤ ਹੋਣ ਲੱਗੇ। ਕੂਕਿਆਂ ਦੇ ਵੱਧ ਰਹੇ ਪ੍ਰਭਾਵ ਤੋਂ ਰਿਆਸਤੀ ਰਾਜੇ ਡਰ ਗਏ, ਉਹਨਾਂ ਦੇ ਡਰ ਨੂੰ ਲੋਕ ਮਨ ਇਸ ਤਰਾਂ ਚਿਤਰਦਾ ਹੈ-

ਖੋਹ ਲੈਣ ਨਾ ਰਾਜ ਇਹ ਸਾਡਾ
ਡਰ ਗਏ ਕੂਕਿਆਂ ਤੋਂ।

ਕੂਕਿਆਂ ਪ੍ਰਤੀ ਰਾਜਿਆਂ ਦਾ ਵਿਵਹਾਰ ਸਖ਼ਤ ਹੁੰਦਾ ਗਿਆ। ਲੋਕ ਮਨ ਉਹਨਾਂ ਦੇ ਇਸ ਵਤੀਰੇ ਨੂੰ ਡਰ ਦੱਸਦਾ ਹੈ। ਦੂਜੇ ਪਾਸੇ ਕੂਕਿਆਂ ਲਈ ਲੋਕਾਂ ਦਾ ਪਿਆਰ ਵੱਧ ਰਿਹਾ ਸੀ।

ਬਸਤੀਵਾਦੀ ਸਰਕਾਰ ਦੀਆਂ ਸਾਥੀ ਮਾਲਵੇ ਦੀਆਂ ਰਿਆਸਤਾਂ ਸਖ਼ਤੀ ਨਾਲ ਕੂਕਾ ਅੰਦੋਲਨ ਨੂੰ ਦਬਾਉਣਾ ਚਾਹੁੰਦੀਆਂ ਸਨ। ਅੰਗਰੇਜ਼ ਦੀਆਂ ਪਿੱਠੂ ਇਹਨਾਂ ਰਿਆਸਤਾਂ ਦੇ ਮਾਲਕਾਂ ਨੇ ਆਪਣੇ ਪਿੰਡਾਂ ਵਿੱਚ ਮੁਖ਼ਬਰਾਂ ਦਾ ਜਾਲ ਵਿਛਾਇਆ ਸੀ। ਸਵੈਰਾਜ ਦੀ ਇੱਛਾ ਕੂਕਿਆਂ ਅੰਦਰ ਵੀ ਬਹੁਤ ਪ੍ਰਬਲ ਸੀ। ਕਿਉਂਕਿ ਬਹੁਤ ਸਾਰੇ ਕੂਕੇ ਆਗੂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚੋਂ ਆਏ ਸਨ। ਜੋ ਰਾਜ ਪੰਜਾਬੀਆਂ ਨੇ ਗਵਾਇਆ ਸੀ, ਉਸ ਰਾਜ ਦੀਆਂ ਗੱਲਾਂ ਪੰਜਾਬ ਦੇ ਘਰ-ਘਰ ਵਿੱਚ ਚੱਲਦੀਆਂ ਸਨ।

ਕੂਕੇ ਪ੍ਰਚਾਰਕ ਵੀ ਲੋਕਾਂ ਨੂੰ ਲਾਮਬੰਦ ਕਰਕੇ ਮੁੜ ਸਿੱਖ ਰਾਜ ਸਥਾਪਿਤ ਕਰਨ ਦੀਆਂ ਗੱਲਾਂ ਕਰਦੇ। ਅੰਗਰੇਜ਼ ਦੇ ਖਿਲਾਫ਼ ਇਸ ਲੜਾਈ ਵਿੱਚ ਜਗੀਰਦਾਰ, ਚੌਧਰੀ ਅਤੇ ਨੰਬਰਦਾਰ ਵੀ ਕੂਕਿਆਂ ਦੇ ਵਿਰੁੱਧ ਸਨ। ਭੈਣੀ ਸਾਹਿਬ ਦੇ ਨੇੜੇ ਦੇ ਪਿੰਡਾਂ ਨੂੰ ਸਖ਼ਤ ਚੇਤਾਵਨੀ ਸੀ ਕਿ ਕੋਈ ਕੂਕਾ ਉਨ੍ਹਾਂ

ਦੇ ਪਿੰਡ ਰਾਤ ਨਾ ਕੱਟੇ। ਜੇ ਕੋਈ ਕੂਕਾ ਕਿਸੇ ਪਿੰਡ ਰਾਤ ਰੁਕ ਜਾਂਦਾ ਤਾਂ ਅੰਗਰੇਜ਼ ਅਫ਼ਸਰ ਪਿੰਡ ਦੇ ਚੌਧਰੀ ਨੰਬਰਦਾਰਾਂ ਨੂੰ ਸੱਥ ਵਿੱਚ ਖਲ੍ਹਾਰ ਚਪੇੜਾਂ ਮਾਰਦੇ। ਕੂਕੇ ਦੀ ਇਤਲਾਹ ਪਿੰਡ ਦਾ ਚੌਂਕੀਦਾਰ ਥਾਣੇ ਵਿੱਚ ਜਾ ਕੇ ਦਿੰਦਾ ਸੀ। ਸਰਕਾਰ ਦੇ ਬਹੁਤ ਸਾਰੇ ਮੁਖ਼ਬਰ ਉਨ੍ਹਾਂ ਪਿੰਡਾਂ ਵਿੱਚ ਸਨ, ਜਿੱਥੇ ਕੂਕਿਆਂ ਦੀ ਗਿਣਤੀ ਜਿਆਦਾ ਸੀ। ਇਹ ਮੁਖਬਰ ਹਰ ਛੋਟੀ ਤੋਂ ਛੋਟੀ ਖ਼ਬਰ ਸਰਕਾਰ ਦੇ ਕੰਨਾਂ ਤੱਕ ਪਹੁੰਚਾਂਦੇ–

ਤੈਨੂੰ ਦਿੱਤੀ ਏ ਕੜਾਹ ਦੀ ਬਾਟੀ
ਠਾਣੇ ਨਾ ਤੂੰ ਜਾਈਂ ਚੋਬਰਾ

ਉਪਰੋਕਤ ਲੋਕ ਗੀਤ ਵਿੱਚ ਕੂਕਾ ਸਿੱਖ ਮੁਖ਼ਬਰ ਨੂੰ ਰਿਸ਼ਵਤ ਦੇ ਰਿਹਾ ਹੈ। ਕੂਕਿਆਂ ਦੇ ਕੜਾਹ ਬਾਰੇ ਲੋਕਾਂ ਵਿੱਚ ਆਮ ਚਰਚਾ ਸੀ। ਮੁਖ਼ਬਰ ਕੂਕਿਆਂ ਦੀਆਂ ਕਾਰਵਾਈਆਂ ਉੱਤੇ ਨਜ਼ਰ ਰੱਖਦੇ ਸਨ। ਵੱਖ-ਵੱਖ ਮੁਖ਼ਬਰਾਂ ਦੇ ਲੋਕ ਕਾਵਿ ਵਿੱਚ ਨਾਮ ਆਉਂਦੇ ਹਨ, ਜਿਨ੍ਹਾਂ ਨੇ ਸਰਕਾਰ ਕੋਲੋਂ ਮੁਖ਼ਬਰੀ ਕਰਕੇ ਬਹੁਤ ਇਨਾਮ ਪ੍ਰਾਪਤ ਕੀਤੇ। ਨਾਮਧਾਰੀ ਲਹਿਰ ਦਾ ਪਹਿਲਾ ਇਤਿਹਾਸਕਾਰ ਇਨ੍ਹਾਂ ਮੁਖ਼ਬਰਾਂ ਬਾਰੇ ਇਸ ਤਰ੍ਹਾਂ ਕਹਿੰਦਾ ਹੈ–

"ਉਸ ਸਮੇਂ ਮੁਕਬਰ ਬਹੁਤ ਥੇ, ਤਨਖਾਹ ਖਾਂਦੇ ਸੀ। ਬਟਨ (ਪੁਲਿਸ ਕਪਤਾਨ ਲੁਧਿ.) ਦੇ ਛੱਡੇ ਹੋਏ ਸੀ। ਸੱਜਰੀ ਖਬਰ ਡੇਰੇ ਕੀ ਪੁਚਾਇ ਦਿੰਦੇ ਸੀ ਲੁਧਿਆਣ ਮੈ ਸੱਤ ਜਾਂ ਛੇ ਰੁਪਏ ਇਕ ਮੁਖਬਰ ਦੀ ਤਨਖਾਹ ਸੀ।"[9]

ਭੈਣੀ ਸਾਹਿਬ ਦਾ ਨੰਬਰਦਾਰ ਘੁਮੰਡਾ ਸਰਕਾਰ ਦਾ ਮੁਖ਼ਬਰ ਸੀ। ਕੂਕੇ ਸਿੰਘ ਇਸ ਤੋਂ ਬਹੁਤ ਦੁੱਖੀ ਸਨ। ਸਤਿਗੁਰੂ ਰਾਮ ਸਿੰਘ ਦੇ ਜਲਾਵਤਨੀ ਤੋਂ ਬਾਅਦ ਪੁਲਿਸ ਚੌਂਕੀ ਭੈਣੀ ਸਾਹਿਬ ਡੇਰੇ ਦੇ ਦਰਵਾਜ਼ੇ ਉੱਤੇ ਬੈਠ ਗਈ। ਚੌਂਕੀ ਦੇ ਸਿਪਾਹੀਆਂ ਨੂੰ ਪਲ ਪਲ ਦੀ ਖ਼ਬਰ ਘੁਮੰਡਾ ਤੇ ਉਸਦੇ ਸਾਥੀ ਪਹੁੰਚਾਂਦੇ ਸਨ। ਸਰਕਾਰੀ ਹੱਥ ਸਿਰ ਉੱਤੇ ਹੋਣ ਕਾਰਨ ਘੁਮੰਡਾ ਭੈਣੀ ਸਾਹਿਬ ਆਉਣ ਵਾਲੇ ਸਿੰਘਾਂ ਨਾਲ ਧੱਕਾ ਕਰਦਾ। ਕਈ-ਕਈ ਮਹੀਨੇ ਸਿੱਖ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਟਿੱਬਿਆਂ ਵਿੱਚ ਬੈਠੇ ਰਹਿੰਦੇ, ਪਰ ਉਹਨਾਂ ਨੂੰ ਦਰਸ਼ਨ ਨਾ ਹੁੰਦੇ। ਕੁਝ ਕ੍ਰਾਂਤੀਕਾਰੀ ਸਿੱਖ ਜੋ ਪੁਲਿਸ ਦੇ ਰਿਕਾਰਡ ਵਿੱਚ ਮਫ਼ਰੂਰੀ ਦਾ ਜੀਵਨ ਬਤੀਤ ਕਰ ਰਹੇ ਸਨ, ਜਦੋਂ ਭੈਣੀ ਸਾਹਿਬ ਗੁਰੂ ਦੇ ਦਰਸ਼ਨਾਂ ਨੂੰ ਆਉਂਦੇ ਤਾਂ ਮੁਖ਼ਬਰ ਜਲਦੀ ਜਾ ਚੌਂਕੀ ਵਿੱਚ ਇਤਲਾਹ ਕਰਦੇ। ਸਿੱਖ ਕਾਹਲੀ ਨਾਲ ਜਾਨ ਬਚਾਉਣ ਲਈ ਦੌੜਦੇ। ਪੁਲਿਸ ਅਤੇ ਸਿੱਖਾਂ ਵਿੱਚ ਲੁਕਾ-ਛੁਪੀ ਲੱਗੀ ਰਹਿੰਦੀ ਸੀ–

ਚੌਂਕੀ ਭੈਣੀ ਸਾਹਿਬ ਵਿੱਚ ਪਾਈ
ਸਿੱਖ ਉੱਥੇ ਆਉਣਾ ਮਿਲੇ ਨਾ ਕਾਈ
ਜੇ ਕੋਈ ਆਵੇ ਪਿਆਰਾ
ਮਗਰ ਸਿਪਾਹੀ ਲਾ ਲਏ ਨੇ।

ਇਹ ਸਮਾਂ ਕੂਕਿਆਂ ਲਈ ਬਹੁਤ ਸਖ਼ਤੀ ਵਾਲਾ ਸੀ। ਨੇੜੇ ਦੇ ਪਿੰਡਾਂ ਵਿੱਚ ਪੁਲਿਸ ਸਿੱਖਾਂ ਨੂੰ ਰਾਤ ਨਹੀਂ ਰੁਕਣ ਦੇਂਦੀ ਸੀ। ਕਈ-ਕਈ ਦਿਨਾਂ ਦੇ ਭੁੱਖੇ ਪਿਆਸੇ ਸਿੱਖ ਟਿੱਬਿਆਂ ਵਿੱਚ ਬੈਠੇ ਰਹਿੰਦੇ। ਸਤਿਗੁਰ ਰਾਮ ਸਿੰਘ ਦੇ ਪ੍ਰਦੇਸ ਜਾਣ ਕਾਰਨ ਨਾਮਧਾਰੀਆਂ ਨੂੰ ਵਿਛੋੜੇ ਦਾ ਦੁੱਖ ਸੀ, ਦੂਜਾ ਇਹ ਘੁਮੰਡਾ ਦੁਖੀ ਕਰ ਰਿਹਾ ਸੀ। ਘੁਮੰਡੇ ਤੋਂ ਦੁਖੀ ਹੋਏ ਸਿੱਖਾਂ ਦੇ ਦਿਲ ਅੰਦਰਲੇ ਵਲਵਲੇ ਲੋਕ ਕਾਵਿ ਵਿੱਚ ਦਰਜ਼ ਹਨ–

ਪੁੱਤ ਮਰਨ ਵੇ ਘੁਮੰਡਿਆ ਤੇਰੇ
ਸਿਆਪੇ 'ਚ ਬੋਲ ਪਈ।
ਕੀੜੇ ਪੈਣ ਵੇ ਘੁਮੰਡਿਆ ਤੇਰੇ
ਮੁਕਬਰ ਗੋਰਿਆਂ ਦਾ।

ਇਸ ਤਰ੍ਹਾਂ ਹੀ ਅਲੂਣੇ ਪਿੰਡ ਦੇ ਮੁਖ਼ਬਰ ਤਿਲਕੂ ਦਾ ਲੋਕ ਕਾਵਿ ਵਿੱਚ ਜ਼ਿਕਰ ਆਉਂਦਾ ਹੈ। ਇਹ ਵੀ ਨਾਮਧਾਰੀਆਂ ਨਾਲ ਖਾਰ ਰੱਖਦਾ ਸੀ। ਬਹੁਤ ਸਾਰੇ ਸਿੱਖਾਂ ਨੂੰ ਇਸ ਨੇ ਥਾਣੇ ਫੜਾਇਆ। ਕੂਕੇ ਇਸ ਤੋਂ ਬਹੁਤ ਤੰਗ ਸਨ। ਕੂਕਿਆਂ ਦੇ ਮਨ ਅੰਦਰਲੇ ਗੁਬਾਰ ਨੂੰ ਲੋਕ ਕਾਵਿ ਨੇ ਸ਼ਬਦ ਦਿੱਤੇ ਹਨ–

–ਤਿਲਕੂ ਅਲੂਣਿਆਂ ਦਾ
ਬਣਿਆ ਸਿੰਘਾਂ ਦਾ ਵੈਰੀ
–ਮੈਂ ਦੰਦ ਤਿਲਕੂ ਦੇ ਭੰਨ
ਧਰਮ ਨਾਲ ਸੱਚ ਬੋਲਦਾ।

ਇਸ ਤਰ੍ਹਾਂ ਦੇ ਕਈ ਮੁਖ਼ਬਰ ਜਿਨ੍ਹਾਂ ਵਿੱਚ ਚੌਧਰੀ, ਨੰਬਰਦਾਰ ਤੇ ਚੌਂਕੀਦਾਰ ਅਹੁਦਿਆਂ ਦੇ ਲੋਕ ਸਨ। ਇਹ ਲੋਕ ਅੰਗਰੇਜ਼ ਸਰਕਾਰ ਕੋਲੋਂ ਮੁਖ਼ਬਰੀ ਦੇ ਇਨਾਮ ਪ੍ਰਾਪਤ ਕਰਦੇ, ਪਰ ਆਮ ਲੋਕਾਂ ਦੇ ਦਿਲਾਂ ਵਿੱਚ ਇਨ੍ਹਾਂਦਾਕਿਰਦਾਰ ਜ਼ਾਲਮਾਂ ਵਾਲਾ ਸੀ। ਲੋਕ ਭਾਵੇਂ ਇਨ੍ਹਾਂ ਦੇ ਅਹੁਦਿਆਂ ਕਰਕੇ ਮੂੰਹ 'ਤੇ ਕੁਝ ਨਹੀਂ ਕਹਿੰਦੇ ਸਨ, ਪਰ ਦਿਲ ਤੋਂ ਹਮੇਸ਼ਾ ਇਨ੍ਹਾਂ ਦੀ ਕਰਨੀ ਨੂੰ ਕੋਸਦੇ–

–ਜੱਗੋਂ ਜਾਇੰਗਾ ਕਸਮ ਨਾਲ ਖਾਲੀ

ਚੌਂਕੀਦਾਰਾ ਟੁੱਟ ਪੈਣਿਆ।

ਅਮਗਰੇਜ਼ ਸਰਕਾਰ ਨੇ ਮੁਖ਼ਬਰਾਂ ਦਾ ਜਾਲ ਸਾਰੇ ਹਿੰਦੁਸਤਾਨ ਵਿੱਚ ਹੀ ਵਿਛਾਇਆ ਹੋਇਆ ਸੀ। ਇਸੇ ਕਰਕੇ ਵੱਡੇ-ਵੱਡੇ ਲੋਕ ਅੰਦੋਲਨ ਅਸਫ਼ਲ ਰਹੇ। ਨਾਮਧਾਰੀਆਂ ਦਾ ਦੂਜਾ ਵੱਡਾ ਸਾਕਾ ਰਾਏਕੋਟ ਦਾ ਬੁੱਚੜ ਬੱਧ ਸੀ। ਸਿੱਖ ਇਤਿਹਾਸ ਅਨੁਸਾਰ ਰਾਏਕੋਟ ਸ਼ਹਿਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਆਏ ਸਨ। ਗੁਰੂ ਜੀ ਦੀ ਮੁਲਾਕਾਤ ਨਗਰ ਦੇ ਚੌਧਰੀ ਰਾਏ ਕੱਲੇ ਨਾਲ ਹੋਈ। ਇਸ ਮੁਲਾਕਾਤ ਦੀ ਯਾਦ ਵਿੱਚ ਗੁਰਦੁਆਰਾ ਸਥਾਪਿਤ ਹੈ। ਇਸ ਨਗਰ ਵਿੱਚ 1856 ਈ. ਨੂੰ ਜ਼ਿਲ੍ਹੇ ਦੇ ਅਫ਼ਸਰ ਮਿ. ਰਿਕੈਟਸ ਦੇ ਹੁਕਮ ਨਾਲ ਬੁੱਚੜਖਾਨਾ ਖੋਲ੍ਹ ਦਿੱਤਾ ਗਿਆ। ਇਸ ਬੁੱਚੜਖਾਨੇ ਵਿਰੁੱਧ ਸ਼ਹਿਰ ਦੇ ਕੁਝ ਬੰਦਿਆਂ ਨੇ ਸਰਕਾਰ ਕੋਲ ਰਿਪੋਰਟ ਕੀਤੀ, ਪਰ ਸਰਕਾਰ ਨੇ ਉਨ੍ਹਾਂ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ।

ਬੁੱਚੜਾਂ ਨੇ ਛੱਪੜ ਵਿੱਚ ਇੱਕ ਪਿੰਜਰ ਸੁੱਟ ਦਿੱਤਾ ਜਿਸ ਕਾਰਨ ਬਹੁਤ ਅਪਵਾਦ ਪੈਦਾ ਹੋਇਆ। ਤਹਿਸੀਲਦਾਰ ਨੇ ਬੂਟੇ ਬੁੱਚੜ ਨੂੰ ਦਸ ਰੁਪਏ ਜ਼ੁਰਮਾਨਾ ਕਰਕੇ ਛੱਡ ਦਿੱਤਾ। ਹਿੰਦੂ ਅਤੇ ਸਿੱਖਾਂ ਵਿੱਚ ਬੁੱਚੜਾਂ ਵਿਰੁੱਧ ਰੋਸ ਸੀ। ਰਾਏਕੋਟ ਦੇ ਨਜ਼ਦੀਕ ਪਿੱਥੋ ਪਿੰਡ ਦੇ ਵਾਸੀ ਤਿੰਨ ਨੌਜਵਾਨਾਂ ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਸਿੰਘ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ 15 ਜੁਲਾਈ 1871 ਦੀ ਰਾਤ ਨੂੰ ਬੁੱਚੜ ਵੱਢ ਦਿੱਤੇ। ਕੇਸ ਚੱਲਿਆ, ਅਤੇ ਤਫ਼ਤੀਸ਼ ਸ਼ੁਰੂ ਹੋਈ।

"ਸਰਕਾਰ ਨੇ ਦੋਸ਼ੀਆਂ ਦਾ ਨਾਮ ਦੱਸਣ ਵਾਲੇ ਨੂੰ ਹਜਾਰ ਰੁਪਏ ਇਨਾਮ ਅਤੇ ਵਾਇਦਾ ਮੁਆਫ਼ ਗਵਾਹ ਬਣਨ ਵਾਲੇ ਨੂੰ ਦੰਡ ਤੋਂ ਮੁਕਤ ਕਰਨ ਦਾ ਇਨਾਮ ਰੱਖ ਦਿੱਤਾ।"[10]

ਪਿੱਥੋ ਪਿੰਡ ਦੇ ਤਿੰਨਾਂ ਨੌਜਵਾਨਾਂ ਦੇ ਨਾਲ ਇੱਕ ਸਾਥੀ ਛੀਨੀਵਾਲ ਦਾ ਦਲ ਸਿੰਘ ਸੀ। ਤਫ਼ਤੀਸ਼ ਦੁਰਾਨ ਪੁਲਿਸ ਜਦੋਂ ਇਸ ਤੱਕ ਪਹੁੰਚ ਗਈ ਤਾਂ ਇਹ ਵਾਅਦਾ ਮੁਆਫ ਗਵਾਹ ਬਣ ਗਿਆ। ਪਿੱਥੋ ਪਿੰਡ ਦੇ ਨੌਜਵਾਨਾਂ ਨੂੰ ਇਹ ਜਾਣਦਾ ਸੀ, ਇਸ ਨੇ ਉਹਨਾਂ ਦੇ ਨਾਮ ਦੱਸ ਦਿੱਤੇ। ਸੂਬਾ ਗਿਆਨੀ ਰਤਨ ਸਿੰਘ ਦਾ ਨਾਮ ਅੰਗਰੇਜ਼ ਸਰਕਾਰ ਦੇ ਕਹਿਣ 'ਤੇ ਇਸ ਨੇ ਨਾਲ ਜੋੜ ਦਿੱਤਾ। ਇਸ ਕੇਸ ਵਿੱਚ ਤਿੰਨ ਸਿੱਖਾਂ ਨੂੰ ਫਾਂਸੀ ਰਾਏਕੋਟ ਅਤੇ ਦੋ ਸਿੱਖਾਂ ਨੂੰ ਲੁਧਿਆਣੇ ਜ਼ੇਲ੍ਹ ਵਿੱਚ ਸ਼ਰੇਆਮ ਬੋਹੜ ਦੇ ਰੁੱਖ ਨਾਲ ਫਾਂਸੀ ਦਿੱਤੀ ਗਈ। ਨਾਮਧਾਰੀ ਪੰਥ ਵਿੱਚ ਦੱਲੂ ਦੇ ਵਾਅਦਾ ਮੁਆਫ਼ ਬਣਨ 'ਤੇ ਇਸ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਸੀ। ਦੱਲੂ ਦੇ ਇਸ ਕਾਰੇ ਨੂੰ ਲੋਕ ਮਨ ਨੇ ਇਸ ਤਰ੍ਹਾਂ ਬਿਆਨ ਕੀਤਾ-

-ਮੈਂ ਫਾਂਸੀ ਗਲਾਂ ਵਿੱਚ ਪੁਆ ਦਊਂ
ਸੌਂਹ ਖਾਧੀ ਦਲ ਸਿੰਘ ਨੇ।
ਓਨ ਕਸਮ ਗ੍ਰੰਥ ਦੀ ਖਾਧੀ
ਬੇਈਮਾਨ ਹੈ ਮੈਂ ਹੋਵਣਾ।

ਸਰਕਾਰ ਦੇ ਮੁਖ਼ਬਰ ਦਿਨ ਰਾਤ ਕੂਕਿਆਂ 'ਤੇ ਨਜ਼ਰ ਰੱਖਦੇ। ਇਨ੍ਹਾਂ ਦੇ ਨਾਵਾਂ ਦੀ ਲਿਸਟ ਲੰਮੀ ਹੈ-ਕਾਨਾ ਕੋੜ੍ਹੀ ਕਮਾਲਪੁਰ ਦਾ, ਗੁਲਾਬਾ, ਦੱਲੂ, ਘੁਮੰਡਾ, ਤਿਲਕੂ, ਸਾਹਬਾ ਆਦਿ। ਇਹ ਲੋਕ ਨਾਮਧਾਰੀਆਂ ਨੂੰ ਦੁਖੀ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ ਸਨ। ਕੂਕੇ ਨਿਡਰ ਹੋ ਕੇ ਇਹ ਪੰਗਤੀਆਂ ਪੜ੍ਹਦੇ-

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਖੇਸ।
ਅਸਾਂ ਤਾਂ ਏਸ ਤੋਂ ਜਿੰਦ ਵਾਰਨੀ
ਇਹ ਹੈ ਸਾਡਾ ਦੇਸ।

**ਅੰਗਰੇਜ਼ ਸਰਕਾਰ ਦੀ ਵਿਰੋਧਤਾ ਨਾਲ ਸੰਬੰਧਿਤ ਲੋਕ ਕਾਵਿ-**

ਬਰਤਾਨਵੀ ਬਸਤੀਵਾਦ ਦੇ ਅਧੀਨ ਸਭ ਤੋਂ ਬਾਅਦ ਆਉਣ ਵਾਲਾ ਸੂਬਾ ਪੰਜਾਬ ਸੀ। ਪੰਜਾਬ ਦੇ ਲੋਕਾਂ ਨੇ ਗੁਲਾਮੀ ਨੂੰ ਸਵੀਕਾਰ ਨਹੀਂ ਕੀਤਾ, ਇਸ ਕਰਕੇ ਕੋਈ ਵੀ ਦਹਾਕਾ ਇਸ ਤਰ੍ਹਾਂ ਦਾ ਨਹੀਂ ਜਿਸ ਵਿੱਚ ਅੰਗਰੇਜ਼ ਦੇ ਖਿਲਾਫ਼ ਵਿਰੋਧ ਨਾ ਹੋਇਆ ਹੋਵੇ। ਪੰਜਾਬੀਆਂ ਦੀ ਆਜ਼ਾਦ ਸੋਚ ਅਤੇ ਜੁਝਾਰੂ ਸੁਭਾਅ ਪਿੱਛੇ ਸਦੀਆਂ ਦਾ ਇਤਿਹਾਸ ਹੈ। ਆਪਣਿਆਂ ਦੀ ਗਦਾਰੀ ਕਾਰਨ ਪੰਜਾਬ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜਿਆ ਗਿਆ। ਇਸ ਨਵੇਂ ਰਾਜ ਦੀਆਂ ਗੱਲਾਂ ਘਰ-ਘਰ ਹੋਣ ਲੱਗੀਆਂ। ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਾਬਜ਼ ਹੋਣ ਤੋਂ ਬਾਅਦ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਵਰਗਾ ਰਾਜਸੀ ਪ੍ਰਬੰਧ ਨਹੀਂ ਕੀਤਾ। ਪੰਜਾਬੀਆਂ ਨੂੰ ਖੁਸ਼ ਕਰਨ ਲਈ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਕਿਉਂਕਿ ਅੰਗਰੇਜ਼ ਸਰਕਾਰ ਜਾਣਦੀ ਸੀ ਕਿ ਨਵੇਂ-ਨਵੇਂ ਰਾਜ ਗੁਆਚੇ ਦਾ ਦੁੱਖ ਪੰਜਾਬੀਆਂ ਅੰਦਰ ਹੈ। ਇਸ ਕਰਕੇ ਵੱਡੇ ਵੱਡੇ ਸਰਦਾਰਾਂ ਨੂੰ ਸਰਕਾਰ ਨੇ ਖੁਸ਼ ਕਰਨ ਲਈ

ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਵਾਈਆਂ। ਪੰਜਾਬ ਵਿੱਚ ਆਏ ਨਵੇਂ ਵਿਦੇਸ਼ੀ ਮਹਿਮਾਨਾਂ ਨੂੰ ਲੋਕ ਮਨ ਨੇ ਇਸ ਤਰ੍ਹਾਂ ਸਵੀਕਾਰ ਕੀਤਾ ਹੈ-

- ਕਾਲੀ ਛਤਰੀ ਨਹਿਰ ਦੀ ਪੱਟੜੀ
ਬੰਗਲੇ 'ਚੋਂ ਮੇਮ ਨਿੱਕਲੀ।
- ਖੱਦਰਾ ਰਾਹ ਛੱਡਦੇ
ਇੱਥੇ ਆ ਗਿਆ ਮਾਲ ਵਲੈਤੀ।
- ਲੋਕੀਂ ਪਹਿਨਦੇ ਵਲੈਤੀ ਟੋਟੇ
ਮੈਂ ਫੂਕਾਂ ਫੁਲਕਾਰੀ ਨੂੰ।

ਉਪਰੋਕਤ ਲੋਕ ਕਾਵਿ ਵਿੱਚ ਅੰਗਰੇਜ਼ ਦੇ ਰਹਿਣ-ਸਹਿਣ ਅਤੇ ਪਹਿਰਾਵੇ ਬਾਰੇ ਲੋਕ ਮਨ ਦੀ ਦ੍ਰਿਸ਼ਟੀ ਸਵੀਕ੍ਰਿਤੀ ਵਾਲੀ ਹੈ। ਪਰ ਦੂਸਰੇ ਪਾਸੇ ਜਦੋਂ ਵਿਦੇਸ਼ੀਆਂ ਦਾ ਆਪਣੇ ਪ੍ਰਤੀ ਵਿਵਹਾਰ ਦੇਖਿਆ ਤਾਂ ਆਪਣੀ ਗ਼ੁਲਾਮੀ ਦਾ ਅਹਿਸਾਸ ਪੰਜਾਬੀਆਂ ਨੂੰ ਹੋਇਆ। ਪਹਿਲੀ ਵੱਡੀ ਸੰਸਾਰ ਜੰਗ ਸਮੇਂ ਅੰਗਰੇਜ਼ ਨੇ ਬਹੁਤ ਵੱਡੀ ਭਰਤੀ ਪੰਜਾਬ ਤੋਂ ਲਈ। ਜਿਸ ਪੰਜਾਬਣ ਦੇ ਮਨ ਦੀ ਇਹ ਮੰਗ ਸੀ ਕਿ-

- ਵੱਸਣਾ ਨੌਕਰ ਦੇ,
ਭਾਵੇਂ ਬੂਟ ਸਣੇ ਲੱਤ ਮਾਰੇ।

ਹੁਣ ਜਦੋਂ ਫੌਜ ਵਿੱਚ ਭਰਤੀ ਹੋਏ ਗੱਭਰੂਆਂ ਨੂੰ ਸਾਮਰਾਜੀ ਸਰਕਾਰ ਨਿੱਤ ਜੰਗਾਂ ਵੱਲ ਭੇਜਦੀ ਤਾਂ ਸੁਹਾਗਣ ਦੇ ਮਨ ਦੀ ਹਾਲਤ ਬਦਲ ਗਈ। ਕਈ-ਕਈ ਸਾਲ ਪੰਜਾਬੀ ਨੌਜਵਾਨ ਅੰਗਰੇਜ਼ ਲਈ ਵੱਖ- ਵੱਖ ਦੇਸ਼ਾਂ ਦੇ ਵਿੱਚ ਲੜਦੇ ਰਹੇ। ਮਾਰੂ ਲੜਾਈਆਂ ਵਿੱਚ ਬੰਦੇ ਮਰ ਰਹੇ ਸਨ, ਅੰਗਰੇਜ਼ ਨੂੰ ਹੋਰ ਨੌਜਵਾਨਾਂ ਦੀ ਲੋੜ ਸੀ। ਉਹ ਨੰਬਰਦਾਰਾਂ, ਚੌਧਰੀਆਂ ਤੋਂ ਭਰਤੀ ਮੰਗ ਰਿਹਾ ਸੀ। ਇਸ ਨਵੀਂ ਬਣੀ ਮੁਸੀਬਤ ਨੂੰ ਦੇਖ ਪੰਜਾਬਣ ਦੀ ਮਾਨਸਿਕਤਾ ਬਸਤੀਵਾਦੀ ਰਾਜ ਪ੍ਰਤੀ ਬਦਲਦੀ ਹੈ-

- ਬੱਚੇ ਮਰਨ ਫਰੰਗੀਆ ਤੇਰੇ
ਨਿਤ ਰਹੇਂ ਲਾਮਾਂ ਛੇੜਦਾ।
- ਕਿੱਥੇ ਲਿਖਿਆ ਫਰੰਗੀਆ ਦੱਸ ਵੇ
ਰੰਨਾ ਵਾਲੇ ਜੰਗ ਜਿੱਤਦੇ।
- ਮੇਰਾ ਸਬਰ ਫਰੰਗੀਆਂ ਨੂੰ ਮਾਰੇ
ਨਾ ਦੇਵੇ ਛੁੱਟੀਆਂ ਨਾ ਤਲਬਾਂ ਤਾਰੇ।
- ਨੀ ਮੈਂ ਰੰਡੀਉਂ ਸੁਹਾਗਨ ਹੋਮਾਂ
ਬਸਰੇ ਦੀ ਲਾਮ ਟੁੱਟ ਜੇ
- ਨੌਕਰ ਨਾਲ ਨਾ ਵਿਅਹੀਂ ਬਾਬਲਾ
ਹਾਲੀ ਪੁੱਤ ਬਥੇਰੇ।

ਜੰਗਾਂ ਯੁੱਧਾ ਦੇ ਐਸੇ ਸਮੇਂ ਵਿੱਚ ਸਰਕਾਰ ਨੇ ਲੋਕਾਂ ਤੇ ਬਹੁਤ ਸਖ਼ਤੀ ਕੀਤੀ। ਲੋਕਾਂ ਨੂੰ ਰੋਟੀ ਤੋਂ ਮੁਥਾਜ ਹੋਣਾ ਪਿਆ। ਦੂਜੇ ਪਾਸੇ ਰੋਟੀ ਦਾ ਹੋਰ ਕੋਈ ਹੀਲਾ ਨਾ ਹੁੰਦਾ ਦੇਖ ਪੰਜਾਬੀ ਗੱਭਰੂ ਜਦੋਂ ਮਜ਼ਬੂਰਨ ਫੌਜ ਵਿੱਚ ਭਰਤੀ ਹੁੰਦਾ, ਤਾਂ ਪੰਜਾਬਣ ਦਾ ਜਿੱਥੇ ਅੰਗਰੇਜ਼ ਪ੍ਰਤੀ ਰੋਸ ਸੀ ਉੱਥੇ ਆਪਣੇ ਢੋਲ ਨੂੰ ਕਹਿੰਦੀ-

- ਮੇਰਾ ਲਿਖ ਰੰਡੀਆਂ ਵਿੱਚ ਨਾਮਾਂ
ਬਸਰੇ ਨੂੰ ਜਾਣ ਵਾਲਿਆ।

ਪੰਜਾਬੀਆਂ ਦਾ ਵਿਦੇਸ਼ੀਆਂ ਪ੍ਰਤੀ ਮਨ ਸਵਕ੍ਰਿਤੀ ਅਤੇ ਅਸਵਕ੍ਰਿਤੀ ਦੋਵੇਂ ਹੀ ਪੱਖਾਂ ਵਾਲਾ ਹੈ। ਨਾਮਧਾਰੀ ਲਹਿਰ ਦਾ ਗੁਲਾਮੀ ਪ੍ਰਤੀ ਇੱਕੋ ਨਜ਼ਰੀਆ ਰਿਹਾ ਹੈ। ਅੰਗਰੇਜ਼ ਨੂੰ ਕੂਕਿਆਂ ਦੀ ਵਿਦਰੋਹੀ ਸੁਰ ਦਾ ਪਤਾ 1863 ਈ. ਵਿੱਚ ਲੱਗਦਾ ਹੈ। ਕੂਕੇ ਅੰਗਰੇਜ਼ ਦੇ ਵਿਰੁੱਧ ਪ੍ਰਚਾਰ ਕਰਦੇ ਹਨ, ਲੋਕ ਮਨ ਕੂਕਿਆਂ ਦੀ ਨਿਡਰਤਾ ਨੂੰ ਬਿਆਨ ਕਰਦਾ ਹੈ-

- ਅਸਾਂ ਕੱਟਣੇ ਨੇ ਦਿਨ ਚਾਰ
ਕਟਾਂਗੇ ਮਸ਼ਾਲ ਬਾਲ ਕੇ।

ਕੂਕੇ ਜਥੇਬੰਦੀ ਨੇ ਸਾਰੇ ਪੰਜਾਬ ਨੂੰ ਬਾਈ ਹਿੱਸਿਆਂ ਵਿੱਚ ਵੰਡ ਲਿਆ। ਹਰ ਇਲਾਕੇ ਦਾ ਵੱਖਰਾ ਸੂਬਾ ਨਿਯੁਕਤ ਕੀਤਾ ਗਿਆ। ਇਹ ਸੂਬੇ ਜਿੱਥੇ ਗੁਰਮੱਤ ਦਾ ਪ੍ਰਚਾਰ ਕਰਦੇ, ਉਥੇ ਅੰਗਰੇਜ਼ ਨਾਲ ਨਾ- ਮਿਲਵਰਤਨ ਦਾ ਸੰਦੇਸ਼ ਲੋਕਾਂ ਨੂੰ ਦਿੰਦੇ। ਕੂਕਿਆਂ ਨੇ ਲੋਕਾਂ ਨੂੰ ਇਸ ਗੱਲ ਤੋਂ ਜਾਗ੍ਰਿਤ ਕੀਤਾ ਕਿਫਰੰਗੀ ਰਾਜ ਪੰਜਾਬ ਲਈ ਨਿਆਮਤ ਨਹੀਂ, ਬਦਨਸੀਬੀ ਹੈ। ਇਸ ਕਲੰਕ ਨੂੰ ਆਪਣੇ ਮੱਥੇ ਤੋਂ ਜਲਦੀ ਧੋਹ ਦੇਣਾ ਚਾਹੀਦਾ ਹੈ।

ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਨਾਲ ਸਾਂਝਾਂ ਪਾ ਕੇ ਇਹ ਗੱਲਾਂ ਆਖੀਆਂ ਸਨ ਕਿ ਅੰਗਰੇਜ਼ ਸਰਕਾਰ ਦਾ ਰਾਜ ਚੰਗਾ ਹੈ, ਇਹ ਝੂਠੀਆਂ ਗੱਲਾਂ ਉੱਤੋਂ ਪਰਦਾ ਜਲਦੀ ਹੀ ਚੁੱਕਿਆ ਗਿਆ-

- ਰੱਬ ਮੋਇਆ ਦੇਵਤੇ ਰੁੱਸ ਗਏ
ਰਾਜ ਫਰੰਗੀ ਦਾ।

ਰੱਬ ਦਾ ਮਰਨਾ ਤੇ ਦੇਵਤਿਆਂ ਦਾ ਰੁੱਸਣਾ ਸਾਡੀ ਸਮਾਜਕ ਬੇਬਸੀ ਸੰਪੂਰਨ ਸਭਿਆਚਾਰਕ ਹਾਰ ਦਾ ਸੂਚਕ

ਹੈ। ਸਰਵ ਉੱਚ ਨਾਇਕ ਦੇਵਤੇ ਦਾ ਰੁੱਸਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਭਾਰਤੀਆਂ ਨੇ ਰਾਜਸੀ, ਆਰਥਕ, ਸਭਿਆਚਾਰਕ ਤੇ ਧਾਰਮਕ ਪੱਧਰਾਂ ਤੇ ਹਾਰ ਖਾ ਲਈ ਸੀ। ਜੰਗਾਂ ਯੁੱਧਾਂ ਵਿੱਚ ਇੰਗਲੈਂਡ ਦੀ ਆਰਥਿਕ ਹਾਲਤ ਚੰਗੀ ਨਹੀਂ ਰਹੀ, ਉਹ ਲਗਾਤਾਰ ਭਾਰਤੀਆਂ 'ਤੇ ਜ਼ੁਲਮ ਕਰਕੇ ਵੱਧ ਤੋਂ ਵੱਧ ਪੈਸਾ ਕਮਾਉਣਾ ਚਾਹੁੰਦੇ ਸਨ। ਇਸ ਆਰਥਿਕ ਸੰਕਟ ਤੋਂ ਬਾਅਦ ਪੰਜਾਬੀ ਲੋਕਾਂ ਨੂੰ ਆਪਣੀ ਗ਼ੁਲਾਮੀ ਦਾ ਤਿੱਖਾ ਅਹਿਸਾਸ ਹੁੰਦਾ ਹੈ। ਕੂਕਿਆਂ ਦੀ ਲਾਮਬੰਦ ਜਥੇਬੰਦੀ ਅੰਗਰੇਜ਼ੀ ਸਰਕਾਰ ਨੂੰ ਦੇਸ਼ ਵਿੱਚੋਂ ਕੱਢਣ ਲਈ ਲੋਕਾਂ ਨੂੰ ਸੁਚੇਤ ਕਰ ਰਹੀ ਸੀ। ਕੂਕਿਆਂ ਅੰਦਰ ਖ਼ਤਮ ਹੋਏ ਸਿੱਖ ਰਾਜ ਦੀ ਪੀੜ ਸੀ। ਬਹੁਤ ਸਾਰੇ ਲੀਡਰ ਸਿੱਖ ਰਾਜ ਸਮੇਂ ਫ਼ੌਜੀ ਭਰਤੀ ਸਨ। ਸਤਿਗੁਰੂ ਰਾਮ ਸਿੰਘ ਖ਼ੁਦ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਸਿਪਾਹੀ ਭਰਤੀ ਸਨ। ਉਹਨਾਂ ਦੇ ਨਾਲ ਦੇ ਸਾਥੀ ਜੋ ਬਾਅਦ ਵਿੱਚ ਕੂਕੇ ਬਣ ਗਏ, ਵਾਪਸ ਸਿੱਖ ਰਾਜ ਸਥਾਪਤੀ ਦੀਆਂ ਵਿਉਂਤਾਂ ਬਣਾਉਂਦੇ ਸਨ। ਕੂਕਿਆਂ ਦੀ ਇਸ ਮਾਨਸਿਕਤਾ ਨੂੰ ਲੋਕ ਕਾਵਿ ਨੇ ਬਿਆਨ ਕੀਤਾ ਹੈ-

- ਹੁਣ ਰਾਜ ਸਿੰਘਾਂ ਨੇ ਕਰਨਾ
ਗੋਰਿਆਂ ਨੇ ਹਿੰਦ ਛੱਡਣੀ।

- ਅਸੀਂ ਹਿੰਦ ਵਿੱਚ ਗਦਰ ਮਚਾਉਣਾ
ਕੱਢਣਾ ਫਰੰਗੀਆਂ ਨੂੰ।
-ਖਾਲੀ ਕਰਦੇ ਫਰੰਗੀਆ ਛਾਉਣੀ
ਖਾਲਸੇ ਨੇ ਭੰਗ ਬੀਜਣੀ।
-ਰਾਜ ਮੁੱਕ ਜੂ ਫਰੰਗੀਆ ਤੇਰਾ
ਕੂਕੇ ਤੈਥੋਂ ਨਹੀਂ ਮੁੱਕਣੇ।

ਬਸਤੀਵਾਦੀ ਰਾਜ ਵਿਰੁੱਧ ਇਹ ਬਹੁਤ ਵੱਡਾ ਵਿਦਰੋਹ ਸੀ। ਕੂਕੇ ਅੰਗਰੇਜ਼ ਰਾਜ ਦੇ ਬਾਗ਼ੀ ਬਣ ਗਏ ਸਨ। ਅੰਗਰੇਜ਼ ਨੂੰ ਭਾਰਤ ਵਿੱਚੋਂ ਕੱਢਣ ਲਈ ਵੱਖ-ਵੱਖ ਰਿਆਸਤਾਂ ਨਾਲ ਸੰਪਰਕ ਕਾਇਮ ਕਰ ਲਿਆ ਸੀ। ਅੰਗਰੇਜ਼ ਕੌਮ ਭਾਵੇਂ ਆਪਣੇ ਆਪ ਨੂੰ ਨਿਆਂ ਪਸੰਦ ਆਖਦੀ ਸੀ, ਪਰ ਆਮ ਬੰਦੇ ਦਾ ਜੀਵਨ ਅਦਾਲਤਾਂ ਵਿੱਚ ਇਨਸਾਫ਼ ਦੀ ਮੰਗ ਕਰਦਿਆਂ ਲੰਘ ਜਾਂਦਾ। ਇਸ ਅਦਾਲਤੀ ਸਿਸਟਮ ਦੇ ਖਿਲਾਫ਼ ਲੋਕ ਬੋਲੀ ਹੈ-

ਨਾ ਤਾਂ ਮੇਰੀ ਲਈ ਗਵਾਹੀ
ਨਾ ਸਭ ਪਛਾਣੀ।
ਕੰਨੋਂ ਬੋਲੀ ਦਿਸੇ ਅਦਾਲਤ
ਅੱਖੋਂ ਵੀ ਹੈ ਕਾਣੀ।
ਸੱਚੇ ਫੈਸਲੇ ਕਿਵੇਂ ਕਰੇ
ਜਿਨ੍ਹੇ ਵੱਢੀ ਹੋਵੇ ਖਾਣੀ।
ਨਰਕਾਂ 'ਚ ਪਵੇ ਜ਼ਿੰਦਗੀ
ਮਿਲੇ ਨਾ ਤਿਹਾਏ ਨੂੰ ਪਾਣੀ।

ਮਲੇਰਕੋਟਲੇ ਦੀ ਘਟਨਾ ਨੇ ਵੀ ਲੋਕਾਂ ਦੀ ਮਾਨਸਿਕਤਾ ਨੂੰ ਬਦਲਿਆ। ਜ਼ਾਲਮ ਅੰਗਰੇਜ਼ ਨੇ ਕੂਕਿਆਂ ਨੂੰ ਲੋਕਾਂ ਦੇ ਸਾਹਮਣੇ ਤੋਪਾਂ ਨਾਲ ਉਡਾ ਦਿੱਤਾ। ਅਸਲ ਵਿੱਚ 1857 ਦੀ ਕ੍ਰਾਂਤੀ ਤੋਂ ਬਾਅਦ ਅੰਗਰੇਜ਼ੀ ਸਰਕਾਰ ਦਾ ਭਾਰਤੀਆਂ ਲਈ ਰਵੱਈਆ ਬਹੁਤ ਸਖ਼ਤੀ ਦਾ ਹੋ ਗਿਆ। ਕੋਈ ਵੀ ਬਗ਼ਾਵਤ ਵਾਲੀ ਘਟਨਾ ਨੂੰ ਅੰਗਰੇਜ਼ ਸਖ਼ਤੀ ਨਾਲ ਦਬਾਉਣ ਦਾ ਯਤਨ ਕਰਦਾ। 66 ਨਾਮਧਾਰੀ ਸਿੱਖਾਂ ਨੂੰ 17-18 ਜਨਵਰੀ 1872 ਨੂੰ ਅੰਗਰੇਜ਼ ਸਰਕਾਰ ਨੇ ਸ਼ਰੇਆਮ ਤੋਪਾਂ ਨਾਲ ਉਡਾ ਦਿੱਤਾ। ਇਸ ਸਾਕੇ ਵਿੱਚ ਪੰਜਾਬੀਆਂ ਨੇ ਕੂਕਿਆਂ ਦਾ ਉਤਸ਼ਾਹ ਦੇਖਿਆ ਕਿਸ ਤਰ੍ਹਾਂ ਨਿਡਰਤਾ ਨਾਲ ਸਿੰਘਾਂ ਨੇ ਤੋਪਾਂ ਦਾ ਮੁਕਾਬਲਾ ਕੀਤਾ ਅਤੇ ਆਪਣੀ ਜਾਨ ਦੇਸ਼ ਤੋਂ ਵਾਰ ਦਿੱਤੀ। ਲੋਕਾਂ ਨੂੰ ਜਿੱਥੇ ਇਸ ਜ਼ੁਲਮ ਦਾ ਦੁਖ ਸੀ, ਉੱਥੇ ਕੂਕੇ ਵੀਰਾਂ ਦੀ ਬਹਾਦਰੀ 'ਤੇ ਮਾਣ ਵੀ ਸੀ-

- ਸਿੰਘ ਤਾਣਕੇ ਛਾਤੀਆਂ ਖੜ੍ਹ ਗਏ
ਗੋਰੇ ਦੀ ਤੋਪ ਬੁੜ੍ਹਕੀ।
- ਸਿੰਘ ਕੋਈ ਨਾ ਤੋਪ ਤੋਂ ਡਰਦਾ
ਹੱਸ-ਹੱਸ ਆਉਣ ਸਾਹਮਣੇ।

ਮੌਤ ਨਾਲ ਮਜ਼ਾਕਾਂ ਕਰਦੇ ਇਹ ਕੂਕੇ ਲੋਕਾਂ ਅੰਦਰ ਨਵੀਂ ਰੂਹ ਫੂਕ ਗਏ। ਇਸ ਸਾਕੇ ਨਾਲ ਜਿੱਥੇ ਬਸਤੀਵਾਦੀ ਸਰਕਾਰ ਦਾ ਜ਼ਾਲਮ ਚਿਹਰਾ ਲੋਕਾਂ ਦੇ ਸਾਹਮਣੇ ਸਾਫ਼ ਹੋਇਆ, ਉਥੇ ਕੂਕਿਆਂ ਦੀ ਬਹਾਦਰੀ ਦੇ ਗੀਤ ਘਰ-ਘਰ ਚੱਲ ਪਏ-

- ਆਏ ਕੂਕੇ ਕੱਛਾਂ ਵਜਾਉਂਦੇ, ਫਾਇਰ ਫਰੰਗੀ ਖੋਲ੍ਹਦੇ।
ਤੋਪਾਂ ਅੱਗੇ ਪੌਣ ਜ਼ਲੀਆਂ, ਸਾਫੇ ਸਿਰਾਂ ਤੋਂ ਖੋਲ੍ਹਦੇ।
ਗੁੱਝੀਆਂ ਰਮਜ਼ਾਂ ਮਾਰਨ ਵਾਲੇ, ਨਹੀਂ ਜ਼ਬਾਨੋਂ ਡੋਲਦੇ।
ਗੋਲੇ ਲੋਹੇ ਦੇ ਪੈਣ ਕਲੇਜੇ, ਮਾਰ ਫਰੰਗੀਆ ਬੋਲਦੇ।

ਮਲੇਰਕੋਟਲੇ ਸਾਕੇ ਵਿੱਚ 12 ਸਾਲ ਦੇ ਬਾਲਕ ਬਿਸ਼ਨ ਸਿੰਘ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਦੀ ਦਾੜ੍ਹੀ

ਫੜ੍ਹ ਲਈ। ਉਸ ਬੱਚੇ ਨੂੰ ਸਿਪਾਹੀਆਂ ਤਲਵਾਰ ਨਾਲ ਸ਼ਹੀਦ ਕੀਤਾ। ਇਸ ਤਰ੍ਹਾਂ ਦਾ ਜੋਸ਼ ਵੇਖ ਕਾਵਨ ਵੀ ਹੈਰਾਨ ਹੋ ਗਿਆ–

ਗੋਰਾ ਮੇਮ ਸਾਹਿਬ ਨੂੰ ਆਖੇ
ਹਿੰਦੀਆਂ ਦੇ ਜੋਸ਼ ਬੁਰੇ।

ਸਰਕਾਰ ਦੇ ਜ਼ੁਲਮਾਂ ਤੋਂ ਕੂਕੇ ਘਬਰਾਏ ਨਹੀਂ, ਸਗੋਂ ਰੋਸ ਹੋਰ ਵੱਧ ਗਿਆ। ਕੂਕਿਆਂ ਨੇ ਫਾਂਸੀਆਂ, ਜੇਲ੍ਹਾਂ, ਜਲਾਵਤਨੀਆਂ ਅਤੇ ਤੋਪਾਂ ਦਾ ਸੁਆਦ ਚੱਖ ਲਿਆ ਸੀ। ਕੂਕਿਆਂ ਅਨੁਸਾਰ ਦੇਸ਼ ਆਜ਼ਾਦੀ ਲਈ ਜ਼ਰੂਰੀ ਸੀ ਕਿ ਵੱਧ ਤੋਂ ਵੱਧ ਮਰਜੀਵੜੇ ਜਵਾਨ ਦੇਸ਼ ਲਈ ਆਪਾ ਕੁਰਬਾਨ ਕਰਨ। ਇਸ ਵਾਸਤੇ ਕੂਕੇ ਇਨ੍ਹਾਂ ਸ਼ਹੀਦਾਂ ਦੇ ਬਾਰੇ ਪਿੰਡ ਪਿੰਡ ਜਾ ਕੇ ਕਹਿੰਦੇ–

– ਬੰਨ ਦੇਣੀਆਂ ਦੇਸ਼ ਦੀਆਂ ਲੀਹਾਂ
ਲਹੂ ਸ਼ਹੀਦਾਂ ਦੇ।
– ਵਾਹ ਦੇਣੀ ਏ ਆਜ਼ਾਦੀ ਦੀ ਲੀ
ਲਹੂ ਸ਼ਹੀਦਾਂ ਦੇ।

ਇਸ ਲੋਕ ਵਿਰੋਧੀ ਨੀਤੀਆਂ ਦੀ ਸਰਕਾਰ ਦੇ ਖਿਲਾਫ਼ ਕੂਕਿਆਂ ਨੇ ਆਪਣੀ ਸਮਾਨਾਂਤਰ ਸਰਕਾਰ ਸਥਾਪਿਤ ਕਰ ਲਈ ਸੀ। ਜਿਸ ਵਿੱਚ ਸ੍ਵੈ-ਰਾਜ ਸਥਾਪਤੀ ਅਨੁਸਾਰ ਬਾਈ ਸੂਬੇ ਸਥਾਪਿਤ ਕਰ ਰਾਜਸੀ ਸੱਤਾ ਕਾਇਮ ਕਰਨੀ। ਅਦਾਲਤਾਂ ਦੇ ਪ੍ਰਬੰਧ ਵਿਰੁੱਧ ਪੰਚਾਇਤੀ ਸਿਸਟਮ ਨੂੰ ਮਜ਼ਬੂਤ ਕਰਨਾ। ਪਿੰਡਾਂ ਵਿੱਚ ਜਥੇਦਾਰਾਂ ਦੀ ਨਿਯੁਕਤੀ ਕਰਨੀ ਜੋ ਲੋਕਾਂ ਦੇ ਛੋਟੇ ਵੱਡੇ ਫੈਸਲੇ ਕਰਦੇ ਸਨ। ਇਸ ਤੋਂ ਬਿਨਾਂ ਡਾਕ ਪ੍ਰਬੰਧ ਸਥਾਪਿਤ ਕਰਨਾ, ਨਿਜੀ ਚਿੱਠੀ ਪੱਤਰ ਗੁਪਤ ਤਰੀਕੇ ਨਾਲ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਸੀ। ਕੂਕਾ ਲਹਿਰ ਸਿੱਖ ਸਰੂਪ ਨੂੰ ਸ਼ੁੱਧ ਕਰਨ ਲਈ ਗੁਰਬਾਣੀ ਪੜ੍ਹਨ ਉੱਤੇ ਬਹੁਤ ਜ਼ੋਰ ਦੇਂਦੀ ਹੈ। ਗੁਰਮੁਖੀ ਭਾਸ਼ਾ ਬੱਚਿਆਂ ਨੂੰ ਪੜ੍ਹਾਉਣ ਲਈ ਇਸ ਲਹਿਰ ਦੇ ਮੁਖੀ ਗੁਰੂ ਰਾਮ ਸਿੰਘ ਨੇ ਬਹੁਤ ਜ਼ੋਰ ਲਾਇਆ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ (ਚਿੱਠੀਆਂ) ਵਿੱਚ ਜ਼ਿਕਰ ਆਉਂਦਾ ਹੈ ਕਿ ਬੱਚੇ ਨੂੰ ਹੋਸ਼ ਆਉਂਦੀ ਨਾਲ ਗੁਰਮੁਖੀ ਅੱਖਰ ਪੜ੍ਹਾ ਦੇਣੇ। ਇਸ ਤਰ੍ਹਾਂ ਬਸਤੀਵਾਦੀ ਰਾਜ ਦੇ ਸਮਾਨਾਂਤਰ ਇਹ ਰਾਜ ਸਥਾਪਤੀ ਨੂੰ ਲੋਕਾਂ ਨੇ ਪ੍ਰਵਾਨਗੀ ਦਿੱਤੀ–

ਕੂਕੇ ਮਾਰ ਛਿੱਤਰ ਕੱਢ ਦਿੰਦੇ
ਗੋਰਿਆਂ ਸਾਹਬਾਂ ਨੂੰ।

ਦਿਨੋਂ ਦਿਨ ਵਧ ਰਹੀ ਕੂਕਿਆਂ ਦੀ ਗਿਣਤੀ ਅੰਗਰੇਜ਼ ਸਰਕਾਰ ਲਈ ਖ਼ਤਰੇ ਦੀ ਨਿਸ਼ਾਨੀ ਸੀ। ਕੂਕੇ ਪੂਰੇ ਉਤਸ਼ਾਹ ਨਾਲ ਸ਼ਰੇਆਮ ਅੰਗਰੇਜ਼ ਖਿਲਾਫ਼ ਨਾਅਰੇ ਲਾ ਰਹੇ ਸਨ। ਪੰਜਾਬ ਵਿੱਚ ਵਧ ਰਹੀ ਕੂਕਿਆਂ ਦੀ ਬਗ਼ਾਵਤ ਨੂੰ ਦਬਾਉਣ ਲਈ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਅਤੇ ਮੁੱਖ ਸੂਬਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਬੰਗਾਲ ਰੈਗੂਲੇਸ਼ਨ ਦੀ ਧਾਰਾ ਤਿੰਨ ਅਧੀਨ ਗੁਰੂ ਰਾਮ ਸਿੰਘ ਨੂੰ ਸੇਵਕ ਨਾਨੂੰ ਸਿੰਘ ਸਮੇਤ ਬਰਮਾ ਭੇਜ ਦਿੱਤਾ। ਨਾਇਕ ਦੀ ਜਲਾਵਤਨੀ ਨਾਲ ਕੂਕਿਆਂ ਦੇ ਰੋਸ ਨੇ ਹੋਰ ਉਬਾਲੇ ਮਾਰੇ। ਕੂਕੇ ਇਸ ਵਿਛੋੜੇ ਨੂੰ ਅਸਹਿ ਮੰਨਦੇ ਸਨ। ਕੂਕਿਆਂ ਨੇ ਉਹਨਾਂ ਸਾਰੀਆਂ ਜੜ੍ਹ ਚੇਤਨ ਵਸਤੂਆਂ ਨੂੰ ਦੋਸ਼ੀ ਸਮਝਿਆ ਜੋ ਉਹਨਾਂ ਦੇ ਨਾਇਕ (ਸਤਿਗੁਰੂ) ਤੋਂ ਦੂਰ ਕਰਨ ਵਾਲੀਆਂ ਸਨ–

ਮੇਰੇ ਮਾਹੀ ਦਾ ਵਿਛੋੜਾ ਪਾਇਆ
ਟੁੱਟ ਜਾਵੇਂ ਰੇਲ ਗੱਡੀਏ।

ਲੋਕ ਧਾਰਾ ਵਿਗਿਆਨੀ ਲੋਕ ਮਨ ਦੀਆਂ ਤਿੰਨ ਮੂਲ ਪ੍ਰਵਿਰਤੀਆਂ ਮੰਨਦੇ ਹਨ-ਮਾਨਵੀਕਰਨ, ਅਤਿਕਥਨੀਕਰਨ ਅਤੇ ਸਮੂਰਤੀਕਰਨ। ਮਾਨਵੀਕਰਨ ਦੁਆਰਾ ਅਸੀਂ ਇਕ ਅਦਭੁਤ ਸੰਸਾਰ ਦੀ ਕਲਪਨਾ ਕਰਦੇ ਹਾਂ, ਚੁਗਿਰਦੇ ਦੀ ਹਰ ਵਸਤੂ ਜੜ੍ਹ ਚੇਤਨ ਨੂੰ ਜੀਵੰਤ ਮੰਨਦੇ ਹਾਂ। ਮਨੁੱਖ ਦਾ ਮਨ ਜਿਸ ਤਰ੍ਹਾਂ ਦਾ ਹੋਵੇਗਾ ਉਸ ਨੂੰ ਪ੍ਰਕਿਰਤੀ ਅਤੇ ਚੁਗਿਰਦੇ ਦੀਆਂ ਵਸਤੂਆਂ ਉਸ ਤਰ੍ਹਾਂ ਹੀ ਦਿਖਾਈ ਦੇਣਗੀਆਂ।ਕੂਕਿਆਂ ਨੂੰ ਸਾਰੀ ਬਨਸਪਤੀ ਰੁਦਨ ਕਰਦੀ ਦਿੱਸ ਰਹੀ ਸੀ। ਲੋਕ ਮਨ ਕੂਕਿਆਂ ਦੀ ਇਸ ਨਬਜ਼ ਨੂੰ ਫੜ੍ਹਦਾ ਹੈ। ਲੰਮੇ ਸਮੇਂ ਬਾਅਦ ਕਿਸੇ ਨਾਇਕ ਨੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ। ਲੋਕ ਮਨ ਨੇ ਕੂਕਾ ਲਹਿਰ ਨੂੰ ਪ੍ਰਵਾਨਗੀ ਦਿੱਤੀ ਅਤੇ ਹਰ ਇਕ ਘਟਨਾ 'ਤੇ ਪ੍ਰਤੀਕਰਮ ਦਿੱਤਾ। ਜਲਾਵਤਨੀ ਨੇ ਇਸ ਲਹਿਰ ਵਿੱਚ ਖੜੋਤ ਪੈਦਾ ਕੀਤੀ। ਕੂਕਿਆਂ ਦੇ ਨਾਇਕ ਦੀ ਜਲਾਵਤਨੀ 'ਤੇ ਲੋਕ ਮਨ ਵੈਰਾਗਮਈ ਦ੍ਰਿਸ਼ ਚਿਤਰਦਾ ਹੈ–

– ਚੀਨੀ ਤੇ ਸੁਰਖੀ ਗੁਰ ਜੀ ਬੱਧੀਆਂ ਤਬੇਲੇ
ਗੱਡੇ ਦੀ ਕੀਤੀ ਸਵਾਰੀ
ਖੀਨਾਂ ਤੇ ਖਾਫਾਂ ਗੁਰ ਜੀ ਪਈਆਂ ਸੰਦੂਖੇ
ਬਰਦੀ ਕੀਨੀ ਇਕ ਰੰਗ ਸਾਰੀ
ਜੀ ਕਾਲੀ ਕੰਬਲੀ ਦੀ ਬੁੱਕਲ ਮਾਰੀ
ਰਘੁਪਤ ਧੀਰ ਚਲੋ, ਧੀਰ ਚਲੋ ਮੈਂ ਹਾਰੀ।

ਲੋਕ ਮਨ ਵਿਛੋੜੇ ਦੇ ਇਸ ਦੁੱਖ ਨੂੰ ਭਗਵਾਨ ਰਾਮ ਚੰਦਰ ਦੇ ਬਨਵਾਸ ਦੀ ਮਿੱਥ ਨਾਲ ਜੋੜਦਾ ਹੈ। ਜਿਸ ਤਰ੍ਹਾਂ ਅਯੁੱਧਿਆ ਵਾਸੀ ਉਸ ਸਮੇਂ ਵਿਛੋੜੇ ਦੇ ਦੁੱਖ ਨਾਲ ਨਿਢਾਲ ਹੋਏ ਸਨ, ਉਹ ਹਾਲਤ ਕੂਕਿਆਂ ਦੀ ਹੋ ਗਈ। ਇਸ ਵਿਛੋੜੇ ਵਿੱਚ ਕੂਕੇ ਆਪਣੇ ਮਾਹੀ ਨੂੰ ਅਵਾਜ਼ਾਂ ਮਾਰਦੇ ਸਨ। ਕੂਕਿਆਂ ਦੇ ਇਸ ਦੁੱਖ ਨੂੰ ਲੋਕ ਕਾਵਿ ਸ਼ਬਦ ਦਿੰਦਾ ਹੈ-

ਮੇਰੇ ਗਊਅਨ ਕੇ ਰਖਵਾਰੇ
ਕਬ ਘਰ ਆਵੋਗੇ-ਜਾਵਾਂ ਵਾਰੇ
ਮੇਰੇ ਪਾਤਸ਼ਾਹ ਚੀਨੀ ਵਾਲੇ
ਮੇਰੇ ਗਊਅਨ ਕੇ ਰਖਵਾਲੇ
ਕਦੋਂ ਘਰ ਆਵੋਗੇ-ਜਾਵਾਂ ਵਾਰੇ
ਮੇਰੇ ਗ੍ਰੰਥਾਂ ਦੇ ਰਖਵਾਲੇ
ਕਦ ਘਰ ਆਵੋਗੇ।

ਅਮਗਰੇਜ਼ ਦੀਆਂ ਦਮਨ ਕਾਰੀ ਨੀਤੀਆਂ ਨੇ ਕੂਕਿਆ ਦੇ ਕੇਂਦਰ ਭੈਣੀ ਸਾਹਿਬ ਨੂੰ ਜੇਲ੍ਹ ਬਣਾ ਦਿੱਤਾ। ਹਰ ਕੂਕੇ ਦਾ ਲਿਖਤੀ ਰਿਕਾਰਡ ਦਰਜ ਕੀਤਾ ਗਿਆ। ਕੂਕਿਆਂ ਅੰਦਰ ਆਜ਼ਾਦੀ ਦਾ ਜ਼ਜਬਾ ਖ਼ਤਮ ਨਹੀਂ ਹੋਇਆ ਸੀ। ਤਿੰਨ ਸਾਲ ਬਾਅਦ ਸਤਿਗੁਰੂ ਰਾਮ ਸਿੰਘ ਦਾ ਪਤਾ ਕੂਕਿਆਂ ਨੂੰ ਲੱਗ ਗਿਆ। ਭੇਸ ਬਦਲ ਕੂਕੇ ਉਹਨਾਂ ਨੂੰ ਮਿਲਣ ਜਾਂਦੇ ਅਤੇ ਹੁਕਮਨਾਮੇ ਲੈ ਕੇ ਆਉਂਦੇ। ਸਤਿਗੁਰੂ ਰਾਮ ਸਿੰਘ ਦੇ ਭਰਾ ਸਤਿਗੁਰੂ ਹਰੀ ਸਿੰਘ ਨੇ ਭੈਣੀ ਸਾਹਿਬ ਤੋਂ ਕੂਕਿਆਂ ਨੂੰ ਭੇਜ ਕੇ ਰੂਸ ਨਾਲ ਸੰਬੰਧ ਕਾਇਮ ਰੱਖਿਆ। ਰੂਸ ਦੇ ਜ਼ਾਰਾਂ ਦੇ ਚਿੱਠੀ-ਪੱਤਰ ਭੈਣੀ ਸਾਹਿਬ ਆਉਂਦੇ। ਭੈਣੀ ਸਾਹਿਬ ਤੋਂ ਸਿੱਖ ਬਰਮਾ ਗੁਰੂ ਰਾਮ ਸਿੰਘ ਕੋਲ ਲੈ ਜਾਂਦੇ। ਇਸ ਤਰ੍ਹਾਂ ਇਹ ਤਿਕੋਣਾ ਸੰਬੰਧ ਬਣਿਆ ਹੋਇਆ ਸੀ। ਅੰਗਰੇਜ਼ ਸਰਕਾਰ ਇਹ ਸੰਪਰਕ ਤੋੜਨ ਲਈ ਪੁਰਜ਼ੋਰ ਕੋਸ਼ਿਸ਼ ਕਰ ਰਹੀ ਸੀ। ਲੋਕਾਂ ਵਿੱਚ ਇਹ ਗੱਲ ਆਮ ਸੀ ਕਿ ਕੂਕਿਆਂ ਦੀ ਗੱਲਬਾਤ ਰੂਸ ਨਾਲ ਹੋ ਗਈ ਹੈ, ਰੂਸ ਭਾਰਤ 'ਤੇ ਹਮਲਾ ਕਰੇਗਾ ਕੂਕੇ ਉਸ ਦਾ ਸਾਥ ਦੇਣਗੇ। ਅੰਗਰੇਜ਼ਾਂ ਤੋਂ ਮੁਕਤੀ ਮਿਲੇਗੀ। ਇਹ ਗੱਲ ਇਤਿਹਾਸਕ ਤੱਥਾਂ ਅਨੁਸਾਰ ਸਹੀ ਵੀ ਹੈ। ਕੂਕਿਆਂ ਨੇ ਰੂਸ ਵਿੱਚ ਬੈਠੇ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਕਰ ਲਿਆ ਸੀ, ਕਿਸੇ ਵੱਡੇ ਹਮਲੇ ਦੀਆਂ ਯੋਜਨਾਵਾਂ ਬਣ ਰਹੀਆਂ ਸਨ। ਲੋਕ ਮਨ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ-

ਚਿੱਠੀਆਂ ਰੂਸ ਨੂੰ ਪਾਈਆਂ, ਰਾਮ ਸਿੰਘ ਸਤਿਗੁਰੂ ਨੇ।

ਉਪਰੋਕਤ ਵਿਚਾਰ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਲੋਕ ਸਿਮਰਤੀ ਨੇ ਨਾਮਧਾਰੀ ਲਹਿਰ ਦੇ ਹਰ ਪੱਖ ਨੂੰ ਪ੍ਰਗਟ ਕੀਤਾ ਹੈ। ਕੂਕਿਆਂ ਦੀ ਸਮਾਜਕ ਸ਼ਖ਼ਸੀਅਤ, ਰਾਜਸੀ ਕਾਰਜ ਅਤੇ ਕੁਰਬਾਨੀਆਂ ਨੂੰ ਲੋਕ ਮਨ ਵਿਸਥਾਰ ਨਾਲ ਪੇਸ਼ ਕਰਦਾ ਹੈ। ਕੂਕਿਆਂ ਦੀ ਰਾਜਸੀ ਚੇਤਨਾ ਬਾਰੇ ਲੋਕ ਮਨ ਕੋਲ ਬਹੁਤ ਖਜ਼ਾਨਾ ਹੈ। ਇਸ ਲਹਿਰ ਦੇ ਉੱਥਾਨ ਅਤੇ ਸਖ਼ਤੀਆਂ ਵਿਚਲਾ ਸਮਾਂ ਭਾਵੇਂ ਪੰਦਰਾਂ ਕੁ ਸਾਲ ਦਾ ਹੈ, ਪਰ ਲੋਕ ਮਨ ਨੇ ਇਸ ਸਮੇਂ ਵਿੱਚ ਸਿਰਜੇ ਇਤਿਹਾਸ ਦੇ ਬਾਹਰੀ ਅਤੇ ਅੰਤਰੀਵੀ ਪਸਾਰਾਂ ਨੂੰ ਵਿਸ਼ੇਸ਼ ਹੁੰਗਾਰਾ ਦਿੱਤਾ ਹੈ। ਲੋਕ ਮਨ ਨਾਮਧਾਰੀ ਲਹਿਰ ਦੀ ਵਿਚਾਰਧਾਰਾ, ਵੱਖਰਤਾ, ਵਿਧਵਤਾ ਦਾ ਜ਼ਿਕਰ ਪ੍ਰਸ਼ੰਸਾਤਮਕ ਸੁਰ ਵਿੱਚ ਕਰਦਾ ਹੈ। ਇਸ ਲਹਿਰ ਨੂੰ ਲੋਕ ਮਨ ਨੇ ਜਿਸ ਤਰ੍ਹਾਂ ਸਿਮਰਤੀ ਵਿੱਚ ਸਾਂਭਿਆ ਹੈ, ਉਸ ਤੋਂ ਇਸ ਦੀ ਮਹੱਤਤਾ ਦਾ ਆਭਾਸ ਹੋ ਜਾਂਦਾ ਹੈ। ਲੋਕ ਮਨ ਕਿਸੇ ਵੀ ਲਹਿਰ ਦੇ ਉਨ੍ਹਾਂ ਤੱਤਾਂ-ਤੱਥਾਂ ਨੂੰ ਪ੍ਰਗਟ ਕਰਦਾ ਹੈ, ਜੋ ਸੁੱਚੇ ਤੇ ਪ੍ਰਚਲਿਤ ਹੁੰਦੇ ਹਨ। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਲੋਕ ਮਨ ਇਸ ਲਹਿਰ ਪ੍ਰਤੀ ਸਕਾਰਾਤਮਕ ਦ੍ਰਿਸ਼ਟੀ ਰੱਖਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਡਾ. ਸਰਬਜੀਤ ਸਿੰਘ, ਲੋਕ ਕਾਵਿ ਵਿੱਚ ਨਾਮਧਾਰੀ ਲਹਿਰ ਦਾ ਬਿੰਬ, (ਅਪ੍ਰਕਾਸ਼ਿਤ) ਪੰਨਾ-1
2. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਗ-4, (ਸੰਪਾਦਕ) ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਪੰਨਾ-1322
3. ਡਾ. ਸਰਬਜੀਤ ਸਿੰਘ, ਉਹੀ, ਪੰਨਾ-4
4. ਨਿਧਾਨ ਸਿੰਘ ਆਲਮ, ਜੁਗ ਪਲਟਾਊ ਸਤਿਗੁਰੂ, ਪੰਨਾ-57
5. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦੇ ਅਮਰ ਨਾਇਕ, ਪੰਨਾ-48
6. ਭਾਈ ਚੰਦਾ ਸਿੰਘ, ਬਾਰਾਂ ਮਾਹ, (ਸੰਪਾਦਕ) ਤਾਰਾ ਸਿੰਘ ਅਣਜਾਨ, ਪੰਨਾ-4
7. ਨਿਧਾਨ ਸਿੰਘ ਆਲਮ, ਉਹੀ, ਪੰਨਾ-57,58
8. ਪ੍ਰੋ. ਜਸਵੰਤ ਸਿੰਘ 'ਜੱਸ', ਬਾਬਾ ਰਾਮ ਸਿੰਘ, ਪੰਨਾ-20
9. ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ-2, ਪੰਨਾ-162
10. ਸੁਵਰਨ ਸਿੰਘ ਵਿਰਕ, ਉਹੀ, ਪੰਨਾ-103


..........................................................................

# ਭਜਨ ਬਾਣੀ ਦਾ ਪਰਤਾਪ



**ਮਨਜੀਤ ਸਿੰਘ ਰਾਗੀ**
**98106 05220**

ਸਤਿਗੁਰੂ ਦੁਆਰਾ ਕੰਨ ਵਿੱਚ ਦਿੱਤਾ ਮੰਤਰ ਇੰਨ੍ਹਾਂ ਬਰਕਤਾਂ ਭਰਪੂਰ ਹੁੰਦਾ ਹੈ ਕਿ ਜਿਸ ਨੂੰ ਜਪ ਕੇ ਆਮ ਸਾਧਾਰਨ ਮਨੁੱਖ ਦੈਵੀ ਗੁਣਾਂ ਵਾਲਾ ਸੰਤ ਸਰੂਪ ਹੋ ਕੇ ਪਰਮ ਪਦਵੀ ਪ੍ਰਾਪਤ ਕਰ ਲੈਂਦਾ ਹੈ। ਨਾਮਧਾਰੀ ਪੰਥ ਵਿੱਚ ਐਸੇ ਉੱਚੇ-ਸੁੱਚੇ ਨਿਰਮਲ ਆਤਮਾ ਵਾਲੇ ਸੰਤ ਲਹਿਣਾ ਸਿੰਘ ਜੀ ਘਰਜਾਖ, ਸੰਤ ਰਿਖੀ ਸਿੰਘ ਜੀ, ਸੰਤ ਜਮੀਤ ਸਿੰਘ ਜੀ ਗਿੱਲਾਂ ਵਾਲੇ ਅਤੇ ਸੰਤ ਜਮੀਤ ਸਿੰਘ ਜੀ ਕਾਨਾ ਕਾਛਾ ਜੈਸੇ ਅਨੇਕਾਂ ਹੀ ਸੰਤ ਹੋਏ, ਜਿੰਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਸਤਿਗੁਰੂ ਨਾਨਕ ਦੇਵ ਜੀ ਵਾਲਾ ਚਉ ਅੱਖਰਾ ਨਾਮ ਲੈ ਕੇ ਸੁਆਸ-ਸੁਆਸ ਜਪਿਆ ਤੇ ਮੋਹ ਮਾਇਆ, ਸੰਸਾਰਕ ਪਦਾਰਥਾਂ ਤੋਂ ਉੱਪਰ ਉੱਠਕੇ ਅਤੇ ਇੱਕ ਨਾਮ ਨੂੰ ਜੀਵਨ ਦਾ ਆਧਾਰ ਬਣਾ ਕੇ, ਸਤਿਗੁਰੂ ਅਮਰਦਾਸ ਜੀ ਦੀ ਗੁਰਬਾਣੀ ਨੂੰ ਮੂਰਤੀਮਾਨ ਕੀਤਾ।

ਸਾਚੁ ਨਾਮੁ ਅਧਾਰੁ ਮੇਰਾ
ਜਿਨਿ ਭੁਖਾ ਸਭਿ ਗਵਾਈਆ
ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ

ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਜਵਾਹਰ ਸਿੰਘ ਜੀ ਮਿਰਜੇਵਾਲਿਆਂ ਨੂੰ ਨਾਮ ਦੇਣ ਵਕਤ ਹੁਕਮ ਕੀਤਾ ਸੀ ਕਿ ਜਦੋਂ ਤੱਕ ਇਹ ਸਰੀਰ ਅੱਗ ਵਿੱਚ ਨਾ ਪੈ ਜਾਵੇ, ਇੱਕ ਵੀ ਸੁਆਸ ਨਾਮ ਤੋਂ ਬਗੈਰ ਨਾ ਜਾਵੇ। ਸੰਤ ਜੀ ਨੇ ਵੀ ਇਹੋ ਸੁਕਰਮ ਕੀਤਾ, ਹਰ ਇੱਕ ਸੁਆਸ ਦੇ ਨਾਲ ਭਜਨ ਕੀਤਾ। ਨੀਂਦਰ ਤੋਂ ਛੁਟਕਾਰੇ ਵਾਸਤੇ ਸਰਦੀਆਂ ਵਿੱਚ ਗਿੱਲੇ ਕੱਪੜੀਂ ਛੱਤ ਤੇ ਬੈਠ ਕੇ ਭਜਨ ਕੀਤਾ। ਕੇਸ ਕਿੱਲੀ ਨਾਲ ਬੰਨ੍ਹ ਕੇ ਕਠਿਨ ਤਪੱਸਿਆ ਕੀਤੀ। ਆਖਰ ਕਾਰ ਨੀਂਦਰ ਨੇ ਹਾਰ ਮੰਨ ਲਈ। ਆਪ ਜੀ

12 ਸਾਲ ਨਾ ਸੁੱਤੇ। ਦੁਨੀਆ ਦੇ ਰਸ ਕਸ ਤਿਆਗ ਕੇ ਮਨ ਨੂੰ ਨਾਮ ਦੀ ਰੰਗਣ ਵਿੱਚ ਰੰਗ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਕਥਨ ਨੂੰ ਸਾਕਾਰ ਕੀਤਾ-

ਤੇਰਾ ਏਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ ਸਦ ਰੰਗ ਢੋਲਾ॥

